Golden State Realty
JASSI GILL Broker/Owner
Listing and Selling Homes From San Jose to Sacramento
Ph:510-304-9292
Refinance Now @ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES FROM SAN JOSE TO SALINAS
JEET SINGH SANGHA REALTOR & REAL ESTATE ADVISOR
CALL FOR FREE CONSULTATION : 408-840-3112
CalRe: 02014485
COLDWELL BANKER REALTY
Areas Served: San Jose, Morgan Hill, Gilroy, Hollister, & Salinas

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 35; September 2, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਰਾਜਪਾਲ ਦੀ ਨੀਅਤ 'ਤੇ ਸਵਾਲ

## ਪੰਜਾਬ ਦੀਆਂ ਸਿਆਸੀ ਧਿਰਾਂ ਸਰਗਰਮ ਹੋਈਆਂ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ 'ਖ਼ਤੋ ਖ਼ਿਤਾਬਤ' ਨੂੰ ਲੈ ਕੇ ਚੱਲ ਰਹੀ ਤਲਖੀ ਦਰਮਿਆਨ ਰਾਜਪਾਲ ਵੱਲੋਂ ਸੰਵਿਧਾਨ ਦੀ ਧਾਰਾ 356 ਤਹਿਤ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਪਿੱਛੋਂ ਪੰਜਾਬ ਦਾ ਸਿਆਸੀ ਪਾਰਾ ਚੜ੍ਹਿਆ ਹੋਇਆ ਹੈ। ਭਾਜਪਾ ਨੂੰ ਛੱਡ ਕੇ ਪੰਜਾਬ ਦੀਆਂ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਇਸ ਕੇਂਦਰੀ ਨੁਮਾਇੰਦੇ (ਰਾਜਪਾਲ) ਦੀ ਨੀਅਤ ਉਤੇ ਸਵਾਲ ਚੁੱਕ ਰਹੀਆਂ ਹਨ।


ਰਾਜਪਾਲ ਪੁਰੋਹਿਤ ਨੇ ਦੋ-ਟੂਕ ਆਖਿਆ ਹੈ ਕਿ ਉਹ ਰਾਸ਼ਟਰਪਤੀ ਨੂੰ ਸੂਬੇ ਵਿਚ 'ਸੰਵਿਧਾਨਕ ਪ੍ਰਬੰਧ ਫੇਲ੍ਹ' ਹੋਣ ਸਬੰਧੀ ਰਿਪੋਰਟ ਭੇਜ ਸਕਦੇ ਹਨ। ਉਧਰ, ਪੰਜਾਬ ਦੀਆਂ ਸਿਆਸੀ ਧਿਰਾਂ ਸਵਾਲ ਕਰ ਰਹੀਆਂ ਹਨ ਕਿ ਨਸਲੀ ਤੇ ਫਿਰਕੂ ਹਿੰਸਾ ਦੇ ਝੰਬੇ ਭਾਜਪਾ ਸੱਤਾ ਵਾਲੇ ਸੂਬੇ ਮਨੀਪੁਰ ਤੇ ਹਰਿਆਣਾ ਵਿਚ ਰਾਸ਼ਟਰਪਤੀ ਰਾਜ ਲਾਉਣਾ ਬਾਰੇ ਚੁੱਪ ਕਿਉਂ ਵੱਟੀ ਜਾ ਰਹੀ ਹੈ। ਚੇਤੇ ਰਹੇ ਕਿ ਸੰਵਿਧਾਨ ਦੀ ਧਾਰਾ 356 ਤਹਿਤ ਆਮ ਕਰ ਕੇ ਰਾਜਪਾਲ ਦੀ ਰਿਪੋਰਟ 'ਤੇ ਕਿਸੇ ਵੀ ਸੂਬੇ ਨੂੰ ਸਿੱਧੇ ਕੇਂਦਰ ਦੇ ਰਾਜ ਹੇਠ ਲਿਆਂਦਾ ਜਾ ਸਕਦਾ ਹੈ ਜਦੋਂਕਿ ਆਈ.ਪੀ.ਸੀ. ਦੀ ਧਾਰਾ 124 ਰਾਸ਼ਟਰਪਤੀ ਜਾਂ ਰਾਜਪਾਲ ਨੂੰ ਉਨ੍ਹਾਂ ਦੀਆਂ ਕਾਨੂੰਨੀ ਤਾਕਤਾਂ ਦੇ ਇਸਤੇਮਾਲ ਤੋਂ ਰੋਕਣ ਨਾਲ ਸਬੰਧਤ ਹੈ।

ਰਾਸ਼ਟਰਪਤੀ ਸ਼ਾਸਨ ਲਗਾਉਣ ਸਬੰਧੀ ਚਿਤਾਵਨੀ ਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਮੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਰਾਜਪਾਲ ਅਜਿਹੀਆਂ ਧਮਕੀਆਂ ਨਾਲ ਪੰਜਾਬ ਦੇ ਅਮਨ ਪਸੰਦ ਤੇ ਮਿਹਨਤਕਸ਼ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ ਪਰ ਉਹ ਰਾਜਪਾਲ ਦੀਆਂ ਧਮਕੀਆਂ ਅੱਗੇ ਝੁਕਣ ਵਾਲੇ ਨਹੀਂ। 'ਆਪ' ਨੂੰ ਸੂਬੇ ਦੇ ਸਾਢੇ ਤਿੰਨ ਕਰੋੜ ਲੋਕਾਂ ਨੇ ਚੁਣ ਕੇ ਭੇਜਿਆ ਹੈ ਅਤੇ ਉਹ ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਨਾਲ ਕੋਈ ਸਮਝੌਤਾ ਨਹੀਂ ਕਰਨਗੇ। ਮੁੱਖ ਮੰਤਰੀ ਦਾ ਦਾਅਵਾ ਹੈ ਕਿ ਰਾਜਪਾਲ ਨੇ ਸੂਬਾ ਸਰਕਾਰ ਨੂੰ 15 ਚਿੱਠੀਆਂ ਲਿਖੀਆਂ ਸਨ ਜਿਨ੍ਹਾਂ 'ਚੋਂ 9 ਚਿੱਠੀਆਂ ਦਾ ਜਵਾਬ ਪੰਜਾਬ ਸਰਕਾਰ ਨੇ ਦੇ ਦਿੱਤਾ ਹੈ ਅਤੇ ਬਾਕੀ 6 ਚਿੱਠੀਆਂ ਦੇ ਜਵਾਬ ਤਿਆਰ ਕੀਤੇ ਜਾ ਰਹੇ ਹਨ।

ਯਾਦ ਰਹੇ ਕਿ ਪੰਜਾਬ ਵਿਚੋਂ ਤਿੰਨ ਖੇਤੀ ਕਾਨੂੰਨਾਂ ਖਿਲਾਫ ਉਠੇ ਕਿਸਾਨ ਅੰਦੋਲਨ ਪਿੱਛੋਂ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਦੀਆਂ ਚਿਤਾਵਨੀਆਂ ਲਗਾਤਾਰ ਮਿਲਦੀਆਂ ਰਹੀਆਂ ਹਨ। ਕਿਸਾਨ ਅੰਦੋਲਨ ਦੌਰਾਨ ਇਕ ਵਾਰ ਚਰਚਾ ਜ਼ੋਰਾਂ ਉਤੇ ਸ਼ੁਰੂ ਹੋ ਗਈ ਸੀ ਕਿ ਕਿਸੇ ਵੀ ਵੇਲੇ ਰਾਸ਼ਟਰਪਤੀ ਰਾਜ ਲੱਗ ਸਕਦਾ ਹੈ ਪਰ ਸੂਬੇ

*(ਬਾਕੀ ਸਫਾ 6 'ਤੇ)*





### ਸੱਚ ਨੂੰ ਝੁਠਲਾਉਣ ਦਾ ਯਤਨ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਕੀਤਾ ਜਾ ਰਿਹਾ ਵਿਹਾਰ ਬਚਗਾਨਾ, ਗੈਰ-ਪੇਸ਼ੇਵਰ ਅਤੇ ਬੇਲੋੜਾ ਹੈ। ਉਨ੍ਹਾਂ ਕਿਹਾ ਕਿ ਜਿਸ ਕੌੜੀ ਸੱਚਾਈ ਨੂੰ ਮੁੱਖ ਮੰਤਰੀ ਝੁਠਲਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਇਹ ਹੈ ਕਿ ਪੰਜਾਬ ਦੇ ਲੋਕਾਂ ਵਿਚ ਡਰ ਅਤੇ ਬੇਵਸੀ ਦਾ ਮਾਹੌਲ ਹੈ ਕਿਉਂਕਿ ਜੇਲ੍ਹਾਂ ਅੰਦਰੋਂ ਗੈਂਗਸਟਰ ਹਾਲੇ ਵੀ ਜੁਰਮ ਕਰ ਰਹੇ ਹਨ ਤੇ ਲਗਾਤਾਰ ਵਪਾਰੀਆਂ ਨੂੰ ਫਿਰੌਤੀਆਂ ਲਈ ਕਾਲਾਂ ਆ ਰਹੀਆਂ ਹਨ। ਸੂਬੇ ਵਿਚ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤੇ ਪੁਲਿਸ ਅਧਿਕਾਰੀ ਜ਼ਮਾਨਤ 'ਤੇ ਆਏ ਗੈਂਗਸਟਰਾਂ ਦੀਆਂ ਜਨਮ ਦਿਨ ਪਾਰਟੀਆਂ ਵਿੱਚ ਘੁੰਮਦੇ ਦਿਖਾਈ ਦਿੰਦੇ ਹਨ। ਮੁੱਖ ਮੰਤਰੀ ਅਸਲੀਅਤ ਤੋਂ ਭੱਜ ਰਹੇ ਹਨ।

# ਪੰਚਾਇਤਾਂ ਦੇ ਮਾਮਲੇ 'ਤੇ ਸਰਕਾਰ ਕਸੂਤੀ ਫਸੀ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪੰਚਾਇਤਾਂ ਭੰਗ ਕਰਨ ਦੇ ਮਾਮਲੇ 'ਚ ਝਾੜ ਪਾਈ ਹੈ। ਹਾਈਕੋਰਟ ਦੇ ਚੀਫ ਜਸਟਿਸ ਦੀ ਡਬਲ ਬੈਂਚ ਨੇ ਪੰਚਾਇਤਾਂ ਭੰਗ ਕਰਨ ਖਿਲਾਫ ਪਾਈ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਸਰਕਾਰ ਤੋਂ ਪੁੱਛਿਆ ਕਿ ਕੀ ਕੋਈ ਸਰਵੇ ਕੀਤਾ ਗਿਆ ਅਤੇ ਅਜਿਹਾ ਕੀ ਮਿਲਿਆ ਸੀ ਕਿ ਪੰਚਾਇਤਾਂ ਭੰਗ ਕਰਨ ਦੀ ਲੋੜ ਪੈ ਗਈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਗੁਰਜੀਤ ਸਿੰਘ ਤਲਵੰਡੀ ਵੱਲੋਂ ਜਨਹਿਤ ਪਟੀਸ਼ਨ 'ਤੇ ਸੁਣਵਾਈ ਹੋਈ ਹੈ।

ਸੁਣਵਾਈ ਦੌਰਾਨ ਚੀਫ ਜਸਟਿਸ ਨੇ ਕਿਹਾ ਕਿ ਸਰਕਾਰ ਆਪਣੇ ਨਿਯਮ ਖੁਦ ਨਾ ਬਣਾਵੇ, ਨਿਯਮਾਂ ਦੀ ਉਲੰਘਣਾ ਕਰ ਇਹ ਫੈਸਲਾ ਕੀਤਾ ਗਿਆ ਹੈ, ਚੁਣੇ ਹੋਏ ਨੁਮਾਇੰਦਿਆਂ ਤੋਂ ਕਿਵੇਂ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਵਾਪਸ ਲਈਆਂ ਗਈਆਂ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੇ ਕੋਲ ਅਜਿਹੀ ਕੋਈ ਸ਼ਕਤੀ ਨਹੀਂ ਹੈ ਕਿ ਉਹ ਇਸ ਤਰ੍ਹਾਂ ਸਮੇਂ ਤੋਂ ਪਹਿਲਾਂ ਹੀ ਬਿਨਾ ਕਿਸੇ ਆਧਾਰ 'ਤੇ ਸੂਬੇ ਦੀਆਂ ਸਾਰੀਆਂ ਪੰਚਾਇਤਾਂ ਨੂੰ ਭੰਗ ਕਰ ਦੇਵੇ। ਚੀਫ ਜਸਟਿਸ ਨੇ ਇਹ ਵੀ ਕਿਹਾ ਹੈ ਕਿ ਪੰਚਾਇਤਾਂ ਦੇ ਫੰਡ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ ਜਦਕਿ ਕੇਂਦਰ ਸਰਕਾਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਰਾਹਤ ਦੇਣ ਦੇ ਲਈ ਰਾਸ਼ੀ ਭੇਜੀ ਹੋਈ ਹੈ।

ਯਾਦ ਰਹੇ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ 10 ਅਗਸਤ ਨੂੰ ਪੰਜਾਬ ਦੀਆਂ ਪੰਚਾਇਤੀ ਸੰਸਥਾਵਾਂ ਨੂੰ ਭੰਗ ਕਰ ਕੇ ਦੋ ਪੜਾਵਾਂ ਵਿਚ ਚੋਣਾਂ ਕਰਾਉਣ ਦਾ ਐਲਾਨ ਕੀਤਾ ਸੀ ਤੇ ਪੰਚਾਇਤਾਂ ਦੇ ਪ੍ਰਬੰਧਕ ਵੀ ਨਿਯੁਕਤ ਕਰ ਦਿੱਤੇ ਸਨ। ਇਸ ਮਗਰੋਂ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ




ਗਈ ਸੀ। ਸੁਣਵਾਈ ਦੌਰਾਨ ਪੰਜਾਬ ਸਰਕਾਰ ਵੱਲੋਂ ਪੇਸ਼ ਹੋਈ ਟੀਮ ਪੰਚਾਇਤਾਂ ਨੂੰ ਭੰਗ ਕਰਨ ਸਬੰਧੀ ਠੋਸ ਆਧਾਰ ਪੇਸ਼ ਨਹੀਂ ਕਰ ਸਕੀ। ਸਰਕਾਰ ਵੱਲੋਂ ਇਹ ਤਰਕ ਪੇਸ਼ ਕੀਤਾ ਗਿਆ ਹੈ ਕਿ ਸਰਕਾਰ ਨੂੰ ਖ਼ਦਸ਼ਾ ਸੀ ਕਿ ਪੰਚਾਇਤਾਂ ਭੰਗ ਨਾ ਕੀਤੀਆਂ ਗਈਆਂ ਤਾਂ ਪੰਚਾਇਤਾਂ ਕੋਲ ਪਏ ਕਰੋੜਾਂ ਰੁਪਏ ਦੇ ਫੰਡਾਂ ਦੀ ਦੁਰਵਰਤੋਂ ਹੋ ਸਕਦੀ ਹੈ। ਅਦਾਲਤ ਨੇ ਸਰਕਾਰ ਨੂੰ ਪੁੱਛਿਆ ਕਿ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕੀਤੇ ਜਾਣ ਪਿੱਛੇ ਕੀ ਲੋਕ ਹਿੱਤ ਸੀ। ਇਸ ਸਵਾਲ ਦਾ ਜਵਾਬ ਦੇਣ ਲਈ ਪੰਜਾਬ ਸਰਕਾਰ ਨੇ ਅਦਾਲਤ ਤੋਂ ਸਮਾਂ ਮੰਗਿਆ ਹੈ।

ਦੂਜੇ ਪਾਸੇ ਪਟੀਸ਼ਨਰਾਂ ਦੇ ਵਕੀਲਾਂ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕਰਨ ਪਿੱਛੇ ਕੋਈ ਲੋਕ ਹਿੱਤ ਨਹੀਂ ਹੈ ਤੇ ਅਜਿਹਾ ਕਰਨਾ ਕੁਦਰਤੀ ਨਿਆਂ ਦੇ ਵਿਰੁੱਧ ਤੇ ਗ਼ੈਰ-ਕਾਨੂੰਨੀ ਹੈ।

Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਕੈਲੇਫੋਰਨੀਆ ਸਿੱਖ ਯੂਥ ਅਲਾਇੰਸ ਵੱਲੋਂ ਚੌਥਾ ਸ਼ਹੀਦੀ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਚ ਪਾਵਰ ਲਿਫਟਿੰਗ (ਭਾਰ ਚੁੱਕਣ) ਦਾ ਟੂਰਨਾਮੈਂਟ 'ਕੈਲੇਫੋਰਨੀਆ ਸਿੱਖ ਯੂਥ ਅਲਾਇੰਸ' ਵੱਲੋਂ ਕਰਵਾਇਆ ਗਿਆ। ਜੋ ਸਮੂਹ ਸਿੱਖ ਸ਼ਹੀਦਾਂ ਦੀ ਨਿੱਘੀ ਯਾਦ ਅਤੇ ਸ਼ਹਾਦਤ ਨੂੰ ਸਮਰਪਿਤ ਸੀ। ਇਸ ਸੰਸਥਾ ਵੱਲੋਂ ਕੈਲੇਫੋਰਨੀਆ ਵਿਚ ਕਰਵਾਇਆ ਜਾਣ ਵਾਲਾ ਇਹ ਚੌਥਾ ਟੂਰਨਾਮੈਂਟ ਸੀ, ਜਿਸ ਵਿਚ ਭਾਰ ਚੁੱਕਣ ਦੇ ਸ਼ੌਕੀਨ ਬਹੁ ਗਿਣਤੀ ਨੌਜਵਾਨਾਂ ਨੇ ਦੂਰ-ਦੁਰਾਡੇ ਤੋਂ ਪਹੁੰਚ ਕੇ ਭਾਗ ਲਿਆ।



ਇਸ ਟੂਰਨਾਮੈਂਟ ਨੂੰ ਵੱਖ-ਵੱਖ ਉਮਰ ਅਤੇ ਭਾਰ ਚੁੱਕਣ ਦੇ ਗਰੁੱਪਾਂ ਵਿਚ ਵੰਡਿਆ ਗਿਆ ਸੀ, ਜਿਸ ਵਿਚ ਹਿੱਸਾ ਲੈਣ ਲਈ ਪਹੁੰਚੇ ਬੱਚਿਆਂ ਵਿਚ ਭਾਰੀ ਉਤਸ਼ਾਹ ਸੀ। ਇਹ ਟੂਰਨਾਮੈਂਟ ਮਿੱਥੇ ਸਮੇਂ ਤੋਂ ਬਾਅਦ ਵੀ ਕਈ ਘੰਟੇ ਚੱਲਿਆ। ਸਮੂਹ ਹਿੱਸਾ ਲੈਣ ਵਾਲੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਅਤੇ ਜੇਤੂਆਂ ਨੂੰ ਸਨਮਾਨ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।




ਟੂਰਨਾਮੈਂਟ ਦੌਰਾਨ ਬੁਲਾਰਿਆਂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਸਿੱਖਾਂ ਦੇ ਸੰਘਰਸ਼ ਭਰੇ ਇਤਿਹਾਸ ਦੀ ਸਾਂਝ ਪਾਈ। ਇਸ ਟੂਰਨਾਮੈਂਟ ਤੋਂ ਇਲਾਵਾ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲੱਗੀ ਹੋਈ ਸੀ ਅਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਟੀ-ਸ਼ਰਟਾਂ ਅਤੇ ਪੁਸਤਕਾਂ ਦੇ ਸਟਾਲ ਵੀ ਲੱਗੇ ਹੋਏ ਸਨ। ਜੋ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾ ਰਹੇ ਸਨ। ਇਸ ਸਮੇਂ ਗੁਰੂਘਰ ਅੰਦਰ ਸੰਗਤਾਂ ਲਈ ਲੰਗਰ ਅਤੁੱਟ ਵਰਤ ਰਹੇ ਸਨ। ਅੰਤ ਕੈਲੇਫੋਰਨੀਆ ਸਿੱਖ ਯੂਥ ਅਲਾਇੰਸ ਦੀ ਸਮੁੱਚੀ ਟੀਮ ਵੱਲੋਂ ਗੁਰਦੁਆਰਾ ਗੁਰੂ



ਨਾਨਕ ਪ੍ਰਕਾਸ਼ ਫਰਿਜ਼ਨੋ ਅਤੇ ਸੰਗਤ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

# ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ ਵੱਲੋਂ ਤੀਜੀ ਅਮਰੀਕੀ ਪੰਜਾਬੀ ਕਵਿਤਾ ਕਾਨਫਰੰਸ ਪਹਿਲੀ ਅਕਤੂਬਰ ਨੂੰ

**ਸੈਂਟਰਲ ਵੈਲੀ:** ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਦੀ ਕਾਰਜ-ਕਾਰਨੀ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਪੈਟਰਸਨ ਵਿਖੇ ਹੋਈ। ਇਸ ਵਿਚ ਪ੍ਰੋ. ਹਰਭਜਨ ਸਿੰਘ, ਕੁਲਵੰਤ ਸਿੰਘ ਸੇਖੋਂ (ਪ੍ਰਧਾਨ), ਹਰਜੀਤ ਸਿੰਘ ਹਠੂਰ (ਮੀਤ ਪ੍ਰਧਾਨ), ਮਨਦੀਪ ਗੋਰਾ (ਸਕੱਤਰ), ਹਰਪ੍ਰੀਤ ਕੌਰ ਧੂਤ (ਸਹਾਇਕ ਸਕੱਤਰ) ਨੇ ਹਿੱਸਾ ਲਿਆ ਤੇ ਖੁੱਲ੍ਹੇ ਵਿਚਾਰ-ਵਟਾਂਦਰੇ ਤੋਂ ਬਾਅਦ ਤੀਜੀ ਅਮਰੀਕੀ ਪੰਜਾਬੀ ਕਵਿਤਾ ਕਾਨਫਰੰਸ ਪਹਿਲੀ ਅਕਤੂਬਰ ਨੂੰ ਰਾਇਲ ਇੰਡੀਅਨ ਕੁਜ਼ੀਨ 7610 ਪੈਸੇਫਿਕ ਐਵਨਿਊ ਸਟਾਕਟਨ ਵਿਖੇ ਕਰਵਾਉਣ ਦਾ ਫੈਸਲਾ ਲਿਆ ਗਿਆ। ਇਹ ਕਾਨਫਰੰਸ ਗਦਰ ਲਹਿਰ ਦੀ ਕਵਿਤਾ ਨੂੰ ਸਮਰਪਿਤ ਹੋਵੇਗੀ। ਡਾ. ਧਨਵੰਤ ਕੌਰ 'ਗਦਰ ਲਹਿਰ ਦੀ ਕਵਿਤਾ ਦਾ ਇਤਿਹਾਸਕ ਮਹੱਤਵ ਤੇ ਵਰਤਮਾਨ ਸਾਰਥਕਤਾ' ਖੋਜ ਪੇਪਰ ਤਿਆਰ ਕਰਨਗੇ। ਡਾ. ਗੁਰਪਾਲ ਸਿੰਘ ਸੰਧੂ 'ਸਮਕਾਲੀ ਅਮਰੀਕੀ ਪੰਜਾਬੀ ਕਵਿਤਾ: ਇਕ ਮੁਲਾਂਕਣ' ਖੋਜ ਪੇਪਰ ਲਿਖਣਗੇ। ਇਹ ਪੇਪਰ ਕਾਨਫਰੰਸ ਦੇ ਪਹਿਲੇ ਸੈਸ਼ਨ ਵਿਚ ਪੇਸ਼ ਕੀਤੇ ਜਾਣਗੇ। ਇਨ੍ਹਾਂ ਬਾਰੇ ਸਵਾਲ ਜਵਾਬ ਤੇ ਟਿੱਪਣੀਆਂ ਦਾ ਮੌਕਾ ਪ੍ਰਦਾਨ ਕੀਤਾ ਜਾਵੇਗਾ। ਇਸ ਦੌਰਾਨ ਡਾ. ਗੁਰਪਾਲ ਸਿੰਘ ਸੰਧੂ, ਡਾ. ਮਹਿੰਦਰ ਗਿੱਲ ਤੇ ਦਰਸ਼ਨ ਬੁਲੰਦਵੀ ਵੱਲੋਂ ਸੰਪਾਦਿਤ ਤੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿ 'ਸਮਕਾਲੀ ਪਰਵਾਸੀ ਪੰਜਾਬੀ ਕਵਿਤਾ' ਰਿਲੀਜ਼ ਕੀਤਾ ਜਾਵੇਗਾ।




ਇਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਸਵਿਟਜ਼ਰਲੈਂਡ ਦੇ 51 ਕਵੀਆਂ ਦੀਆਂ ਰਚਨਾਵਾਂ ਸ਼ਾਮਲ ਹਨ।

ਇਸ ਕਾਨਫਰੰਸ ਦੇ ਦੂਜੇ ਸੈਸ਼ਨ ਵਿਚ ਕਵੀ ਦਰਬਾਰ ਕਰਵਾਇਆ ਜਾਵੇਗਾ। ਇਸ ਵਿਚ ਹਾਜ਼ਰ ਕਵੀ ਆਪਣੀਆਂ ਤਾਜ਼ਾ ਰਚਨਾਵਾਂ ਪੇਸ਼ ਕਰਨਗੇ। ਇਹ ਕਾਨਫਰੰਸ ਕੈਲੀਫੋਰਨੀਆ ਦੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਤੇ ਪੰਜਾਬੀ ਸਾਹਿਤ ਸਭਾ (ਕੈਲੀਫੋਰਨੀਆ) ਦੀਆਂ ਸਾਰੀਆਂ ਇਕਾਈਆਂ ਦੇ ਸਰਗਰਮ ਸਹਿਯੋਗ ਤੇ ਸ਼ਮੂਲੀਅਤ ਨਾਲ ਕਰਵਾਈ ਜਾਵੇਗੀ। ਅਮਰਜੀਤ ਚਾਹਲ (ਕੈਨੇਡਾ) ਮੁੱਖ ਮਹਿਮਾਨ ਵਜੋਂ ਹਿੱਸਾ ਲੈਣਗੇ। ਇਹ ਕਾਨਫਰੰਸ ਸਵੇਰੇ ਗਿਆਰਾਂ ਵਜੇ ਆਰੰਭ ਹੋ ਕੇ ਸ਼ਾਮ ਛੇ ਵਜੇ ਤੱਕ ਚੱਲੇਗੀ। ਲੰਚ ਦੌਰਾਨ ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੇਲ ਲਗਾਈ ਜਾਵੇਗੀ। ਇਸ ਕਾਨਫਰੰਸ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਪਾਠਕਾਂ, ਲੇਖਕਾਂ, ਕਵੀਆਂ ਅਤੇ ਪੰਜਾਬੀ ਮਾਂ-ਬੋਲੀ ਦੇ ਸ਼ੁਭਚਿੰਤਕਾਂ ਨੂੰ ਇਸ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੈ। ਵਧੇਰੇ ਜਾਣਕਾਰੀ ਲਈ ਕੁਲਵੰਤ ਸਿੰਘ ਸੇਖੋਂ (559-355-6564) ਤੇ ਹਰਜੀਤ ਹਠੂਰ (408-569-8469) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਿਪੋਰਟ: ਮਨਦੀਪ ਗੋਰਾ (209-740-8319), ਹਰਪ੍ਰੀਤ ਕੌਰ ਧੂਤ (209-423-1107).**

# ਸ. ਸਵਰਨ ਸਿੰਘ ਸੰਧੂ ਦਾ ਦੇਹਾਂਤ

**ਸ਼ਿਕਾਗੋ:** ਸ. ਸਤਨਾਮ ਸਿੰਘ ਸੰਧੂ ਦੇ ਪਿਤਾ ਸ. ਸਵਰਨ ਸਿੰਘ ਸੰਧੂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਉਹ ਪੰਜਾਬ ਨਾਲ ਸਬੰਧਤ ਸਨ ਤੇ ਹੁਣ ਆਪਣੇ ਪਰਿਵਾਰ ਕੋਲ ਅਮਰੀਕਾ ਹੀ ਰਹਿ ਰਹੇ ਸਨ। ਲੰਘੀ 25 ਜੁਲਾਈ ਨੂੰ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ 93 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ 6 ਧੀਆਂ-ਪੁੱਤ ਅਤੇ 8 ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੂੰ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ1 ਸਤੰਬਰ ਸ਼ੁਕਰਵਾਰ ਨੂੰ ਦੁਪਹਿਰ 2 ਤੋਂ ਸ਼ਾਮ 4 ਵਜੇ ਦਰਮਿਆਨ Davenport Funeral Home 941 S. Old Rand Road Lake Zurich, IL 60047 ਵਿਖੇ ਹੋਵੇਗਾ। ਉਪਰੰਤ ਉੱਥੇ ਹੀ ਅੰਤਿਮ ਅਰਦਾਸ ਕੀਤੀ ਜਾਵੇਗੀ।



## *ਪੁਲਿਸ ਅਫਸਰਾਂ ਹੱਥੋਂ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਵਲੋਂ ਨਿਆਂ ਦੀ ਮੰਗ*

**ਸੈਕਰਾਮੈਂਟੋ:** ਹਾਲ ਹੀ ਵਿਚ ਸ਼ੈਲਬਾਈ ਕਾਊਂਟੀ, ਟੇਨੈਸੀ ਵਿਚ ਲਾਅ ਇਨਫੋਰਸਮੈਂਟ ਅਫਸਰਾਂ ਨਾਲ ਵੱਖ-ਵੱਖ ਕਥਿਤ ਹਿਰਾਸਤੀ ਮੁਕਾਬਲਿਆਂ ਵਿਚ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਪ੍ਰੈਸ ਕਾਨਫਰੰਸ ਕਰ ਕੇ ਨਿਆਂ ਦੀ ਮੰਗ ਕੀਤੀ ਹੈ। ਪ੍ਰੈਸ ਕਾਨਫਰੰਸ ਜਿਸ ਵਿਚ ਪੀੜਤਾਂ ਦਾ ਵਕੀਲ ਬੈਨ ਕਰੰਪ ਵੀ ਹਾਜ਼ਰ ਸੀ, ਵਿਚ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਮੰਗ ਕੀਤੀ ਹੈ। ਹਾਲਾਂਕਿ ਇਨ੍ਹਾਂ ਦੋਵਾਂ ਮਾਮਲਿਆਂ ਦਾ ਆਪਸ ਵਿਚ ਸਬੰਧ ਨਹੀਂ ਹੈ ਪਰੰਤੂ ਪੀੜਤ ਪਰਿਵਾਰਾਂ ਦਾ ਦਰਦ ਇਕੋ ਜਿਹਾ ਹੈ। ਜਰਵੇਆਨ ਹਡਸਪੈਥ (21) ਦੀ ਮੌਤ ਸ਼ੈਲਬਾਈ ਕਾਊਂਟੀ ਸ਼ੈਰਿਫ ਦਫਤਰ ਦੇ ਡਿਪਟੀ ਵੱਲੋਂ ਉਸਨੂੰ ਇਕ ਟਰੈਫਿਕ ਸਟਾਪ 'ਤੇ ਰੋਕੇ ਜਾਣ ਉਪਰੰਤ ਇਸ ਸਾਲ 24 ਜੂਨ ਨੂੰ ਹੋਈ ਸੀ ਜਦਕਿ ਦੂਸਰੇ ਕਾਲੇ ਵਿਅਕਤੀ ਕਰਟਨੀ ਰੋਸ ਦੀ ਮੌਤ ਇਸ ਮਹੀਨੇ ਅਗਸਤ ਵਿਚ ਮੈਮਫਿਸ ਪੁਲਿਸ ਵੱਲੋਂ ਹਿਰਾਸਤ ਵਿਚ ਲੈਣ ਦੌਰਾਨ ਹੋਈ ਸੀ। ਪ੍ਰੈਸ ਕਾਨਫਰੰਸ ਵਿਚ ਹਡਸਪੈਥ ਦੀ ਮਾਂ ਚਰਲੋਟ ਹੈਗਟ ਨੇ ਕਿਹਾ ਕਿ ਉਸਦਾ ਬੇਟਾ ਕਾਲਜ ਦਾ ਵਿਦਿਆਰਥੀ ਸੀ ਤੇ ਉਹ ਦੋ ਦਿਨਾਂ ਤੋਂ ਲਾਪਤਾ ਸੀ। ਉਪਰੰਤ ਸ਼ੈਰਿਫ ਦਫਤਰ ਵੱਲੋਂ ਦੱਸਿਆ ਗਿਆ ਕਿ ਉਹ ਕਾਰ ਹਾਦਸੇ ਵਿਚ ਮਾਰਿਆ ਗਿਆ ਹੈ। ਉਸਨੇ ਦੋਸ਼ ਲਾਇਆ ਕਿ ਅਸਲ ਵਿਚ ਉਸ ਦੀ ਮੌਤ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਟੇਨੈਸੀ ਜਾਂਚ ਬਿਊਰੋ ਦੀ ਰਿਪੋਰਟ ਅਨੁਸਾਰ ਹਡਸਪੈਥ ਮੁੜ ਆਪਣੀ ਕਾਰ ਨੂੰ ਭਜਾ ਕੇ ਲਿਜਾਣ ਦਾ ਯਤਨ ਕਰਦਾ ਹੈ ਜਿਸ ਦੌਰਾਨ ਉਹ ਡਿਪਟੀ ਨੂੰ ਆਪਣੀ ਕਾਰ ਦੇ ਨਾਲ ਹੀ ਤਕਰੀਬਨ 100 ਗਜ ਧੂਹ ਕੇ ਲੈ ਜਾਂਦਾ ਹੈ। ਇਸ ਦੌਰਾਨ ਹੀ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਉਹ ਜ਼ਖਮੀ ਹੋ ਜਾਂਦਾ ਹੈ ਜਿਸ ਦੀ ਬਾਅਦ ਵਿਚ ਮੌਤ ਹੋ ਜਾਂਦੀ ਹੈ।

# ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਮਰਹੂਮ ਗੀਤਕਾਰ ਗੁਰਦੇਵ ਸਿੰਘ ਮਾਨ ਦੀ ਯਾਦ ਵਿਚ ਸਮਾਗਮ

**ਸਰੀ:** ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਬੀਤੇ ਦਿਨੀਂ ਮਰਹੂਮ ਗੀਤਕਾਰ ਗੁਰਦੇਵ ਸਿੰਘ ਮਾਨ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸੁਰਜੀਤ ਸਿੰਘ ਮਾਧੋਪੁਰੀ, ਪ੍ਰਿਤਪਾਲ ਗਿੱਲ, ਗਾਇਕ ਰਛਪਾਲ ਸਿੰਘ ਪਾਲ, ਅਤੇ ਹਰਚੰਦ ਸਿੰਘ ਬਾਗੜੀ ਨੇ ਕੀਤੀ।

ਸਮਾਗਮ ਦਾ ਆਗਾਜ਼ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਲੋਕ ਗਾਇਕ ਸੁਰਿੰਦਰ ਸ਼ਿੰਦਾ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੋਇਆ। ਉਪਰੰਤ ਗੁਰਦੇਵ ਸਿੰਘ ਮਾਨ ਬਾਰੇ ਪ੍ਰਿਤਪਾਲ ਗਿੱਲ ਨੇ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਵੱਲੋਂ ਲਿਖਿਆ ਪਰਚਾ ਪੜ੍ਹਿਆ। ਜਤਿੰਦਰ ਨਿੱਝਰ, ਉੱਘੇ ਬਿਜ਼ਨਸਮੈਨ ਸੁੱਖੀ ਬਾਠ, ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ, ਪ੍ਰਿੰਸੀਪਲ ਰਣਜੀਤ ਸਿੰਘ ਪੰਨੂ, ਹਰਚੰਦ ਸਿੰਘ ਬਾਗੜੀ ਵੱਲੋਂ ਵਡਮੁੱਲੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਲੇਖਕ ਹਰਚੰਦ ਸਿੰਘ ਬਾਗੜੀ ਨੂੰ 'ਗੁਰਦੇਵ ਸਿੰਘ ਮਾਨ ਮੈਮੋਰੀਅਲ ਐਵਾਰਡ' ਦਿੱਤਾ ਗਿਆ। ਦਰਸ਼ਨ ਸੰਘਾ ਨੇ ਹਰਚੰਦ ਬਾਗੜੀ ਬਾਰੇ ਪਰਚਾ ਪੜ੍ਹਿਆ। ਭਾਰਤ ਤੋਂ ਆਏ ਪੱਤਰਕਾਰ ਜਗਦੀਸ਼ ਬਮਰਾਹ ਅਤੇ ਸੁਰੀਲੇ ਗਾਇਕ ਰਛਪਾਲ ਸਿੰਘ ਪਾਲ ਨੂੰ ਸਭਾ ਵੱਲੋਂ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।



ਇਸ ਮੌਕੇ ਕਵੀ ਦਰਬਾਰ ਹੋਇਆ ਜਿਸ ਵਿਚ ਸੁਰਜੀਤ ਸਿੰਘ ਮਾਧੋਪੁਰੀ, ਗੀਤਕਾਰ ਜਸਬੀਰ ਗੁਣਾਚੌਰੀਆ, ਜਗਦੀਸ਼ ਬਮਰਾਹ, ਰਛਪਾਲ ਸਿੰਘ ਪਾਲ, ਗੁਰਦੇਵ ਸਿੰਘ ਮਾਨ ਦੇ ਸਪੁੱਤਰ ਰਾਜ ਮਾਨ, ਮਨਜੀਤ ਮੱਲ੍ਹਾ ਅਤੇ ਪਲਵਿੰਦਰ ਸਿੰਘ ਰੰਧਾਵਾ ਨੇ ਗੀਤ ਪੇਸ਼ ਕੀਤੇ। ਗੁਰਦੇਵ ਸਿੰਘ ਮਾਨ ਦੀ ਬੇਟੀ ਰੁਪਿੰਦਰ ਕੌਰ, ਉਸ ਦੇ ਪਤੀ ਵਾਹਿਗੁਰੂ ਥਿੰਦ, ਬੇਟੀ ਹਰਪਾਲ ਕੌਰ ਰੰਧਾਵਾ, ਸਪੁੱਤਰ ਰਾਜਵੀਰ ਸਿੰਘ ਅਤੇ ਉਸ ਦੀ ਪਤਨੀ ਮਨਜੀਤ ਕੌਰ ਮਾਨ ਅਤੇ ਪਰਿਵਾਰਕ ਮੈਂਬਰ ਹੀਰੋ ਰਾਏ, ਸਤਿਨਾਮ ਕੌਰ ਰਾਏ, ਲਾਡੀ ਰਾਏ, ਉਸ ਦੀ ਪਤਨੀ ਨੇ ਇਸ ਯਾਦਗਾਰੀ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ।

ਹਾਜ਼ਰ ਸਰੋਤਿਆਂ ਵਿਚ ਇੰਦਰਪਾਲ ਸਿੰਘ ਸੰਧੂ, ਸਤਵਿੰਦਰ ਸਿੰਘ ਸਿੱਧੂ, ਗੁਰਦੀਪ ਸਿੰਘ ਮੁੰਡੀ, ਅਮਰਜੀਤ ਕੌਰ ਮੁੰਡੀ, ਪਰਮਿੰਦਰ ਸਿੱਧੂ, ਜੈਸੀਕਾ ਗਿੱਲ (ਇੰਡੋ-ਕੈਨੇਡੀਅਨ ਟਾਈਮਜ਼) ਮੈਂਡੀ ਢੇਸਾ, ਨਾਹਰ ਢੇਸਾ, ਸੋਹਣ ਸਿੰਘ ਢੇਸਾ, ਨਿਰਮਲ ਛੀਨਾ, ਕੇਸਰ ਸਿੰਘ ਕੂਨਰ, ਅਮਰੀਕ ਸਿੰਘ ਲੇਲ੍ਹ, ਅਵਤਾਰ ਸਿੰਘ ਢਿੱਲੋਂ, ਪਰਮਿੰਦਰ ਕੌਰ ਬਾਗੜੀ, ਬਿੱਕਰ ਸਿੰਘ ਖ਼ੋਸਾ, ਫ਼ਤਿਹ ਸਿੰਘ, ਗੁਰਮੀਤ ਸਿੰਘ ਕਾਲਕਟ, ਜਸਬੀਰ ਸਿੰਘ ਭੋਗਲ, ਹਰਪ੍ਰੀਤ ਸਿੰਘ ਭੋਗਲ ਸ਼ਾਮਿਲ ਸਨ। ਅੰਤ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਸਕੱਤਰ ਪ੍ਰਿਤਪਾਲ ਗਿੱਲ ਵੱਲੋਂ ਬਾਖ਼ੂਬੀ ਕੀਤਾ ਗਿਆ।

# ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' 'ਤੇ ਵਿਚਾਰ-ਚਰਚਾ

### ਜਗਮੇਲ ਸਿੰਘ ਰਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਲੋਕ-ਅਰਪਣ ਕੀਤੀ

**ਬਰੈਂਪਟਨ:** ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ 20 ਅਗਸਤ ਨੂੰ ਹੋਏ ਸਮਾਗ਼ਮ ਵਿਚ ਡਾ. ਸੁਖਦੇਵ ਸਿੰਘ ਝੰਡ ਦੀ ਨਵ-ਪ੍ਰਕਾਸ਼ਿਤ ਵਾਰਤਕ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਬਾਰੇ ਭਾਵਪੂਰਤ ਵਿਚਾਰ-ਚਰਚਾ ਕੀਤੀ ਗਈ ਅਤੇ ਜਗਮੇਲ ਸਿੰਘ ਜਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਵੀ ਲੋਕ-ਅਰਪਣ ਕੀਤੀ ਗਈ। ਉੱਘੀ ਕਵਿੱਤਰੀ ਸੁਰਜੀਤ ਕੌਰ ਅਤੇ ਡਾ. ਸਤਿੰਦਰ ਕਾਹਲੋਂ ਵੱਲੋਂ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਉੱਪਰ ਪੇਪਰ ਪੜ੍ਹੇ ਗਏ। ਉਪਰੰਤ, ਘੇਰੇ ਅਤੇ ਵਿਲੱਖਣਤਾ ਦੀ ਗੱਲ ਕੀਤੀ। ਕ੍ਰਿਪਾਲ ਸਿੰਘ ਪੰਨੂੰ ਨੇ ਪੰਜਾਬੀ ਫ਼ੌਂਟਸ ਵਿਚ ਮਿਆਰੀਕਰਨ ਦੀ ਗੱਲ ਕਰਦਿਆਂ ਕਿਹਾ ਕਿ ਸ਼ਬਦ-ਜੋੜਾਂ ਵਿਚ ਸਮਾਨਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਡਾ. ਝੰਡ ਨੇ ਪੁਸਤਕ ਦੇ ਪਰੂਫ਼ ਕਈ ਵਾਰ ਪੜ੍ਹ ਕੇ ਇਸ ਵਿੱਚ ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਦੀ ਗੁੰਜਾਇਸ਼ ਬੜੀ ਘੱਟ ਰਹਿਣ ਦਿੱਤੀ ਹੈ। ਪਿਆਰਾ ਸਿੰਘ ਕੁੱਦੋਵਾਲ ਨੇ ਲੇਖਕ ਦੀਆਂ ਰੁੱਖਾਂ ਨਾਲ ਸਬੰਧਿਤ ਪੁਸਤਕਾਂ ਦੀ ਚਰਚਾ ਕਰਦਿਆਂ ਇਸ ਪੁਸਤਕ ਨੂੰ ਉਸ ਲੜੀ ਵਿਚ ਸ਼ਾਮਲ



ਬਹਿਸ ਵਿਚ ਭਾਗ ਲੈਂਦਿਆਂ ਕਈ ਬੁਲਾਰਿਆਂ ਨੇ ਇਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ-ਮੰਡਲ ਵਿਚ ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਕੰਪਿਊਟਰ ਦੀ ਮੁਹਾਰਤ ਰੱਖਣ ਵਾਲੇ ਕ੍ਰਿਪਾਲ ਸਿੰਘ ਪੰਨੂੰ, ਸਮਾਜ-ਸੇਵੀ ਗੁਰਦੇਵ ਸਿੰਘ ਮਾਨ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਪੁਸਤਕ 'ਤੇ ਪੇਪਰ ਪੜ੍ਹਨ ਵਾਲੀਆਂ ਵਿਦਵਾਨ ਬੀਬੀਆਂ ਸੁਰਜੀਤ ਕੌਰ ਤੇ ਸਤਿੰਦਰ ਕਾਹਲੋਂ ਸੁਸ਼ੋਭਿਤ ਸਨ।

ਪ੍ਰੋਗਰਾਮ ਦੇ ਆਰੰਭ ਵਿੱਚ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਵਿਚ ਸ਼ਾਮਲ ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਦਾ ਸੁਆਗਤ ਕੀਤਾ ਗਿਆ। ਉਪਰੰਤ, ਜਗਮੇਲ ਸਿੰਘ ਜਠੌਲ ਦੀ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਬਾਰੇ ਸੰਖੇਪ ਜਾਣਕਾਰੀ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਦਿੱਤੀ ਗਈ। ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸੁਰਜੀਤ ਕੌਰ ਨੂੰ ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ ਬਾਰੇ ਪੇਪਰ ਪੜ੍ਹਨ ਦੀ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਆਪਣੇ ਸੰਬੋਧਨ ਦੇ ਆਰੰਭ ਵਿਚ ਕਿਹਾ ਕਿ ਵਾਰਤਕ ਪੜ੍ਹ ਕੇ ਪਾਠਕ ਦੀ ਬੌਧਿਕ ਸੰਤੁਸ਼ਟੀ ਹੁੰਦੀ ਹੈ। ਉਨ੍ਹਾਂ ਅਨੁਸਾਰ ਸੁਖਦੇਵ ਸਿੰਘ ਝੰਡ ਕੈਨੇਡਾ ਦੇ ਉਨ੍ਹਾਂ ਚੰਦ ਲੇਖਕਾਂ ਵਿਚੋਂ ਇਕ ਹੈ ਜਿਹੜੇ ਵਾਰਤਕ ਲਿਖਣ ਵੱਲ ਰੁਚਿਤ ਹਨ। ਉਨ੍ਹਾਂ ਕਿਹਾ ਕਿ ਪੁਸਤਕ ਦੀ ਭਾਸ਼ਾ ਸਾਦਾ, ਸਰਲ ਤੇ ਰਵਾਨਗੀ ਭਰੀ ਹੈ ਅਤੇ ਪੁਸਤਕ ਪੜ੍ਹਦਿਆਂ ਪਾਠਕ ਕਿਧਰੇ ਵੀ ਅਕੇਵਾਂ ਮਹਿਸੂਸ ਨਹੀਂ ਕਰਦਾ।

ਸਮਾਗ਼ਮ ਦੇ ਦੂਸਰੇ ਬੁਲਾਰੇ ਸਤਿੰਦਰ ਕਾਹਲੋਂ ਨੇ ਪੁਸਤਕ ਦੀ ਬਣਤਰ ਅਤੇ ਇਸ ਵਿਚਲੇ ਮੈਟਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਲੇਖਕ ਵਾਤਾਵਰਣ ਅਤੇ ਸਮਾਜ ਪ੍ਰਤੀ ਪੂਰਨ ਜਾਗਰੂਕ ਹੈ ਅਤੇ ਇਸ ਲਈ ਚਿੰਤਾਤੁਰ ਵੀ ਹੈ। ਪ੍ਰਿੰਸੀਪਲ ਸਰਵਣ ਸਿੰਘ ਨੇ ਪੁਸਤਕ 'ਸਾਡਾ ਪਿੰਡ ਅਜਿੱਤ ਗਿੱਲ' ਬਾਰੇ ਗੱਲ ਕਰਦਿਆਂ ਪੰਜਾਬ ਦੇ ਪਿੰਡਾਂ ਬਾਰੇ ਜਾਣਕਾਰੀ ਮੁਹੱਈਆ ਕਰਦੀਆਂ ਅਜਿਹੀਆਂ ਪੁਸਤਕਾਂ ਛਪਣ 'ਤੇ ਜਗਮੇਲ ਸਿੰਘ ਜਠੌਲ ਨੂੰ ਵਧਾਈ ਦਿੱਤੀ ਅਤੇ ਲੇਖਕਾਂ ਨੂੰ ਹੋਰ ਵੀ ਅਜਿਹੀਆਂ ਪੁਸਤਕਾਂ ਲਿਖਣ ਦੀ ਲੋੜ 'ਤੇ ਜ਼ੋਰ ਦਿੱਤਾ। ਵਿਚਾਰ-ਚਰਚਾ ਅਧੀਨ ਪੁਸਤਕ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਝੰਡ ਬਹੁ-ਪੱਖੀ ਲੇਖਕ ਹੈ। ਉੱਘੇ ਲੇਖਕ ਪੂਰਨ ਸਿੰਘ ਪਾਂਧੀ ਨੇ ਡਾ. ਝੰਡ ਦੀ ਵਾਰਤਕ-ਸ਼ੈਲੀ ਅਤੇ ਇਸ ਦੀ ਰਵਾਨਗੀ ਦੀ ਸਰਾਹਨਾ ਕਰਦਿਆਂ ਇਸ ਪੁਸਤਕ ਵਿਚਲੇ ਲੇਖਾਂ ਦੇ ਵਿਸ਼ਾਲ ਕੀਤਾ। ਡਾ. ਨਾਹਰ ਸਿੰਘ ਦਾ ਕਹਿਣਾ ਸੀ ਕਿ ਕਵਿਤਾ ਮਨੁੱਖ ਨੂੰ ਭਾਵੁਕ ਕਰਦੀ ਹੈ ਅਤੇ ਵਾਰਤਕ ਬੰਦੇ ਨੂੰ 'ਬੰਦਾ' ਬਣਾਉਂਦੀ ਹੈ। ਪੁਸਤਕ ਦਾ ਸੁਆਗ਼ਤ ਕਰਦਿਆਂ ਉਨ੍ਹਾਂ ਇਸ ਨੂੰ ਪੰਜਾਬੀ ਵਾਰਤਕ ਵਿਚ ਨਿੱਗਰ ਵਾਧਾ ਦੱਸਿਆ। ਹਰਦੀਪ ਕੌਰ ਅਤੇ ਸੁਰਿੰਦਰਜੀਤ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੇ ਦੂਸਰੇ ਭਾਗ ਦੇ ਪ੍ਰਧਾਨਗੀ-ਮੰਡਲ ਵਿਚ ਸੁਖਚਰਨਜੀਤ ਗਿੱਲ, ਡਾ. ਸੁਰਿੰਦਰਜੀਤ ਗਿੱਲ, ਸੈਫ਼ਲ ਮਲੂਕ, ਗੋਬਿੰਦ ਸਿੰਘ ਰਤਨ ਅਤੇ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ। ਇਸ ਦਾ ਸੰਚਾਲਨ ਕਰਦਿਆਂ ਪਰਮਜੀਤ ਢਿੱਲੋਂ ਵੱਲੋਂ ਸਭ ਤੋਂ ਪਹਿਲਾਂ ਸੁਖਚਰਨਜੀਤ ਗਿੱਲ ਨੂੰ ਆਪਣੀ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ ਗਿਆ। ਉਪਰੰਤ, ਵਾਰੋ-ਵਾਰੀ ਮਕਸੂਦ ਚੌਧਰੀ, ਪ੍ਰਿੰ. ਗਿਆਨ ਸਿੰਘ ਘਈ, ਕਰਨ ਅਜਾਇਬ ਸਿੰਘ ਸੰਘਾ, ਪੰਜਾਬ ਸਿੰਘ ਕਾਹਲੋਂ, ਇਕਬਾਲ ਬਰਾੜ, ਡਾ. ਜਗਮੋਹਨ ਸੰਘਾ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਹਰਜੀਤ ਸਿੰਘ, ਜੱਸੀ ਭੁੱਲਰ, ਸਤਪਾਲ ਸਿੰਘ ਕੋਮਲ, ਰਮਿੰਦਰ ਵਾਲੀਆ, ਡਾ. ਸੁਰਿੰਦਰਜੀਤ ਗਿੱਲ, ਹਰਭਜਨ ਕੌਰ ਗਿੱਲ ਤੇ ਕਈ ਹੋਰਨਾਂ ਵੱਲੋਂ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ। ਇਸ ਦੌਰਾਨ 'ਵਿਸ਼ਵ ਪੰਜਾਬੀ ਸਭਾ ਕੈਨੇਡਾ' ਦੇ ਚੇਅਰਮੈਨ ਲਖਬੀਰ ਸਿੰਘ ਕਥੂਰੀਆ, ਓਂਟਾਰੀਓ ਫ਼ਰੈਂਡਜ਼ ਕਲੱਬ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ ਅਤੇ 'ਕਰਾਊਨ ਇੰਮੀਗਰੇਸ਼ਨ' ਦੇ ਸੰਚਾਲਕ ਰਾਜਪਾਲ ਹੋਠੀ ਵੱਲੋਂ ਵੀ ਵਿਚਾਰ ਪੇਸ਼ ਕੀਤੇ ਗਏ। ਪ੍ਰਧਾਨਗੀ-ਮੰਡਲ ਵਿਚੋਂ ਸੁਖਚਰਨਜੀਤ ਗਿੱਲ, ਸੁਰਿੰਦਰਜੀਤ, ਸੈਫ਼ਲ ਮਲੂਕ, ਗੋਬਿੰਦ ਸਿੰਘ ਰਤਨ ਅਤੇ ਸੁਖਦੇਵ ਸਿੰਘ ਝੰਡ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਡਾ. ਝੰਡ ਦਾ ਸਨਮਾਨ ਕੀਤਾ ਗਿਆ। ਅਖੀਰ ਵਿਚ ਡਾ. ਸੁਖਦੇਵ ਸਿੰਘ ਝੰਡ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਵਿਚ ਗੁਰਦੇਵ ਚੌਹਾਨ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਇੰਜੀ. ਈਸ਼ਰ ਸਿੰਘ, ਡਾ. ਰਾਜੇਸ਼ ਪੱਲਣ, ਜਗਮੇਲ ਸਿੰਘ ਜਠੌਲ, ਹਰਜਿੰਦਰ ਸਿੰਘ ਧਾਮੀ, ਸੁਰਜੀਤ ਸਿੰਘ, ਸੁਰਜੀਤ ਸਿੰਘ ਸੰਧੂ, ਦਵਿੰਦਰ ਸਿੰਘ ਸੰਧੂ, ਨਰਿੰਦਰ ਸਿੰਘ ਸਰਾਂ, ਬੇਅੰਤ ਸਿੰਘ ਬਿਰਦੀ, ਨਾਹਰ ਸਿੰਘ ਔਜਲਾ, ਹੀਰਾ ਸਿੰਘ ਹੰਸਪਾਲ, ਸਮੀ ਉਲ੍ਹਾਖ਼ਾਨ, ਡਾ. ਸੁਰਿੰਦਰਜੀਤ ਕੌਰ ਗਿੱਲ, ਜਗਦੀਸ਼ ਕੌਰ ਝੰਡ, ਸੁਰਜੀਤ ਕੌਰ ਸੰਧੂ, ਮਿਸਿਜ਼ ਜਠੌਲ ਅਤੇ ਕਈ ਹੋਰ ਸ਼ਾਮਲ ਸਨ।

ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ

ਚਾਹਵਾਨ ਸੰਪਰਕ ਕਰਨ: 469-353-9516

Truck Shop For Lease

Truck Shop Truck Wash Restaurant with 2 Pump huge building is available for lease on Highway 10 Texas

Contact: 469-353-9516

# Matrimonials

## ਲੜਕੀ ਦੀ ਲੋੜ ਹੈ

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines, looking for a suitable match. Please email biodata and picture: flykhush15@gmail.com.
Contact: (559) 824-9028

35-38

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269

35-38

Well educated Jatt Sikh Bay area family invites matrimonial for their July 2000 US born Son. He has earned Bachelor/Masters from top UCs in Computer Science and BioMedical Imaging. He does not drink and is non-veg. He wears turban and keep his hairs. He is employed with six figure salary. Beyond education, girl must be joint family-oriented mindset with good moral family values. Please contact Ph:510-861-6491 or email pgrrealty@gmail.com

34-37

Sikh family looking for a USA or Canada match for their 83 born son, 5'10" completed his Civil Engineering diploma. Never married. He is in India, and has his own property. Has family in the USA. Please whatapp: 262-960-7366. Serious inquiries only.

34-37

## ਲੜਕੇ ਦੀ ਲੋੜ ਹੈ

Sikh family belongs to Ludhiana Punjab, looking for a US or Canadian Citizen match for their daughter, 35, 5'9'' divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.

34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.

30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com

29-32



UMA TRAVELS

2535 West Devon Ave., Chicago, IL 60659

For Delhi-Bombay Ahmedabad, Hydrabad-Madras Call For Special Sale Fares

Call: 773-338-5603

# ਚੰਦਰਯਾਨ-3 ਨਾਲ ਭਾਰਤ ਨੇ ਚੰਨ ਉਤੇ ਕਦਮ ਰੱਖਿਆ



**ਬੰਗਲੂਰੂ:** ਚੰਦਰਯਾਨ-3 ਦੇ ਚੰਦ ਦੀ ਸਤਹਿ 'ਤੇ ਉਤਰਨ ਮਗਰੋਂ ਲੈਂਡਰ ਮੌਡਿਊਲ (ਐਲ.ਐਮ) ਤੋਂ ਰੋਵਰ 'ਪ੍ਰਗਿਆਨ' ਬਾਹਰ ਆ ਗਿਆ ਹੈ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਕਿਹਾ ਕਿ 'ਭਾਰਤ ਨੇ ਚੰਦ ਉਤੇ ਸੈਰ ਕੀਤੀ।'' ਇਸਰੋ ਚੇਅਰਮੈਨ ਐੱਸ.ਸੋਮਨਾਥ ਨੇ ਕਿਹਾ ਕਿ ਚੰਦਰਯਾਨ-3 ਸਪੇਸਕ੍ਰਾਫਟ ਦਾ ਲੈਂਡਰ 'ਵਿਕਰਮ' ਚੰਦ ਦੀ ਸਤਹਿ 'ਤੇ ਉਸੇ ਥਾਂ ਲੈਂਡ ਕੀਤਾ ਹੈ, ਜਿਸ ਖੇਤਰ ਦੀ ਇਸ ਮੰਤਵ ਲਈ ਪਛਾਣ ਕੀਤੀ ਗਈ ਸੀ। ਇਸ ਦੌਰਾਨ ਇਸਰੋ ਨੇ ਆਸ ਜਤਾਈ ਕਿ ਲੈਂਡਰ ਤੇ ਰੋਵਰ ਦੀ ਮਿਸ਼ਨ ਲਾਈਫ ਇਕ ਚੰਦ ਦਿਨ ਤੱਕ ਸੀਮਤ ਨਹੀਂ ਰਹੇਗੀ। ਇਸਰੋ ਵਿਗਿਆਨੀਆਂ ਨੇ ਕਿਹਾ ਕਿ ਚੰਦ 'ਤੇ ਮੁੜ ਸੂਰਜ ਉੱਗਦੇ ਹੀ ਇਹ ਮੁੜ ਹਰਕਤ ਵਿਚ ਆ ਜਾਣਗੇ ਤੇ ਉਥੇ ਤਜਰਬਿਆਂ ਤੇ ਅਧਿਐਨ ਦੇ ਅਮਲ ਨੂੰ ਪੂਰਾ ਕਰਨਗੇ।

ਇਸਰੋ ਨੇ ਆਪਣੇ ਅਧਿਕਾਰਤ 'ਐਕਸ' ਹੈਂਡਲ 'ਤੇ ਕਿਹਾ ਕਿ ਰੋਵਰ ਬਾਹਰ ਆ ਗਿਆ ਹੈ। ਇਸਰੋ ਨੇ ਕਿਹਾ, ''ਚੰਦਰਯਾਨ-3 ਰੋਵਰ: 'ਮੇਡ ਇਨ ਇੰਡੀਆ- ਮੇਡ ਫਾਰ ਮੂਨ! ਚੰਦਰਯਾਨ-3 ਦਾ ਰੋਵਰ ਲੈਂਡਰ ਤੋਂ ਬਾਹਰ ਨਿਕਲਿਆ ਅਤੇ ਭਾਰਤ ਨੇ ਚੰਦ ਦੀ ਸੈਰ ਕੀਤੀ।'' ਇਸ ਤੋਂ ਪਹਿਲਾਂ ਸੂਤਰਾਂ ਨੇ ਲੈਂਡਰ 'ਵਿਕਰਮ' ਤੋਂ ਰੋਵਰ 'ਪ੍ਰਗਿਆਨ' ਦੇ ਸਫਲਤਾ ਨਾਲ ਬਾਹਰ ਨਿਕਲਣ ਦੀ ਪੁਸ਼ਟੀ ਕੀਤੀ ਸੀ। ਸੋਮਨਾਥ ਨੇ ਇਸ ਖਬਰ ਏਜੰਸੀ ਨੂੰ ਦੱਸਿਆ, ''ਲੈਂਡਰ ਆਪਣੀ ਥਾਂ 'ਤੇ ਉੱਤਰਿਆ ਹੈ। ਲੈਂਡਿੰਗ ਲੋਕੇਸ਼ਨ ਨੂੰ 4.5 ਕਿਲੋਮੀਟਰ 2.5 ਕਿਲੋਮੀਟਰ ਵਜੋਂ ਮਾਰਕ ਕੀਤਾ ਗਿਆ ਸੀ, ਇਹ ਇਸ ਪੁਆਇੰਟ ਦੇ 300 ਮੀਟਰ ਦੇ ਅੰਦਰ ਹੀ ਲੈਂਡ ਕੀਤਾ ਹੈ।'' ਉਧਰ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਇਸਰੋ ਟੀਮ ਨੂੰ ਪ੍ਰਗਿਆਨ ਦੀ ਸਫਲ ਤਾਇਨਾਤੀ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ, ''ਵਿਕਰਮ ਦੀ ਸਫਲ ਲੈਂਡਿੰਗ ਦੇ ਕੁਝ ਘੰਟਿਆਂ ਮਗਰੋਂ ਪ੍ਰਗਿਆਨ ਦੇ ਬਾਹਰ ਨਿਕਲਣ ਨਾਲ ਚੰਦਰਯਾਨ-3 ਦਾ ਇਕ ਹੋਰ ਪੜਾਅ ਸਫਲ ਰਿਹਾ। ਦੇਸ਼ ਦੇ ਆਪਣੇ ਨਾਗਰਿਕਾਂ ਤੇ ਵਿਗਿਆਨੀਆਂ ਨਾਲ ਮੈਂ ਇਸ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ। ਪ੍ਰਗਿਆਨ ਵੱਲੋਂ ਕੀਤੀ ਜਾਣ ਵਾਲੀ ਸਮੀਖਿਆ ਤੇ ਇਕੱਤਰ ਜਾਣਕਾਰੀ ਨਾਲ ਚੰਦ ਬਾਰੇ ਸਾਡੀ ਸਮਝ ਵਿਚ ਹੋਰ ਵਾਧਾ ਹੋਵੇਗਾ।'' ਚੰਦਰਯਾਨ-3 ਦੇ ਲੈਂਡਰ ਮੌਡਿਊਲ ਵਿਕਰਮ ਨੇ ਚੰਦ ਦੀ ਸਤਹਿ 'ਤੇ ਭਾਰਤੀ ਸਮੇਂ ਅਨੁਸਾਰ ਸ਼ਾਮੀਂ 6:04 ਵਜੇ ਸਾਫਟ ਲੈਂਡਿੰਗ ਕੀਤੀ ਸੀ। ਲੈਂਡਰ (ਵਿਕਰਮ) ਤੇ ਰੋਵਰ (ਪ੍ਰਗਿਆਨ), ਜਿਨ੍ਹਾਂ ਦਾ ਕੁੱਲ ਵਜ਼ਨ 1752 ਕਿਲੋ ਹੈ, ਇੰਜ ਡਿਜ਼ਾਈਨ ਕੀਤੇ ਗਏ ਹਨ ਕਿ ਉਹ ਇਕ ਲੂਨਰ ਡੇਅਲਾਈਟ ਅਰਸੇ (ਲਗਭਗ 14 ਧਰਤੀ ਦਿਨ) ਲਈ ਆਪਣੇ ਚੌਗਿਰਦੇ ਦਾ ਅਧਿਐਨ ਕਰ ਸਕਣਗੇ। ਇਸਰੋ ਅਧਿਕਾਰੀਆਂ ਨੇ ਹਾਲਾਂਕਿ ਇਸ ਦੇ ਇਕ ਹੋਰ ਲੂਨਰ ਦਿਨ ਲਈ ਜੀਵੰਤ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ। ਰੋਵਰ ਆਪਣੇ ਮਿਸ਼ਨ ਦੌਰਾਨ ਚੰਦ ਦੀ ਸਤਹਿ ਦਾ ਰਸਾਇਣਕ ਮੁਲਾਂਕਣ ਵੀ ਕਰੇਗਾ। ਲੈਂਡਰ ਤੇ ਰੋਵਰ ਚੰਦ ਦੀ ਸਤਹਿ 'ਤੇ ਤਜਰਬੇ ਕਰਨ ਲਈ ਵਿਗਿਆਨਕ ਪੇਅਲੋਡਜ਼ ਨਾਲ ਲੈਸ ਹਨ। ਰੋਵਰ ਆਪਣੇ ਪੇਅਲੋਡਜ਼ ਏ.ਪੀ.ਐਕਸ.ਐੱਸ- ਅਲਫਾ ਪਾਰਟੀਕਲ ਐਕਸਰੇਅ ਸਪੈਕਟੋਮੀਟਰ ਦੀ ਮਦਦ ਨਾਲ ਚੰਦ ਦੀ ਸਤਹਿ ਦਾ ਅਧਿਐਨ ਕਰੇਗਾ। ਪ੍ਰਗਿਆਨ ਵਿਚ ਇਕ ਹੋਰ ਪੇਅਲੋਡ-ਲੇਜ਼ਰ ਇੰਡਿਊਸਡ ਬ੍ਰੇਕਡਾਊਨ ਸਪੈਕਟਰੋਸਕੋਪ (ਲਿਬਸ) ਹੈ, ਜਿਸ ਦੀ ਮਦਦ ਨਾਲ ਚੰਦ ਦੀ ਮਿੱਟੀ ਤੇ ਚੱਟਾਨਾਂ ਵਿਚਲੇ ਤੱਤਾਂ ਦਾ ਪਤਾ ਲਾਇਆ ਜਾਵੇਗਾ। ਇਸਰੋ ਚੇਅਰਮੈਨ ਐੱਸ.ਸੋਮਨਾਥ ਨੇ ਪਹਿਲਾਂ ਕਿਹਾ ਸੀ, ''ਲੈਂਡਿੰਗ ਸਾਈਟ 'ਤੇ ਵਿਕਰਮ ਦੇ ਉਤਰਨ ਮਗਰੋਂ ਰੋਵਰ ਇਸ ਵਿਚੋਂ ਬਾਹਰ ਆਏਗਾ। ਇਸ ਮਗਰੋਂ ਇਕ ਤੋਂ ਬਾਅਦ ਇਕ ਤਜਰਬੇ ਕੀਤੇ ਜਾਣਗੇ ਤੇ ਇਨ੍ਹਾਂ ਸਾਰਿਆਂ ਨੂੰ ਚੰਦ 'ਤੇ ਇਕ ਦਿਨ, ਜੋ ਧਰਤੀ ਦੇ 14 ਦਿਨ ਬਣਦੇ ਹਨ, ਵਿਚ ਪੂਰਾ ਕਰਨਾ ਹੋਵੇਗਾ।'' ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਿਗਿਆਨ ਕਰ ਕੇ ਭਾਰਤ ਦੀ ਚੰਦਰਮਾ ਤੱਕ ਪੁਲਾਂਘ ਸੰਭਵ ਹੋਈ ਹੈ। ਉਨ੍ਹਾਂ ਚੰਦਰਯਾਨ-3 ਦੀ ਸਫਲਤਾ ਲਈ ਭੇਜੇ ਵਧਾਈ ਸੰਦੇਸ਼ਾਂ ਲਈ ਆਲਮੀ ਆਗੂਆਂ ਦਾ ਧੰਨਵਾਦ ਕੀਤਾ।

### ਪ੍ਰਾਪਤੀ ਵਿਗਿਆਨੀਆਂ ਦੀ, ਮੇਲਾ ਮੋਦੀ ਨੇ ਲੁੱਟਿਆ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਦੋਸ਼ ਲਾਇਆ ਕਿ ਚੰਦਰਯਾਨ-3 ਮਿਸ਼ਨ ਦੀ ਸਫਲਤਾ ਵਿਗਿਆਨੀਆਂ ਦੀ ਪ੍ਰਾਪਤੀ ਸੀ, ਪਰ ਮੇਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੁੱਟ ਗਏ। ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ.ਵੇਣੂਗੋਪਾਲ ਨੇ ਕਿਹਾ ਕਿ ਚੰਦਰਯਾਨ-3 ਦਾ ਜੋਸ਼ ਤੇ ਮਾਣ ''ਸਾਡੇ ਨਾਲ ਲੰਮਾ ਸਮਾਂ ਬਣਿਆ ਰਹੇਗਾ।'' ਵੇਣੂਗੋਪਾਲ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, ''ਇਸਰੋ ਚੇਅਰਮੈਨ ਡਾ.ਸੋਮਨਾਥ ਦੀ ਅਗਵਾਈ ਨੇ ਸੱਚਮੁੱਚ ਇਤਿਹਾਸ ਸਿਰਜਿਆ ਹੈ ਤੇ ਅਸੀਂ ਉਨ੍ਹਾਂ ਤੇ ਉਨ੍ਹਾਂ ਦੀ ਟੀਮ ਨੂੰ ਦਿਲੋਂ ਵਧਾਈ ਦਿੰਦੇ ਹਾਂ। ਹਾਲਾਂਕਿ ਪ੍ਰਧਾਨ ਮੰਤਰੀ ਨੂੰ ਆਪਣੇ ਪਖੰਡ ਦਾ ਜਵਾਬ ਦੇਣਾ ਚਾਹੀਦਾ ਹੈ।''

### ਤਾਪਮਾਨ 70 ਡਿਗਰੀ ਸੈਂਟੀਗਰੇਡ ਦਰਜ ਕੀਤਾ ਗਿਆ

**ਬੰਗਲੂਰੂ:** ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਚੰਦਰਯਾਨ-3 ਦੇ ਵਿਕਰਮ ਲੈਂਡਰ ਨਾਲ ਲੱਗੇ 'ਚੇਸਟ' ਪੇਲੋਡ ਵੱਲੋਂ ਚੰਦ ਦੀ ਸਤਹਿ 'ਤੇ ਮਾਪੀ ਗਈ ਤਾਪਮਾਨ ਭਿੰਨਤਾ ਦਾ ਇਕ ਗ੍ਰਾਫ ਜਾਰੀ ਕੀਤਾ ਹੈ। ਜਾਣਕਾਰੀ ਮੁਤਾਬਕ ਚੰਨ ਦੀ ਸਤਹਿ 'ਤੇ ਵੱਧ ਤੋਂ ਵੱਧ 70 ਡਿਗਰੀ ਸੈਂਟੀਗਰੇਡ ਤਾਪਮਾਨ ਰਿਕਾਰਡ ਕੀਤਾ ਗਿਆ ਹੈ। ਪੁਲਾੜ ਏਜੰਸੀ ਮੁਤਾਬਕ 'ਚੰਦਰ ਸਰਫੇਸ ਥਰਮੋਫਿਜ਼ੀਕਲ ਐਕਸਪੈਰੀਮੈਂਟ' (ਚੇਸਟ) ਨੇ ਚੰਦ ਦੀ ਸਤਹਿ ਦੇ ਤਾਪਮਾਨ ਨੂੰ ਸਮਝਣ ਲਈ ਦੱਖਣੀ ਧਰੁਵ ਦੇ ਆਲੇ-ਦੁਆਲੇ ਚੰਦਰਮਾ ਦੀ ਉਪਰਲੀ ਮਿੱਟੀ ਦਾ ਤਾਪਮਾਨ ਮਾਪਿਆ। ਇਸਰੋ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,''ਵਿਕਰਮ ਲੈਂਡਰ 'ਤੇ ਚੇਸਟ ਪੇਲੋਡ ਦਾ ਪਹਿਲਾ ਨਿਰੀਖਣ ਪੇਸ਼ ਹੈ।

## ਪ੍ਰਿਅੰਕਾ ਵਾਰਾਨਸੀ ਤੋਂ ਚੋਣ ਲੜੇਗੀ?



**ਲਖਨਊ:** ਉੱਤਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਜੇ ਰਾਏ ਨੇ ਕਿਹਾ ਕਿ ਯੂਪੀ ਕਾਂਗਰਸ ਕਮੇਟੀ ਪਾਰਟੀ ਦੀ ਸੀਨੀਅਰ ਆਗੂ ਪ੍ਰਿਅੰਕਾ ਗਾਂਧੀ ਵਾਡਰਾ ਨੂੰ ਵਾਰਾਨਸੀ ਤੋਂ ਚੋਣ ਮੈਦਾਨ ਵਿਚ ਉਤਾਰਨਾ ਚਾਹੁੰਦੀ ਹੈ ਅਤੇ ਇਸ ਸਬੰਧੀ ਤਜਵੀਜ਼ ਜਲਦੀ ਹੀ ਪਾਰਟੀ ਲੀਡਰਸ਼ਿਪ ਨੂੰ ਭੇਜੀ ਜਾਵੇਗੀ।

ਜ਼ਿਕਰਯੋਗ ਹੈ ਕਿ ਰਾਏ 2014 ਤੇ 2019 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ 2009 'ਚ ਭਾਜਪਾ ਆਗੂ ਮੁਰਲੀ ਮਨੋਹਰ ਜੋਸ਼ੀ ਤੋਂ ਇੱਥੋਂ ਲੋਕ ਸਭਾ ਚੋਣ ਹਾਰ ਚੁੱਕੇ ਹਨ। ਰਾਏ ਜੋ ਕਿ ਪਿੱਛੇ ਜਿਹੇ ਯੂਪੀ ਕਾਂਗਰਸ ਦੇ ਸੂਬਾ ਪ੍ਰਧਾਨ ਬਣੇ ਹਨ, ਨੇ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਪ੍ਰਿਅੰਕਾ ਗਾਂਧੀ ਵਾਰਾਨਸੀ ਤੋਂ ਲੋਕ ਸਭਾ ਚੋਣ ਲੜਨ। ਇਸ ਲਈ ਅਸੀਂ ਜਲਦੀ ਹੀ ਇਕ ਤਜਵੀਜ਼ ਪਾਰਟੀ ਲੀਡਰਸ਼ਿਪ ਨੂੰ ਭੇਜਾਂਗੇ।' ਉਨ੍ਹਾਂ ਕਿਹਾ, 'ਪ੍ਰਿਅੰਕਾ ਗਾਂਧੀ ਜਿੱਥੋਂ ਚਾਹੁਣ ਲੋਕ ਸਭਾ ਚੋਣ ਲੜ ਸਕਦੇ ਹਨ ਅਤੇ ਉਨ੍ਹਾਂ ਦੀ ਜਿੱਤ ਲਈ ਪੂਰੀ ਜਾਨ ਲੜਾ ਦੇਵਾਂਗੇ ਪਰ ਅਸੀਂ ਚਾਹੁੰਦੇ ਹਾਂ ਕਿ ਉਹ ਵਾਰਾਨਸੀ ਤੋਂ ਚੋਣ ਲੜਨ।' ਇੱਥੇ ਦੱਸਣਾ ਬਣਦਾ ਹੈ ਕਿ ਵਾਰਾਨਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੰਸਦੀ ਹਲਕਾ ਹੈ ਅਤੇ ਉਹ ਦੋ ਵਾਰ ਇੱਥੋਂ ਚੋਣ ਜਿੱਤ ਚੁੱਕੇ ਹਨ ਤੇ ਉਨ੍ਹਾਂ ਵੱਲੋਂ 2024 ਦੀਆਂ ਆਮ ਚੋਣਾਂ ਵੀ ਵਾਰਾਨਸੀ ਤੋਂ ਹੀ ਲੜੇ ਜਾਣ ਦੀ ਪੂਰੀ ਸੰਭਾਵਨਾ ਹੈ।

## ਗੋਲੀ ਮਾਰ ਕੇ ਤਿੰਨ ਸਿਆਹਫਾਮਾਂ ਦੀ ਹੱਤਿਆ



**ਜੈਕਸਨਵਿਲੇ:** ਫਲੋਰਿਡਾ ਦੇ ਜੈਕਸਨਵਿਲੇ ਵਿਚ ਡਾਲਰ ਜਨਰਲ ਸਟੋਰ ਵਿਚ ਇਕ ਗੋਰੇ ਨੇ ਗੋਲੀਆਂ ਮਾਰ ਕੇ ਤਿੰਨ ਸਿਆਹਫਾਮ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ। ਹਾਲਾਂਕਿ ਸ਼ੂਟਰ ਨੇ ਮਗਰੋਂ ਖੁਦ ਨੂੰ ਵੀ ਗੋਲੀ ਮਾਰ ਲਈ। ਸਥਾਨਕ ਸ਼ੈਰਿਫ ਟੀ.ਕੇ.ਵਾਟਰਜ਼ ਨੇ ਇਸ ਨੂੰ 'ਨਸਲੀ ਹਮਲਾ' ਕਰਾਰ ਦਿੱਤਾ ਹੈ।

ਵਾਟਰਜ਼ ਨੇ ਕਿਹਾ ਕਿ ਹਮਲਾਵਰ, ਜਿਸ ਦੀ ਉਮਰ 20 ਸਾਲ ਦੇ ਕਰੀਬ ਸੀ, 'ਸਿਆਹਫਾਮ ਲੋਕਾਂ ਨੂੰ ਨਫਰਤ' ਕਰਦਾ ਸੀ ਤੇ ਉਸ ਨੇ ਹਮਲੇ ਲਈ ਗਲੌਕ ਹੈਂਡਗੰਨ ਤੇ ਏਆਰ-15 ਸੈਮੀ-ਆਟੋਮੈਟਿਕ ਰਾਈਫਲ ਦੀ ਵਰਤੋਂ ਕੀਤੀ। ਇਨ੍ਹਾਂ ਹਥਿਆਰਾਂ ਵਿਚੋਂ ਇਕ 'ਤੇ ਪੇਂਟ ਨਾਲ ਸਵਾਸਤਿਕ ਦਾ ਨਿਸ਼ਾਨ ਸੀ। ਹਮਲਾਵਰ ਵੱਲੋਂ ਪਿੱਛੇ ਛੱਡੀ ਇਕ ਲਿਖਤ ਤੋਂ ਤਫਤੀਸ਼ਕਾਰਾਂ ਨੂੰ ਲੱਗਦਾ ਹੈ ਕਿ ਇਹ ਹਮਲਾ ਅਜਿਹੇ ਮੌਕੇ ਕੀਤਾ ਗਿਆ ਕਿਉਂਕਿ ਜਦੋਂ ਜੈਕਸਨਵਿਲੇ ਵਿਚ ਪੰਜ ਸਾਲ ਪਹਿਲਾਂ ਵੀਡੀਓ ਗੇਮ ਟੂਰਨਾਮੈਂਟ ਦੌਰਾਨ ਇਕ ਬੰਦੂਕਧਾਰੀ ਨੇ ਦੋ ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਮਗਰੋਂ ਖੁਦ ਨੂੰ ਗੋਲੀ ਮਾਰ ਲਈ ਸੀ। ਗੋਲੀਬਾਰੀ ਦੀ ਸੱਜਰੀ ਘਟਨਾ ਐਡਵਰਡ ਵਾਟਰਜ਼ ਯੂਨੀਵਰਸਿਟੀ ਨੇੜਲੇ ਡਾਲਰ ਜਨਰਲ ਸਟੋਰ ਵਿਚ ਹੋਈ। ਵਾਟਰਜ਼ ਨੇ ਕਿਹਾ ਕਿ ਹਮਲੇ ਤੋਂ ਪਹਿਲਾਂ ਸ਼ੂਟਰ ਨੇ ਆਪਣੇ ਪਿਤਾ ਨੂੰ ਸੁਨੇਹਾ ਭੇਜਿਆ ਸੀ ਕਿ ਉਹ ਉਸ ਦਾ ਕੰਪਿਊਟਰ ਚੈੱਕ ਕਰਨ। ਪਿਤਾ ਨੇ ਜਦੋਂ ਕੰਪਿਊਟਰ ਖੋਲ੍ਹਿਆ ਤਾਂ ਉਥੇ ਕੁਝ ਲਿਖਤਾਂ ਸਨ, ਜਿਸ ਨੂੰ ਪੜ੍ਹ ਕੇ ਪਰਿਵਾਰ ਨੇ ਫੌਰੀ 911 ਨੂੰ ਸੂਚਿਤ ਕੀਤਾ, ਪਰ ਗੋਲੀਬਾਰੀ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ।

## ਲਾਦੇਨ ਨੂੰ ਮਾਰਨ ਦਾ ਦਾਅਵਾ ਕਰਨ ਵਾਲਾ ਨੇਵੀ ਸੀਲ ਦਾ ਸਾਬਕਾ ਅਧਿਕਾਰੀ ਗ੍ਰਿਫਤਾਰ

**ਟੈਕਸਸ:** ਅਮਰੀਕੀ ਨੇਵੀ ਸੀਲ ਦੇ ਸਾਬਕਾ ਅਧਿਕਾਰੀ ਰੌਬਰਟ ਓ'ਨੀਲ ਨੂੰ ਟੈਕਸਸ ਤੋਂ ਗ੍ਰਿਫਤਾਰ ਕੀਤਾ ਗਿਆ ਹੈ। 'ਦਿ ਨਿਊ ਯਾਰਕ ਪੋਸਟ' ਨੇ ਰਿਪੋਰਟ ਵਿਚ ਕਿਹਾ ਕਿ ਓ'ਨੀਲ ਜੋ 2011 ਵਿਚ ਓਸਾਮਾ ਬਿਨ ਲਾਦੇਨ ਨੂੰ ਮਾਰਨ ਦਾ ਦਾਅਵਾ ਕਰਦਾ ਸੀ, ਨੂੰ ਕਥਿਤ ਸਰੀਰਕ ਸੱਟ-ਫੇਟ ਮਾਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਉਸ ਖਿਲਾਫ ਫ੍ਰਿਸਕੋ ਵਿਚ ਕੇਸ ਦਰਜ ਕੀਤਾ ਗਿਆ ਸੀ ਹਾਲਾਂਕਿ ਉਸੇ ਦਿਨ 3500 ਡਾਲਰ ਦੇ ਨਿੱਜੀ ਮੁਚੱਲਕੇ 'ਤੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਉਤੇ ਕਲਾਸ ਏ- ਸਰੀਰਕ ਸੱਟ ਫੇਟ ਮਾਰਨ ਤੇ ਕਲਾਸ ਸੀ- ਜਨਤਕ ਤੌਰ 'ਤੇ ਨਸ਼ਾ ਕਰਨ ਦੇ ਦੋਸ਼ ਲਾਏ ਗਏ ਸਨ, ਹਾਲਾਂਕਿ ਜੇਲ੍ਹ ਰਿਕਾਰਡ ਮੁਤਾਬਕ ਉਸ 'ਤੇ ਹਮਲੇ ਦਾ ਹੀ ਦੋਸ਼ ਹੈ। ਓ'ਨੀਲ ਸਾਲ 2011 ਵਿਚ 9/11 ਦੇ ਸਾਜ਼ਿਸ਼ਘਾੜੇ ਓਸਾਮਾ ਬਿਨ ਲਾਦੇਨ ਨੂੰ ਇਕ ਗੁਪਤ ਹਮਲੇ ਦੌਰਾਨ ਮਾਰ ਮੁਕਾਉਣ ਮੌਕੇ ਸੁਰਖੀਆਂ ਵਿਚ ਆਇਆ ਸੀ। ਓ'ਨੀਲ ਨੇ ਦਾਅਵਾ ਕੀਤਾ ਸੀ ਕਿ ਲਾਦੇਨ ਨੂੰ ਗੋਲੀਆਂ ਉਸੇ ਨੇ ਮਾਰੀਆਂ ਸਨ। ਨੇਵੀ ਸੀਲ ਦੇ ਸਾਬਕਾ ਅਧਿਕਾਰੀ ਨੇ 2017 ਵਿਚ ਆਪਣੀ ਸਵੈ-ਜੀਵਨੀ 'ਦਿ ਅਪਰੇਟਰ' ਵਿਚ ਹੀ ਇਸ ਗੱਲ ਦਾ ਜ਼ਿਕਰ ਕੀਤਾ ਸੀ। ਅਮਰੀਕੀ ਸਰਕਾਰ ਨੇ ਹਾਲਾਂਕਿ ਓ'ਨੀਲ ਦੇ ਇਸ ਦਾਅਵੇ ਬਾਰੇ ਕਦੇ ਵੀ ਪੁਸ਼ਟੀ ਜਾਂ ਇਨਕਾਰ ਨਹੀਂ ਕੀਤਾ।

### ਬਹੁ-ਮੁਲਕੀ ਮਸ਼ਕ ਦੌਰਾਨ ਅਮਰੀਕੀ ਜਹਾਜ਼ ਹਾਦਸਾਗ੍ਰਸਤ

**ਕੈਨਬਰਾ:** ਉੱਤਰੀ ਆਸਟਰੇਲੀਆ ਦੇ ਇਕ ਟਾਪੂ ਉੱਤੇ ਅਮਰੀਕੀ ਮੈਰੀਨ ਕੋਰ ਦਾ ਇਕ ਜਹਾਜ਼ ਬਹੁ-ਮੁਲਕੀ ਟਰੇਨਿੰਗ ਅਭਿਆਸ ਦੌਰਾਨ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਤਿੰਨ ਜਲ ਸੈਨਿਕਾਂ ਦੀ ਮੌਤ ਹੋ ਗਈ ਜਦਕਿ 20 ਜਣੇ ਜ਼ਖ਼ਮੀ ਹੋ ਗਏ। ਇਸ ਸਬੰਧੀ ਜਾਰੀ ਇਕ ਬਿਆਨ ਮੁਤਾਬਕ, 'ਮੈਲਵਿਲੇ ਟਾਪੂ ਉੱਤੇ ਤਿੰਨ ਜਲ ਸੈਨਿਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ ਅਤੇ ਜਹਾਜ਼ ਵਿਚ ਸਵਾਰ 23 'ਚੋਂ ਪੰਜ ਜਲ ਸੈਨਿਕਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿਚ ਇਲਾਜ ਲਈ 80 ਕਿਲੋਮੀਟਰ ਦੂਰ ਡਾਰਵਿਨ ਸ਼ਹਿਰ ਲਿਜਾਇਆ ਗਿਆ ਹੈ। ਬੈਲ ਬੋਇੰਗ ਵੀ- 22 ਆਸਪ੍ਰੇਅ ਟਿਲਟ੍ਰਾਟਰ ਜਹਾਜ਼ ਸਥਾਨਕ ਸਮੇਂ ਮੁਤਾਬਕ ਸਵੇਰੇ ਲਗਭਗ 9.30 ਵਜੇ ਹਾਦਸਾਗ੍ਰਸਤ ਹੋ ਗਿਆ ਸੀ।

## ਬਰਿਕਸ ਵੱਲੋਂ ਅਤਿਵਾਦ ਖਿਲਾਫ ਡਟਣ ਤੇ ਆਰਥਿਕ ਬਹਾਲੀ ਦਾ ਅਹਿਦ

**ਜੌਹੈਨਸਬਰਗ:** ਬਰਿਕਸ ਮੁਲਕਾਂ ਦੇ ਆਗੂਆਂ ਨੇ ਐਲਾਨਨਾਮਾ ਜਾਰੀ ਕਰਦਿਆਂ ਅਤਿਵਾਦ ਦਾ ਮੁਕਾਬਲਾ ਕਰਨ, ਕੋਵਿਡ-19 ਮਗਰੋਂ ਆਰਥਿਕ ਬਹਾਲੀ ਲਈ ਕੰਮ ਕਰਨ ਦਾ ਅਹਿਦ ਲਿਆ ਅਤੇ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਲਈ ਸਾਲਸੀ ਦੀਆਂ ਤਜਵੀਜ਼ਾਂ ਦੀ ਸ਼ਲਾਘਾ ਕੀਤੀ।

ਬਰਿਕਸ ਸੰਮੇਲਨ ਦੇ ਆਖਰੀ ਦਿਨ ਜਾਰੀ ਕੀਤੇ ਐਲਾਨਨਾਮੇ 'ਚ ਮੈਂਬਰ ਮੁਲਕਾਂ ਨੇ ਅਤਿਵਾਦ ਦਾ ਮੁਕਾਬਲਾ ਕਰਨ ਦੇ ਦੋਹਰੇ ਮਾਪਦੰਡਾਂ ਨੂੰ ਖਾਰਜ ਕਰ ਦਿੱਤਾ ਅਤੇ ਅਤਿਵਾਦ ਦੀ ਸਰਹੱਦ ਪਾਰੋਂ ਹੁੰਦੀ ਘੁਸਪੈਠ ਤੇ ਅਤਿਵਾਦੀ ਫੰਡਿੰਗ ਨੈਟਵਰਕ ਸਮੇਤ ਇਸ ਖਤਰੇ ਦਾ ਮੁਕਾਬਲਾ ਕਰਨ ਦੀ ਦਿਸ਼ਾ 'ਚ ਕੰਮ ਕਰਨ ਦੀ ਸਹੁੰ ਖਾਧੀ। ਆਗੂਆਂ ਨੇ ਕੌਮਾਂਤਰੀ ਭਾਈਚਾਰੇ ਨੂੰ ਕੋਵਿਡ-19 ਮਹਾਮਾਰੀ ਤੋਂ ਬਾਅਦ ਆਰਥਿਕ ਬਹਾਲੀ ਦੀ ਦਿਸ਼ਾ 'ਚ ਕੰਮ ਕਰਨ ਵਾਲੇ ਮੁਲਕਾਂ ਦੀ ਹਮਾਇਤ ਕਰਨ ਤੇ ਕੁਝ ਮੁਲਕਾਂ ਦੇ ਉੱਚ ਕਰਜ਼ੇ ਦੇ ਪੱਧਰ ਨਾਲ ਨਜਿੱਠਣ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਬਰਿਕਸ ਸਮੂਹ ਗੱਲਬਾਤ ਤੇ ਕੂਟਨੀਤੀ ਰਾਹੀਂ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਦੇ ਮਕਸਦ ਨਾਲ ਸਾਲਸੀ ਨਾਲ ਸਬੰਧਤ ਤਜਵੀਜ਼ਾਂ ਦੀ ਸ਼ਲਾਘਾ ਕਰਦਾ ਹੈ।

### ਕੈਨੇਡਾ ਦੀ ਸਾਬਕਾ ਓਲੰਪੀਅਨ ਅਲੈਗਜੈਂਡਰਾ ਪੌਲ ਹਾਦਸੇ 'ਚ ਹਲਾਕ

**ਓਟਵਾ:** ਕੈਨੇਡਾ ਦੀ ਸਾਬਕਾ ਓਲੰਪੀਅਨ ਸਕੇਟਰ ਅਲੈਗਜੈਂਡਰਾ ਪੌਲ ਦੀ ਲੰਘੇ ਦਿਨੀਂ ਓਂਟਾਰੀਓ 'ਚ ਸੜਕ ਹਾਦਸੇ 'ਚ ਮੌਤ ਹੋ ਗਈ। ਅਲੈਗਜੈਂਡਰਾ ਪੌਲ 31 ਸਾਲਾਂ ਦੀ ਸੀ। ਪੁਲਿਸ ਨੇ ਦੱਸਿਆ ਕਿ ਪੌਲ ਆਪਣੇ ਬੱਚੇ ਨਾਲ ਇਕ ਵਾਹਨ ਵਿਚ ਸੀ ਜਦੋਂ ਮੈਲਨਕਥੋਨ ਟਾਊਨਸ਼ਿਪ ਵਿਚ ਕਾਊਂਟੀ ਰੋਡ 124 'ਤੇ ਇਕ ਟਰੱਕ ਉਸਾਰੀ ਵਾਲੇ ਜ਼ੋਨ 'ਚ ਦਾਖਲ ਹੋ ਗਿਆ ਅਤੇ ਲਾਈਨ 'ਚ ਖੜ੍ਹੀਆਂ ਕਾਰਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਬੱਚੇ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਉਸ ਦਾ ਹਸਪਤਾਲ 'ਚ ਇਲਾਜ ਕਰਵਾਇਆ ਗਿਆ।

## ਔਰਤਾਂ ਨੂੰ ਪਾਰਕਾਂ 'ਚ ਜਾਣ ਤੋਂ ਰੋਕਣ ਲਈ ਸੁਰੱਖਿਆ ਬਲ ਵਰਤਣ ਦੀ ਹਦਾਇਤ



**ਇਸਲਾਮਾਬਾਦ:** ਤਾਲਿਬਾਨ ਵੱਲੋਂ ਔਰਤਾਂ ਨੂੰ ਅਫ਼ਗਾਨਿਸਤਾਨ ਦੇ ਸਭ ਤੋਂ ਮਕਬੂਲ ਕੌਮੀ ਪਾਰਕਾਂ ਵਿਚ ਇਕ 'ਬੰਦ-ਏ-ਆਮਿਰ' ਪਾਰਕ ਵਿਚ ਜਾਣ ਤੋਂ ਰੋਕਣ ਲਈ ਸੁਰੱਖਿਆ ਬਲਾਂ ਦੀ ਵਰਤੋਂ ਕੀਤੀ ਜਾਵੇਗੀ। ਇਹ ਜਾਣਕਾਰੀ ਸਦਾਚਾਰ ਮੰਤਰਾਲੇ ਦੇ ਇਕ ਤਰਜਮਾਨ ਵੱਲੋਂ ਸਾਂਝੀ ਕੀਤੀ ਸੂਚਨਾ ਵਿਚ ਦਿੱਤੀ ਗਈ।

ਮੰਤਰਾਲੇ ਨੇ ਦੋਸ਼ ਲਾਇਆ ਕਿ ਇਹ ਦੇਖਿਆ ਗਿਆ ਹੈ ਕਿ ਕੇਂਦਰੀ ਬਾਮਿਆਨ ਸੂਬੇ ਵਿਚ ਸਥਿਤ 'ਬੰਦ-ਏ-ਆਮਿਰ' ਪਾਰਕ ਵਿਚ ਜਾਣ ਸਮੇਂ ਔਰਤਾਂ ਵੱਲੋਂ ਹਿਜਾਬ ਸਹੀ ਤਰੀਕੇ ਨਾਲ ਨਹੀਂ ਪਹਿਨਿਆ ਜਾਂਦਾ। ਇਹ ਕਦਮ ਮੰਤਰੀ ਮੁਹੰਮਦ ਖਾਲਿਦ ਹਨਾਫੀ ਵੱਲੋਂ ਇਸ ਹਫਤੇ ਸੂਬੇ ਦਾ ਦੌਰਾ ਕਰਨ ਮਗਰੋਂ ਸਾਹਮਣੇ ਆਇਆ ਹੈ। ਹਨਾਫੀ ਨੇ ਅਧਿਕਾਰੀਆਂ ਅਤੇ ਮੌਲਵੀਆਂ ਨੂੰ ਕਿਹਾ ਸੀ ਕਿ ਔਰਤਾਂ ਹਿਜਾਬ ਪਹਿਨਣ ਲਈ ਸਹੀ ਤਰੀਕੇ ਦੀ ਪਾਲਣਾ ਨਹੀਂ ਕਰ ਰਹੀਆਂ ਹਨ ਅਤੇ ਉਨ੍ਹਾਂ ਨੇ ਸੁਰੱਖਿਆ ਮੁਲਾਜ਼ਮਾਂ ਨੂੰ ਔਰਤਾਂ ਨੂੰ ਸੈਲਾਨੀ ਕੇਂਦਰ 'ਤੇ ਜਾਣ ਤੋਂ ਰੋਕਣ ਲਈ ਆਖਿਆ ਸੀ। ਹਨਾਫੀ ਨੇ ਉਸ ਸਮੇਂ ਆਖਿਆ, ''ਔਰਤਾਂ ਲਈ ਦਰਸ਼ਨੀ ਸਥਾਨਾਂ ਦੀ ਯਾਤਰਾ ਕਰਨੀ ਜ਼ਰੂਰੀ ਨਹੀਂ ਹੈ।'' ਮੰਤਰਾਲੇ ਦੇ ਤਰਜਮਾਨ ਮੌਲਵੀ ਮੁਹੰਮਦ ਸਾਦਿਕ ਆਕਿਫ ਨੇ ਹਨਾਫੀ ਦੀਆਂ ਟਿੱਪਣੀਆਂ ਦੀ ਰਿਪੋਰਟ ਸਾਂਝੀ ਕੀਤੀ, ਜਿਸ ਵਿਚ ਹਨਾਫੀ ਦੇ ਹੁਕਮ ਨੂੰ ਪੂਰਾ ਕਰਨ ਲਈ ਸੁਰੱਖਿਆ ਬਲਾਂ, ਮੌਲਵੀਆਂ ਅਤੇ ਬਜ਼ੁਰਗਾਂ ਦੀ ਮਦਦ ਲੈਣੀ ਸ਼ਾਮਲ ਹੈ। ਆਕਿਫ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਰਿਪੋਰਟ ਨਾਲ ਬਾਮਿਆਨ ਵਿਚ ਮੰਤਰੀ ਵੱਲੋਂ ਦਿੱਤੇ ਗਏ ਭਾਸ਼ਣ ਦੀ ਰਿਕਾਰਡਿੰਗ ਵੀ ਸਾਂਝੀ ਕੀਤੀ ਹੈ।

# ਸਿੱਖਾਂ ਨੂੰ ਧਮਕੀਆਂ ਮਿਲਣੀਆਂ ਫਿਕਰਮੰਦੀ ਵਾਲੀ ਗੱਲ: ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਅਤੇ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਵਿਚ ਖਾਸ ਕਰ ਕੇ ਰਾਵਲਪਿੰਡੀ ਅਤੇ ਪੰਜਾ ਸਾਹਿਬ ਵਿਚ ਸਿੱਖਾਂ ਨੂੰ ਧਮਕੀਆਂ ਦਿੱਤੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਉਨ੍ਹਾਂ ਨੇ ਪਾਕਿਸਤਾਨ ਅਤੇ ਭਾਰਤ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿਚ ਵਸਦੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਇਆ ਜਾਵੇ। ਜਾਣਕਾਰੀ ਮੁਤਾਬਕ ਸਿੱਖਾਂ ਨੂੰ ਧਮਕੀ ਭਰੇ ਪੱਤਰ ਭੇਜੇ ਜਾਣ ਦਾ ਖੁਲਾਸਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸਤਵੰਤ ਸਿੰਘ ਵੱਲੋਂ ਵੀ ਮੀਡੀਆ ਰਾਹੀਂ ਕੀਤਾ ਗਿਆ ਸੀ।

ਉਨ੍ਹਾਂ ਨੇ ਅਜਿਹੇ ਧਮਕੀ ਭਰੇ ਪੱਤਰ ਵੀ ਮੀਡੀਆ ਵਿਚ ਜਨਤਕ ਕੀਤੇ ਸਨ। ਪਰ ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਧਮਕੀ ਭਰੇ ਪੱਤਰਾਂ 'ਤੇ ਕਿਸੇ ਦੇ ਦਸਤਖ਼ਤ ਨਹੀਂ ਹਨ ਅਤੇ ਨਾ ਹੀ ਕਿਸੇ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ। ਭਾਵੇਂ ਸਿੱਖ ਆਗੂ ਨੇ ਕਿਹਾ ਕਿ ਇਹ ਧਮਕੀ ਪੱਤਰ ਸ਼ਰਾਰਤ ਵੀ ਹੋ ਸਕਦੇ ਹਨ ਪਰ ਪਾਕਿਸਤਾਨ ਵਿਚ ਵੱਸਦੇ ਸਿੱਖ ਇਸ ਨਾਲ ਖ਼ੌਫ਼ਜ਼ਦਾ ਹਨ।



ਇਸ ਮਾਮਲੇ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲਾਂ ਅਫ਼ਗਾਨਿਸਤਾਨ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਹੁਣ ਪਾਕਿਸਤਾਨ ਵਿਚ ਅਜਿਹਾ ਵਰਤਾਰਾ ਸ਼ੁਰੂ ਹੋਇਆ ਹੈ।

ਸਿੱਖ ਪੇਸ਼ਾਵਰ ਤੋਂ ਪੰਜਾ ਸਾਹਿਬ ਤੋਂ ਲਹਿੰਦੇ ਪੰਜਾਬ ਵਿਚ ਆ ਕੇ ਵੱਸ ਰਹੇ ਹਨ। ਹੁਣ ਪਿਛਲੇ ਦਿਨੀਂ ਰਾਵਲ ਪਿੰਡੀ ਤੇ ਪੰਜਾ ਸਾਹਿਬ ਵਿਚ ਸਿੱਖਾਂ ਨੂੰ ਧਮਕੀਆਂ ਭਰੇ ਪੱਤਰ ਮਿਲੇ ਹਨ। ਪੱਤਰ ਵਿਚ ਸਿੱਖਾਂ ਨੂੰ ਮੁਸਲਮਾਨ ਬਣ ਜਾਣ ਜਾਂ ਪਾਕਿਸਤਾਨ ਛੱਡ ਕੇ ਚਲੇ ਜਾਣ ਵਾਸਤੇ ਧਮਕੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਵਰਤਾਰਾ ਹੈ ਅਤੇ ਨਿੰਦਣਯੋਗ ਹੈ। ਪਾਕਿਸਤਾਨ ਵਿਚ ਸਿੱਖਾਂ ਦੇ ਕਾਰੋਬਾਰ, ਘਰ ਪਰਿਵਾਰ ਅਤੇ ਵੱਡੀ ਗਿਣਤੀ ਵਿੱਚ ਗੁਰੂ ਘਰ ਵੀ ਹਨ।

### 'ਜਾਨ ਮਾਲ ਦੀ ਰਾਖੀ ਕਰਨ ਸਰਕਾਰਾਂ'

**ਅੰਮ੍ਰਿਤਸਰ:** ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਸਿੱਖਾਂ ਦੇ ਜਾਨ ਮਾਲ ਦੀ ਰਾਖੀ ਕਰਨੀ ਚਾਹੀਦੀ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਦਖਲਅੰਦਾਜ਼ੀ ਕਰੇ ਅਤੇ ਪਾਕਿਸਤਾਨ ਸਰਕਾਰ ਨੂੰ ਸਿੱਖਾਂ ਅਤੇ ਘੱਟ ਗਿਣਤੀਆਂ ਦੀ ਜਾਨ ਮਾਲ ਦੀ ਰਾਖੀ ਕਰਨ ਲਈ ਆਖੇ। ਉਨ੍ਹਾਂ ਕਿਹਾ ਕਿ ਅਜਿਹੀਆਂ ਧਮਕੀਆਂ ਨਾਲ ਸਿੱਖਾਂ ਦੇ ਕਾਰੋਬਾਰ ਪ੍ਰਭਾਵਿਤ ਹੋਣਗੇ। ਇਸ ਕਾਰਨ ਬੱਚਿਆਂ ਤੇ ਬਜ਼ੁਰਗਾਂ ਵਿਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਵੇ।

# ਭਾਰਤੀ ਸਫੀਰ ਤਰਨਜੀਤ ਸਿੰਘ ਸੰਧੂ ਦਰਬਾਰ ਸਾਹਿਬ ਨਤਮਸਤਕ



**ਅੰਮ੍ਰਿਤਸਰ:** ਅਮਰੀਕਾ 'ਚ ਭਾਰਤੀ ਸਫੀਰ ਤਰਨਜੀਤ ਸਿੰਘ ਸੰਧੂ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਮੱਥਾ ਟੇਕਣ ਮਗਰੋਂ ਸ੍ਰੀ ਸੰਧੂ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਵੀ ਗਏ, ਜਿੱਥੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਸਕੱਤਰ ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਦੌਰਾਨ ਤਰਨਜੀਤ ਸਿੰਘ ਸੰਧੂ ਨੇ ਆਪਣੇ ਦਾਦੇ ਦੇ ਨਾਂ ਉਤੇ ਬਣੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਾ ਕੇ ਆਪਣੇ ਪੁਰਖਿਆਂ ਦੀ ਯਾਦ ਤਾਜ਼ਾ ਕੀਤੀ।

ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ ਆਸਥਾ ਦਾ ਵੱਡਾ ਕੇਂਦਰ ਹੈ, ਜਿੱਥੋਂ ਮਨੁੱਖ ਨੂੰ ਰੂਹਾਨੀ ਸ਼ਕਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨਾਲ ਉਨ੍ਹਾਂ ਦੇ ਪਰਿਵਾਰ ਦਾ ਗਹਿਰਾ ਰਿਸ਼ਤਾ ਹੈ। ਉਨ੍ਹਾਂ ਦੇ ਵਡੇਰੇ ਤੇਜਾ ਸਿੰਘ ਸਮੁੰਦਰੀ ਨੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਵੇਲੇ ਕਈ ਮੋਰਚਿਆਂ ਵਿਚ ਹਿੱਸਾ ਲਿਆ ਸੀ।

ਉਨ੍ਹਾਂ ਕਿਹਾ ਕਿ ਮੌਜੂਦਾ ਯੁੱਗ ਤਕਨੀਕ ਦਾ ਹੈ ਤੇ ਸਿੱਖ ਕੌਮ ਨੂੰ ਵੀ ਆਪਣੀਆਂ ਵਿਦਿਅਕ ਸੰਸਥਾਵਾਂ ਰਾਹੀਂ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਦੇ ਮਾਹਰ ਬਣਾਉਣ ਲਈ ਵਧੇਰੇ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸਿੱਖ ਕੌਮ ਲਈ ਇਹ ਵੱਡਾ ਫ਼ਖ਼ਰ ਹੈ ਕਿ ਸਿੱਖ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਤਰਨਜੀਤ ਸਿੰਘ ਸੰਧੂ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਵਜੋਂ ਨੁਮਾਇੰਦਗੀ ਕਰ ਰਹੇ ਹਨ।

# ਹਰਿਆਣਾ ਗੁਰਦੁਆਰਾ ਕਮੇਟੀ ਮੈਂਬਰਾਂ ਦੀ ਆਪਸੀ ਖਹਿਬੜ ਦਾ ਮਾਮਲਾ ਅਕਾਲ ਤਖਤ ਪੁੱਜਾ

**ਅੰਮ੍ਰਿਤਸਰ:** ਹਰਿਆਣਾ ਵਿਚ ਨਵੀਂ ਬਣੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਦੇ ਆਪਸੀ ਝਗੜੇ ਦਾ ਮਾਮਲਾ ਸ੍ਰੀ ਅਕਾਲ ਤਖਤ ਉਤੇ ਪੁੱਜ ਗਿਆ ਹੈ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਮਾਮਲੇ ਦੇ ਵਿਚਾਰ ਅਧੀਨ ਹੋਣ ਤੱਕ ਹਰਿਆਣਾ ਕਮੇਟੀ ਦੀਆਂ ਪ੍ਰਬੰਧਕੀ ਮੀਟਿੰਗਾਂ ਕਰਨ 'ਤੇ ਰੋਕ ਲਾ ਦਿੱਤੀ ਹੈ। ਜਥੇਦਾਰ ਵੱਲੋਂ ਇਸ ਸਬੰਧੀ ਜਲਦੀ ਹੀ ਇਕ ਜਾਂਚ ਕਮੇਟੀ ਗਠਨ ਕੀਤੀ ਜਾਵੇਗੀ।

ਨਵੀਂ ਬਣੀ ਹਰਿਆਣਾ ਕਮੇਟੀ ਦੇ ਮੈਂਬਰਾਂ ਦੀ ਇਕ ਮੀਟਿੰਗ 14 ਅਗਸਤ ਨੂੰ ਗੁਰਦੁਆਰਾ ਪੰਜੋਖਰਾ ਸਾਹਿਬ ਵਿਖੇ ਹੋਈ ਸੀ, ਜਿਸ ਵਿਚ ਕਮੇਟੀ ਦੇ ਮੈਂਬਰਾਂ ਵਿਚਾਲੇ ਆਪਸੀ ਝਗੜਾ ਹੋਇਆ ਸੀ। ਇਸ ਝਗੜੇ ਦੌਰਾਨ ਮੈਂਬਰਾਂ ਵੱਲੋਂ ਗਾਲੀ ਗਲੋਚ ਵੀ ਕੀਤੀ ਗਈ। ਇਹ ਮਾਮਲਾ



ਜਨਤਕ ਹੋਣ ਤੋਂ ਬਾਅਦ ਇਸ ਦੀ ਨਿਖੇਧੀ ਕੀਤੀ ਗਈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਦੱਸਿਆ ਇਸ ਮਾਮਲੇ ਵਿਚ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ ਅਤੇ ਸੰਸਾਰ ਭਰ ਦੇ ਸਿੱਖਾਂ ਵੱਲੋਂ ਇਸ ਦੀ ਨਿਖੇਧੀ ਕੀਤੀ ਗਈ ਹੈ। ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਵੱਲੋਂ ਸ੍ਰੀ ਅਕਾਲ ਤਖਤ ਵਿਖੇ ਫੋਨ ਕਰਕੇ ਅਤੇ ਲਿਖਤੀ ਸ਼ਿਕਾਇਤਾਂ ਵੀ ਭੇਜੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਹਰਿਆਣਾ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਅਤੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਮੇਤ ਹਰਪ੍ਰੀਤ ਸਿੰਘ ਤੇ ਗੁਰਬਖਸ਼ ਸਿੰਘ ਆਦਿ ਮੈਂਬਰਾਂ ਨੇ ਸ੍ਰੀ ਅਕਾਲ ਤਖਤ ਵਿਖੇ ਪੁੱਜ ਕੇ ਇਸ ਸਬੰਧੀ ਸ਼ਿਕਾਇਤ ਕੀਤੀ ਹੈ। ਇਸ ਸਬੰਧੀ ਸ਼ਿਕਾਇਤਾਂ ਪੁੱਜਣ ਤੋਂ ਬਾਅਦ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਉਨ੍ਹਾਂ ਹਰਿਆਣਾ ਕਮੇਟੀ ਦੇ ਸਮੂਹ ਮੈਂਬਰਾਂ ਨੂੰ ਹਦਾਇਤ ਕੀਤੀ ਹੈ ਕਿ ਜਦੋਂ ਤੱਕ ਇਹ ਮਾਮਲਾ ਸ੍ਰੀ ਅਕਾਲ ਤਖਤ ਵਿਖੇ ਵਿਚਾਰ ਅਧੀਨ ਹੈ, ਉਦੋਂ ਤੱਕ ਹਰਿਆਣਾ ਕਮੇਟੀ ਦੀ ਕੋਈ ਵੀ ਪ੍ਰਬੰਧਕੀ ਮੀਟਿੰਗ ਨਹੀਂ ਹੋਵੇਗੀ। ਜਦਕਿ ਬਾਕੀ ਕੰਮਕਾਜ ਕੀਤੇ ਜਾ ਸਕਣਗੇ।

ਜਥੇਦਾਰ ਵੱਲੋਂ ਹਰਿਆਣਾ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ ਕੋਈ ਵੀ ਮੈਂਬਰ ਇਸ ਮਾਮਲੇ ਸਬੰਧੀ ਮੀਡੀਆ ਵਿਚ ਨਾ ਜਾਵੇ ਅਤੇ ਨਾ ਹੀ ਇਕ ਦੂਜੇ ਖਿਲਾਫ ਦੂਸ਼ਣਬਾਜ਼ੀ ਕਰੇ। ਉਨ੍ਹਾਂ ਨੇ ਕਿਹਾ ਕਿ ਪੜਤਾਲ ਮਗਰੋਂ ਸਬ ਕਮੇਟੀ ਆਪਣੀ ਰਿਪੋਰਟ ਅਕਾਲ ਤਖਤ ਵਿਖੇ ਭੇਜੇਗੀ, ਜਿਸ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤੱਕ ਹਰਿਆਣਾ ਵਿਚ ਬਣੀ ਨਵੀਂ ਕਮੇਟੀ ਨੂੰ ਮਾਨਤਾ ਨਹੀਂ ਦਿੱਤੀ ਗਈ ਪਰ ਹਰਿਆਣਾ ਕਮੇਟੀ ਵਿਚ ਵਾਪਰੀ ਇਸ ਘਟਨਾ ਦਾ ਸ਼੍ਰੋਮਣੀ ਕਮੇਟੀ ਵੱਲੋਂ ਵੀ ਨੋਟਿਸ ਲੈਂਦੇ ਹੋਏ ਇਸ ਦੀ ਨਿੰਦਾ ਕੀਤੀ ਗਈ ਹੈ।

# ਬੈਂਸ ਭਰਾਵਾਂ ਵੱਲੋਂ ਦਰਬਾਰ ਸਾਹਿਬ ਵਿਖੇ ਸੋਨੇ ਦੀ ਕਹੀ ਭੇਟ

**ਅੰਮ੍ਰਿਤਸਰ:** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਸਮਰਥਕਾਂ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਸੋਨੇ ਦੀ ਕਹੀ ਭੇਟ ਕੀਤੀ ਹੈ। ਸ੍ਰੀ ਬੈਂਸ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਨੇ ਸਾਂਝੇ ਤੌਰ 'ਤੇ ਇਸ ਸੋਨੇ ਦੀ ਕਹੀ ਨੂੰ ਕਿਸਾਨ ਅੰਦੋਲਨ ਦੀ ਸਫਲਤਾ ਲਈ ਕਿਸਾਨ ਭਾਈਚਾਰੇ ਨੂੰ ਤੋਹਫੇ ਵਜੋਂ ਦੇਣੀ ਸੀ ਪਰ ਉਨ੍ਹਾਂ ਦੀ ਇਹ ਯੋਜਨਾ ਸਫਲ ਨਹੀਂ ਹੋ ਸਕੀ।

ਉਨ੍ਹਾਂ ਕਿਹਾ ਕਿ ਕਿਸਾਨ ਆਗੂਆਂ ਦੇ ਆਪਸੀ ਅੰਦਰੂਨੀ ਕਲੇਸ਼ ਕਾਰਨ ਅਜਿਹਾ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਇਕ ਸਾਲ ਦੀ ਉਡੀਕ ਤੋਂ ਬਾਅਦ ਸਰਬਸੰਮਤੀ ਨਾਲ ਸਰਬੱਤ ਦੇ ਭਲੇ ਦੀ ਅਰਦਾਸ ਕਰ ਕੇ ਦਰਬਾਰ ਸਾਹਿਬ ਵਿਖੇ ਸੋਨੇ ਦੀ ਕਹੀ ਭੇਟ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਦਲਾਅ ਦੇ ਨਾਂ 'ਤੇ ਬਣੀ ਸਰਕਾਰ ਵਿਚ ਕੋਈ 'ਬਦਲਾਵ' ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਵੱਲੋਂ ਪੰਜਾਬ ਦੇ ਮਾਲੀਏ ਦੀ ਵਰਤੋਂ ਦੂਜੇ ਰਾਜਾਂ 'ਚ ਚੋਣਾਂ ਲੜਨ ਲਈ ਕੀਤੀ ਜਾ ਰਹੀ ਹੈ।

# ਜੈਤੋਂ ਦਾ ਮੋਰਚਾ: ਸ਼ਤਾਬਦੀ ਸਮਾਗਮਾਂ ਲਈ ਤਿਆਰੀਆਂ ਵਿੱਢੀਆਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਜੈਤੋ ਦੇ ਮੋਰਚੇ ਦੀ ਪਹਿਲੀ ਸ਼ਤਾਬਦੀ ਦੇ ਸਮਾਗਮਾਂ ਸਬੰਧੀ ਸਬ-ਕਮੇਟੀ ਦੀ ਮੀਟਿੰਗ ਕੀਤੀ ਗਈ, ਜਿਸ ਵਿਚ 21 ਫਰਵਰੀ 2024 ਨੂੰ ਜੈਤੋ ਦੇ ਮੋਰਚੇ ਦੀ ਮਨਾਈ ਜਾ ਰਹੀ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਸਮਾਗਮਾਂ ਸਬੰਧੀ ਵਿਚਾਰ-ਚਰਚਾ ਕੀਤੀ ਗਈ।



ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ ਦੀ ਸ਼ੁਰੂਆਤ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਚ 12 ਸਤੰਬਰ ਨੂੰ ਅਖੰਡ ਪਾਠ ਦੀ ਆਰੰਭਤਾ ਨਾਲ ਹੋਵੇਗੀ। 13 ਸਤੰਬਰ ਨੂੰ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ ਤੇ ਰਾਤ ਨੂੰ ਗੁਰਮਤਿ ਸਮਾਗਮ ਹੋਵੇਗਾ। 14 ਸਤੰਬਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਮਗਰੋਂ ਗੁਰਮਤਿ ਸਮਾਗਮ ਕੀਤਾ ਜਾਵੇਗਾ, ਜਿਸ ਵਿਚ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜਥੇ ਸੰਗਤ ਨੂੰ ਗੁਰਬਾਣੀ ਤੇ ਇਤਿਹਾਸ ਨਾਲ ਜੋੜਨਗੇ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਜੈਤੋ ਦੇ ਮੋਰਚੇ 'ਚ ਸ਼ਹੀਦ ਹੋਏ ਸਿੰਘਾਂ ਦੇ ਜੀਵਨ ਉਤੇ ਅਧਾਰਿਤ ਚਿੱਤਰਕਲਾ ਵਰਕਸ਼ਾਪ ਰਾਹੀਂ ਤਸਵੀਰਾਂ ਦੀ ਇਕ ਐਲਬਮ (ਜੈਤੋ ਦੇ ਮੋਰਚੇ ਦੀ ਖੂਨੀ ਗਾਥਾ) ਤਿਆਰ ਕਰਵਾਉਣ ਦਾ ਕੰਮ ਹਰਵਿੰਦਰ ਸਿੰਘ ਖਾਲਸਾ ਨੂੰ ਸੌਂਪਿਆ ਗਿਆ ਹੈ। ਇਸ ਤੋਂ ਬਿਨਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲਾਂ/ ਕਾਲਜਾਂ ਵਿਚ ਵਿਦਿਆਰਥੀਆਂ ਦੇ ਭਾਸ਼ਣ, ਚਿਤਰਕਲਾ, ਕਵੀਸ਼ਰੀ, ਢਾਡੀ ਤੇ ਕਵਿਤਾ ਆਦਿ ਦੇ ਮੁਕਾਬਲੇ ਵੀ ਕਰਵਾਏ ਜਾਣਗੇ।

# ਗੁਰਬਾਣੀ ਕੀਰਤਨ ਪ੍ਰਸਾਰਨ ਲਈ ਯੂਟਿਊਬ ਚੈਨਲ ਦਾ ਵਿਸਥਾਰ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਕਰਨ ਲਈ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਤੋਂ ਇਕ ਮਹੀਨੇ ਬਾਅਦ ਹੁਣ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਇਸ ਦੇ ਵਿਸਥਾਰ ਲਈ ਤਿਆਰੀ ਕਰ ਰਹੀ ਹੈ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਸਮੇਂ ਨੂੰ ਪੰਜ ਘੰਟੇ ਹੋਰ ਵਧਾਉਣ ਦੀ ਯੋਜਨਾ ਹੈ। ਇਸ ਲਈ ਨਵੇਂ ਤੇ ਤਜਰਬੇਕਾਰ ਅਮਲੇ ਦੀ ਭਰਤੀ ਦੀ ਵੀ ਯੋਜਨਾ ਹੈ, ਜਿਸ ਵਿਚ ਇਸ ਖੇਤਰ ਨਾਲ ਸਬੰਧਤ ਛੇ ਨਵੇਂ ਮਾਹਰ ਭਰਤੀ ਕੀਤੇ ਜਾਣ ਦੀ ਪ੍ਰਕਿਰਿਆ ਚੱਲ ਰਹੀ ਹੈ।



ਇਸ ਸਬੰਧੀ ਇਕ ਸਟੂਡੀਓ ਸਥਾਪਤ ਕਰਨ ਲਈ ਵੀ ਕੰਮ ਚੱਲ ਰਿਹਾ ਹੈ। ਇਹ ਸਟੂਡੀਓ ਸ਼੍ਰੋਮਣੀ ਕਮੇਟੀ ਦੇ ਦਫਤਰ ਕੈਂਪਸ ਵਿਚ ਹੀ ਹੋਵੇਗਾ। ਇਸ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਯੂਟਿਊਬ ਚੈਨਲ ਤੇ ਆਡੀਓ ਰਾਹੀਂ 13 ਘੰਟੇ ਗੁਰਬਾਣੀ ਦਾ ਪ੍ਰਸਾਰਨ ਕੀਤਾ ਜਾ ਰਿਹਾ ਹੈ, ਜਿਸ ਵਿਚ ਨੌਂ ਘੰਟੇ ਦਾ ਵੀਡੀਓ ਪ੍ਰਸਾਰਨ ਤੇ ਚਾਰ ਘੰਟਿਆਂ ਦਾ ਆਡੀਓ ਪ੍ਰਸਾਰਨ ਸ਼ਾਮਲ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਕੰਮ ਲਈ ਸਾਊਂਡ ਪਰੂਫਿੰਗ ਸਿਸਟਮ, ਇਕ ਸਟੂਡੀਓ, ਇਕ ਕੰਟਰੋਲ ਰੂਮ ਤੇ ਹੋਰ ਲੋੜੀਂਦਾ ਸਮਾਨ ਖਰੀਦਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਦੇ ਵਿਸਥਾਰ ਲਈ ਐਂਕਰ, ਵੀਡੀਓ ਸੰਪਾਦਕ, ਕੈਮਰਾਮੈਨ ਵੀਡੀਓਗ੍ਰਾਫੀ ਵਾਸਤੇ ਲੇਖਕ ਤੇ ਗ੍ਰਾਫਿਕ ਡਿਜ਼ਾਈਨਰ ਦੀ ਨਿਯੁਕਤੀ ਵੀ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਵੀ ਯੋਜਨਾ ਹੈ। ਫਿਲਹਾਲ ਸੈਟੇਲਾਈਟ ਰਾਹੀਂ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਇਕ ਨਿੱਜੀ ਚੈਨਲ ਰਾਹੀਂ ਕੀਤਾ ਜਾ ਰਿਹਾ ਹੈ।

### ਗੁਰਬਾਣੀ ਕੀਰਤਨ ਨੂੰ ਨਿੱਜੀ ਪੇਜਾਂ 'ਤੇ ਨਹੀਂ ਪਾ ਸਕਣਗੇ ਰਾਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕੁਝ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦੇ ਕੀਰਤਨ ਪ੍ਰਸਾਰਨ ਨੂੰ ਐਸ.ਜੀ.ਪੀ.ਸੀ. ਯੂ-ਟਿਊਬ ਚੈਨਲ ਤੋਂ ਆਪਣੇ ਨਿੱਜੀ ਪੇਜਾਂ 'ਤੇ ਚਲਾਉਣ ਦੇ ਮਾਮਲਾ ਦਾ ਸਖਤ ਨੋਟਿਸ ਲਿਆ ਹੈ। ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਨੂੰ ਪੱਤਰ ਭੇਜ ਕੇ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਨੇ ਮੈਨੇਜਰ ਨੂੰ ਹਦਾਇਤ ਕੀਤੀ ਹੈ ਕਿ ਸਮੁੱਚੇ ਰਾਗੀ ਜਥਿਆਂ ਨੂੰ ਇਸ ਮਾਮਲੇ ਵਿਚ ਸੂਚਿਤ ਕੀਤਾ ਜਾਵੇ, ਜੇਕਰ ਭਵਿੱਖ ਵਿਚ ਕੋਈ ਰਾਗੀ ਜਥਾ ਅਜਿਹਾ ਕਰਦਾ ਹੈ ਤਾਂ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਕਿ ਉਲੰਘਣਾ ਦੇ ਲਗਭਗ 699 ਮਾਮਲਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਆਈ.ਟੀ. ਵਿੰਗ ਵੱਲੋਂ ਕਈ ਨਿੱਜੀ ਚੈਨਲਾਂ ਅਤੇ ਹੋਰਾਂ ਦੇ ਖਿਲਾਫ ਵੀ ਸ਼ਿਕਾਇਤ ਕੀਤੀ ਜਾ ਚੁੱਕੀ ਹੈ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੋਟਕਪੂਰਾ ਗੋਲੀ ਕਾਂਡ: ਸਿੱਟ ਵੱਲੋਂ ਅਦਾਲਤ ਵਿਚ ਤੀਜਾ ਚਲਾਨ ਪੇਸ਼

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਇਥੇ ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਦੀ ਅਦਾਲਤ ਵਿਚ 2502 ਪੰਨਿਆਂ ਦਾ ਤੀਜਾ ਚਲਾਨ ਪੇਸ਼ ਕਰ ਦਿੱਤਾ ਹੈ।

ਜਾਣਕਾਰੀ ਅਨੁਸਾਰ ਇਸ ਚਲਾਨ ਵਿਚ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਖਿਲਾਫ 2446 ਪੰਨਿਆਂ 'ਤੇ ਦਸਤਾਵੇਜ਼ੀ ਸਬੂਤ ਅਤੇ 56 ਪੰਨਿਆਂ 'ਤੇ ਫੋਰੈਂਸਿਕ ਮਾਹਿਰਾਂ ਦੀਆਂ ਰਿਪੋਰਟਾਂ, ਘਟਨਾ ਸਥਾਨ ਦੇ ਨਕਸ਼ੇ, ਘਟਨਾ ਵਾਲੇ ਦਿਨ ਹੋਈਆਂ ਫੋਨ ਕਾਲਾਂ ਦੀ ਡਿਟੇਲ ਤੇ ਘਟਨਾ ਦੀਆਂ ਵੀਡੀਓ ਅਤੇ ਫੋਟੋਆਂ ਆਦਿ ਸ਼ਾਮਲ ਹਨ। ਅਦਾਲਤ ਨੇ ਇਸ ਚਲਾਨ ਦੀ ਸੁਣਵਾਈ 2 ਸਤੰਬਰ ਦੀ ਤੈਅ ਕਰਦਿਆਂ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਸੇ ਦਿਨ ਹੀ ਕੋਟਕਪੂਰਾ ਗੋਲੀ ਕਾਂਡ ਦੇ ਦੂਜੇ ਦੋ ਚਲਾਨ ਵੀ ਸੁਣਵਾਈ ਲਈ ਰੱਖੇ ਗਏ ਹਨ। ਜ਼ਿਕਰਯੋਗ ਹੈ ਕਿ ਜਾਂਚ ਟੀਮ ਨੇ ਬੀਤੀ 24 ਫਰਵਰੀ ਨੂੰ 7000 ਪੰਨਿਆਂ ਦਾ ਪਹਿਲਾ ਚਲਾਨ ਅਤੇ 25 ਅਪਰੈਲ ਨੂੰ 2400 ਪੰਨਿਆਂ ਦਾ ਦੂਜਾ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਸੀ। ਹਾਲਾਂਕਿ ਜਾਂਚ ਟੀਮ ਨੇ ਪੇਸ਼ ਕੀਤੇ ਤੀਜੇ ਚਲਾਨ ਵਿਚ ਮੁਲਜ਼ਮਾਂ ਦੀ ਗਿਣਤੀ ਵਿਚ ਕੋਈ ਵਾਧਾ ਨਹੀਂ ਕੀਤਾ ਹੈ ਤੇ ਨਾ ਹੀ ਦੋਸ਼ਾਂ ਵਿੱਚ ਵਾਧ-ਘਾਟ ਕੀਤੀ ਗਈ ਹੈ। ਇਸ ਚਾਰਜਸ਼ੀਟ ਵਿਚ ਜਾਂਚ ਟੀਮ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਮਗਰੋਂ ਉਨ੍ਹਾਂ ਦਾ ਨਾਮ ਚਲਾਨ ਵਿਚੋਂ ਬਾਹਰ ਕੱਢ ਦਿੱਤਾ ਹੈ। ਕੋਟਕਪੂਰਾ ਗੋਲੀ ਕਾਂਡ ਦੇ ਸਾਰੇ ਮੁਲਜ਼ਮਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਪਹਿਲਾਂ ਹੀ ਜ਼ਮਾਨਤ ਦੇ ਚੁੱਕੀ ਹੈ ਅਤੇ ਇਹ ਕੇਸ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿਚ ਜਾਣ ਤੋਂ ਬਾਅਦ ਬਹਿਬਲ ਗੋਲੀ ਕਾਂਡ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਇੱਕਸਾਰ ਸ਼ੁਰੂ ਹੋਣੀ ਹੈ।

# ਸ਼੍ਰੋਮਣੀ ਕਮੇਟੀ ਨੇ ਫਿਲਮ 'ਯਾਰੀਆਂ-2' ਦੇ ਗੀਤ 'ਤੇ ਇਤਰਾਜ਼ ਪ੍ਰਗਟਾਇਆ

**ਅੰਮ੍ਰਿਤਸਰ:** ਨਵੀਂ ਆਉਣ ਵਾਲੀ ਫਿਲਮ ਯਾਰੀਆਂ-2 ਵਿਚ ਫਿਲਮਾਏ ਗਏ ਇਕ ਗੀਤ ਵਿਚ ਇਕ ਅਦਾਕਾਰ ਵੱਲੋਂ ਸਿੱਖ ਕਕਾਰ (ਕਿਰਪਾਨ) ਨੂੰ ਇਤਰਾਜ਼ਯੋਗ ਢੰਗ ਨਾਲ ਪਹਿਨੇ ਜਾਣ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਪ੍ਰਗਟਾਇਆ ਹੈ। ਦੱਸਣਯੋਗ ਹੈ ਕਿ ਇਸ ਫਿਲਮ ਦਾ ਨਿਰਦੇਸ਼ਨ ਰਾਧਿਕਾ ਰਾਓ ਅਤੇ ਵਿਨੈ ਸਪਰੂ ਵੱਲੋਂ ਕੀਤਾ ਗਿਆ ਹੈ। ਇਸ ਫਿਲਮ ਦੇ ਗੀਤ 'ਸਹੁਰੇ ਘਰ' ਵਿਚ ਇਹ ਇਤਰਾਜ਼ਯੋਗ ਸੀਨ ਸ਼ਾਮਲ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕਕਾਰਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੀ ਸਿੱਖ ਰਹਿਤ ਮਰਿਆਦਾ ਅਤੇ ਭਾਰਤ ਦੇ ਸੰਵਿਧਾਨ ਮੁਤਾਬਕ ਅਜਿਹੇ ਕਕਾਰ ਪਹਿਨਣ ਦਾ ਹੱਕ ਸਿਰਫ ਅੰਮ੍ਰਿਤਧਾਰੀ ਸਿੱਖ ਨੂੰ ਹੀ ਹੈ। ਪਰ ਇਸ ਦ੍ਰਿਸ਼ ਵਿਚ ਇਹ ਕਕਾਰ ਗੈਰ-ਅੰਮ੍ਰਿਤਧਾਰੀ ਅਤੇ ਗੈਰ-ਸਿੱਖ ਵਿਅਕਤੀ ਨੇ ਧਾਰਨ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਗੀਤ ਨੂੰ ਤੁਰਤ ਸੋਸ਼ਲ ਮੀਡੀਆ ਤੋਂ ਹਟਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਆਪਣਾ ਇਤਰਾਜ਼ ਸਰਕਾਰ ਕੋਲ ਦਰਜ ਕਰਵਾਉਣ ਵੇਲੇ ਯਕੀਨੀ ਬਣਾਉਣ ਦਾ ਯਤਨ ਕੀਤਾ ਜਾਵੇਗਾ ਕਿ ਫਿਲਮ ਨੂੰ ਸੈਂਸਰ ਬੋਰਡ ਵੱਲੋਂ ਮਨਜ਼ੂਰੀ ਨਾ ਦਿੱਤੀ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਵੀਡੀਓ ਨੂੰ ਜਨਤਕ ਮੰਚ ਤੋਂ ਨਾ ਹਟਾਇਆ ਗਿਆ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਸਿੱਖ ਕਕਾਰਾਂ ਦੀ ਬੇਅਦਬੀ ਕਰਨ ਲਈ ਜ਼ਿੰਮੇਵਾਰ ਵਿਅਕਤੀ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿਚ ਕੋਈ ਅਜਿਹਾ ਸਾਹਸ ਨਾ ਕਰੇ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਜ਼ੀਰਾ:** ਜ਼ੀਰਾ ਦੇ ਨੌਜਵਾਨ ਦੀ ਕੈਨੇਡਾ ਵਿਚ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜ਼ੀਰਾ ਦੀ ਗਲੀ ਦੇਧੀਆਂ ਵਾਲੀ ਦੇ ਵਸਨੀਕ ਸਤੀਸ਼ ਕੁਮਾਰ ਅਰੋੜਾ ਦਾ ਪੁੱਤਰ ਪ੍ਰਿੰਸ ਅਰੋੜਾ (26) ਬੀਤੀ ਤਿੰਨ ਅਗਸਤ ਨੂੰ ਹੀ ਕੈਨੇਡਾ ਦੇ ਸ਼ਹਿਰ ਸਰੀ ਪਹੁੰਚਿਆ ਸੀ ਅਤੇ ਬੀਤੇ ਐਤਵਾਰ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸ ਦੀ ਪਤਨੀ ਦੋ ਸਾਲ ਪਹਿਲਾਂ ਹੀ ਸਟੱਡੀ ਵੀਜ਼ੇ 'ਤੇ ਕੈਨੇਡਾ ਗਈ ਸੀ ਅਤੇ 3 ਅਗਸਤ ਨੂੰ ਉਸ ਨੇ ਆਪਣੇ ਪਤੀ ਨੂੰ ਵੀ ਕੈਨੇਡਾ ਬੁਲਾ ਲਿਆ ਸੀ। ਬੀਤੇ ਸਨਿਚਰਵਾਰ ਉਨ੍ਹਾਂ ਨੇ ਆਪਣੇ ਲੜਕੇ ਨਾਲ ਫੋਨ 'ਤੇ ਗੱਲਬਾਤ ਵੀ ਕੀਤੀ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਪ੍ਰਿੰਸ ਦਾ ਅੰਤਿਮ ਸਸਕਾਰ ਕੈਨੇਡਾ ਵਿਚ ਹੀ ਕੀਤਾ ਜਾਵੇਗਾ।

## ਚਾਰ ਜਣਿਆਂ 'ਤੇ ਭਾਰਤੀ ਮੂਲ ਦੇ ਡਰਾਈਵਰ ਦੀ ਹੱਤਿਆ ਦੇ ਦੋਸ਼

**ਲੰਡਨ:** ਪੱਛਮੀ ਇੰਗਲੈਂਡ ਦੇ ਸ਼੍ਰਿਊਜ਼ਬਰੀ ਵਿਚ ਭਾਰਤੀ ਮੂਲ ਦੇ ਚਾਰ ਜਣਿਆਂ 'ਤੇ ਭਾਰਤੀ ਪਿਛੋਕੜ ਵਾਲੇ ਹੀ ਇਕ 23 ਸਾਲਾ ਡਲਿਵਰੀ ਡਰਾਈਵਰ ਦੀ ਹੱਤਿਆ ਦੇ ਦੋਸ਼ ਲਾਏ ਗਏ ਹਨ। ਪੁਲਿਸ ਮੁਤਾਬਕ ਔਰਮਨ ਸਿੰਘ ਦੀ ਮੌਕੇ ਉਤੇ ਹੀ ਮੌਤ ਹੋ ਗਈ। ਇਹ ਘਟਨਾ ਪਿਛਲੇ ਹਫਤੇ ਵਾਪਰੀ ਸੀ। ਪੁਲਿਸ ਨੇ ਅਰਸ਼ਦੀਪ ਸਿੰਘ (24), ਜਗਦੀਪ ਸਿੰਘ (22), ਸ਼ਿਵਦੀਪ ਸਿੰਘ (26) ਤੇ ਮਨਜੋਤ ਸਿੰਘ (24) 'ਤੇ ਹੱਤਿਆ ਦੇ ਦੋਸ਼ ਲਾਏ ਹਨ। ਇਕ ਹੋਰ ਅਣਪਛਾਤੇ ਵਿਅਕਤੀ 'ਤੇ ਵੀ ਕੇਸ ਦਰਜ ਹੋਇਆ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਕਤਲ ਦੇ ਕਾਰਨਾਂ ਬਾਰੇ ਪਤਾ ਲਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਇਕ-ਦੂਜੇ ਨੂੰ ਜਾਣਦੇ ਸਨ ਤੇ ਇਲਾਕੇ ਤੋਂ ਬਾਹਰ ਦੇ ਰਹਿਣ ਵਾਲੇ ਹਨ।

# ਮੁੱਖ ਮੰਤਰੀ ਤੇ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ 'ਚ ਦੂਜੀ ਵਾਰ ਕੱਟ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦੂਜੀ ਵਾਰ ਮੁੱਖ ਮੰਤਰੀ ਤੇ ਵਜ਼ੀਰਾਂ ਨੂੰ ਮਿਲਣ ਵਾਲੇ ਅਖ਼ਤਿਆਰੀ ਫੰਡਾਂ ਵਿਚ ਕਟੌਤੀ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਮੁੱਖ ਮੰਤਰੀ ਤੇ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ 'ਚ ਕਟੌਤੀ ਕਰਨ ਲਈ ਅਖ਼ਤਿਆਰੀ ਫੰਡਾਂ ਦੀ ਵੰਡ ਦੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨੀਤੀ ਤਹਿਤ ਵਿੱਤੀ ਵਰ੍ਹੇ 2023-24 ਲਈ ਮੁੱਖ ਮੰਤਰੀ ਦੇ ਅਖ਼ਤਿਆਰੀ ਫੰਡ 'ਚ 25 ਫ਼ੀਸਦ ਤੇ ਵਜ਼ੀਰਾਂ ਦੇ ਅਖ਼ਤਿਆਰੀ ਫੰਡਾਂ 'ਚ 30 ਫ਼ੀਸਦ ਤੋਂ ਵੱਧ ਦੀ ਕਟੌਤੀ ਕੀਤੀ ਗਈ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿਚ ਕੁਝ ਵਜ਼ੀਰਾਂ ਨੇ ਅਖ਼ਤਿਆਰੀ ਫੰਡਾਂ ਵਿਚ ਕਟੌਤੀ ਕੀਤੇ ਜਾਣ ਦਾ ਵਿਰੋਧ ਕੀਤਾ, ਪਰ ਇਸ ਦੇ ਬਾਵਜੂਦ ਮੰਤਰੀ ਮੰਡਲ ਨੇ ਅਖ਼ਤਿਆਰੀ ਫੰਡਾਂ 'ਚ ਕਟੌਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਮੁੱਖ ਮੰਤਰੀ ਦੇ ਅਖ਼ਤਿਆਰੀ ਫੰਡਾਂ ਨੂੰ 50 ਕਰੋੜ ਰੁਪਏ ਤੋਂ ਘਟਾ ਕੇ 37 ਕਰੋੜ ਰੁਪਏ ਕਰ ਦਿੱਤਾ ਹੈ ਜਦੋਂ ਕਿ ਵਜ਼ੀਰਾਂ ਦਾ ਅਖ਼ਤਿਆਰੀ ਫੰਡ ਡੇਢ ਕਰੋੜ ਰੁਪਏ ਸਾਲਾਨਾ ਤੋਂ ਘਟਾ ਕੇ ਇਕ ਕਰੋੜ ਰੁਪਏ ਸਾਲਾਨਾ ਕਰ ਦਿੱਤਾ ਹੈ।

ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਫੰਡਾਂ ਦੀ ਸਹੀ ਵਰਤੋਂ ਯਕੀਨੀ ਬਣਾਉਣ ਲਈ ਵਧੇਰੇ ਕੰਮ ਵਿਭਾਗ ਵੱਲੋਂ ਕਰਵਾਏ ਜਾ ਰਹੇ ਹਨ। ਇਸ ਸਬੰਧੀ ਸਾਰੀ ਵਿਉਂਤਬੰਦੀ ਤਿਆਰ ਕਰ ਲਈ ਗਈ ਹੈ।

# ਸੁਖਬੀਰ ਨੇ ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਨੂੰ ਮਾਨਤਾ ਦਿੱਤੀ: ਨਿਰਮਲ ਸਿੰਘ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਮੀਤ ਪ੍ਰਧਾਨ ਜਸਟਿਸ ਨਿਰਮਲ ਸਿੰਘ (ਸੇਵਾਮੁਕਤ) ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਚ.ਐਸ.ਜੀ.ਐਮ.ਸੀ.) ਦੀਆਂ ਚੋਣਾਂ ਲੜਨ ਦਾ ਐਲਾਨ ਕਰਕੇ ਗੁਆਂਢੀ ਸੂਬੇ ਵਿਚ ਵੱਖਰੀ ਗੁਰਦੁਆਰਾ ਕਮੇਟੀ ਨੂੰ ਮਾਨਤਾ ਦੇ ਦਿੱਤੀ ਹੈ। ਇਕ ਬਿਆਨ ਰਾਹੀਂ ਜਸਟਿਸ ਨਿਰਮਲ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦੇ ਕੀਤੇ ਗਏ ਐਲਾਨ ਨੇ ਸਾਬਤ ਕਰ ਦਿੱਤਾ ਹੈ ਕਿ ਅਕਾਲੀ ਦਲ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਰੋਧ ਸਿਰਫ਼ ਇਕ ਡਰਾਮਾ ਸੀ ਤਾਂ ਕਿ ਉਹ ਸਿੱਖ ਸੰਗਤ ਵਿਚ ਆਪਣਾ ਪ੍ਰਭਾਵ ਬਣਾ ਸਕਣ ਪਰ ਹਰਿਆਣਾ ਦੀ ਸਿੱਖ ਸੰਗਤ ਨੇ ਸੁਖਬੀਰ ਸਿੰਘ ਬਾਦਲ ਦੀ ਅਪੀਲ ਨੂੰ ਪਹਿਲਾਂ ਹੀ ਨਕਾਰ ਦਿੱਤਾ ਹੈ। ਜਸਟਿਸ ਨਿਰਮਲ ਸਿੰਘ ਨੇ ਕਿਹਾ ਕਿ ਹਰਿਆਣਾ ਦੀ ਸੰਗਤ ਨੇ ਸੁਖਬੀਰ ਸਿੰਘ ਬਾਦਲ ਨੂੰ ਪਹਿਲਾਂ ਜਿਵੇਂ ਨਕਾਰਿਆ ਸੀ, ਉਸੇ ਤਰ੍ਹਾਂ ਸੰਗਤ ਹੁਣ ਵੀ ਸੁਖਬੀਰ ਬਾਦਲ ਦੀ ਅਪੀਲ 'ਤੇ ਧਿਆਨ ਨਹੀਂ ਦੇਵੇਗੀ।

## ਕਿਸਾਨਾਂ ਨੂੰ ਲਾਗਤ ਖਰਚੇ ਵਜੋਂ ਮਿਲਣਗੇ 6800

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਹੜ੍ਹਾਂ ਕਾਰਨ ਨੁਕਸਾਨੀ ਝੋਨੇ ਦੀ ਫਸਲ ਦੇ ਲਾਗਤ ਖਰਚੇ ਦਾ ਮੁਆਵਜ਼ਾ ਆਫਤ ਰਾਹਤ ਫੰਡਾਂ 'ਚੋਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਪੰਜਾਬ ਸਰਕਾਰ ਲਈ ਇਹ ਦੁਬਿਧਾ ਅਤੇ ਅੜਿੱਕਾ ਬਣਿਆ ਹੋਇਆ ਸੀ ਕਿ ਆਫ਼ਤ ਰਾਹਤ ਫੰਡਾਂ 'ਚੋਂ ਕਿਸਾਨਾਂ ਨੂੰ ਝੋਨੇ ਦੀ ਲੁਆਈ ਮੌਕੇ ਹੜ੍ਹਾਂ ਨਾਲ ਨੁਕਸਾਨੀ ਫ਼ਸਲ ਦਾ ਮੁਆਵਜ਼ਾ ਕਿਵੇਂ ਦਿੱਤਾ ਜਾਵੇ। ਹੁਣ ਕੇਂਦਰ ਦੀ ਪ੍ਰਵਾਨਗੀ ਮਗਰੋਂ ਪੰਜਾਬ ਸਰਕਾਰ ਝੋਨੇ ਦੇ ਲਾਗਤ ਖ਼ਰਚੇ ਵਜੋਂ 6800 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇ ਸਕੇਗੀ। ਪੰਜਾਬ ਖੇਤੀ 'ਵਰਸਿਟੀ ਨੇ ਤੱਥ ਪੇਸ਼ ਕੀਤੇ ਸਨ ਕਿ ਜੁਲਾਈ 'ਚ ਆਏ ਹੜ੍ਹਾਂ ਕਾਰਨ ਝੋਨੇ ਦੀ ਲੁਆਈ ਆਦਿ 'ਤੇ ਕਰੀਬ 7800 ਰੁਪਏ ਪ੍ਰਤੀ ਏਕੜ ਦੇ ਲਾਗਤ ਖ਼ਰਚੇ ਆਏ ਹਨ। ਪੰਜਾਬ ਸਰਕਾਰ ਉਨ੍ਹਾਂ ਸਾਰੇ ਕਿਸਾਨਾਂ ਨੂੰ ਹੁਣ ਫ਼ਸਲੀ ਮੁਆਵਜ਼ਾ ਦੇਵੇਗੀ ਜਿਨ੍ਹਾਂ ਦੇ ਝੋਨੇ ਦੀ ਫ਼ਸਲ ਜੁਲਾਈ ਵਿਚ ਹੜ੍ਹਾਂ ਦੀ ਮਾਰ ਹੇਠ ਆਉਣ ਕਰਕੇ ਖ਼ਤਮ ਹੋ ਗਈ ਹੈ।

## ਆਦਮਪੁਰ ਅੱਡੇ ਤੋਂ ਜਲਦ ਉਡਣਗੇ ਜਹਾਜ਼

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਲੰਧਰ 'ਚ ਆਦਮਪੁਰ ਹਵਾਈ ਅੱਡੇ ਤੋਂ ਘਰੇਲੂ ਉਡਾਣਾਂ ਜਲਦੀ ਸ਼ੁਰੂ ਹੋਣਗੀਆਂ। ਇਸ ਸਬੰਧੀ ਸਾਰੇ ਅੜਿੱਕੇ ਦੂਰ ਹੋ ਗਏ ਹਨ। ਉਨ੍ਹਾਂ ਉਮੀਦ ਜਤਾਈ ਕਿ ਇਹ ਹਵਾਈ ਅੱਡਾ ਸੂਬੇ ਦੀ ਸ਼ਾਨਾਮੱਤੀ ਵਿਰਾਸਤ ਨੂੰ ਬਹਾਲ ਕਰਨ ਦੇ ਸਫ਼ਰ 'ਚ ਮੀਲ ਪੱਥਰ ਸਾਬਤ ਹੋਵੇਗਾ।

# ਰਾਜਪਾਲ ਦੀ ਨੀਅਤ 'ਤੇ ਸਵਾਲ

*(ਪਹਿਲੇ ਸਫੇ ਦੀ ਬਾਕੀ)*

ਵਿਚ ਸਿਆਸੀ ਧਿਰਾਂ ਤੇ ਲੋਕਾਂ ਦਾ ਰੋਹ ਦੇਖਦੇ ਹੋਏ ਇਸ ਬਾਰੇ ਫੈਸਲਾ ਟਲ ਗਿਆ। ਇਸ ਤੋਂ ਬਾਅਦ ਰਾਜਪਾਲ ਤੇ ਸਰਕਾਰ ਵਿਚ ਲਗਾਤਾਰ ਟਕਰਾਅ ਵਧਦਾ ਰਿਹਾ ਹੈ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਰਾਜਪਾਲ ਨੇ ਵਿਧਾਨ ਸਭਾ ਦਾ ਇਜਲਾਸ ਬੁਲਾਉਣ ਦੀ ਇਜਾਜ਼ਤ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਤੇ ਸਰਕਾਰ ਨੂੰ ਸੁਪਰੀਮ ਕੋਰਟ ਦੀ ਮਦਦ ਲੈਣੀ ਪਈ।

ਦੱਸਿਆ ਜਾ ਰਿਹਾ ਹੈ ਕਿ 'ਆਪ' ਸਰਕਾਰ ਨੇ ਡੇਢ ਸਾਲ 'ਚ ਛੇ ਬਿੱਲ ਵਿਧਾਨ ਸਭਾ 'ਚ ਪਾਸ ਕੀਤੇ ਹਨ ਪਰ ਰਾਜਪਾਲ ਨੇ ਅਜੇ ਤੱਕ ਇਨ੍ਹਾਂ ਬਿੱਲਾਂ ਨੂੰ ਪਾਸ ਕਰਨ ਦੀ ਥਾਂ ਠੰਢੇ ਬਸਤੇ 'ਚ ਪਾਇਆ ਹੋਇਆ ਹੈ। ਸੂਬਾ ਸਰਕਾਰ ਵੱਲੋਂ ਕੇਂਦਰ ਤੋਂ ਆਰ.ਡੀ.ਐਫ., ਜੀ.ਐਸ.ਟੀ. ਅਤੇ ਹੋਰ ਫੰਡਾਂ ਬਾਰੇ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ ਪਰ ਰਾਜਪਾਲ ਨੇ ਕਦੇ ਵੀ ਪੰਜਾਬ ਦੇ ਹੱਕਾਂ ਲਈ ਕੇਂਦਰ ਕੋਲ ਆਵਾਜ਼ ਨਹੀਂ ਚੁੱਕੀ ਸਗੋਂ ਪੰਜਾਬ ਯੂਨੀਵਰਸਿਟੀ ਦੇ ਮੁੱਦੇ 'ਤੇ ਵੀ ਹਰਿਆਣਾ ਦਾ ਪੱਖ ਪੂਰ ਰਹੇ ਹਨ। ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਰਾਜਪਾਲ ਨੇ ਇਥੇ ਤਾਇਨਾਤ ਪੰਜਾਬ ਕਾਡਰ ਦੇ ਐਸ.ਐਸ.ਪੀ. ਨੂੰ ਰਾਤੋ-ਰਾਤ ਅਹੁਦੇ ਤੋਂ ਲਾਹ ਦਿੱਤਾ।

ਰਾਜਪਾਲ ਦੀ ਤਾਜ਼ਾ ਧਮਕੀ ਤੋਂ ਸਿਆਸੀ ਮਾਹਿਰ ਵੀ ਹੈਰਾਨ ਹਨ ਕਿਉਂਕਿ ਧਾਰਾ 356 ਉਦੋਂ ਹੀ ਲਾਗੂ ਹੋ ਸਕਦੀ ਹੈ ਜਦੋਂ ਸੂਬੇ ਦਾ ਸ਼ਾਸਨ ਸੰਵਿਧਾਨ ਅਨੁਸਾਰ ਨਾ ਚੱਲ ਰਿਹਾ ਹੋਵੇ, ਜਦ ਕਿ ਪੰਜਾਬ ਵਿਚ ਅਜਿਹੀ ਹੋਈ ਸਥਿਤੀ ਨਹੀਂ ਹੈ। ਸੂਬੇ ਵਿਚ ਚੁਣੀ ਹੋਈ ਸਰਕਾਰ ਹੈ ਜਿਸ ਕੋਲ ਵੱਡਾ ਬਹੁਮਤ ਹੈ, ਕੋਈ ਸਿਆਸੀ ਅਸਥਿਰਤਾ ਨਹੀਂ ਅਤੇ ਸ਼ਾਸਨ ਸੰਵਿਧਾਨ ਅਤੇ ਹੋਰ ਕਾਨੂੰਨਾਂ ਤਹਿਤ ਹੀ ਚੱਲ ਰਿਹਾ ਹੈ। ਸੰਵਿਧਾਨ ਅਨੁਸਾਰ ਸੂਬੇ ਦੇ ਰਾਜ-ਕਾਜ ਦਾ ਕੰਮ ਚੁਣੀ ਹੋਈ ਸਰਕਾਰ ਨੇ ਚਲਾਉਣਾ ਹੈ। ਰਾਜਪਾਲ ਦੀ ਭੂਮਿਕਾ ਉਨ੍ਹਾਂ ਸਮਿਆਂ ਵਿਚ ਅਹਿਮ ਤੇ ਪ੍ਰਾਥਮਿਕ ਹੁੰਦੀ ਹੈ ਜਦੋਂ ਸਰਕਾਰ ਕੋਲ ਲੋੜੀਂਦਾ ਬਹੁਮਤ ਨਾ ਹੋਵੇ। ਸੰਵਿਧਾਨ ਦੀ ਧਾਰਾ 356 ਦੀ ਵਰਤੋਂ ਦਾ ਵੱਡੀ ਪੱਧਰ 'ਤੇ ਵਿਰੋਧ ਹੁੰਦਾ ਰਿਹਾ ਹੈ। 1951 ਵਿਚ ਪਹਿਲੀ ਵਾਰ ਪੈਪਸੂ ਸਰਕਾਰ ਬਰਖ਼ਾਸਤ ਕਰਨ ਲਈ ਇਹ ਧਾਰਾ ਵਰਤੀ ਗਈ ਸੀ। ਕੇਂਦਰ ਵਿਚ ਕਾਂਗਰਸ ਸਰਕਾਰ ਨੇ ਇਸ ਦੀ ਕਈ ਵਾਰ ਦੁਰਵਰਤੋਂ ਕੀਤੀ ਅਤੇ ਉਸ ਦੀ ਆਲੋਚਨਾ ਵੀ ਹੋਈ। 2014 ਵਿਚ ਭਾਜਪਾ ਦੇ ਕੇਂਦਰੀ ਸੱਤਾ ਵਿਚ ਆਉਣ ਪਿੱਛੋਂ ਇਸ ਭਗਵਾ ਧਿਰ ਨੇ ਤਕਰੀਬਨ ਸਾਰੇ ਸੂਬਿਆਂ ਵਿਚ ਹੀ ਰਾਜਪਾਲ ਬਦਲ ਕੇ ਆਪਣੇ ਚਹੇਤਿਆਂ ਨੂੰ ਨਿਯੁਕਤ ਕਰ ਦਿੱਤਾ ਸੀ। ਉਸ ਦਿਨ ਤੋਂ ਬਾਅਦ ਗੈਰ-ਭਾਜਪਾ ਸੱਤਾ ਵਾਲੇ ਸੂਬਿਆਂ ਵਿਚ ਰਾਜਪਾਲ ਅਤੇ ਸਰਕਾਰ ਵਿਚ ਲਗਾਤਾਰ ਟਕਰਾਅ ਬਣਿਆ ਰਿਹਾ ਹੈ। ਇਨ੍ਹਾਂ ਵਿਚ ਤਾਮਿਲ ਨਾਡੂ, ਪੱਛਮੀ ਬੰਗਾਲ, ਕੇਰਲ, ਮਹਾਰਾਸ਼ਟਰ ਆਦਿ ਪ੍ਰਮੁੱਖ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬ ਵਿਚ ਹੜ੍ਹਾਂ ਦੀ ਮਾਰ: ਪਾਣੀ ਘਟਿਆ ਪਰ ਮੁਸ਼ਕਲਾਂ ਵਧੀਆਂ

**ਫਾਜ਼ਿਲਕਾ:** ਸਰਹੱਦੀ ਪਿੰਡਾਂ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਘਟਣ ਦਾ ਨਾਂ ਨਹੀਂ ਲੈ ਰਹੀਆਂ। ਹੜ੍ਹਾਂ ਕਾਰਨ ਇਨ੍ਹਾਂ ਪਿੰਡਾਂ ਦੇ ਲੋਕ ਦੂਰ ਨੇੜੇ ਜਾਣ ਤੋਂ ਵੀ ਮੁਥਾਜ ਹੋ ਗਏ ਹਨ। ਪਸ਼ੂਆਂ ਲਈ ਹਰਾ ਚਾਰਾ ਲਿਆਉਣ ਲਈ ਵੀ ਕਿਸਾਨਾਂ ਨੂੰ ਆਪਣੀ ਜਾਨ ਜੋਖ਼ਮ ਵਿਚ ਪਾਉਣੀ ਪੈ ਰਹੀ ਹੈ। ਇਨ੍ਹਾਂ ਪਿੰਡਾਂ ਨੂੰ ਕਿਸ਼ਤੀਆਂ ਵੀ ਨਸੀਬ ਨਹੀਂ ਹੋ ਰਹੀਆਂ। ਸਥਾਨਕ ਨੌਜਵਾਨਾਂ ਨੇ ਦੱਸਿਆ ਕਿ ਕਾਵਾਂਵਾਲੀ ਪੱਤਣ 'ਤੇ ਕੁਝ ਸਮਾਜ ਸੇਵੀ ਸੰਸਥਾਵਾਂ ਦੇ ਕਾਰਕੁਨ ਹਰੇ ਚਾਰੇ ਦੀ ਸੇਵਾ ਕਰਕੇ ਗਏ ਹਨ, ਪਰ ਉਨ੍ਹਾਂ ਨੂੰ ਇਹ ਹਰਾ ਚਾਰਾ ਲਿਆਉਣ ਲਈ ਕਿਸ਼ਤੀਆਂ ਹੀ ਨਹੀਂ ਮਿਲ ਰਹੀਆਂ। ਕੁਝ ਨੌਜਵਾਨ ਆਪਣੀ ਜਾਨ ਜੋਖ਼ਮ 'ਚ ਪਾ ਕੇ ਟਿਊਬਾਂ ਰਾਹੀਂ ਚਾਰਾ ਲਿਆ ਰਹੇ ਹਨ, ਪਰ ਇਹ ਕੰਮ ਹਰ ਕਿਸੇ ਦੇ ਵੱਸ ਦਾ ਨਹੀਂ ਹੈ।



ਉਨ੍ਹਾਂ ਰੋਸ ਜਤਾਇਆ ਕਿ ਪ੍ਰਸ਼ਾਸਨ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਹੜ੍ਹਾਂ ਦੀ ਮਾਰ ਝੱਲਣ ਵਾਲੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਆਸ ਸੀ ਕਿ ਸਥਾਨਕ ਪ੍ਰਸ਼ਾਸਨ ਤੋਂ ਮਦਦ ਮਿਲੇਗੀ, ਪਰ ਇਸ ਲੋੜ ਦੇ ਵੇਲੇ ਪ੍ਰਸ਼ਾਸਨ ਨੇ ਵੀ ਆਪਣੇ ਹੱਥ ਖਿੱਚ ਲਏ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਕਿਨ੍ਹਾਂ ਲੋਕਾਂ ਦੀ ਮਦਦ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ, ਕਿਉਂਕਿ ਉਨ੍ਹਾਂ ਦੀ ਮਦਦ ਲਈ ਹਾਲੇ ਤੱਕ ਕੋਈ ਨਹੀਂ ਬਹੁੜਿਆ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮੁਸੀਬਤ 'ਚ ਫਸੇ ਸਥਾਨਕ ਲੋਕਾਂ ਦੀ ਤੁਰੰਤ ਮਦਦ ਕੀਤੀ ਜਾਵੇ।

ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਘੜੂੰਮ ਨੇੜੇ ਸਤਲੁਜ ਦਰਿਆ ਦੇ ਬੰਨ੍ਹ ਵਿਚ ਪਾੜ ਕਾਰਨ ਜਿੱਥੇ ਕਈ ਪਿੰਡਾਂ 'ਚ ਹਜ਼ਾਰਾਂ ਏਕੜ ਫਸਲ ਤਬਾਹ ਹੋਈ ਗਈ, ਉਥੇ ਹੀ ਖੇਤਰ ਦੇ ਲੋਕ ਬਿਜਲੀ ਅਤੇ ਪੀਣ ਵਾਲੇ ਪਾਣੀ ਸਣੇ ਹੋਰ ਸਹੂਲਤਾਂ ਨੂੰ ਤਰਸ ਰਹੇ ਹਨ। ਖੇਤਰ ਦੇ ਪਿੰਡ ਕੁੱਤੀ ਵਾਲਾ ਵਾਸੀ ਰੇਸ਼ਮ ਸਿੰਘ ਤੇ ਸਤਿੰਦਰਪਾਲ ਸਿੰਘ ਸਣੇ ਹੋਰਾਂ ਨੇ ਦੱਸਿਆ ਕਿ ਦਰਿਆ ਦੇ ਬੰਨ੍ਹ 'ਚ ਪਾੜ ਕਾਰਨ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਾਅ ਲਈ ਬਿਜਲੀ ਵਿਭਾਗ ਨੇ ਪਿੰਡ ਘੜੂੰਮ, ਕੁੱਤੀਵਾਲਾ, ਕੋਟ ਬੁੱਢਾ ਤੇ ਸਭਰਾ ਸਮੇਤ ਲਗਭਗ 19 ਪਿੰਡਾਂ 'ਚ ਬਿਜਲੀ ਸਪਲਾਈ ਬੰਦ ਕਰ ਦਿੱਤੀ ਸੀ। ਇਸ ਦੌਰਾਨ ਕਈ ਕੁਝ ਲੋਕ ਉਨ੍ਹਾਂ ਦੇ ਘਰਾਂ ਅੰਦਰ ਪਾਣੀ ਆਉਣ ਤੋਂ ਪਹਿਲਾਂ ਸੁਰੱਖਿਅਤ ਥਾਵਾਂ ਨੂੰ ਚਲੇ ਗਏ ਸਨ, ਪਰ ਜਿਹੜੇ ਲੋਕ ਪਾਣੀ ਅੰਦਰ ਘਿਰ ਗਏ ਉਹ ਬਿਜਲੀ ਆਦਿ ਦੀ ਸਹੂਲਤ ਤੋਂ ਵਾਂਝੇ ਹਨ। ਕੁੱਤੀਵਾਲਾ ਦੀ ਬਿਜਲੀ ਦੀ ਸਪਲਾਈ ਬੰਦ ਹੋਣ ਕਾਰਨ ਉਨ੍ਹਾਂ ਦੇ ਘਰਾਂ ਤੱਕ ਪਾਣੀ ਦੀ ਸਪਲਾਈ ਨਹੀਂ ਹੋ ਸਕੀ।

## ਸਰਕਾਰ ਨੇ ਲੋਕਾਂ ਨੂੰ ਆਪਣੇ ਹਾਲ 'ਤੇ ਛੱਡਿਆ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੇ ਇਸ ਮੁਸ਼ਕਿਲ ਦੀ ਘੜੀ 'ਚ ਪੀੜਤ ਲੋਕਾਂ ਦੀ ਬਾਂਹ ਫੜਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਜਾਣ ਦੀ ਬਜਾਏ ਅਰਵਿੰਦ ਕੇਜਰੀਵਾਲ ਨੂੰ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਲੈ ਕੇ ਜਾਣ ਨੂੰ ਵੱਧ ਤਰਜੀਹ ਦੇ ਰਹੇ ਹਨ। ਸੁਖਬੀਰ ਬਾਦਲ ਨੇ ਹਿਮਾਚਲ ਪ੍ਰਦੇਸ਼ ਸਰਕਾਰ ਦੀ ਤਰਜ਼ 'ਤੇ ਪੰਜਾਬ ਸਰਕਾਰ ਨੂੰ ਡੈਮ ਮੈਨੇਜਮੈਂਟ ਕਮੇਟੀਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਦੂਜੀ ਵਾਰ ਲਾਇਆ ਝੋਨਾ ਵੀ ਤਬਾਹ

**ਚੰਡੀਗੜ੍ਹ:** ਪੰਜਾਬ ਭਰ ਵਿਚ ਹੜ੍ਹਾਂ ਦੀ ਮਾਰ ਤੋਂ ਬਾਅਦ ਮੁੜ ਝੋਨਾ ਲਾਉਣ ਵਾਲੇ ਕਿਸਾਨਾਂ ਨੂੰ ਹੁਣ ਕੁਦਰਤ ਦੀ ਦੋਹਰੀ ਮਾਰ ਪਈ ਹੈ। ਇਨ੍ਹਾਂ ਕਿਸਾਨਾਂ ਦੀ ਫਸਲ ਜੁਲਾਈ ਵਿਚ ਮੀਂਹ ਦੀ ਮਾਰ ਹੇਠ ਆ ਗਈ ਸੀ ਤੇ ਹੁਣ ਮੁੜ ਲਾਇਆ ਝੋਨਾ ਵੀ ਭਾਰੀ ਮੀਂਹ ਕਾਰਨ ਨੁਕਸਾਨਿਆ ਗਿਆ ਹੈ। ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਸੂਬਾ ਮੀਤ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਨੇ ਦੱਸਿਆ ਕਿ ਹਾਲੇ ਤੱਕ ਕਿਸਾਨਾਂ ਨੂੰ ਇਹ ਵੀ ਨਹੀਂ ਦੱਸਿਆ ਗਿਆ ਕਿ ਜੁਲਾਈ ਮਹੀਨੇ ਵਿਚ ਭਾਰੀ ਮੀਂਹ ਨਾਲ ਨੁਕਸਾਨੀਆਂ ਫਸਲਾਂ ਦਾ ਕਿੰਨਾ ਮੁਆਵਜ਼ਾ ਦਿੱਤਾ ਜਾਵੇਗਾ। ਇਹ ਵੀ ਪਤਾ ਨਹੀਂ ਲੱਗਿਆ ਕਿ ਇਸ ਮਾਮਲੇ ਵਿਚ ਸਰਕਾਰ ਨੇ ਹੁਣ ਤੱਕ ਕੀ ਕੀਤਾ ਹੈ ਤੇ ਦੂਜੀ ਵਾਰ ਕਿਸਾਨਾਂ ਦੀ ਫਸਲ ਮੁੜ ਖਰਾਬ ਹੋ ਗਈ ਹੈ। ਇਸ ਕਰ ਕੇ ਪੰਜਾਬ ਸਰਕਾਰ ਨੂੰ ਹੁਣ ਕਿਸਾਨਾਂ ਨੂੰ ਦੁੱਗਣਾ ਮੁਆਵਜ਼ਾ ਦੇਣਾ ਚਾਹੀਦਾ ਹੈ ਜਾਂ ਪਹਿਲਾਂ ਵਾਲੇ




ਮੁਆਵਜ਼ੇ ਦੀ ਦਰ ਵਧਾਉਣੀ ਚਾਹੀਦੀ ਹੈ। ਖੇਤੀਬਾੜੀ ਵਿਭਾਗ ਦੇ ਫਿਰੋਜ਼ਪੁਰ ਦੇ ਅੰਕੜੇ ਦਰਸਾਉਂਦੇ ਹਨ ਕਿ ਕਿਸਾਨਾਂ ਦੀ 13 ਹਜ਼ਾਰ ਏਕੜ ਫਸਲ ਜੁਲਾਈ ਵਿਚ ਹੜ੍ਹ ਦੀ ਮਾਰ ਹੇਠ ਆ ਗਈ ਸੀ ਤੇ ਅਗਸਤ ਵਿਚ ਛੇ ਹਜ਼ਾਰ ਏਕੜ ਦੇ ਕਰੀਬ ਹੋਰ ਫਸਲ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਤਰਨ ਤਾਰਨ ਜ਼ਿਲ੍ਹੇ ਵਿਚ ਹਾਲ ਹੀ ਵਿਚ ਪਏ ਮੀਂਹ ਕਾਰਨ ਦੂਜੀ ਵਾਰ ਚਾਰ ਹਜ਼ਾਰ ਏਕੜ ਫਸਲ ਪਾਣੀ ਦੀ ਮਾਰ ਹੇਠ ਆ ਗਈ ਹੈ।

# ਪਹਿਲਾਂ ਨਾਲੋਂ ਵੀ ਵੱਡੇ ਕਿਸਾਨ ਅੰਦੋਲਨ ਦੀ ਚਿਤਾਵਨੀ

**ਟੋਹਾਣਾ:** ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨੀ ਮੰਗਾਂ ਮੰਨਣ ਤੋਂ ਟਾਲਾ ਵੱਟ ਰਹੀ ਹੈ, ਜਿਸ ਦੇ ਰੋਸ ਵਜੋਂ ਉਹ ਪਹਿਲਾਂ ਨਾਲੋਂ ਵੀ ਵੱਡਾ ਕਿਸਾਨ ਅੰਦੋਲਨ ਵਿੱਢਣ ਜਾ ਰਹੇ ਹਨ। ਉਨ੍ਹਾਂ ਪੰਜਾਬ ਦੇ ਰਾਜਪਾਲ ਵੱਲੋਂ 'ਆਪ' ਸਰਕਾਰ ਤੋੜਨ ਲਈ ਆਪਣੀਆਂ ਸੰਵਿਧਾਨਿਕ ਤਾਕਤਾਂ ਦੀ ਵਰਤੋਂ ਕਰਨ ਦੀ ਦਿੱਤੀ ਚਿਤਾਵਨੀ ਨੂੰ ਗ਼ੈਰਵਾਜਬ ਤੇ ਪੰਜਾਬ ਦੀ ਜਨਤਾ ਦੇ ਫਤਵੇ ਨੂੰ ਕੁਚਲਣ ਵਾਲਾ ਬਿਆਨ ਕਰਾਰ ਦਿੱਤਾ।

ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਦੇਸ ਦੇ ਕਿਸਾਨਾਂ ਨੂੰ ਐਮ.ਐਸ.ਪੀ. ਗਾਰੰਟੀ ਕਾਨੂੰਨ ਨਾਲ ਹੀ ਬਚਾਇਆ ਜਾ ਸਕਦਾ ਹੈ। ਕਿਸਾਨਾਂ ਦੀ ਹਾਲਤ ਦਿਨੋਂ-ਦਿਨ ਖਰਾਬ ਹੁੰਦੀ ਜਾ ਰਹੀ ਹੈ, ਜਿਸ ਕਾਰਨ ਉਹ ਥਾਂ-ਥਾਂ ਧਰਨੇ ਦੇਣ ਲਈ ਮਜਬੂਰ ਹਨ। ਉਹ ਇੱਥੇ ਪਿਛਲੇ ਦਿਨੀਂ ਪੁਲਿਸ ਅਤੇ ਕਿਸਾਨਾਂ ਵਿਚਾਲੇ ਝੜਪ ਦੌਰਾਨ ਮਾਰੇ ਗਏ ਕਿਸਾਨ ਪ੍ਰੀਤਮ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਸਨ।



ਉਨ੍ਹਾਂ ਕਿਹਾ ਲੌਂਗੋਵਾਲ ਵਿਚ ਵਾਪਰੇ ਪੂਰੇ ਘਟਨਾਕ੍ਰਮ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ 'ਆਪ' ਸਰਕਾਰ 'ਤੇ ਕਿਸਾਨਾਂ ਨਾਲ ਧੱਕੇਸ਼ਾਹੀ ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਨ ਨਾਲ ਦੇਸ ਦੇ ਸਾਰੇ ਰਾਜਾਂ ਦੇ ਕਿਸਾਨਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਹੁਣ ਲੜਾਈ ਦਿੱਲੀ ਵਾਂਗ ਇਕ ਥਾਂ ਤੋਂ ਨਹੀਂ ਸਗੋਂ ਸੂਬਿਆਂ 'ਚੋਂ ਲੜੀ ਜਾਵੇਗੀ। ਇਸੇ ਲੜੀ ਤਹਿਤ ਉਹ ਅਗਲੇ ਮਹੀਨੇ ਚਾਰ ਦਿਨਾਂ ਲਈ ਬਿਹਾਰ ਜਾ ਰਹੇ ਹਨ, ਜਿੱਥੇ ਸਰਕਾਰ ਨੇ ਮੰਡੀਆਂ ਹੀ ਖਤਮ ਕਰ ਦਿੱਤੀਆਂ ਹਨ ਅਤੇ ਉਥੋਂ ਦੇ ਕਾਸ਼ਤਕਾਰ ਹੋਰਨਾਂ ਸੂਬਿਆਂ ਵਿਚ ਜਾ ਕੇ ਮਜ਼ਦੂਰੀ ਕਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਹੜ੍ਹਾਂ ਕਾਰਨ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ ਦੇ ਕੁਝ ਹਿੱਸਿਆਂ ਤੋਂ ਇਲਾਵਾ ਪਹਾੜੀ ਇਲਾਕੇ ਹਿਮਾਚਲ ਤੇ ਉਤਰਾਖੰਡ ਵਿਚ ਵੱਡੀ ਤਬਾਹੀ ਹੋਈ ਹੈ। ਪ੍ਰਭਾਵਿਤ ਰਾਜਾਂ ਲਈ ਕੇਂਦਰ ਸਰਕਾਰ ਨੂੰ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੀਆਂ ਸੂਬਾ ਸਰਕਾਰਾਂ ਨੂੰ ਵੀ ਜਲਦੀ ਸਰਵੇਖਣ ਕਰਵਾ ਕੇ ਮੁਆਵਜ਼ਾ ਦੇਣਾ ਚਾਹੀਦਾ ਹੈ।

# ਹੜ੍ਹ ਮੁਆਵਜ਼ੇ ਤੋਂ ਟਾਲਾ ਵੱਟ ਰਹੀ ਸਰਕਾਰ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਨੇ ਇੱਥੇ ਸੂਬੇ 'ਚ ਹੜ੍ਹਾਂ ਦੀ ਸਥਿਤੀ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਹੜ੍ਹਾਂ ਕਰਕੇ ਫਸਲਾਂ ਤੇ ਘਰਾਂ ਦੇ ਹੋਏ ਛੇ ਹਜ਼ਾਰ ਕਰੋੜ ਤੋਂ ਵੱਧ ਦੇ ਨੁਕਸਾਨ ਦਾ ਮੁਆਵਜ਼ਾ ਤੁਰਤ ਜਾਰੀ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਉਨ੍ਹਾਂ ਵੱਲੋਂ 4 ਸਤੰਬਰ ਨੂੰ ਧਰਨੇ ਲਾਏ ਜਾਣਗੇ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਤੇ ਹਰਜਿੰਦਰ ਸਿੰਘ ਟਾਂਡਾ ਨੇ ਕਿਹਾ ਕਿ ਪੰਜਾਬ 'ਚ ਪੌਂਗ ਡੈਮ ਤੇ ਭਾਖੜਾ ਡੈਮ 'ਚ ਪਾਣੀ ਵਧਣ 'ਤੇ ਬਿਨਾਂ ਕਿਸੇ ਚਿਤਾਵਨੀ ਦੇ ਵਾਧੂ ਪਾਣੀ ਛੱਡਣ ਨਾਲ ਸੂਬੇ ਦੇ ਅੱਠ ਜ਼ਿਲ੍ਹਿਆਂ ਵਿਚ ਪਾਣੀ ਭਰ ਗਿਆ। ਇਸ ਨਾਲ ਦੂਜੀ ਵਾਰ ਬੀਜਿਆ ਗਿਆ ਝੋਨਾ ਵੀ ਤਬਾਹ



ਹੋ ਗਿਆ ਪਰ ਪੰਜਾਬ ਸਰਕਾਰ ਹੜ੍ਹ ਪੀੜਤਾਂ ਨੂੰ ਬਣਦਾ ਮੁਆਵਜ਼ਾ ਦੇਣ ਦੀ ਥਾਂ ਗੁਮਰਾਹ ਕਰ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸੂਬੇ 'ਚ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ 4 ਸਤੰਬਰ ਨੂੰ ਜ਼ਿਲ੍ਹਾ ਪੱਧਰ 'ਤੇ ਧਰਨੇ ਦਿੱਤੇ ਜਾਣਗੇ।

ਕਿਸਾਨ ਜਥੇਬੰਦੀਆਂ ਨੇ ਪਾਣੀ ਦੇ ਸੰਕਟ, ਵਾਤਾਵਰਨ ਪ੍ਰਦੂਸ਼ਣ ਤੇ ਸੂਬੇ ਦੀ ਸੰਘੀ ਪ੍ਰਣਾਲੀ 'ਤੇ ਹਮਲੇ ਦੇ ਮੁੱਦਿਆਂ 'ਤੇ 9 ਸਤੰਬਰ ਨੂੰ ਚੰਡੀਗੜ੍ਹ ਵਿਚ ਸਰਬ ਪਾਰਟੀ ਮੀਟਿੰਗ ਬੁਲਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਇਨ੍ਹਾਂ ਅਹਿਮ ਮੁੱਦਿਆਂ 'ਤੇ ਸਿਆਸੀ ਪਾਰਟੀਆਂ ਦਾ ਰੁਖ ਜਾਣਿਆ ਜਾ ਸਕੇ।

# ਭਗਵੰਤ ਮਾਨ ਨੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਕ-ਇਕ ਕਰੋੜ ਦੇ ਚੈੱਕ ਸੌਂਪੇ

**ਫਰੀਦਕੋਟ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫਰੀਦਕੋਟ ਦੇ ਪਿੰਡ ਸਿਰਸੜੀ ਵਿਚ ਪੁੱਜ ਕੇ ਪਿਛਲੇ ਦਿਨੀਂ ਲੱਦਾਖ ਵਿਚ ਵਾਪਰੇ ਸੜਕ ਹਾਦਸੇ ਦੌਰਾਨ ਸ਼ਹੀਦ ਹੋਏ ਸੂਬੇਦਾਰ ਰਮੇਸ਼ ਲਾਲ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਸੌਂਪਿਆ ਅਤੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸ਼ਹੀਦਾਂ ਦੀ ਧਰਤੀ ਹੈ ਅਤੇ ਇੱਥੋਂ ਦੇ ਨੌਜਵਾਨ ਹਮੇਸ਼ਾ ਦੇਸ ਲਈ ਕੁਰਬਾਨੀਆਂ ਦੇਣ ਵਿਚ ਮੋਹਰੀ ਰਹੇ ਹਨ ਅਤੇ ਉਨ੍ਹਾਂ ਦੀ ਬਦੌਲਤ ਹੀ ਦੇਸ ਦੀਆਂ ਸਰਹੱਦਾਂ ਸੁਰੱਖਿਅਤ ਹਨ। ਉਨ੍ਹਾਂ ਪਿੰਡ ਵਿਚ ਸ਼ਹੀਦ ਰਮੇਸ਼ ਕੁਮਾਰ ਦੀ ਯਾਦਗਾਰ ਬਣਾਉਣ ਤੋਂ ਇਲਾਵਾ ਪਿੰਡ ਵਿਚ ਸ਼ਹੀਦ ਦੇ ਨਾਮ 'ਤੇ ਇਕ ਸੜਕ ਅਤੇ ਸਟੇਡੀਅਮ ਬਣਾਉਣ ਦਾ ਵੀ ਐਲਾਨ ਕੀਤਾ। ਇਸ ਮੌਕੇ ਮੁੱਖ ਮੰਤਰੀ ਦੇ ਨਾਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਜੈਤੋ ਦੇ ਵਿਧਾਇਕ ਅਮੋਲਕ ਸਿੰਘ ਅਤੇ ਡਿਪਟੀ ਕਮਿਸ਼ਨਰ ਵਨੀਤ ਕੁਮਾਰ ਵੀ ਹਾਜਰ ਸਨ। ਮੁੱਖ ਮੰਤਰੀ ਨੇ ਸ਼ਹੀਦ ਦੇ ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੱਦਾਖ ਹਾਦਸੇ ਦੌਰਾਨ ਹੀ ਸ਼ਹੀਦ ਹੋਏ ਸ੍ਰੀ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਕਮਾਲੀ ਦੇ ਜਵਾਨ ਤਰਨਦੀਪ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਵਿੱਤੀ ਸਹਾਇਤਾ ਵਜੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ। ਮੁੱਖ ਮੰਤਰੀ ਨੇ ਸ਼ਹੀਦ ਤਰਨਦੀਪ ਸਿੰਘ ਦੇ ਜੱਦੀ ਘਰ ਘਰ ਜਾ ਕੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ।

# ਸਰਹੱਦੀ ਜ਼ਿਲ੍ਹਿਆਂ 'ਚ ਹੜ੍ਹਾਂ ਕਾਰਨ ਨਸ਼ਾ ਤਸਕਰਾਂ ਦੀਆਂ ਮੌਜਾਂ ਲੱਗੀਆਂ

**ਚੰਡੀਗੜ੍ਹ:** ਪੰਜਾਬ ਦੇ ਦਰਿਆਵਾਂ ਵਿਚ ਆਏ ਹੜ੍ਹਾਂ ਦਾ ਲਾਹਾ ਲੈ ਰਹੇ ਨਸ਼ਾ ਤਸਕਰਾਂ ਨੇ ਪੰਜਾਬ ਪੁਲਿਸ ਤੇ ਬੀ.ਐਸ.ਐਫ. ਦੀਆਂ ਚੁਣੌਤੀਆਂ ਵਧਾ ਦਿੱਤੀਆਂ ਹਨ। ਸੂਬੇ 'ਚੋਂ ਲੰਘਦੇ ਦੋ ਵੱਡੇ ਦਰਿਆਵਾਂ ਰਾਵੀ ਤੇ ਸਤਲੁਜ ਵਿਚ ਪਾਣੀ ਚੜ੍ਹਨ ਕਰਕੇ ਨਸ਼ਾ ਤਸਕਰਾਂ ਦਾ ਕੰਮ ਹੋਰ ਸੌਖਾ ਹੋ ਗਿਆ ਹੈ।

ਸੂਬਾਈ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਪੁਲਿਸ ਅਤੇ ਬੀ.ਐਸ.ਐਫ. ਦੇ ਸਾਂਝੇ ਅਪਰੇਸ਼ਨਾਂ ਤਹਿਤ ਪਹਿਲੀ ਜੂਨ ਤੋਂ 23 ਅਗਸਤ ਤੱਕ ਦੋ ਕੁਇੰਟਲ ਤੋਂ ਜ਼ਿਆਦਾ ਹੈਰੋਇਨ ਬਰਾਮਦ ਕੀਤੀ ਗਈ ਹੈ। ਨਸ਼ਾ ਤਸਕਰਾਂ ਵੱਲੋਂ ਦਰਿਆਵਾਂ ਰਾਹੀਂ ਗੋਤਾਖੋਰਾਂ ਦੀ ਮਦਦ ਲਾਲ ਚੜ੍ਹਦੇ ਪੰਜਾਬ ਵਿਚ ਹੈਰੋਇਨ ਭੇਜੀ ਜਾ ਰਹੀ ਹੈ। ਪੁਲਿਸ ਦੇ ਸੀਨੀਅਰ




ਅਧਿਕਾਰੀਆਂ ਦਾ ਦੱਸਣਾ ਹੈ ਕਿ 17 ਅਗਸਤ ਨੂੰ 8 ਕਿੱਲੋ ਹੈਰੋਇਨ, 11 ਅਗਸਤ ਨੂੰ 5 ਕਿੱਲੋ, 10 ਅਗਸਤ ਨੂੰ 12 ਕਿੱਲੋ, 6 ਅਗਸਤ ਨੂੰ 78 ਕਿੱਲੋ ਹੈਰੋਇਨ ਤੇ ਤਿੰਨ ਪਿਸਤੌਲ ਬਰਾਮਦ ਕੀਤੇ ਗਏ ਹਨ। ਇਸੇ ਤਰ੍ਹਾਂ 5 ਅਗਸਤ ਨੂੰ 4 ਕਿੱਲੋ, 3 ਅਗਸਤ ਨੂੰ 6 ਕਿੱਲੋ ਹੈਰੋਇਨ ਅਤੇ 1.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਕੁਝ ਦਿਨ ਪਹਿਲਾਂ ਹੀ 21 ਅਗਸਤ ਨੂੰ 30 ਕਿੱਲੋ ਤੇ 23 ਅਗਸਤ ਨੂੰ ਅੰਮ੍ਰਿਤਸਰ 'ਚ 42 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸੇ ਤਰ੍ਹਾਂ ਜੂਨ ਅਤੇ ਜੁਲਾਈ ਮਹੀਨਿਆਂ ਦੌਰਾਨ ਵੀ ਵੱਡੀ ਗਿਣਤੀ ਵਿਚ ਨਸ਼ਿਆਂ ਦੀ ਬਰਾਮਦਗੀ ਕੀਤੀ ਗਈ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਪਿਛਲੇ ਸਾਲ ਪਹਿਲੀ ਜੂਨ ਤੋਂ 21 ਅਗਸਤ ਦੌਰਾਨ ਸਰਹੱਦ ਪਾਰ ਤੋਂ ਜੋ ਤਸਕਰੀ ਦੇ ਮਾਮਲੇ ਸਾਹਮਣੇ ਆਏ ਸਨ, ਉਨ੍ਹਾਂ 'ਚ ਲਗਭਗ 40 ਕਿੱਲੋ ਹੈਰੋਇਨ ਬਰਾਮਦ ਹੋਈ ਹੈ, ਜਦਕਿ ਇਸ ਸਾਲ ਇਹ ਬਰਾਮਦਗੀ 2 ਕੁਇੰਟਲ ਤੱਕ ਕੀਤੀ ਗਈ ਹੈ। ਇਸ ਸਾਲ ਪਹਿਲੀ ਜਨਵਰੀ ਤੋਂ 31 ਮਈ ਤੱਕ 44 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਹੜ੍ਹਾਂ ਦਾ ਲਾਹਾ ਲੈ ਕੇ ਨਸ਼ਾ ਤਸਕਰਾਂ ਵੱਲੋਂ ਨਸ਼ੇ ਦੀਆਂ ਵੱਡੀਆਂ ਖੇਪਾਂ ਦੇਸ਼ ਵਿਚ ਭੇਜੀਆਂ ਜਾ ਰਹੀਆਂ ਹਨ। ਹੜ੍ਹਾਂ ਕਾਰਨ ਕਈ ਥਾਵਾਂ 'ਤੇ ਕੰਡਿਆਲੀ ਤਾਰ ਉੱਖੜਨ ਕਰਕੇ ਵੀ ਇਨ੍ਹਾਂ ਮਾਮਲਿਆਂ ਨੂੰ ਹੁਲਾਰਾ ਮਿਲਿਆ ਹੈ। ਇਸ ਸਬੰਧੀ ਪੁਲਿਸ ਨੇ ਹੁਣ ਤੱਕ ਲਗਭਗ ਦੋ ਦਰਜਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਨੇ ਪੁੱਛ ਪੜਤਾਲ ਦੌਰਾਨ ਮੰਨਿਆ ਹੈ ਕਿ ਹੜ੍ਹਾਂ ਦੌਰਾਨ ਨਸ਼ੇ ਦੀ ਖੇਪ ਨੂੰ ਸਰਹੱਦ ਪਾਰ ਪਹੁੰਚਾਉਣ ਵਾਲਿਆਂ ਨੂੰ ਡੇਢ ਲੱਖ ਰੁਪਏ ਪ੍ਰਤੀ ਕਿੱਲੋ ਤੱਕ ਮਿਲ ਰਿਹਾ ਹੈ, ਜਦਕਿ ਪਹਿਲਾਂ ਇਹ ਕੀਮਤ 50 ਤੋਂ 75 ਹਜ਼ਾਰ ਰੁਪਏ ਪ੍ਰਤੀ ਕਿੱਲੋ ਸੀ।

# ਫਿਲੌਰ ਅਕੈਡਮੀ 'ਚੋਂ ਊਧਮ ਸਿੰਘ ਦੀਆਂ ਉਂਗਲਾਂ ਦੇ ਨਿਸ਼ਾਨ ਮਿਲੇ

**ਚੰਡੀਗੜ੍ਹ:** ਫਿਲੌਰ ਸਥਿਤ ਪੰਜਾਬ ਪੁਲਿਸ ਅਕੈਡਮੀ ਵਿਚੋਂ ਸ਼ਹੀਦ ਦੀਆਂ ਉਂਗਲਾਂ ਦੇ ਪ੍ਰਿੰਟ ਮਿਲੇ ਹਨ, ਜੋ ਹੁਣ ਤੱਕ ਆਮ ਲੋਕਾਂ ਦੀਆਂ ਨਜ਼ਰਾਂ ਤੋਂ ਲੁਕੇ ਹੋਏ ਸਨ। ਊਧਮ ਸਿੰਘ ਦੀਆਂ ਉਂਗਲਾਂ ਦੇ ਪ੍ਰਿੰਟ ਵਾਲੀਆਂ ਇਹ ਵਿਰਲੀਆਂ ਕਾਪੀਆਂ ਸਾਲ 1927 ਵਿਚ ਲਈਆਂ ਗਈਆਂ ਸਨ, ਜਦੋਂ ਉਸ ਨੂੰ ਗਦਰ ਪਾਰਟੀ ਦੇ ਕਾਰਕੁਨ ਵਜੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਪੱਤਰਕਾਰ ਨੂੰ ਊਧਮ ਸਿੰਘ ਦੇ 'ਫਿੰਗਰ ਪ੍ਰਿੰਟ' ਵਾਲੀਆਂ ਇਹ ਕਾਪੀਆਂ ਉਦੋਂ ਮਿਲੀਆਂ ਜਦੋਂ ਉਹ ਪੰਜਾਬ ਪੁਲਿਸ ਦੀ ਮਦਦ ਨਾਲ ਪੁਲਿਸ ਅਕੈਡਮੀ ਵਿਚੋਂ ਸ਼ਹੀਦ ਭਗਤ ਸਿੰਘ ਦੀਆਂ ਉਂਗਲਾਂ ਦੇ ਪ੍ਰਿੰਟਾਂ ਦੀ ਭਾਲ ਕਰ ਰਿਹਾ ਸੀ। ਫਿਲੌਰ ਸਥਿਤ ਪੰਜਾਬ ਪੁਲਿਸ ਅਕੈਡਮੀ 1860 ਤੋਂ ਪੁਲਿਸ ਕੇਸ ਫਾਈਲਾਂ, ਦਸਤਾਵੇਜ਼ਾਂ ਤੇ ਹਥਿਆਰਾਂ ਦਾ ਮਾਲਖਾਨਾ ਹੈ, ਉਦੋਂ ਇਸ ਦਾ ਨਾਮ ਮਿਲਟਰੀ ਪੁਲਿਸ ਫੋਰਸ ਸੀ ਤੇ ਮਗਰੋਂ 1891 ਵਿਚ ਇਹ ਪੁਲਿਸ ਅਕੈਡਮੀ ਬਣ ਗਈ।

ਊਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਵਿਚ ਬ੍ਰਿਟਿਸ਼ ਇੰਡੀਆ ਦੇ ਸਾਬਕਾ ਲੈਫਟੀਨੈਂਟ ਗਵਰਨਰ ਮਾਈਕਲ ਓ'ਡਵਾਇਰ ਦੀ





ਹੱਤਿਆ ਕਰਕੇ ਜ਼ਲ੍ਹਿਆਂਵਾਲਾ ਬਾਗ ਸਾਕੇ ਦਾ ਬਦਲਾ ਲਿਆ ਸੀ। ਊਧਮ ਸਿੰਘ ਨੂੰ ਸਬਰ-ਸੰਤੋਖ ਵਾਲਾ ਕਾਤਲ (ਪੇਸ਼ੈਂਟ ਅਸੈਸਿਨ) ਵੀ ਕਿਹਾ ਜਾਂਦਾ ਹੈ, ਜਿਸ ਨੇ ਬਦਲਾ ਲੈਣ ਲਈ ਇੰਨੇ ਸਾਲ ਉਡੀਕ ਕੀਤੀ। ਸ਼ਹੀਦ 'ਤੇ ਬਣੀ ਫਿਲਮ 'ਸਰਦਾਰ ਊਧਮ' ਨੇ ਪੰਜ ਵੱਖ-ਵੱਖ ਵਰਗਾਂ ਵਿਚ ਕੌਮੀ ਪੁਰਸਕਾਰ ਜਿੱਤੇ ਹਨ। ਊਧਮ ਸਿੰਘ, ਜੋ ਜ਼ੋਰ ਦੇ ਕੇ ਆਖਦਾ ਸੀ ਕਿ ਉਸ ਦਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਹੈ, ਉਸ ਦੇ ਧਰਮ-ਨਿਰਪੱਖ ਸੁਭਾਅ ਨੂੰ ਦਰਸਾਉਂਦਾ ਹੈ। ਜਨਰਲ ਓ'ਡਵਾਇਰ ਦੇ ਕਤਲ ਮਗਰੋਂ ਉਹ ਭਾਰਤ ਵਿਚ ਨਾਇਕ ਬਣਿਆ ਤੇ ਉਦੋਂ ਤੋਂ ਉਹ ਕਿਤਾਬਾਂ, ਗੀਤਾਂ, ਨਾਟਕਾਂ ਤੇ ਫਿਲਮਾਂ ਦਾ ਸ਼ਿੰਗਾਰ ਹੈ। ਹਰ ਸਾਲ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਊਧਮ ਸਿੰਘ ਨਾਲ ਸਬੰਧਤ ਵਸਤਾਂ ਇਕੱਤਰ ਕਰਨ ਤੇ ਇਨ੍ਹਾਂ ਦੀ ਅੱਗੇ ਅਜਾਇਬਘਰ 'ਚ ਨੁਮਾਇਸ਼ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਹਾਲਾਂਕਿ 'ਫਿੰਗਰ ਪ੍ਰਿੰਟ' ਸਣੇ ਹੋਰ ਕਈ ਵਸਤਾਂ ਸਰਕਾਰੀ ਫਾਈਲਾਂ ਹੇਠ ਦਬੀਆਂ ਪਈਆਂ ਹਨ।

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਜਦੋਂ ਇਸ ਖੋਜ ਬਾਰੇ ਦੱਸਿਆ ਤਾਂ ਉਹ ਬਹੁਤ ਉਤਸ਼ਾਹੀ ਨਜ਼ਰ ਆਏ। ਉਨ੍ਹਾਂ ਖੁਸ਼ੀ ਜ਼ਾਹਿਰ ਕੀਤੀ ਕਿ ਪੁਲਿਸ ਅਕੈਡਮੀ ਨੇ ਇੰਨੇ ਸਾਲਾਂ ਤੱਕ ਅਜਿਹੇ ਅਹਿਮ ਦਸਤਾਵੇਜ਼ਾਂ ਨੂੰ ਸਾਂਭੀ ਰੱਖਿਆ। ਉਨ੍ਹਾਂ ਭਰੋਸਾ ਦਿੱਤਾ ਕਿ ਜਲਦੀ ਹੀ ਇਨ੍ਹਾਂ ਪ੍ਰਿੰਟਾਂ ਨੂੰ ਢੁਕਵੀਂ ਥਾਂ 'ਤੇ ਨੁਮਾਇਸ਼ ਲਈ ਰੱਖਿਆ ਜਾਵੇਗਾ। ਇਸ ਤੋਂ ਪਹਿਲਾਂ ਇਸੇ ਅਕੈਡਮੀ ਤੋਂ ਕੀਤੀ ਖੋਜ ਸਦਕਾ ਇਸ ਪੱਤਰਕਾਰ ਨੇ ਸ਼ਹੀਦ ਭਗਤ ਸਿੰਘ ਦਾ ਗੁਆਚਿਆ ਪਿਸਤੌਲ ਲੱਭਿਆ ਸੀ। ਊਧਮ ਸਿੰਘ ਦਾ ਅਸਲ ਨਾਮ ਸ਼ੇਰ ਸਿੰਘ ਸੀ। ਉਸ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਚ ਪਿਤਾ ਟਹਿਲ ਸਿੰਘ ਤੇ ਮਾਤਾ ਨਰੈਣ ਕੌਰ ਦੇ ਘਰ ਹੋਇਆ ਸੀ। ਅਕੈਡਮੀ ਤੋਂ ਮਿਲੇ ਫਿੰਗਰ ਪ੍ਰਿੰਟ ਨਾਲ ਲੱਗੇ ਸੂਚਨਾ ਫਾਰਮ ਵਿਚ ਇਸ 'ਤੇ ਸ਼ੇਰ ਸਿੰਘ ਪੁੱਤਰ ਟਹਿਲ ਸਿੰਘ ਦਾ ਨਾਮ ਲਿਖਿਆ ਹੈ।

ਊਧਮ ਸਿੰਘ ਦੀਆਂ ਉਂਗਲਾਂ ਦੇ ਇਹ ਨਿਸ਼ਾਨ 10 ਅਕਤੂਬਰ 1927 ਨੂੰ ਲਏ ਗਏ ਸਨ। ਦਿਲਚਸਪ ਗੱਲ ਹੈ ਕਿ ਇਨ੍ਹਾਂ ਪ੍ਰਿੰਟਾਂ 'ਤੇ ਪਹਿਲੀ ਅਪਰੈਲ 1940 ਦੀ ਨੋਟਿੰਗ ਹੈ, ਜਿਸ ਤੋਂ ਇਹ ਜਾਪਦਾ ਹੈ ਕਿ ਊਧਮ ਸਿੰਘ ਦੀ ਪਛਾਣ ਦੀ ਤਸਦੀਕ ਲਈ ਇਨ੍ਹਾਂ ਪ੍ਰਿੰਟਾਂ ਨੂੰ ਅਕੈਡਮੀ ਵਿਚੋਂ ਬਾਹਰ ਕੱਢਿਆ ਗਿਆ। ਊਧਮ ਸਿੰਘ 13 ਮਾਰਚ 1940 ਨੂੰ ਓ'ਡਵਾਇਰ ਦੀ ਹੱਤਿਆ ਮਗਰੋਂ ਲੰਡਨ ਦੀ ਜੇਲ੍ਹ ਵਿਚ ਬੰਦ ਸੀ।

## ਨਸ਼ਾ ਤਸਕਰੀ ਮਾਮਲੇ 'ਚ ਕਰੋੜਾਂ ਰੁਪਏ ਦੀ ਜਾਇਦਾਦ ਜ਼ਬਤ

**ਮਾਛੀਵਾੜਾ:** ਪੁਲਿਸ ਨੇ ਨਸ਼ਾ ਤਸਕਰੀ ਦੇ ਮਾਮਲੇ 'ਚ ਦੋ ਪਰਿਵਾਰਾਂ ਦੀ ਕਰੋੜਾਂ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਸਮਰਾਲਾ ਦੇ ਡੀ.ਐਸ.ਪੀ. ਜਸਪਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ 21 ਅਗਸਤ 2022 ਨੂੰ ਜਸਦੇਵ ਸਿੰਘ ਵਾਸੀ ਮਾਛੀਵਾੜਾ ਤੋਂ 4 ਕੁਇੰਟਲ ਭੁੱਕੀ ਬਰਾਮਦ ਕਰ ਕੇ ਕੇਸ ਦਰਜ ਕੀਤਾ ਸੀ।

ਪੁਲਿਸ ਨੇ ਜਸਦੇਵ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੀ 1.80 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰਨ ਦਾ ਨੋਟਿਸ ਜਾਰੀ ਕਰ ਦਿੱਤਾ ਹੈ। ਇਸੇ ਤਰ੍ਹਾਂ ਪਹਿਲੀ ਦਸੰਬਰ 2022 ਨੂੰ ਜਸਦੇਵ ਸਿੰਘ ਵਾਸੀ ਹੰਬੋਵਾਲ ਕੋਲੋਂ 2 ਕੁਇੰਟਲ 60 ਕਿਲੋ ਭੁੱਕੀ ਬਰਾਮਦ ਕਰ ਕੇ ਉਸ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਨੇ ਇਸ ਮਾਮਲੇ ਵਿਚ ਵੀ ਉਸ ਦੀ 72 ਲੱਖ 84 ਹਜ਼ਾਰ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ।

# ਸਿੱਧੂ ਮੂਸੇਵਾਲਾ ਦੇ ਪਿਤਾ ਨੇ ਕੁੜਤੇ ਉਤੇ ਲਿਖਵਾਇਆ 'ਜਸਟਿਸ ਫਾਰ ਸਿੱਧੂ'

**ਮਾਨਸਾ:** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਗੈਂਗਸਟਰਾਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਕੀਤੀ ਤਾਂ ਉਹ ਆਪਣੇ ਪੁੱਤਰ ਦੀ ਖ਼ੂਨ ਨਾਲ ਲਥਪੱਥ ਟੀ-ਸ਼ਰਟ ਪਾ ਕੇ ਅਦਾਲਤੀ ਪੇਸ਼ੀਆਂ 'ਤੇ ਜਾਣਾ ਸ਼ੁਰੂ ਕਰ ਦੇਣਗੇ।

ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਪੰਜਾਬ ਦੇ ਮਾਨਸਾ ਦੇ ਪਿੰਡ ਜਵਾਹਰ ਕੇ ਵਿਚ ਲਾਰੈਂਸ ਬਿਸ਼ਨੋਈ ਗੈਂਗ ਦੇ ਛੇ ਸ਼ੂਟਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਕਾਲੇ ਰੰਗ ਦੀਆਂ ਐਨਕਾਂ ਲਾ ਕੇ ਪੇਸ਼ੀਆਂ ਭੁਗਤਣ ਸਬੰਧੀ ਟਿੱਪਣੀ ਕਰਦਿਆਂ ਕਿਹਾ, ''ਜਦੋਂ ਅਸੀਂ ਉਸ ਗੈਂਗਸਟਰ ਨੂੰ ਭਾਰੀ ਸੁਰੱਖਿਆ ਹੇਠ ਚਿਹਰੇ 'ਤੇ ਬ੍ਰਾਂਡ ਐਨਕਾਂ ਲਾ ਕੇ ਪੇਸ਼ੀ ਭੁਗਤਣ ਲਈ ਜਾਂਦਿਆਂ ਦੇਖਦੇ ਹਾਂ ਤਾਂ ਬਹੁਤ ਦੁੱਖ ਹੁੰਦਾ ਹੈ। ਬਿਸ਼ਨੋਈ ਵੱਲੋਂ ਜੇਲ੍ਹਾਂ ਵਿਚੋਂ ਇਕ ਨਿਊਜ਼ ਚੈਨਲ ਨੂੰ ਦੋ ਵਾਰ ਇੰਟਰਵਿਊ ਦੇਣ ਦੇ ਪੰਜ ਮਹੀਨਿਆਂ ਬਾਅਦ ਵੀ, ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਿਸ ਦੀ ਵਿਸ਼ੇਸ਼ ਟੀਮ ਨੇ ਕੋਈ ਬਿਆਨ ਨਹੀਂ ਦਿੱਤਾ।'' ਉਨ੍ਹਾਂ ਨੇ ਜਸਟਿਸ ਫਾਰ ਸਿੱਧੂ ਮੂਸੇਵਾਲਾ ਸਮੇਤ ਨਾਅਰਿਆਂ ਵਾਲਾ ਕੁੜਤਾ ਅਤੇ ਕਤਲ ਨਾਲ ਜੁੜੀਆਂ ਤਸਵੀਰਾਂ ਵੀ ਦਿਖਾਈਆਂ। ਉਨ੍ਹਾਂ ਕਿਹਾ ਕਿ ਉਹ ਨਿਆਂਪਾਲਿਕਾ ਦਾ ਸਤਿਕਾਰ ਕਰਦੇ ਹਨ, ਰੱਬ ਤੋਂ ਬਾਅਦ, ਉਨ੍ਹਾਂ ਨੂੰ ਨਿਆਂਪਾਲਿਕਾ ਵਿਚ ਵਿਸ਼ਵਾਸ ਹੈ ਅਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇੱਕ ਦਿਨ ਪਰਿਵਾਰ ਨੂੰ ਇਨਸਾਫ਼ ਜ਼ਰੂਰ ਮਿਲੇਗਾ। ਜੇ ਸਰਕਾਰ ਨੇ ਆਪਣੀ ਨੀਤੀ ਨਾ ਬਦਲੀ ਤਾਂ ਉਹ ਆਪਣੇ ਪੁੱਤਰ ਦੇ ਖ਼ੂਨ ਨਾਲ ਲਥਪੱਥ ਕੱਪੜੇ ਪਾ ਕੇ ਸੜਕਾਂ 'ਤੇ ਨਿਕਲ ਆਵੇਗਾ।



### ਮੁਲਜ਼ਮਾਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਮਾਨਸਾ ਦੀ ਅਦਾਲਤ ਵਿਚ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ 21 ਮੁਲਜ਼ਮਾਂ ਨੇ ਵੀਡੀਓ ਕਾਨਫਰੰਸ (ਵੀ.ਸੀ) ਰਾਹੀਂ ਅਤੇ ਦੋ ਗੈਂਗਸਟਰਾਂ ਪਵਨ ਬਿਸ਼ਨੋਈ ਅਤੇ ਨਸੀਬ ਖਾਨ ਨੇ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਵਿਚ ਪੇਸ਼ ਹੋ ਕੇ ਪੇਸ਼ੀ ਭੁਗਤੀ। ਇਸ ਦੌਰਾਨ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਮਨਪ੍ਰੀਤ ਸਿੰਘ ਮੰਨਾ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ ਕਿਉਂਕਿ ਦੋਵੇਂ ਪੁਲਿਸ ਰਿਮਾਂਡ 'ਤੇ ਹਨ। ਗੁਜਰਾਤ ਪੁਲਿਸ ਲਾਰੈਂਸ ਬਿਸ਼ਨੋਈ ਨੂੰ ਡਰੱਗ ਮਾਮਲੇ ਵਿਚ ਬਠਿੰਡਾ ਤੋਂ ਗੁਜਰਾਤ ਲੈ ਕੇ ਗਈ ਹੈ। ਜਾਣਕਾਰੀ ਅਨੁਸਾਰ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰਨ ਸਬੰਧੀ ਅਗਲੀ ਸੁਣਵਾਈ ਛੇ ਸਤੰਬਰ ਨੂੰ ਰੱਖੀ ਗਈ ਹੈ।

### ਗੁਜਰਾਤ ਪੁਲਿਸ ਨੇ ਲਾਰੈਂਸ ਬਿਸ਼ਨੋਈ ਨੂੰ ਹਿਰਾਸਤ ਲਿਆ

**ਬਠਿੰਡਾ:** ਕੇਂਦਰੀ ਜੇਲ੍ਹ ਬਠਿੰਡਾ ਵਿਚ ਬੰਦ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਸਾਜ਼ਿਸ਼ੀ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਗੁਜਰਾਤ ਪੁਲਿਸ ਨੇ ਆਪਣੀ ਹਿਰਾਸਤ ਵਿਚ ਲੈ ਲਿਆ ਹੈ। ਪੁਲਿਸ ਵੱਲੋਂ ਭਾਰੀ ਸੁਰੱਖਿਆ ਹੇਠ ਲਾਰੈਂਸ ਬਿਸ਼ਨੋਈ ਨੂੰ ਬਠਿੰਡਾ ਤੋਂ ਮੁਹਾਲੀ ਲਿਆਂਦਾ ਗਿਆ, ਜਿੱਥੋਂ ਅੱਗੇ ਹਵਾਈ ਜਹਾਜ਼ ਰਾਹੀਂ ਉਸ ਨੂੰ ਗੁਜਰਾਤ ਲਿਜਾਇਆ ਗਿਆ।

# ਮੂਸੇਵਾਲਾ ਕੇਸ: ਹਥਿਆਰਾਂ ਦੀ ਬਰਾਮਦਗੀ ਕਰਵਾਉਣ 'ਚ ਪੁਲਿਸ ਨਾਕਾਮ

**ਚੰਡੀਗੜ੍ਹ:** ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਭਾਵੇਂ ਤਕਰੀਬਨ 15 ਮਹੀਨੇ ਬੀਤ ਚੁੱਕੇ ਹਨ, ਪਰ ਪ੍ਰਿਆਵਰਤ ਫੌਜੀ ਦੀ ਅਗਵਾਈ ਹੇਠਲੇ ਛੇ ਸ਼ੂਟਰਾਂ ਵਿਚੋਂ ਚਾਰਾਂ ਵੱਲੋਂ ਵਰਤੇ ਗਏ ਹਥਿਆਰ ਅਜੇ ਵੀ ਬਰਾਮਦ ਕਰਨੇ ਬਾਕੀ ਹਨ। ਇਸ ਤੋਂ ਪਹਿਲਾਂ ਆਸ ਸੀ ਕਿ ਇਸ ਮਹੀਨੇ ਦੇ ਸ਼ੁਰੂਆਤ 'ਚ ਅਜ਼ਰਬਾਇਜਾਨ ਤੋਂ ਲਿਆਂਦੇ ਗਏ ਮੁੱਖ ਸਾਜ਼ਿਸ਼ਘਾੜਿਆਂ ਵਿਚੋਂ ਇਕ ਸਚਿਨ ਥਾਪਨ ਤੋਂ ਪੁੱਛ-ਪੜਤਾਲ ਦੌਰਾਨ ਇਨ੍ਹਾਂ ਹਥਿਆਰਾਂ ਬਾਰੇ ਖੁਲਾਸਾ ਹੋ ਜਾਵੇਗਾ, ਪਰ ਚਾਰ ਹਫਤੇ ਬੀਤਣ ਬਾਅਦ ਵੀ ਹਥਿਆਰਾਂ ਬਾਰੇ ਕੁਝ ਪਤਾ ਨਹੀਂ ਲੱਗਾ। ਇਹ .30 ਬੋਰ ਅਤੇ .9ਐਮ.ਐਮ. ਪਿਸਤੌਲ ਹਨ। ਮੁਲਜ਼ਮ ਥਾਪਨ ਨੇ ਦੱਸਿਆ ਸੀ ਕਿ ਕਤਲ ਤੋਂ ਕਈ ਹਫਤੇ ਪਹਿਲਾਂ ਛੇ ਸ਼ੂਟਰਾਂ ਨੇ ਅਯੁੱਧਿਆ ਵਿਚ ਇਕ ਫਾਰਮ ਹਾਊਸ 'ਚ ਟਰੇਨਿੰਗ ਲਈ ਸੀ ਪਰ ਉਸ ਨੇ ਫੌਜੀ ਮੌਡਿਊਲ ਦੇ ਹਥਿਆਰਾਂ ਬਾਰੇ ਕੋਈ ਸੁਰਾਗ ਨਹੀਂ ਦਿੱਤਾ।

ਪਹਿਲਾਂ ਇਹ ਦੋਸ਼ ਲਾਇਆ ਜਾ ਰਿਹਾ ਸੀ ਕਿ ਫੌਜੀ ਜਾਂ ਬੋਲੇਰੋ ਕਾਰ ਮੌਡਿਊਲ ਸ਼ੂਟਰਾਂ ਨੇ ਵਾਰਦਾਤ ਵਾਲੀ ਥਾਂ ਤੋਂ ਭੱਜਣ ਵੇਲੇ ਸਿਰਸਾ ਜ਼ਿਲ੍ਹੇ ਵਿਚ ਪਹਿਲਾਂ ਤੋਂ ਹੀ ਤੈਅ ਕੀਤੀ ਗਈ ਥਾਂ 'ਤੇ ਇਹ ਹਥਿਆਰ ਲੁਕੋ ਦਿੱਤੇ ਸਨ। ਇਨ੍ਹਾਂ ਹਥਿਆਰਾਂ ਨੂੰ ਬਾਅਦ ਵਿਚ ਗੈਂਗਸਟਰ ਰੋਹਿਤ ਗੋਦਾਰਾ ਦੇ ਗੈਂਗ ਨੇ ਕਬਜ਼ੇ ਵਿਚ ਲੈ ਲਿਆ ਸੀ, ਜੋ ਹਰਿਆਣਾ ਅਤੇ ਰਾਜਸਥਾਨ ਵਿਚ ਸਰਗਰਮ ਹੈ। ਪੰਜਾਬ ਅਤੇ ਦਿੱਲੀ ਪੁਲਿਸ ਨੇ ਇਕ ਵੱਖਰੇ ਅਪਰੇਸ਼ਨ ਤਹਿਤ ਛੇ ਸ਼ੂਟਰਾਂ ਤੋਂ 15 ਹਥਿਆਰ ਬਰਾਮਦ ਕੀਤੇ ਸਨ। ਮੁਲਜ਼ਮ ਮਨੂ ਕੁੱਸਾ ਤੋਂ ਬਰਾਮਦ ਏ.ਕੇ 47 ਅਤੇ 9 ਐਮ.ਐਮ ਪਿਸਤੌਲਾਂ ਦੀਆਂ ਗੋਲੀਆਂ ਗਾਇਕ ਦੀ ਲਾਸ਼ ਤੇ ਘਟਨਾ ਸਥਾਨ ਤੋਂ ਮਿਲੀਆਂ ਗੋਲੀਆਂ ਨਾਲ ਮੇਲ ਖਾ ਗਈਆਂ ਸਨ ਜਦਕਿ ਹੋਰ ਮੁਲਜ਼ਮਾਂ ਵੱਲੋਂ ਵਰਤੇ ਗਏ .30 ਬੋਰ ਅਤੇ 9ਐਮ.ਐਮ ਪਿਸਤੌਲ ਦੀ ਬਰਾਮਦਗੀ ਬਾਕੀ ਹੈ। ਕੁੱਸਾ ਤੇ ਸ਼ੂਟਰ ਰੂਪਾ ਪਿਛਲੇ ਵਰ੍ਹੇ ਜੁਲਾਈ ਵਿਚ ਪੰਜਾਬ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ ਸਨ।

## ਚਿੱਟੇ ਕਾਰਨ ਕਬੱਡੀ ਖਿਡਾਰੀ ਦੀ ਮੌਤ

**ਬਰਨਾਲਾ:** ਧਨੌਲਾ ਵਾਸੀ ਨੌਜਵਾਨ ਕਬੱਡੀ ਖਿਡਾਰੀ ਚਿੱਟੇ ਦੀ ਭੇਟ ਚੜ੍ਹ ਗਿਆ। ਉਸ ਦੀ ਲਾਸ਼ ਪਿੰਡ ਸੰਘੇੜਾ ਦੇ ਸ਼ਮਸ਼ਾਨਘਾਟ ਵਿਚੋਂ ਮਿਲੀ। ਮ੍ਰਿਤਕ ਦੇ ਪਿਤਾ ਦੀਆਂ ਅੱਖਾਂ ਦੀ ਰੌਸ਼ਨੀ ਘੱਟ ਹੋਣ ਕਾਰਨ ਉਹ ਧਨੌਲਾ ਦੇ ਬੱਸ ਅੱਡੇ 'ਤੇ ਸਵਾਰੀਆਂ ਨੂੰ ਬੱਸ ਚੜ੍ਹਨ ਲਈ ਹੋਕਾ ਦਿੰਦਾ ਹੈ। ਮਿਲੀ ਜਾਣਕਾਰੀ ਅਨੁਸਾਰ 26 ਸਾਲਾ ਨੌਜਵਾਨ ਹਰਪ੍ਰੀਤ ਸਿੰਘ ਉਰਫ਼ ਹੈਪੀ ਕਬੱਡੀ ਦਾ ਵਧੀਆ ਖਿਡਾਰੀ ਸੀ ਅਤੇ ਸਾਲ 2016 'ਚ ਪੰਜਾਬ ਪੁਲਿਸ 'ਚ ਭਰਤੀ ਹੋ ਗਿਆ ਸੀ। ਹਰਪ੍ਰੀਤ ਨਸ਼ੇ ਦੀ ਦਲਦਲ 'ਚ ਅਜਿਹਾ ਫਸਿਆ ਕਿ ਗੈਰਹਾਜ਼ਰ ਹੋਣ ਕਾਰਨ ਨੌਕਰੀ ਤੋਂ ਹੱਥ ਧੋ ਬੈਠਾ। ਮ੍ਰਿਤਕ ਦੇ ਪਰਿਵਾਰ ਨੇ ਹਰਪ੍ਰੀਤ ਦਾ ਨਸ਼ਾ ਛੁਡਾਉਣ ਲਈ ਤਿੰਨ ਵਾਰ ਨਸ਼ਾ ਛਡਾਊ ਕੇਂਦਰ 'ਚ ਵੀ ਦਾਖਲ ਕਰਵਾਇਆ ਪਰ ਉਹ ਨਸ਼ੇ ਦੀ ਦਲਦਲ 'ਚੋਂ ਨਹੀਂ ਨਿਕਲ ਸਕਿਆ। ਪੁਲਿਸ ਦੇ ਪੜਤਾਲੀਆ ਅਧਿਕਾਰੀ ਸੇਵਾ ਸਿੰਘ ਨੇ ਦੱਸਿਆ ਕਿ ਪਰਿਵਾਰ ਦੇ ਬਿਆਨ 'ਤੇ 174 ਦੀ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਪਰਿਵਾਰ ਦੇ ਹਵਾਲੇ ਕਰ ਦਿੱਤੀ ਗਈ ਹੈ।

# ਸੱਜਣ ਕੁਮਾਰ ਖਿਲਾਫ ਧਾਰਾ 302 ਹਟਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਉਤੇ 1984 ਦੇ ਸਿੱਖ ਕਤਲੇਆਮ ਮਾਮਲੇ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਕੇਸ ਦੀ ਪੈਰਵੀ ਕਰਨ ਦੇ ਮਾਮਲੇ ਵਿਚ ਗੰਭੀਰਤਾ ਨਾ ਦਿਖਾਉਣ ਦੇ ਦੋਸ਼ ਲਾਏ ਹਨ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਸ 'ਚ ਕੇਂਦਰ ਦੇ ਗੰਭੀਰ ਨਾ ਹੋਣ ਕਾਰਨ ਸੱਜਣ ਕੁਮਾਰ ਖ਼ਿਲਾਫ਼ ਧਾਰਾ 302 ਹਟਾਈ ਗਈ ਹੈ।

ਸੁਖਬੀਰ ਬਾਦਲ ਇੱਥੇ ਜਥੇਬੰਦੀ ਦੀ ਸ਼ਹਿਰੀ ਇਕਾਈ ਦੇ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ ਦੀ ਮਾਤਾ ਨਮਿਤ ਭੋਗ ਵਿਚ ਸ਼ਾਮਲ ਹੋਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 302 ਹਟਾਏ ਜਾਣਾ ਸਰਕਾਰੀ ਧਿਰ ਦੀ ਜ਼ਿੰਮੇਵਾਰੀ ਬਣਦੀ ਹੈ। ਸੁਖਬੀਰ ਨੇ ਕਿਹਾ ਕਿ ਦਿੱਲੀ ਅਦਾਲਤ ਨੇ ਕਤਲ ਨਾਲ ਸਬੰਧਤ ਇਹ ਧਾਰਾ ਰੱਦ ਕਰਕੇ ਸਿੱਖਾਂ ਦੇ ਜ਼ਖ਼ਮਾਂ ਨੂੰ ਮੁੜ ਹਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਰੀ ਦੁਨੀਆ ਜਾਣਦੀ ਹੈ ਕਿ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੇ ਅਨੇਕਾਂ ਹੋਰ ਕਾਂਗਰਸੀ ਆਗੂਆਂ ਦੇ ਹੱਥ ਨਿਰਦੋਸ਼ ਸਿੱਖਾਂ ਦੇ ਖ਼ੂਨ ਨਾਲ ਲਿਬੜੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਉਦੋਂ ਤੱਕ ਇਸ ਬੇਇਨਸਾਫ਼ੀ ਖ਼ਿਲਾਫ਼ ਲੜਾਈ ਜਾਰੀ ਰੱਖੇਗਾ ਜਦੋਂ ਤੱਕ ਸਿੱਖ ਕਤਲੇਆਮ ਦੇ ਸਾਰੇ ਦੋਸ਼ੀ ਫਾਂਸੀ ਨਹੀਂ ਚੜ੍ਹਾਏ ਜਾਂਦੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਇਸ ਕਾਰਵਾਈ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 38 ਸਾਲਾਂ ਤੋਂ ਇਨਸਾਫ਼ ਦੀ ਮੰਗ ਕਰ ਰਹੇ ਪੀੜਤਾਂ ਨੂੰ ਇਸ ਫੈਸਲੇ ਨਾਲ ਮਾਨਸਿਕ ਤੌਰ 'ਤੇ ਸੱਟ ਵੱਜੀ ਹੈ।

# ਕੌਮੀ ਫਿਲਮ ਪੁਰਸਕਾਰ: 'ਸਰਦਾਰ ਊਧਮ' ਬਣੀ ਸਰਵੋਤਮ ਹਿੰਦੀ ਫਿਲਮ

**ਨਵੀਂ ਦਿੱਲੀ:** ਸਾਲ 2021 ਲਈ ਦਿੱਤੇ ਜਾਣ ਵਾਲੇ ਕੌਮੀ ਫਿਲਮ ਪੁਰਸਕਾਰਾਂ ਵਿਚ ਸੁਜੀਤ ਸਰਕਾਰ ਦੀ ਬਾਇਓਪਿਕ 'ਸਰਦਾਰ ਊਧਮ' ਨੂੰ ਸਰਵੋਤਮ ਹਿੰਦੀ ਫਿਲਮ ਐਲਾਨਿਆ ਗਿਆ ਹੈ। ਵਿੱਕੀ ਕੌਸ਼ਲ ਦੀ ਅਦਾਕਾਰੀ ਵਾਲੀ ਇਸ ਫਿਲਮ ਨੇ ਬੈਸਟ ਸਿਨੇਮਾਟੋਗ੍ਰਾਫੀ, ਸਰਵੋਤਮ ਪ੍ਰੋਡਕਸ਼ਨ ਡਿਜ਼ਾਈਨ ਤੇ ਕੌਸਟਿਊਮ ਡਿਜ਼ਾਈਨ ਵਰਗ ਵਿਚ ਵੀ ਪੁਰਸਕਾਰ ਜਿੱਤੇ।

ਬੌਲੀਵੁੱਡ ਅਦਾਕਾਰਾਂ ਆਲੀਆ ਭੱਟ ਤੇ ਕ੍ਰਿਤੀ ਸੈਨਨ ਨੂੰ ਕ੍ਰਮਵਾਰ ਫਿਲਮ 'ਗੰਗੂਬਾਈ ਕਾਠੀਆਵਾੜੀ' ਤੇ 'ਮਿਮੀ' ਵਿਚ ਨਿਭਾਏ ਕਿਰਦਾਰਾਂ ਲਈ ਬਿਹਤਰੀਨ ਅਦਾਕਾਰਾ ਦਾ ਪੁਰਸਕਾਰ ਦਿੱਤਾ ਗਿਆ ਹੈ। ਦੱਖਣ ਦੇ ਸਟਾਰ ਅੱਲੂ ਅਰਜੁਨ ਨੂੰ ਤੈਲਗੂ ਬਲਾਕਬਸਟਰ 'ਪੁਸ਼ਪਾ: ਦਿ ਰਾਈਜ਼ (ਪਾਰਟ-1) ਲਈ ਬੈਸਟ ਐਕਟਰ ਦੇ ਐਵਾਰਡ ਲਈ ਚੁਣਿਆ ਗਿਆ। ਬੈਸਟ ਨਿਰਦੇਸ਼ਕ ਦਾ ਕੌਮੀ ਫਿਲਮ ਪੁਰਸਕਾਰ ਮਰਾਠੀ ਫਿਲਮ 'ਗੋਦਾਵਰੀ' ਲਈ ਨਿਖਿਲ ਮਹਾਜਨ ਦੀ ਝੋਲੀ ਪਿਆ। ਹਿੰਦੀ ਫਿਲਮ 'ਰਾਕੇਟਰੀ: ਦਿ ਨਾਂਬੀ ਇਫੈਕਟ' ਨੂੰ ਸਰਵੋਤਮ ਫੀਚਰ ਫਿਲਮ ਐਲਾਨਿਆ ਗਿਆ ਹੈ। ਫਿਲਮਸਾਜ਼ ਕੇਤਨ ਮਹਿਤਾ ਦੀ ਅਗਵਾਈ ਵਾਲੀ 11 ਮੈਂਬਰੀ ਜਿਊਰੀ ਨੇ ਕੀਤਾ।



ਹੋਰਨਾਂ ਵਰਗਾਂ ਵਿਚ ਪੰਕਜ ਤ੍ਰਿਪਾਠੀ ਨੂੰ ਫਿਲਮ 'ਮਿਮੀ' ਤੇ ਪੱਲਵੀ ਜੋਸ਼ੀ ਨੂੰ ਫਿਲਮ 'ਦਿ ਕਸ਼ਮੀਰ ਫਾਈਲਜ਼' ਲਈ ਕ੍ਰਮਵਾਰ ਸਰਵੋਤਮ ਸਹਾਇਕ ਅਦਾਕਾਰ ਤੇ ਅਦਾਕਾਰਾ ਦੇ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ। ਤ੍ਰਿਪਾਠੀ ਨੇ ਐਵਾਰਡ ਆਪਣੇ ਪਿਤਾ ਨੂੰ ਸਮਰਪਿਤ ਕੀਤਾ, ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ। 'ਦਿ ਕਸ਼ਮੀਰ ਫਾਈਲਜ਼' ਦੇ ਨਿਰਦੇਸ਼ਕ ਵਿਵੇਕ ਰੰਜਨ ਅਗਨੀਹੋਤਰੀ ਨੇ ਨੈਸ਼ਨਲ ਇੰਟੀਗ੍ਰੇਸ਼ਨ ਬਾਰੇ ਸਰਵੋਤਮ ਫਿਲਮ ਲਈ ਨਰਗਿਸ ਦੱਤ ਐਵਾਰਡ ਜਿੱਤਿਆ। ਫਿਲਮ 'ਆਰ.ਆਰ.ਆਰ' ਨੇ ਛੇ ਪੁਰਸਕਾਰ ਜਿੱਤੇ। ਫਿਲਮ ਦੇ ਸੰਗੀਤ ਨਿਰਦੇਸ਼ਕ ਐਮ.ਐਮ.ਕੀਰਾਵਾਨੀ ਨੇ ਫਿਲਮ 'ਪੁਸ਼ਪਾ' ਦੇ ਸੰਗੀਤ ਨਿਰਦੇਸ਼ਕ ਦੇਵੀ ਪ੍ਰਸ਼ਾਦ ਨਾਲ ਐਵਾਰਡ ਸਾਂਝਾ ਕੀਤਾ। ਐੱਸ.ਐੱਸ.ਰਾਜਾਮੌਲੀ ਵੱਲੋਂ ਨਿਰਦੇਸ਼ਿਤ ਫਿਲਮ ਨੇ ਸਰਵੋਤਮ ਪਾਪੂਲਰ ਫਿਲਮ (ਐਂਟਰਟੇਨਮੈਂਟ), ਸਰਵੋਤਮ ਪੁਰਸ਼ ਪਿੱਠਵਰਤੀ ਗਾਇਕ ਕਾਲਭੈਰਵਾ, ਬੈਸਟ ਸਪੈਸ਼ਲ ਇਫੈਕਟਸ, ਬੈਸਟ ਐਕਸ਼ਨ ਡਾਇਰੈਕਟਰ ਤੇ ਬੈਸਟ ਕੋਰੀਓਗ੍ਰਾਫੀ ਸ਼੍ਰੇਣੀ ਵਿਚ ਵੀ ਪੁਰਸਕਾਰ ਜਿੱਤੇ। ਸ਼੍ਰੇਆ ਘੋਸ਼ਾਲ ਨੇ ਫਿਲਮ 'ਇਰਾਵਿਨ ਨਿਜ਼ਾਲ' ਦੇ ਗੀਤ 'ਮਾਇਆਵਾ ਛਾਇਆਵਾ' ਲਈ ਬਿਹਤਰੀਨ ਮਹਿਲਾ ਪਿੱਠਵਰਤੀ ਗਾਇਕ ਦਾ ਐਵਾਰਡ ਜਿੱਤਿਆ। ਮੂਲ ਪਟਕਥਾ ਦਾ ਪੁਰਸਕਾਰ ਮਲਿਆਲਮ ਫਿਲਮ 'ਨਾਯਾਟੂ' ਤੇ ਇਸ ਦੇ ਲੇਖਕ ਸ਼ਾਹੀ ਕਬੀਰ ਨੂੰ ਮਿਲਿਆ।

# ਖਾਦਾਂ ਦੀ ਵੰਡ ਵਿਚ 'ਘਾਲਾਮਾਲਾ' ਕਰ ਗਿਆ ਖੇਤੀਬਾੜੀ ਮਹਿਕਮਾ

**ਚੰਡੀਗੜ੍ਹ:** ਖੇਤੀਬਾੜੀ ਮਹਿਕਮੇ ਦੀ ਅਣਗਹਿਲੀ ਕਰਕੇ ਪ੍ਰਾਈਵੇਟ ਡੀਲਰਾਂ ਨੇ ਖਾਦ ਦੇ ਭੰਡਾਰ ਜਮ੍ਹਾਂ ਕਰ ਲਏ ਹਨ ਤੇ ਸਹਿਕਾਰੀ ਸਭਾਵਾਂ ਦੇ ਹੱਥ ਖਾਲੀ ਰਹਿ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਾਰ ਖੇਤੀ ਮਹਿਕਮੇ ਨੇ ਹਾੜੀ ਦੀ ਫਸਲ ਲਈ ਖਾਦਾਂ ਦੀ ਵੰਡ ਦੇ ਫਾਰਮੂਲੇ ਵਾਲਾ ਪੱਤਰ ਹੀ ਜਾਰੀ ਨਹੀਂ ਕੀਤਾ, ਜਿਸ ਕਰਕੇ ਡੀ.ਏ.ਪੀ. ਖਾਦ ਦੀ ਜੁਲਾਈ-ਅਗਸਤ ਮਹੀਨੇ 'ਚ ਹੋਈ ਸਪਲਾਈ ਦਾ 90 ਫੀਸਦ ਹਿੱਸਾ ਪ੍ਰਾਈਵੇਟ ਡੀਲਰਾਂ ਨੂੰ ਦੇ ਦਿੱਤਾ ਗਿਆ ਹੈ।

ਚੇਤੇ ਰਹੇ ਕਿ ਖਰੀਫ਼ ਸੀਜ਼ਨ ਵਿਚ ਸਪਲਾਈ ਹੋਈ ਖਾਦ 'ਚੋਂ 60 ਫ਼ੀਸਦ ਹਿੱਸਾ ਸਹਿਕਾਰੀ ਸਭਾਵਾਂ ਨੂੰ ਤੇ 40 ਫੀਸਦ ਪ੍ਰਾਈਵੇਟ ਡੀਲਰਾਂ ਨੂੰ ਦਿੱਤਾ ਗਿਆ ਸੀ। ਹੁਣ ਜੁਲਾਈ-ਅਗਸਤ ਮਹੀਨਿਆਂ ਦੌਰਾਨ ਪੰਜਾਬ ਵਿਚ 1.30 ਲੱਖ ਮੀਟਰਿਕ ਟਨ ਡੀ.ਏ.ਪੀ. ਖਾਦ ਪੁੱਜੀ ਹੈ, ਜਿਸ 'ਚੋਂ 1.20 ਲੱਖ ਮੀਟਰਿਕ ਟਨ ਖਾਦ ਪ੍ਰਾਈਵੇਟ ਡੀਲਰਾਂ ਨੂੰ ਦੇ ਦਿੱਤੀ ਗਈ ਹੈ ਤੇ ਸਿਰਫ 10 ਲੱਖ ਮੀਟਰਿਕ ਟਨ ਖਾਦ ਹੀ ਸਹਿਕਾਰੀ




ਸਭਾਵਾਂ ਦੇ ਹਿੱਸੇ ਆਈ ਹੈ। ਇਹ ਮਾਮਲਾ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਆਉਣ ਮਗਰੋਂ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਖੇਤੀ ਮਹਿਕਮੇ ਦੀ ਖਿਚਾਈ ਕੀਤੀ, ਜਿਸ ਮਗਰੋਂ ਖੇਤੀ ਮਹਿਕਮੇ ਨੇ ਤੁਰਤ 2023-24 ਲਈ ਖਾਦ ਦੀ ਸਪਲਾਈ ਦਾ ਫ਼ਾਰਮੂਲਾ ਤੈਅ ਕਰ ਕੇ ਪੱਤਰ ਜਾਰੀ ਕਰ ਦਿੱਤਾ ਮੁਢਲੇ ਪੜਾਅ 'ਤੇ ਇਹ ਮਾਮਲਾ ਪੰਜਾਬ ਵਿਧਾਨ ਸਭਾ ਦੀ ਸਹਿਕਾਰਤਾ ਬਾਰੇ ਬਣੀ ਕਮੇਟੀ ਦੇ ਧਿਆਨ ਵਿਚ ਆਇਆ ਸੀ, ਜਿਸ ਦੀ ਮੀਟਿੰਗ ਬੀਤੀ 22 ਅਗਸਤ ਨੂੰ ਚੇਅਰਮੈਨ ਗੁਰਪ੍ਰੀਤ ਸਿੰਘ ਵਣਾਂਵਾਲਾ ਦੀ ਪ੍ਰਧਾਨਗੀ ਹੇਠ ਹੋਈ ਸੀ। ਸੂਤਰਾਂ ਅਨੁਸਾਰ ਮੀਟਿੰਗ ਵਿਚ ਮਾਰਕਫੈੱਡ ਨੇ ਕਮੇਟੀ ਕੋਲ ਖੁਲਾਸਾ ਕੀਤਾ ਸੀ ਕਿ ਖੇਤੀ ਮਹਿਕਮੇ ਵੱਲੋਂ ਪੱਤਰ ਜਾਰੀ ਨਾ ਹੋਣ ਕਰਕੇ ਖਾਦ ਦਾ ਵੱਡਾ ਹਿੱਸਾ ਪ੍ਰਾਈਵੇਟ ਡੀਲਰਾਂ ਕੋਲ ਚਲਾ ਗਿਆ ਹੈ। ਇਸ ਦੌਰਾਨ ਪੰਜਾਬ ਰਾਜ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਬਹਾਦਰ ਸਿੰਘ ਦਾ ਕਹਿਣਾ ਹੈ ਕਿ ਖੇਤੀ ਮਹਿਕਮੇ ਦੀ ਅਣਗਹਿਲੀ ਕਾਰਨ ਪ੍ਰਾਈਵੇਟ ਡੀਲਰ ਖੁੱਲ੍ਹ ਕੇ ਕਿਸਾਨਾਂ ਦੀ ਲੁੱਟ ਕਰਨਗੇ। ਉਨ੍ਹਾਂ ਕਿਹਾ ਕਿ ਖਾਦ ਸਪਲਾਈ ਦੀ ਵੰਡ ਨੂੰ ਲੈ ਕੇ ਅਗੇਤਾ ਪੱਤਰ ਜਾਰੀ ਹੋਣਾ ਚਾਹੀਦਾ ਸੀ।

## ਖਾਦਾਂ ਦੀ ਵੰਡ ਅਨੁਪਾਤ ਅਨੁਸਾਰ ਕਰਾਉਣ ਲਈ ਪੱਤਰ ਜਾਰੀ

**ਚੰਡੀਗੜ੍ਹ:** ਮੁੱਖ ਸਕੱਤਰ ਅਨੁਰਾਗ ਵਰਮਾ ਨੇ ਕਿਹਾ ਕਿ ਖਾਦਾਂ ਦੀ ਵੰਡ 60:40 ਦੇ ਅਨੁਪਾਤ ਵਿਚ ਕਰਾਉਣ ਲਈ ਪੱਤਰ ਜਾਰੀ ਕੀਤਾ ਗਿਆ ਹੈ ਤੇ ਹੁਣ ਜੋ ਹੋਰ ਖਾਦ ਆਵੇਗੀ, ਉਸ ਵਿਚ ਇਹ ਅਸਾਵਾਂਪਣ ਦੂਰ ਕਰ ਦਿੱਤਾ ਜਾਵੇਗਾ ਤਾਂ ਜੋ ਸਹਿਕਾਰੀ ਸਭਾਵਾਂ ਨੂੰ ਬਣਦਾ ਅਨੁਪਾਤ ਮਿਲ ਸਕੇ। ਖੇਤੀ ਮਹਿਕਮੇ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਅਸਲ ਵਿਚ ਮਾਰਕਫੈੱਡ ਨੇ ਹੀ ਖਾਦ ਲੈਣ ਤੋਂ ਨਾਂਹ ਕਰ ਦਿੱਤੀ ਸੀ ਤੇ ਹੁਣ ਆਪਣੀ ਨਾਲਾਇਕੀ ਛੁਪਾਉਣ ਲਈ ਇਹ ਦੋਸ਼ ਲਗਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਰਕਫੈੱਡ ਵੱਲੋਂ ਖਾਦਾਂ ਦੀ ਐਲੋਕੇਸ਼ਨ ਵਾਸਤੇ ਪੱਤਰ ਜਾਰੀ ਕਰਨ ਲਈ ਕਹਿਣ ਮਗਰੋਂ ਹੀ ਉਕਤ ਪੱਤਰ ਜਾਰੀ ਕੀਤਾ ਜਾਂਦਾ ਹੈ ਤੇ ਇਸ ਵਾਰ ਮਾਰਕਫੈੱਡ ਨੇ ਇਹ ਪੱਤਰ ਜਾਰੀ ਕਰਨ ਲਈ ਕਿਹਾ ਹੀ ਨਹੀਂ ਸੀ।

# ਦਿੱਲੀ ਮੈਟਰੋ ਸਟੇਸ਼ਨਾਂ ਦੀਆਂ ਕੰਧਾਂ 'ਤੇ ਲਿਖੇ ਖਾਲਿਸਤਾਨ ਪੱਖੀ ਨਾਅਰੇ

**ਨਵੀਂ ਦਿੱਲੀ:** ਜੀ-20 ਸਿਖਰ ਸੰਮੇਲਨ ਤੋਂ ਪਹਿਲਾਂ ਕੌਮੀ ਰਾਜਧਾਨੀ ਦੇ ਪੰਜ ਮੈਟਰੋ ਸਟੇਸ਼ਨਾਂ ਦੀਆਂ ਕੰਧਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਮਿਲੇ। ਕਾਲੇ ਰੰਗ ਨਾਲ ਲਿਖੇ ਇਨ੍ਹਾਂ ਨਾਅਰਿਆਂ ਨੂੰ ਦਿੱਲੀ ਪੁਲਿਸ ਨੇ ਆਪਣੇ ਮੁਲਾਜ਼ਮਾਂ ਰਾਹੀਂ ਉਨ੍ਹਾਂ ਨੂੰ ਮਿਟਾ ਦਿੱਤਾ ਅਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

ਪੁਲਿਸ ਵੱਲੋਂ ਮੈਟਰੋ ਸਟੇਸ਼ਨਾਂ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਨਾਅਰੇ ਲਿਖਣ ਵਾਲਿਆਂ ਦੀ ਪਛਾਣ ਕੀਤੀ ਜਾ ਰਹੀ ਹੈ। ਇਨ੍ਹਾਂ ਨਾਅਰਿਆਂ ਪਿੱਛੇ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦਾ ਹੱਥ ਮੰਨਿਆ ਜਾ ਰਿਹਾ ਹੈ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਨਾਅਰਿਆਂ 'ਚ 'ਭਾਰਤ ਵੱਲੋਂ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ', 'ਖਾਲਿਸਤਾਨ ਰੈਫਰੰਡਮ ਜ਼ਿੰਦਾਬਾਦ' ਅਤੇ 'ਦਿੱਲੀ ਬਣੇਗਾ ਖਾਲਿਸਤਾਨ' ਆਦਿ ਲਿਖਿਆ ਗਿਆ ਸੀ। ਪੁਲਿਸ ਸੂਤਰਾਂ ਨੇ ਦੱਸਿਆ ਕਿ ਸ਼ਿਵਾਜੀ ਪਾਰਕ, ਮਾਦੀਪੁਰ, ਪੱਛਮ ਵਿਹਾਰ, ਉਦਯੋਗ ਨਗਰ ਅਤੇ ਮਹਾਰਾਜਾ ਸੂਰਜਮਲ ਸਟੇਡੀਅਮ ਮੈਟਰੋ ਸਟੇਸ਼ਨਾਂ ਅਤੇ ਨਾਂਗਲੋਈ 'ਚ ਸਰਕਾਰੀ ਸਰਵੋਦਿਆ ਬਾਲ ਵਿਦਿਆਲਿਆ ਦੀਆਂ ਕੰਧਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ।

ਅਧਿਕਾਰੀ ਨੇ ਕਿਹਾ ਕਿ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਦੀ ਪਛਾਣ ਲਈ ਮੈਟਰੋ ਸਟੇਸ਼ਨਾਂ ਨੇੜਲੇ ਇਲਾਕਿਆਂ 'ਚ ਲੱਗੇ



ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਬਾਅਦ 'ਚ ਸਿੱਖਸ ਫਾਰ ਜਸਟਿਸ ਨੇ ਇਕ ਵੀਡੀਓ ਜਾਰੀ ਕੀਤੀ ਜਿਸ ਵਿਚ ਮੈਟਰੋ ਸਟੇਸ਼ਨਾਂ ਦੀਆਂ ਕੰਧਾਂ 'ਤੇ ਲਿਖੇ ਗਏ ਨਾਅਰਿਆਂ ਨੂੰ ਦਿਖਾਇਆ ਗਿਆ। ਐਸ.ਐਫ.ਜੇ. ਦੇ ਤਰਜਮਾਨ ਗੁਰਪਤਵੰਤ ਸਿੰਘ ਪੰਨੂ ਨੇ ਇਕ ਵੀਡੀਓ 'ਚ ਕਿਹਾ,"ਜੀ-20 ਮੁਲਕਾਂ ਦੇ ਮੁਖੀ ਜਦੋਂ ਤੁਸੀਂ 10 ਸਤੰਬਰ ਨੂੰ ਦਿੱਲੀ 'ਚ ਮਿਲ ਰਹੇ ਹੋਵੋਗੇ ਤਾਂ ਅਸੀਂ ਕੈਨੇਡਾ 'ਚ ਖਾਲਿਸਤਾਨ ਰੈਫਰੈਂਡਮ ਕਰਵਾ ਰਹੇ ਹੋਵਾਂਗੇ।" ਪੁਲਿਸ ਨੇ ਕਿਹਾ ਕਿ ਉਨ੍ਹਾਂ ਵੀਡੀਓ ਦਾ ਨੋਟਿਸ ਲਿਆ ਹੈ ਅਤੇ ਸਾਰੇ ਮੈਟਰੋ ਸਟੇਸ਼ਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਬੁਲਾਰੇ ਨੇ ਕਿਹਾ,''ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਸੰਮੇਲਨ ਤੋਂ ਪਹਿਲਾਂ ਸੁਰੱਖਿਆ ਪ੍ਰਬੰਧਾਂ ਨਾਲ ਛੇੜਛਾੜ ਕਰਨ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਦਾ ਦੇਹਾਂਤ

**ਅੰਮ੍ਰਿਤਸਰ:** ਦਰਬਾਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ (64) ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਦੇਹਾਂਤ 'ਤੇ ਅਕਾਲ ਤਖ਼ਤ ਦੇ ਜਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਧਾਰਮਿਕ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਾਣਕਾਰੀ ਅਨੁਸਾਰ ਗਿਆਨੀ ਜਗਤਾਰ ਸਿੰਘ ਨੂੰ ਦਿਲ ਦਾ ਦੌਰਾ ਪਿਆ, ਜੋ ਜਾਨਲੇਵਾ ਸਾਬਤ ਹੋਇਆ। ਉਹ ਪਿਛਲੇ ਸਾਲ ਨਵੰਬਰ 'ਚ ਦਰਬਾਰ ਸਾਹਿਬ 'ਚੋਂ ਮੁੱਖ ਗ੍ਰੰਥੀ ਵਜੋਂ ਸੇਵਾਮੁਕਤ ਹੋਏ ਸਨ।

# ਵਿਰੋਧੀ ਧਿਰ ਨੇ ਪੰਜਾਬ ਵਿਚ ਮਾੜੀ ਸਿਹਤ ਪ੍ਰਣਾਲੀ ਦਾ ਮੁੱਦਾ ਚੁੱਕਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਨੂੰ ਸੂਬੇ ਵਿਚ ਹੋਰ ਆਮ ਆਦਮੀ ਕਲੀਨਿਕ ਖੋਲ੍ਹਣ ਦੀ ਬਜਾਏ ਮੌਜੂਦਾ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਪੂਰਾ ਧਿਆਨ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ 'ਚ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਇਆ ਸੀ, ਜਿਸ 'ਚ ਡਾਕਟਰਾਂ ਜਾਂ ਹੋਰ ਮੈਡੀਕਲ ਸਟਾਫ ਦੀ ਮਦਦ ਤੋਂ ਬਿਨਾਂ ਆਮ ਆਦਮੀ ਕਲੀਨਿਕ 'ਚ ਇਕ ਔਰਤ ਦਾ ਜਣੇਪਾ ਦਿਖਾਇਆ ਗਿਆ ਸੀ। ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਵਿਚ ਮੋਰਿੰਡਾ ਹਸਪਤਾਲ 'ਚ ਬਿਜਲੀ ਨਾ ਹੋਣ ਕਾਰਨ ਮੋਮਬੱਤੀ ਦੀ ਰੋਸ਼ਨੀ ਦੀ ਮਦਦ ਨਾਲ ਇਕ ਬੱਚੇ ਨੂੰ ਜਨਮ ਦਿੱਤਾ ਗਿਆ। ਸ੍ਰੀ ਬਾਜਵਾ ਨੇ ਕਿਹਾ ਕਿ ਦੋਵਾਂ ਮਾਮਲਿਆਂ ਵਿਚ ਪੀੜਤ ਪਰਿਵਾਰ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸਬੰਧਤ ਹਨ। ਅਜਿਹੀਆਂ ਭਿਆਨਕ ਘਟਨਾਵਾਂ ਸਾਬਤ ਕਰਦੀਆਂ ਹਨ ਕਿ 'ਆਪ' ਸਰਕਾਰ ਗਰੀਬ ਲੋਕਾਂ ਨਾਲ ਸਬੰਧਤ ਲੋਕਾਂ ਦੀਆਂ ਮੁਸ਼ਕਲਾਂ



ਪ੍ਰਤੀ ਗ਼ੈਰ-ਸੰਵੇਦਨਸ਼ੀਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਹਾਲ ਹੀ 'ਚ ਆਏ ਹੜ੍ਹਾਂ ਤੋਂ ਬਾਅਦ ਹੜ੍ਹ ਪੀੜਤ 'ਆਪ' ਸਰਕਾਰ ਦੇ ਬਹੁਚਰਚਿਤ ਮੁਹੱਲਾ ਕਲੀਨਿਕ ਅਤੇ ਆਮ ਆਦਮੀ ਕਲੀਨਿਕ ਪ੍ਰੋਗਰਾਮਾਂ ਤਹਿਤ ਮੈਡੀਕਲ ਸਹੂਲਤਾਂ ਤੋਂ ਵਾਂਝੇ ਰਹਿ ਗਏ ਹਨ। ਬਾਜਵਾ ਨੇ ਕਿਹਾ ਕਿ ਸਰਕਾਰ ਇਸ ਬਾਰੇ ਪੰਜਾਬ ਦੇ ਲੋਕਾਂ ਪ੍ਰਤੀ ਜਵਾਬਦੇਹ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਮਾਹਿਰ ਡਾਕਟਰਾਂ, ਨਰਸਾਂ ਅਤੇ ਪੈਰਾ ਮੈਡੀਕਲ ਸਟਾਫ਼ ਦੀ ਭਰਤੀ ਕਰਨ ਦੀ ਬਜਾਏ 'ਆਪ' ਸਰਕਾਰ ਸੂਬੇ ਵਿਚ ਦਿੱਲੀ ਦੇ ਖਰਾਬ ਸਿਹਤ ਮਾਡਲ ਨੂੰ ਦੁਹਰਾਉਣ 'ਤੇ ਤੁਲੀ ਹੋਈ ਹੈ। ਇਕ ਖ਼ਬਰ ਦਾ ਹਵਾਲਾ ਦਿੰਦਿਆਂ ਬਾਜਵਾ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ 125 ਹੋਰ ਆਮ ਆਦਮੀ ਕਲੀਨਿਕ ਸ਼ੁਰੂ ਕਰਨ ਜਾ ਰਹੀ ਹੈ, ਜਿਨ੍ਹਾਂ ਵਿਚੋਂ 85 ਫ਼ੀਸਦੀ ਸ਼ਹਿਰੀ ਖੇਤਰਾਂ ਵਿਚ ਸਥਾਪਤ ਕੀਤੇ ਜਾ ਰਹੇ ਹਨ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੱਸਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਦੀ ਸਰਕਾਰ ਆਉਣ ਵਾਲੇ ਆਮ ਆਦਮੀ ਕਲੀਨਿਕਾਂ ਲਈ ਹੋਰ ਸਟਾਫ ਦੀ ਭਰਤੀ ਕਰੇਗੀ ਜਾਂ ਪਹਿਲਾਂ ਦੀ ਤਰ੍ਹਾਂ ਉਨ੍ਹਾਂ ਦੀ ਸਰਕਾਰ ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਦੀਆਂ ਪੁਰਾਣੀਆਂ ਇਮਾਰਤਾਂ ਦਾ ਨਵੀਨੀਕਰਨ ਕਰੇਗੀ ਤਾਂ ਜੋ ਉਨ੍ਹਾਂ ਦਾ ਨਾਮ ਉਨ੍ਹਾਂ ਦੀ ਪਾਰਟੀ ਦੇ ਨਾਂ 'ਤੇ ਰੱਖਿਆ ਜਾ ਸਕੇ।

# ਹੈੱਡਮਾਸਟਰਾਂ ਦਾ ਇਕ ਹੋਰ ਬੈਚ ਵਿਸ਼ੇਸ਼ ਸਿਖਲਾਈ ਲਈ ਅਹਿਮਦਾਬਾਦ ਭੇਜਿਆ

**ਚੰਡੀਗੜ੍ਹ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ 50 ਹੈੱਡਮਾਸਟਰਾਂ ਦਾ ਦੂਜਾ ਬੈਚ ਵਿਸ਼ੇਸ਼ ਸਿਖਲਾਈ ਵਾਸਤੇ ਆਈ.ਆਈ.ਐਮ. ਅਹਿਮਦਾਬਾਦ ਲਈ ਰਵਾਨਾ ਕੀਤਾ। ਸਿੱਖਿਆ ਮੰਤਰੀ ਨੇ ਇਸ ਬੈਚ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸ੍ਰੀ ਬੈਂਸ ਨੇ ਦੱਸਿਆ ਕਿ ਦੇਸ਼ ਵਿਚ ਧਾਰਮਿਕ ਅਸਹਿਣਸ਼ੀਲਤਾ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਸੂਬੇ ਦੇ ਸਕੂਲਾਂ ਵਿਚ ਰੋਜ਼ਾਨਾ ਸਵੇਰ ਦੀ ਸਭਾ ਵਿਚ ਆਪਸੀ ਭਾਈਚਾਰੇ ਸਬੰਧੀ ਜਾਗਰੂਕ ਕਰਨ ਦੇ ਹੁਕਮ ਦਿੱਤੇ ਹਨ।

ਸਿੱਖਿਆ ਮੰਤਰੀ ਬੈਂਸ ਨੇ ਉੱਤਰ ਪ੍ਰਦੇਸ਼ ਦੇ ਇਕ ਨਿੱਜੀ ਸਕੂਲ ਵਿੱਚ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਅਤੇ ਹੋਰ ਸੰਚਾਰ ਸਾਧਨਾ ਦੇ ਪ੍ਰਭਾਵ ਕਾਰਨ ਬੱਚਿਆਂ ਵਿਚ ਧਾਰਮਿਕ ਅਸਹਿਣਸ਼ੀਲਤਾ ਰੋਕਣ ਲਈ ਪੰਜਾਬ ਰਾਜ ਦੇ ਸਕੂਲਾਂ ਵਿਚ ਸਵੇਰ ਦੀ ਸਭਾ ਦੌਰਾਨ ਵੱਖ-ਵੱਖ ਧਰਮਾਂ ਦੀ ਚੰਗੀਆਂ ਗੱਲਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦੇਣ ਲਈ ਜਾਗਰੂਕ ਕਰਨ ਦੇ ਹੁਕਮ ਦਿੱਤੇ ਗਏ ਹਨ।

# ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਖਾਕਾ ਤਿਆਰ

**ਪਟਿਆਲਾ:** 'ਆਪ' ਸਰਕਾਰ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਬਲੂ ਪ੍ਰਿੰਟ ਤਿਆਰ ਕਰ ਲਿਆ ਹੈ। ਇਹ ਜਾਣਕਾਰੀ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਮਨੋਰੋਗ ਵਿਭਾਗ ਦੇ ਮਾਡਲ ਨਸ਼ਾ ਮੁਕਤੀ ਕੇਂਦਰ ਦਾ ਦੌਰਾ ਕਰਨ ਮੌਕੇ ਦਿੱਤੀ। ਉਨ੍ਹਾਂ ਸੂਬੇ 'ਚ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਬਹੁਪੜਾਵੀ ਮੁਹਿੰਮ ਨੂੰ ਮੈਡੀਕਲ ਸਿੱਖਿਆ ਅਤੇ ਸਿਹਤ ਵਿਭਾਗਾਂ ਰਾਹੀਂ ਸਫਲ ਬਣਾਉਣ ਲਈ ਬਹੁਮੰਤਵੀ ਕਾਰਜ ਯੋਜਨਾ ਵੀ ਉਲੀਕੀ।


ਉਨ੍ਹਾਂ ਦੱਸਿਆ ਕਿ ਨਵੀਂ ਪਹੁੰਚ ਤਹਿਤ ਸੂਬੇ ਵਿਚ ਨਸ਼ਿਆਂ ਦੀ ਕਿਸਮ ਅਤੇ ਵਰਤੋਂ ਬਾਰੇ, ਸਕੂਲਾਂ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਦਾ ਸੈਂਪਲ ਸਰਵੇਖਣ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੀ ਸ਼ੁਰੂਆਤ ਪਟਿਆਲਾ ਤੋਂ ਕੀਤੀ ਜਾਵੇਗੀ। ਸਰਵੇਖਣ ਦੌਰਾਨ ਸ਼ਾਮਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਦਾ ਮੰਤਵ ਨਸ਼ੇ ਦੇ ਆਦੀ ਵਿਅਕਤੀਆਂ ਤੇ ਟੀਕੇ ਲਾਉਣ ਵਾਲਿਆਂ ਨੂੰ ਯੋਜਨਾਬੱਧ ਢੰਗ ਨਾਲ ਨਸ਼ਾ ਮੁਕਤੀ ਦੀਆਂ ਗੋਲੀਆਂ ਮੁਹੱਈਆ ਕਰਵਾ ਕੇ



ਉਨ੍ਹਾਂ ਨੂੰ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਮੁਕਤੀ ਦਿਵਾਉਂਦਿਆਂ ਤੰਦਰੁਸਤ ਬਣਾਉਣਾ ਹੈ। ਮੰਤਰੀ ਨੇ ਦੱਸਿਆ ਕਿ ਰਾਜਿੰਦਰਾ ਹਸਪਤਾਲ ਦੇ ਮਨੋਰੋਗ ਵਿਭਾਗ ਦੇ ਮਾਡਲ ਨਸ਼ਾ ਮੁਕਤੀ ਕੇਂਦਰ ਨੂੰ ਸੈਂਟਰ ਆਫ ਐਕਸੀਲੈਂਸ ਬਣਾ ਕੇ ਇਸ ਨੂੰ ਸਾਰੇ ਪੰਜਾਬ ਲਈ ਇਕ ਟ੍ਰੇਨਿੰਗ ਸੈਂਟਰ ਵਜੋਂ ਵੀ ਵਿਕਸਤ ਕੀਤਾ ਜਾਵੇਗਾ। ਇੱਥੇ ਔਰਤਾਂ ਤੇ ਬੱਚਿਆਂ ਲਈ ਵੀ ਨਸ਼ਾ ਮੁਕਤੀ ਦੇ ਵੱਖਰੇ ਵਾਰਡ ਹਨ। ਜਿਨ੍ਹਾਂ ਦੀ ਪੂਰੀ ਵਰਤੋਂ ਕਰ ਕੇ ਇਸ ਕੇਂਦਰ ਨੂੰ ਨਸ਼ਾ ਮੁਕਤੀ ਗਤੀਵਿਧੀਆਂ ਦੀ ਹੱਬ ਬਣਾਇਆ ਜਾਵੇਗਾ। ਡਾ. ਬਲਬੀਰ ਸਿੰਘ ਕਿਹਾ ਕਿ ਜਿੱਥੇ ਸਰਕਾਰ ਨਸ਼ਿਆਂ ਦੀ ਸਪਲਾਈ ਚੇਨ ਤੋੜਨ ਲਈ ਵਚਨਬੱਧ ਹੈ, ਉੱਥੇ ਹੀ ਨਸ਼ੇ ਦੇ ਆਦੀ ਨੌਜਵਾਨਾਂ ਦੇ ਮੁੜ ਵਸੇਬੇ ਲਈ ਨੌਕਰੀਆਂ ਦੇਣ ਸਮੇਤ ਉਨ੍ਹਾਂ ਨੂੰ ਹੁਨਰਮੰਦ ਬਣਾ ਕੇ ਸਵੈ-ਰੁਜ਼ਗਾਰ ਲਈ ਸਹਾਇਤਾ ਵੀ ਦਿੱਤੀ ਜਾਵੇਗੀ। ਜਿਹੜੀਆਂ ਮੁਹੱਲਾ ਕਮੇਟੀਆਂ ਤੇ ਪੰਚਾਇਤਾਂ ਨਸ਼ਾ ਮੁਕਤੀ ਲਈ ਸਰਕਾਰ ਦਾ ਸਾਥ ਦੇਣਗੀਆਂ, ਨੂੰ ਵਿਸ਼ੇਸ਼ ਗ੍ਰਾਂਟਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।

# ਪੰਜਾਬੀ ਲੇਖਕ ਦੇਸ ਰਾਜ ਕਾਲੀ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬੀ ਦਲਿਤ ਲੇਖਕ ਦੇਸ ਰਾਜ ਕਾਲੀ (52) ਦਾ ਦੇਹਾਂਤ ਹੋ ਗਿਆ। ਉਹ ਦੋ ਮਹੀਨੇ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਪੀ.ਜੀ.ਆਈ. ਚੰਡੀਗੜ੍ਹ ਵਿਚ ਆਖਰੀ ਸਾਹ ਲਏ। ਉਹ ਦਲਿਤ ਸਾਹਿਤ ਵਿਚ ਵੱਖਰੀ ਪਛਾਣ ਰੱਖਦੇ ਸਨ। ਜਲੰਧਰ ਦੇ ਮਿੱਠਾਪੁਰ ਦੇ ਰਹਿਣ ਵਾਲੇ ਦੇਸ ਰਾਜ ਕਾਲੀ ਨੂੰ ਪੱਤਰਕਾਰ, ਇਤਿਹਾਸਕਾਰ, ਸਮਾਜਿਕ ਤੇ ਸਿਆਸੀ ਟਿੱਪਣੀਕਾਰ ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਦੇ ਪਰਿਵਾਰ ਵਿਚ ਪਤਨੀ, ਇਕ ਪੁੱਤਰ ਤੇ ਦੋ ਧੀਆਂ ਹਨ। ਉਹ ਵੱਖ-ਵੱਖ ਪੰਜਾਬੀ 'ਤੇ ਹਿੰਦੀ ਅਖ਼ਬਾਰਾਂ 'ਚ ਬਤੌਰ ਪੱਤਰਕਾਰ ਕੰਮ ਕਰਦੇ ਰਹੇ। ਉਨ੍ਹਾਂ ਦੀ ਪਹਿਲੀ ਕਿਤਾਬ ਕੱਥਕਾਲੀ ਸੀ। ਇਸ ਤੋਂ ਇਲਾਵਾ ਤਸੀਹੇ ਕਦੇ ਬੁੱਢੇ ਨਹੀਂ ਹੁੰਦੇ, ਚਾਨਣ ਦੀ ਲੀਕ, ਫਕੀਰੀ, ਯਹਾਂ ਚਾਏ ਅੱਛੀ ਨਹੀਂ ਬਨਤੀ ਆਦਿ ਕਿਤਾਬਾਂ



ਲਿਖੀਆਂ। ਉਹ ਗ਼ਦਰੀ ਬਾਬਿਆਂ ਦੇ ਮੇਲੇ, ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸਰਗਰਮੀਆਂ, ਸਾਹਿਤਕ ਸਭਿਆਚਾਰਕ ਸੰਸਥਾ (ਫੁਲਕਾਰੀ) ਅਤੇ ਪਲਸ ਮੰਚ 'ਚ ਵੀ ਮੋਹਰੀ ਭੂਮਿਕਾ ਨਿਭਾਉਂਦੇ ਰਹੇ। ਇਸ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ, ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਡਾ. ਸੈਲੇਸ਼, ਮੰਗਤ ਰਾਮ ਪਾਸਲਾ, ਵਿਜੈ ਬੰਬੇਲੀ, ਕਵੀ ਹਰਮੀਤ ਵਿਦਿਆਰਥੀ ਅਤੇ ਹੋਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

# ਹਾੜ੍ਹੀ ਦੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦੀ ਸਿਫਾਰਸ਼

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਨੂੰ ਸਾਲ 2024-25 'ਚ ਹਾੜ੍ਹੀ ਸੀਜ਼ਨ 'ਚ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 3077 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਹਾਲਾਂਕਿ ਕੇਂਦਰ ਨੇ 2125 ਰੁਪਏ ਪ੍ਰਤੀ ਕੁਇੰਟਲ 'ਚ 7.1 ਫੀਸਦੀ ਦੇ ਵਾਧੇ ਨਾਲ 2275 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਤਜਵੀਜ਼ ਦਿੱਤੀ ਹੈ।

ਪੰਜਾਬ ਸਰਕਾਰ ਨੇ ਹਾੜ੍ਹੀ ਦੀਆਂ ਮੁੱਖ ਚਾਰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦੀ ਸਿਫਾਰਸ਼ ਕੀਤੀ ਹੈ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਦੇ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਵੱਲੋਂ ਹਾੜ੍ਹੀ ਦੀਆਂ ਮੁੱਖ ਚਾਰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਲਈ ਇਕ ਤਜਵੀਜ਼ ਤਿਆਰ ਕਰਨ ਮਗਰੋਂ ਇਸ ਸਬੰਧੀ ਪੰਜਾਬ ਸਰਕਾਰ ਤੋਂ ਸੁਝਾਅ ਮੰਗਿਆ ਗਿਆ ਸੀ। ਕਮਿਸ਼ਨ ਨੇ ਸਾਲ 2023-24 'ਚ ਜੌਂ ਦੀ ਐਮ.ਐਸ.ਪੀ. 1735 ਤੋਂ ਵਧਾ ਕੇ 2024-25 'ਚ 1850 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਤਜਵੀਜ਼ ਰੱਖੀ ਸੀ। ਪੰਜਾਬ ਸਰਕਾਰ ਨੇ ਇਹ ਮੁੱਲ 2333 ਰੁਪਏ ਪ੍ਰਤੀ ਕੁਇੰਟਲ ਕਰਨ ਦਾ



ਸੁਝਾਅ ਦਿੱਤਾ ਹੈ।

ਇਸੇ ਤਰ੍ਹਾਂ ਕੇਂਦਰੀ ਕਮਿਸ਼ਨ ਨੇ ਛੋਲਿਆਂ ਦਾ ਭਾਅ 2023-24 'ਚ 5335 ਰੁਪਏ ਪ੍ਰਤੀ ਕੁਇੰਟਲ ਦੇ ਮੁਕਾਬਲੇ ਸਾਲ 2024-25 'ਚ 5440 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਤਜਵੀਜ਼ ਦਿੱਤੀ ਹੈ, ਜਦਕਿ ਪੰਜਾਬ ਸਰਕਾਰ ਨੇ ਇਸ ਸਾਲ ਲਈ ਛੋਲਿਆਂ ਦੀ ਐਮ.ਐਸ.ਪੀ. 6518 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਸੁਝਾਅ ਦਿੱਤਾ ਹੈ। ਇਹ ਕੇਂਦਰ ਸਰਕਾਰ ਦੀ ਤਜਵੀਜ਼ ਨਾਲੋਂ 20 ਫੀਸਦੀ ਦੇ ਕਰੀਬ ਵਧ ਹੈ। ਇਸੇ ਤਰ੍ਹਾਂ ਕੇਂਦਰੀ ਕਮਿਸ਼ਨ ਨੇ ਸਰ੍ਹੋਂ ਦਾ ਭਾਅ ਸਾਲ 2023-24 'ਚ 5450 ਰੁਪਏ ਪ੍ਰਤੀ ਕੁਇੰਟਲ ਦੇ ਮੁਕਾਬਲੇ ਸਾਲ 2024-25 'ਚ 5650 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਤਜਵੀਜ਼ ਦਿੱਤੀ ਹੈ, ਜਦਕਿ ਪੰਜਾਬ ਸਰਕਾਰ ਨੇ ਸਰ੍ਹੋਂ ਦੀ ਐਮ.ਐਸ.ਪੀ. 10 ਫੀਸਦੀ ਵਾਧੇ ਨਾਲ 6199 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਸੁਝਾਅ ਦਿੱਤਾ ਹੈ। ਗੌਰਤਲਬ ਹੈ ਕਿ ਕਿਸਾਨਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਹਾੜ੍ਹੀ ਤੇ ਸਾਉਣੀ ਦੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ, ਪਰ ਕੇਂਦਰ ਸਰਕਾਰ ਵੱਲੋਂ ਇਸ ਮੰਗ ਨੂੰ ਕੋਈ ਤਵੱਜੋ ਨਹੀਂ ਦਿੱਤੀ ਗਈ।

ਕਿਸਾਨਾਂ ਦੀ ਮੰਗ ਦੇ ਬਾਵਜੂਦ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਵੱਲੋਂ ਹਾੜੀ ਦੀਆਂ ਫਸਲਾਂ 'ਚ ਨਿਗੂਣਾ ਵਾਧਾ ਕੀਤਾ ਹੈ, ਜਦਕਿ ਪੰਜਾਬ ਸਰਕਾਰ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਹੋਰ ਵਾਧਾ ਕਰਨ ਦਾ ਸੁਝਾਅ ਦਿੱਤਾ ਹੈ।

## ਮੁੱਖ ਮੰਤਰੀ ਵੱਲੋਂ ਸੂਬੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ 'ਚ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਦੇ ਕੰਮਕਾਜ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸਰਕਾਰ ਸੂਬੇ ਦੇ ਹਰੇਕ ਨਾਗਰਿਕ ਨੂੰ ਪੀਣ ਵਾਲਾ ਸਾਫ਼ ਪਾਣੀ ਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਏਗੀ। ਮੁੱਖ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਇਹ ਪ੍ਰੋਜੈਕਟ ਤੈਅ ਸਮੇਂ 'ਚ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਨ੍ਹਾਂ ਪ੍ਰੋਜੈਕਟਾਂ ਦਾ ਸਬੰਧਤ ਏਜੰਸੀ ਪਾਸੋਂ ਨਿਰੀਖਣ ਕਰਵਾਉਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਭਗਵੰਤ ਮਾਨ ਨੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਮਾਰਟ ਸਿਟੀ ਮਿਸ਼ਨ ਦਾ ਉਦੇਸ਼ ਸੂਬੇ ਦੇ ਲੋਕਾਂ ਨੂੰ ਆਹਲਾ ਦਰਜੇ ਦਾ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਅਤੇ ਸ਼ਹਿਰੀਆਂ ਨੂੰ ਚੰਗੇ ਜੀਵਨ ਲਈ ਸਹੂਲਤਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਕਿਸੇ ਵੀ ਕਿਸਮ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਭਗਵੰਤ ਮਾਨ ਵੱਲੋਂ 'ਸਰਫੇਸ ਸੀਡਰ' ਉਤੇ ਸਬਸਿਡੀ ਨੂੰ ਹਰੀ ਝੰਡੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਫਸਲਾਂ ਦੀ ਰਹਿੰਦ-ਖੂੰਹਦ ਦਾ ਪ੍ਰਬੰਧ ਬਿਹਤਰ ਢੰਗ ਨਾਲ ਕਰਨ ਲਈ ਵਾਤਾਵਰਨ ਪੱਖੀ 'ਸਰਫੇਸ ਸੀਡਰ' ਉੱਤੇ ਸਬਸਿਡੀ ਦੇਣ ਲਈ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀ ਇਸ ਤਕਨੀਕ ਨੂੰ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਸਕੀਮ (ਸੀ.ਆਰ.ਐਮ) ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਨਵੀਂ ਵਿਕਸਤ ਕੀਤੀ ਤਕਨੀਕ ਉੱਤੇ 50 ਫੀਸਦੀ ਸਬਸਿਡੀ ਦੇਣ ਦਾ ਐਲਾਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪਿੰਡ ਸਤੌਜ (ਸੰਗਰੂਰ) ਵਿਚ ਲਾਗੂ ਕੀਤੇ ਪਾਇਲਟ ਪ੍ਰੋਜੈਕਟ ਦੇ ਨਤੀਜਿਆਂ ਨੂੰ ਦੇਖਦੇ ਹੋਏ 'ਸਰਫੇਸ ਸੀਡਰ' ਦੀ ਤਕਨੀਕ ਫਸਲਾਂ ਦੀ ਰਹਿੰਦ-ਖੂੰਹਦ ਦਾ ਪ੍ਰਬੰਧ ਕਰਨ ਲਈ ਕਾਰਗਰ ਸਿੱਧ ਹੋਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ 80,000 ਰੁਪਏ ਦੀ ਕੀਮਤ ਵਾਲੀ ਇਸ ਮਸ਼ੀਨ ਉੱਤੇ 50 ਫੀਸਦੀ ਸਬਸਿਡੀ ਮਿਲੇਗੀ, ਜਿਸ ਨਾਲ ਕਿਸਾਨ ਨੂੰ ਇਸ ਮਸ਼ੀਨ ਲਈ 40,000 ਰੁਪਏ ਹੀ ਖ਼ਰਚ ਕਰਨੇ ਪੈਣਗੇ।

ਉਨ੍ਹਾਂ ਦੱਸਿਆ ਕਿ ਫਸਲਾਂ ਦੀ ਰਹਿੰਦ-ਖੂੰਹਦ ਦੇ ਨਿਪਟਾਰੇ ਲਈ 1,52,300 ਮਸ਼ੀਨਾਂ ਲਈ ਹੁਣ ਤੱਕ ਕੁੱਲ 65,421 ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੀਆਂ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ... ਹੁਣ ਸਰਪੰਚਾਂ ਦੇ ਮਾਣ ਭੱਤੇ ਦੀ ਯਾਦ ਆਈ !



**ਮੁਹਾਲੀ:** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਰਾਜ ਦੀਆਂ ਪੰਚਾਇਤਾਂ ਭੰਗ ਕਰਨ ਮਗਰੋਂ ਸਰਪੰਚਾਂ ਦੇ ਮਾਣ ਭੱਤੇ ਦੀ ਯਾਦ ਆਈ ਹੈ। ਪੰਜਾਬ ਸਰਕਾਰ ਵੱਲੋਂ ਸਰਪੰਚ ਨੂੰ 1200 ਪ੍ਰਤੀ ਮਹੀਨੇ ਦਾ ਮਾਣ ਭੱਤਾ ਦਿੱਤਾ ਜਾਂਦਾ ਸੀ, ਜੋ ਪਿਛਲੇ ਸੱਤ-ਅੱਠ ਸਾਲਾਂ ਤੋਂ ਬੰਦ ਹੈ।

ਹਰੇਕ ਸਰਪੰਚ ਦੇ ਮਾਣ ਭੱਤੇ ਦੀ ਪੰਜ ਸਾਲ ਦੀ ਰਾਸ਼ੀ 72 ਹਜ਼ਾਰ ਬਣਦੀ ਹੈ। ਪੰਜਾਬ ਵਿਚ 13,251 ਦੇ ਕਰੀਬ ਪੰਚਾਇਤਾਂ ਹਨ ਤੇ ਜਿਸ ਅਨੁਸਾਰ ਸੂਬੇ ਦੇ ਸਰਪੰਚਾਂ ਦੀ ਪੰਜ ਸਾਲਾਂ ਦਾ ਮਾਣ ਭੱਤਾ 95 ਕਰੋੜ, 33 ਲੱਖ, 52 ਹਜ਼ਾਰ ਬਣਦਾ ਹੈ, ਜੋ ਬਕਾਇਆ ਖੜ੍ਹੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪੰਚਾਇਤੀ ਰਾਜ ਦੇ ਕੰਟਰੋਲਰ (ਵਿੱਤ) ਵੱਲੋਂ 22 ਅਗਸਤ ਨੂੰ ਰਾਜ ਦੇ ਏ.ਡੀ.ਸੀ(ਡੀ) ਡੀ.ਡੀ.ਪੀ.ਓ, ਬੀ.ਡੀ.ਪੀ.ਓ. ਤੇ ਹੋਰਨਾਂ ਅਧਿਕਾਰੀਆਂ ਨੂੰ ਪੱਤਰ ਭੇਜ ਕੇ ਸਰਪੰਚਾਂ ਦੇ ਮਾਣ ਭੱਤੇ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਲਿਖਿਆ ਕਿ ਜਿਨ੍ਹਾਂ ਪੰਚਾਇਤਾਂ ਕੋਲ ਆਪਣੇ ਸਰੋਤਾਂ ਦੀ ਆਮਦਨ ਹੈ, ਉਸ 'ਚੋਂ ਸਰਪੰਚ ਤੇ ਅਧਿਕਾਰਿਤ ਪੰਚ ਆਪਣੇ ਮਾਣ ਭੱਤੇ ਹਾਸਲ ਕਰ ਸਕਦੇ ਹਨ। ਸਪੱਸ਼ਟ ਕੀਤਾ ਗਿਆ ਹੈ ਕਿ ਸੂਬਾ ਤੇ ਕੇਂਦਰ ਸਰਕਾਰ ਦੀ ਕਿਸੇ ਵੀ ਗਰਾਂਟ ਵਿਚੋਂ ਇਹ ਮਾਣ ਭੱਤਾ ਨਹੀਂ ਦਿੱਤਾ ਜਾ ਸਕਦਾ। ਜਿਨ੍ਹਾਂ ਪੰਚਾਇਤਾਂ ਕੋਲ ਆਪਣੀ ਆਮਦਨ ਦਾ ਕੋਈ ਸਰੋਤ ਨਹੀਂ ਹੈ, ਉਨ੍ਹਾਂ ਦੀ ਸੂਚੀ ਮੰਗੀ ਗਈ ਹੈ।

ਪੰਚਾਇਤਾਂ ਭੰਗ ਕਰਨ ਮਗਰੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਪੰਚਾਇਤ ਵਿਭਾਗ ਨੇ ਵਿਭਾਗ ਦੇ ਜੇ.ਈ, ਐਸ.ਈ.ਪੀ.ਓ, ਵੀਡੀਓ, ਗ੍ਰਾਮ ਸੇਵਕਾਂ ਨੂੰ ਸਰਪੰਚਾਂ ਦੀ ਥਾਂ ਪ੍ਰਬੰਧਕ ਨਿਯੁਕਤ ਕਰਨ ਦੀ ਕਾਰਵਾਈ ਮੁਕੰਮਲ ਕਰ ਲਈ ਹੈ। ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਨੇ ਪਿੰਡਾਂ ਵਿਚ ਨਿਯੁਕਤ ਕੀਤੇ ਪ੍ਰਬੰਧਕਾਂ ਨੂੰ ਗ੍ਰਾਮ ਪੰਚਾਇਤਾਂ ਦੀਆਂ ਤਾਕਤਾਂ ਦੀ ਵਰਤੋਂ ਕਰਨ ਦੇ ਅਧਿਕਾਰ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

# ਬਠਿੰਡਾ ਹਵਾਈ ਅੱਡੇ ਤੋਂ ਅਗਲੇ ਮਹੀਨੇ ਉਡਾਨਾਂ ਦੀ ਆਸ ਬੱਝੀ

**ਬਠਿੰਡਾ:** ਬਠਿੰਡਾ ਦੇ ਸਿਵਲ ਏਅਰ ਪੋਰਟ 'ਤੇ ਤਿੰਨ ਸਾਲ ਦੇ ਵਕਫ਼ੇ ਮਗਰੋਂ ਰੌਣਕ ਪਰਤਣ ਦੀ ਆਸ ਬੱਝ ਗਈ ਹੈ। ਜਾਣਕਾਰੀ ਅਨੁਸਾਰ ਬਠਿੰਡਾ ਹਵਾਈ ਅੱਡੇ 'ਤੇ ਉਡਾਣਾਂ ਲਈ ਅਲਾਇੰਸ ਏਅਰ (ਏ.ਏ) ਤੇ ਬਿੱਗ ਫਲਾਈ ਚਾਰਟਰ ਨੇ ਹਾਮੀ ਭਰ ਦਿੱਤੀ ਹੈ। ਬਿੱਗ ਫਲਾਈ ਚਾਰਟਰ ਏਅਰ ਕੰਪਨੀ ਦੀ ਟੀਮ ਬਠਿੰਡਾ ਏਅਰ ਪੋਰਟ ਉਤੇ ਪੁੱਜ ਗਈ ਹੈ। ਏਅਰ ਕੰਪਨੀ ਦੇ ਅਧਿਕਾਰੀ ਸੌਰਭ ਕੌਸ਼ਿਕ ਨੇ ਦੱਸਿਆ ਸਤੰਬਰ ਮਹੀਨੇ 'ਚ ਗਾਜੀਆਬਾਦ ਦੇ ਹਿੰਡਨ ਏਅਰਪੋਰਟ ਤੋਂ ਬਠਿੰਡਾ ਲਈ ਇਕ ਵਾਰ 19 ਸੀਟਾਂ ਵਾਲਾ ਜਹਾਜ਼ ਉਡਾਣ ਭਰੇਗਾ, ਜਿਸ ਬਾਰੇ ਸਮਾਂ ਸਾਰਣੀ ਛੇਤੀ ਹੀ ਮਿਲ ਜਾਵੇਗੀ। ਉਨ੍ਹਾਂ ਦੱਸਿਆ ਕਿ ਹਵਾਈ ਹੱਡੇ 'ਤੇ ਕੰਪਨੀ ਦਾ ਸਟਾਫ ਪੁੱਜ ਗਿਆ ਹੈ ਤੇ ਦਫਤਰ ਸਥਾਪਤ ਕੀਤਾ ਜਾ ਰਿਹਾ ਹੈ। ਏਅਰ ਅਥਾਰਟੀ ਨਾਲ ਕਾਗਜ਼ੀ ਕਾਰਵਾਈ ਮੁਕੰਮਲ ਕਰਨ ਦਾ ਕੰਮ ਜਾਰੀ ਹੈ। ਜ਼ਿਕਰਯੋਗ ਹੈ ਕਿ ਬਠਿੰਡਾ ਹਵਾਈ ਅੱਡੇ ਲਈ ਅਲਾਇੰਸ ਏਅਰ ਕੰਪਨੀ ਵੱਲੋਂ ਹਵਾਈ ਸੇਵਾਵਾਂ ਦਿੱਤੀਆਂ ਜਾ




ਰਹੀਆਂ ਸਨ। 28 ਨਵੰਬਰ 2020 ਤੋਂ ਇਸ ਕੰਪਨੀ ਨੇ ਦਿੱਲੀ ਰੂਟ 'ਤੇ ਸੇਵਾਵਾਂ ਬੰਦ ਕਰ ਦਿੱਤੀਆਂ। ਇੱਥੇ 21 ਸਤੰਬਰ ਤੋਂ ਹਵਾਈ ਸੇਵਾਵਾਂ ਮੁੜ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਸੂਬੇ ਦੀ ਆਰਥਿਕ ਮਜ਼ਬੂਤੀ ਲਈ 'ਪੰਜਾਬ ਵਿਜ਼ਨ' ਤਿਆਰ

**ਪਟਿਆਲਾ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਨੂੰ ਮੁੜ ਲੀਹ 'ਤੇ ਲਿਆ ਕੇ ਰੰਗਲਾ ਪੰਜਾਬ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ 'ਪੰਜਾਬ ਵਿਜ਼ਨ ਡਾਕੂਮੈਂਟ' ਤਿਆਰ ਕੀਤਾ ਗਿਆ ਹੈ, ਜਿਸ ਤਹਿਤ ਬਿਹਤਰ ਸੇਵਾਵਾਂ ਸਮੇਤ ਆਰਥਿਕ ਮਜ਼ਬੂਤੀ ਲਈ ਵੀ ਰਣਨੀਤੀ ਉਲੀਕੀ ਗਈ ਹੈ।

ਉਨ੍ਹਾਂ ਕਿਹਾ ਕਿ ਬਿਨਾਂ ਵਾਧੂ ਟੈਕਸ ਦਾ ਬੋਝ ਪਾਇਆਂ ਟੈਕਸ ਚੋਰੀ ਰੋਕ ਕੇ ਹੀ ਪਿਛਲੇ ਵਿੱਤੀ ਸਾਲ ਦੌਰਾਨ ਸਰਕਾਰ ਨੇ ਜੀ.ਐਸ.ਟੀ. ਵਿਚ ਪੰਜ ਹਜ਼ਾਰ ਕਰੋੜ ਦਾ ਵਾਧਾ ਕੀਤਾ ਸੀ ਅਤੇ ਇਸ ਸਾਲ ਹੋਰ ਪੰਜ ਹਜ਼ਾਰ ਕਰੋੜ ਵਸੂਲਣ ਦਾ ਟੀਚਾ ਹੈ। ਉਨ੍ਹਾਂ ਕਿਹਾ ਕਿ 2022 ਵਿਚ ਪੰਜਾਬ ਦੀ ਜੀ.ਐਸ.ਟੀ. ਵਸੂਲੀ 11,808 ਕਰੋੜ ਸੀ, ਜੋ 2023 ਵਿਚ 16,200 ਕਰੋੜ ਹੋ ਗਈ ਅਤੇ ਇਸ ਵਿੱਤੀ ਸਾਲ ਦੌਰਾਨ ਇਸ ਵਸੂਲੀ ਦਾ ਟੀਚਾ 20,509 ਕਰੋੜ ਰੱਖਿਆ ਗਿਆ ਹੈ, ਜਿਸ ਨੂੰ 21 ਹਜ਼ਾਰ ਕਰੋੜ ਦਾ ਕੀਤਾ ਜਾਵੇਗਾ। ਪੰਜਾਬੀ ਯੂਨੀਵਰਸਿਟੀ ਵਿਚ 'ਜੀ-20 ਯੂਨੀਵਰਸਿਟੀ ਕੁਨੈਕਟ' ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਅਰਥ ਵਿਵਸਥਾ ਵਿਚ ਸੁਧਾਰ ਲਈ ਕੰਮ ਕਰ ਰਹੀ ਹੈ। ਹੁਣ ਪੰਜਾਬ ਵਿਚ ਸਾਜ਼ਗਾਰ ਮਾਹੌਲ ਹੋਣ ਸਦਕਾ ਪੰਜਾਬ ਨਿਵੇਸ਼ ਸੰਮੇਲਨ ਦੌਰਾਨ 52 ਹਜ਼ਾਰ ਕਰੋੜ ਦਾ ਨਿਵੇਸ਼ ਆਇਆ ਹੈ।

ਪ੍ਰੋਗਰਾਮ ਦੌਰਾਨ 'ਦਿ ਰਾਈਜ਼ ਆਫ ਇੰਡੀਆ ਇਨ ਗਲੋਬਲ ਸਟੇਜ' ਵਿਸ਼ੇ 'ਤੇ ਗੱਲ ਕਰਦਿਆਂ, ਅੰਬੈਸਡਰ ਨਵਦੀਪ ਸੂਰੀ ਨੇ ਕਿਹਾ ਕਿ ਭਾਰਤ ਨੇ ਵਿਦੇਸ਼ ਨੀਤੀ ਤਹਿਤ ਸੰਸਾਰ ਪੱਧਰ 'ਤੇ ਵੱਖਰੀ ਪਛਾਣ ਬਣਾਈ ਹੈ। ਇਸ ਮੌਕੇ ਆਰਥਿਕ ਮਾਹਿਰ ਪ੍ਰੋ. ਰਣਜੀਤ ਸਿੰਘ ਘੁੰਮਣ ਤੇ ਰਾਹੁਲ ਰੰਜਨ ਨੇ ਵੀ ਸੰਬੋਧਨ ਕੀਤਾ।

# ਭਗਵੰਤ ਮਾਨ ਵੱਲੋਂ ਪੰਜਾਬ ਯੂਨੀਵਰਸਿਟੀ 'ਚ ਹੋਸਟਲ ਲਈ 48.91 ਕਰੋੜ ਜਾਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕੁੜੀਆਂ ਤੇ ਮੁੰਡਿਆਂ ਦਾ ਹੋਸਟਲ ਬਣਾਉਣ ਲਈ 48.91 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ। ਇਸ ਵਿਚ ਕੁੜੀਆਂ ਦੇ ਹੋਸਟਲ ਲਈ 23 ਕਰੋੜ ਅਤੇ ਮੁੰਡਿਆਂ ਦੇ ਹੋਸਟਲ ਲਈ 25.91 ਕਰੋੜ ਰੁਪਏ ਜਾਰੀ ਕੀਤੇ ਹਨ।

ਇਸ ਬਾਰੇ ਮੁੱਖ ਮੰਤਰੀ ਨੇ ਟਵੀਟ ਕਰਦਿਆਂ ਕਿਹਾ, 'ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਲਈ ਅਸੀਂ ਲਗਾਤਾਰ ਕੰਮ ਕਰ ਰਹੇ ਹਾਂ, ਪਿਛਲੇ ਦਿਨੀਂ ਯੂਨੀਵਰਸਿਟੀ ਵਿਖੇ ਕੁੜੀਆਂ ਤੇ ਮੁੰਡਿਆਂ ਦੇ ਹੋਸਟਲ ਬਣਾਉਣ ਲਈ ਪ੍ਰਵਾਨਗੀ ਦਿੱਤੀ ਸੀ ਤੇ ਮੈਂ ਆਪ ਮੌਕੇ ਉਤੇ ਜਾ ਕੇ ਨਿਰੀਖਣ ਵੀ ਕੀਤਾ ਸੀ। ਹੁਣ ਮੈਂ ਕੁੜੀਆਂ ਦੇ ਹੋਸਟਲ ਲਈ 23 ਕਰੋੜ ਰੁਪਏ ਤੇ ਮੁੰਡਿਆਂ ਦੇ ਹੋਸਟਲ ਲਈ 25.91 ਕਰੋੜ ਰੁਪਏ ਜਾਰੀ ਕਰ ਦਿੱਤੇ ਨੇ। ਯੂਨੀਵਰਸਿਟੀ ਵਿਖੇ ਸ਼ਾਨਦਾਰ ਹੋਸਟਲ ਬਣਾਵਾਂਗੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਾਡੀ ਵਿਰਾਸਤ ਹੈ, ਜਿਸ ਦੀ ਰਾਖੀ ਲਈ ਅਸੀਂ ਵਚਨਬੱਧ ਹਾਂ।'

# ਸਿੱਖੀ ਪ੍ਰਚਾਰ: ਸਿੰਗਾਪੁਰ 'ਚ ਬ੍ਰਿਟਿਸ਼ ਪ੍ਰੋਫੈਸਰ ਨਿਯੁਕਤ




**ਸਿੰਗਾਪੁਰ:** ਵੱਕਾਰੀ ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਨੇ ਸਿੱਖੀ ਦੇ ਪ੍ਰਚਾਰ ਅਤੇ ਪਾਸਾਰ ਲਈ ਯੂਕੇ ਆਧਾਰਿਤ ਭਾਰਤੀ ਮੂਲ ਦੇ ਅਕਾਦਮੀਸ਼ੀਅਨ ਜਸਜੀਤ ਸਿੰਘ (51) ਨੂੰ ਨਿਯੁਕਤ ਕੀਤਾ ਹੈ।

ਜਸਜੀਤ ਸਿੰਘ ਇਸ ਸਮੇਂ ਯੂਕੇ ਦੀ ਲੀਡਸ ਯੂਨੀਵਰਸਿਟੀ 'ਚ ਸਹਾਇਕ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਅਤੇ ਉਨ੍ਹਾਂ ਨੂੰ ਸਿੱਖ ਸਟੱਡੀਜ਼ ਦੇ ਖੇਤਰ ਦਾ ਮਾਹਿਰ ਮੰਨਿਆ ਜਾਂਦਾ ਹੈ। ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਦੇ ਫੈਕਲਟੀ ਆਫ ਆਰਟਸ ਅਤੇ ਸੋਸ਼ਲ ਸਾਇੰਸਿਜ ਦੇ ਡੀਨ ਪ੍ਰੋਫੈਸਰ ਲਿਓਨਲ ਵੀ ਨੇ ਕਿਹਾ ਕਿ ਜਸਜੀਤ ਸਿੰਘ ਨਾ ਸਿਰਫ ਸਿੰਗਾਪੁਰ ਸਗੋਂ ਕੌਮਾਂਤਰੀ ਪੱਧਰ 'ਤੇ ਵੀ ਸਿੱਖ ਰਹਿਤ ਮਰਿਆਦਾ ਬਾਰੇ ਜਾਗਰੂਕ ਕਰਨਗੇ। ਉਨ੍ਹਾਂ ਪਲੇਠੇ ਸੈਂਟਰਲ ਸਿੱਖ ਗੁਰਦੁਆਰਾ ਬੋਰਡ 'ਚ ਵਿਜ਼ਿਟਿੰਗ ਪ੍ਰੋਫੈਸਰ (ਚੇਅਰ) ਵਜੋਂ ਜਸਜੀਤ ਸਿੰਘ ਦੀ ਨਿਯੁਕਤੀ ਦਾ ਐਲਾਨ ਕੀਤਾ। ਬੋਰਡ ਨੇ ਸਿੱਖ ਭਾਈਚਾਰੇ ਦੀ ਸਹਾਇਤਾ ਨਾਲ 10 ਲੱਖ ਸਿੰਗਾਪੁਰੀ ਡਾਲਰ ਤੋਂ ਵੱਧ ਰਕਮ ਇਕੱਠੀ ਕੀਤੀ ਹੈ ਜਿਸ 'ਚ ਸਿੰਗਾਪੁਰ ਸਰਕਾਰ ਨੇ ਵੀ ਇੰਨਾ ਹੀ ਯੋਗਦਾਨ ਪਾਇਆ ਹੈ। ਜਸਜੀਤ ਸਿੰਘ ਨੇ ਅੰਡਰ ਗਰੈਜੂਏਟ ਦੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਹੈ।

# ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ 'ਤੇ ਹੁਣ ਕੇਂਦਰੀ ਏਜੰਸੀ ਦਾ ਸ਼ਿਕੰਜਾ

**ਲੁਧਿਆਣਾ:** ਮਨੀ ਲਾਂਡਰਿੰਗ ਅਤੇ ਦਾਣਾ ਮੰਡੀ ਟਰਾਂਸਪੋਰਟੇਸ਼ਨ ਟੈਂਡਰ ਘਪਲੇ ਦੇ ਮਾਮਲੇ ਵਿਚ ਈ.ਡੀ. ਨੇ ਕਾਂਗਰਸੀ ਆਗੂ ਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਤੇ ਉਸ ਦੇ ਸਾਥੀਆਂ ਦੇ ਟਿਕਾਣਿਆਂ ਉਤੇ ਮਾਰੇ ਗਏ ਛਾਪਿਆਂ ਦੌਰਾਨ ਕਰੀਬ ਛੇ ਕਰੋੜ ਰੁਪਏ ਦੀ ਚੱਲ ਅਤੇ ਅਚੱਲ ਸੰਪਤੀ ਜ਼ਬਤ ਕੀਤੀ ਹੈ।



ਇਹ ਖੁਲਾਸਾ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਅਧਿਕਾਰੀਆਂ ਨੇ ਕੀਤਾ ਹੈ। ਇਸ ਸਬੰਧੀ ਪੰਜਾਬ ਵਿਚ 24 ਤੇ 25 ਅਗਸਤ ਨੂੰ ਈ.ਡੀ. ਵੱਲੋਂ ਛਾਪੇ ਮਾਰੇ ਗਏ ਸਨ। ਇਸ ਦੌਰਾਨ ਈ.ਡੀ. ਨੇ ਭਾਰਤ ਭੂਸ਼ਨ ਆਸ਼ੂ ਤੇ ਉਸ ਦੇ ਨਜ਼ਦੀਕੀ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਰਮਨ ਬਾਲਾ ਸੁਬਰਾਮਨੀਅਮ ਸਣੇ ਹੋਰ ਕਈਆਂ ਦੇ ਟਿਕਾਣਿਆਂ 'ਤੇ ਛਾਪੇ ਮਾਰ ਕੇ ਪੜਤਾਲ ਕੀਤੀ ਸੀ। ਈ.ਡੀ. ਨੇ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਨ ਖ਼ਿਲਾਫ਼ ਜਾਂਚ ਤੇਜ਼ ਕਰ ਦਿੱਤੀ ਹੈ। ਪਹਿਲਾਂ ਆਸ਼ੂ ਦੇ ਘਰ 'ਤੇ ਮਾਰੇ ਛਾਪੇ ਦੌਰਾਨ ਈ.ਡੀ. ਨੂੰ ਸਾਬਕਾ ਕਾਂਗਰਸੀ ਮੰਤਰੀ ਦੇ ਬੈਂਕ ਖਾਤਿਆਂ 'ਚ ਕਰੋੜਾਂ ਰੁਪਏ ਹੋਣ ਅਤੇ ਲਾਕਰਾਂ ਵਿਚ ਗਹਿਣੇ ਹੋਣ ਬਾਰੇ ਪੱਤਾ ਲੱਗਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਅਗਲੇ ਹਫਤੇ ਇਸ ਸਬੰਧੀ ਪੁੱਛ-ਪੜਤਾਲ ਕਰਨ ਲਈ ਈ.ਡੀ. ਭਾਰਤ ਭੂਸ਼ਨ ਆਸ਼ੂ ਨੂੰ ਜਲੰਧਰ ਤਲਬ ਕਰ ਸਕਦੀ ਹੈ। ਈ.ਡੀ. ਦੇ ਬੁਲਾਰੇ ਨੇ ਦੱਸਿਆ ਕਿ ਛਾਪਿਆਂ ਦੌਰਾਨ ਈ.ਡੀ. ਨੂੰ ਵੱਖ-ਵੱਖ ਬੈਂਕ ਖਾਤਿਆਂ 'ਚੋਂ 4.81 ਕਰੋੜ ਰੁਪਏ ਮਿਲੇ ਸਨ, ਜਿਨ੍ਹਾਂ ਨੂੰ ਫਰੀਜ਼ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 1.54 ਕਰੋੜ ਰੁਪਏ ਦੀ ਕੀਮਤ ਦੀਆਂ ਜਾਇਦਾਦਾਂ ਤੇ 4 ਬੈਂਕ ਲਾਕਰ ਵੀ ਸੀਲ ਕੀਤੇ ਗਏ ਹਨ। ਇਸ ਤਰ੍ਹਾਂ ਕੁਲ ਮਿਲਾ ਕੇ 6 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਸੰਪਤੀ ਜ਼ਬਤ ਕੀਤੀ ਗਈ ਹੈ। ਈ.ਡੀ. ਨੇ ਛਾਪਿਆਂ ਦੌਰਾਨ ਡਿਜੀਟਲ ਡਿਵਾਈਸ ਤੇ 30 ਲੱਖ ਰੁਪਏ ਕੈਸ਼ ਵੀ ਬਰਾਮਦ ਕੀਤੇ ਸਨ। ਉਨ੍ਹਾਂ ਦੱਸਿਆ ਕਿ ਨਗਰ ਸੁਧਾਰ ਟਰੱਸਟ ਵਿਚ ਗਲਤ ਢੰਗ ਨਾਲ ਅਲਾਟ ਕੀਤੇ ਗਏ ਪਲਾਟਾਂ ਦੇ ਮਾਮਲੇ ਵਿਚ ਵੀ ਜਾਂਚ ਅਰੰਭੀ ਗਈ ਹੈ।

ਕੌਮੀ ਰਾਜਧਾਨੀ ਦਿੱਲੀ ਅਤੇ ਚੰਡੀਗੜ੍ਹ ਸਣੇ ਹੋਰ ਕਈ ਜ਼ਿਲ੍ਹਿਆਂ ਵਿਚੋਂ ਆਏ ਈ.ਡੀ. ਦੇ ਅਧਿਕਾਰੀਆਂ ਨੇ ਕੋਚਰ ਮਾਰਕੀਟ ਨੇੜੇ ਆਸ਼ੂ ਦੇ ਘਰ ਤੋਂ ਇਲਾਵਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਕੁਝ ਅਧਿਕਾਰੀਆਂ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਰਮਨ ਬਾਲਾ ਸੁਬਰਾਮਨੀਅਮ, ਸਾਬਕਾ ਕੌਂਸਲਰ ਸੰਨੀ ਭੱਲਾ, ਆਸ਼ੂ ਦੇ ਪੀ.ਏ. ਇੰਦਰਜੀਤ ਇੰਦੀ, ਮੀਨੂ ਮਲਹੋਤਰਾ ਅਤੇ ਮੁੱਲਾਂਪੁਰ ਦੇ ਠੇਕੇਦਾਰ ਤੇਲੂ ਰਾਮ ਦੇ ਘਰਾਂ ਵਿਚ ਵੀ ਪੜਤਾਲ ਕੀਤੀ।

ਇਸ ਕਾਰਵਾਈ ਵਿਚ 150 ਤੋਂ ਵੱਧ ਅਧਿਕਾਰੀ ਅਤੇ ਨੀਮ ਫੌਜੀ ਬਲਾਂ ਦੇ ਜਵਾਨ ਸ਼ਾਮਲ ਸਨ, ਜਿਨ੍ਹਾਂ ਨੇ ਸਵੇਰੇ 6.30 ਵਜੇ ਇਕੋ ਸਮੇਂ 'ਤੇ ਸਾਰੀਆਂ ਥਾਵਾਂ 'ਤੇ ਕਾਰਵਾਈ ਕੀਤੀ। ਪਿਛਲੀ ਕਾਂਗਰਸ ਸਰਕਾਰ ਵਿਚ ਭਾਰਤ ਭੂਸ਼ਨ ਆਸ਼ੂ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਸਨ। ਉਨ੍ਹਾਂ ਉੱਪਰ ਅਨਾਜ ਦੀ ਢੋਆ-ਢੁਆਈ ਸਣੇ ਕਈ ਹੋਰ ਘੁਟਾਲਿਆਂ ਦੇ ਦੋਸ਼ ਲੱਗੇ ਸਨ, ਜਿਸ 'ਤੇ ਪੰਜਾਬ ਵਿਜੀਲੈਂਸ ਬਿਊਰੋ ਨੇ ਲੁਧਿਆਣਾ ਸਮੇਤ ਕਈ ਹੋਰ ਸ਼ਹਿਰਾਂ ਵਿਚ ਆਸ਼ੂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਸਨ। ਵਿਜੀਲੈਂਸ ਬਿਊਰੋ ਨੇ ਆਸ਼ੂ ਨੂੰ 22 ਅਗਸਤ 2022 ਨੂੰ ਗ੍ਰਿਫ਼ਤਾਰ ਕੀਤਾ ਸੀ। ਉਪਰੰਤ ਉਨ੍ਹਾਂ ਨੂੰ ਕਈ ਮਹੀਨੇ ਜੇਲ੍ਹ ਵਿਚ ਵੀ ਰਹਿਣਾ ਪਿਆ ਸੀ। ਹੁਣ ਆਸ਼ੂ ਜ਼ਮਾਨਤ 'ਤੇ ਬਾਹਰ ਆਏ ਸਨ।

ਦੂਜੇ ਪਾਸੇ ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਜਾਣ-ਬੁੱਝ ਕੇ ਆਸ਼ੂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਕਈਆਂ ਦਾ ਤਰਕ ਹੈ ਕਿ ਨਗਰ ਨਿਗਮ ਚੋਣਾਂ ਆ ਰਹੀਆਂ ਹਨ, ਇਸ ਲਈ ਆਸ਼ੂ 'ਤੇ ਛਾਪੇ ਮਾਰ ਕੇ ਉਨ੍ਹਾਂ ਨੂੰ ਅਤੇ ਕਾਂਗਰਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਆਸ਼ੂ 'ਤੇ ਦਬਾਅ ਬਣਾ ਕੇ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਭਾਰਤ ਭੂਸ਼ਨ ਆਸ਼ੂ ਦੀ ਪਤਨੀ ਅਤੇ ਕੌਂਸਲਰ ਮਮਤਾ ਆਸ਼ੂ ਨੇ ਆਖਿਆ ਕਿ ਈ.ਡੀ. ਦੇ ਅਧਿਕਾਰੀਆਂ ਨੂੰ ਉਨ੍ਹਾਂ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ ਹੈ ਅਤੇ ਜੋ ਵੀ ਦਸਤਾਵੇਜ਼ ਮੰਗੇ ਗਏ ਸਨ, ਉਹ ਦੇ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਕੇਂਦਰ ਸਰਕਾਰ ਦੀਆਂ ਇਨ੍ਹਾਂ ਕਾਰਵਾਈਆਂ ਤੋਂ ਡਰਨ ਵਾਲੇ ਨਹੀਂ ਹਨ ਅਤੇ ਨਾ ਹੀ ਕਿਸੇ ਦਬਾਅ ਹੇਠ ਆ ਕੇ ਉਹ ਕਾਂਗਰਸ ਪਾਰਟੀ ਨੂੰ ਛੱਡਣਗੇ। ਉਨ੍ਹਾਂ ਕਿਹਾ ਕਿ ਉਹ ਕਾਂਗਰਸੀ ਸਨ, ਕਾਂਗਰਸੀ ਹਨ ਤੇ ਕਾਂਗਰਸੀ ਰਹਿਣਗੇ।

## ਈ.ਡੀ. ਦੀ ਕਾਰਵਾਈ ਨੇ ਕਈਆਂ ਦੀ ਧੜਕਣ ਵਧਾਈ

**ਲੁਧਿਆਣਾ:** ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਅਤੇ ਉਨ੍ਹਾਂ ਦੇ ਸਾਥੀਆਂ ਖ਼ਿਲਾਫ਼ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਕਾਰਵਾਈ ਨੇ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਦੇ ਨਾਲ ਹੀ ਖੁਰਾਕ ਤੇ ਸਪਲਾਈ ਵਿਭਾਗ ਦੇ ਟੈਂਡਰ ਘੁਟਾਲੇ ਤੇ ਲੁਧਿਆਣਾ ਇੰਪਰੂਵਮੈਂਟ ਟਰੱਸਟ ਘੁਟਾਲੇ ਵਿਚ ਵਿਜੀਲੈਂਸ ਜਾਂਚ ਤੋਂ ਬਾਅਦ ਈ.ਡੀ. ਦੀ ਕਾਰਵਾਈ ਕਾਰਨ ਅਫਸਰਾਂ ਤੇ ਕਈ ਹੋਰਨਾਂ 'ਤੇ ਵੀ ਜਾਂਚ ਦੀ ਤਲਵਾਰ ਲਟਕ ਗਈ ਹੈ। ਦੱਸਿਆ ਜਾਂਦਾ ਹੈ ਕਿ ਈ.ਡੀ. ਦੀ ਜਾਂਚ 'ਚ ਦੋਵੇਂ ਘਪਲਿਆਂ ਨਾਲ ਸਬੰਧਤ ਕਈ ਜਣਿਆਂ ਦੀ ਸੂਚੀ ਤਿਆਰ ਕੀਤੀ ਗਈ ਹੈ ਅਤੇ ਇਸ ਕਾਰਵਾਈ ਮਗਰੋਂ ਸ਼ੱਕ ਦੇ ਘੇਰੇ 'ਚ ਆਉਣ ਵਾਲੇ ਆਸ਼ੂ ਸਮਰਥਕਾਂ ਨੂੰ ਈ.ਡੀ. ਕਿਸੇ ਵੀ ਸਮੇਂ ਜਲੰਧਰ ਦਫਤਰ ਵਿਚ ਤਲਬ ਕਰ ਸਕਦੀ ਹੈ।

## ਅਧਿਆਪਕਾਂ ਦੀਆਂ ਖਾਲੀ ਆਸਾਮੀਆਂ 100 ਫੀਸਦੀ ਭਰੀਆਂ ਜਾਣਗੀਆਂ: ਹਰਜੋਤ ਬੈਂਸ

**ਘਨੌਲੀ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਹੈ ਕਿ ਸਿੱਖਿਆ ਵਿਭਾਗ ਵੱਲੋਂ 16000 ਅਧਿਆਪਕਾਂ ਦੀ ਭਰਤੀ ਕੀਤੀ ਜਾ ਚੁੱਕੀ ਹੈ ਅਤੇ ਹੋਰ ਨਵੇਂ ਅਧਿਆਪਕ ਭਰਤੀ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ "ਪੰਜਾਬ ਵਿਚ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿਚ ਆਈ ਸੀ ਤਾਂ ਉਸ ਸਮੇਂ ਸਾਨੂੰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ 30 ਫੀਸਦੀ ਅਸਾਮੀਆਂ ਖਾਲੀ ਮਿਲੀਆਂ ਸਨ ਤੇ ਹੁਣ ਸਾਡੀ ਸਰਕਾਰ ਵੱਲੋਂ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਦੂਰ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।"



ਉਨ੍ਹਾਂ ਦੱਸਿਆ ਕਿ ਜਲਦੀ ਹੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ 100 ਫੀਸਦੀ ਭਰੀਆਂ ਜਾਣਗੀਆਂ। ਇਸੇ ਦੌਰਾਨ ਉਨ੍ਹਾਂ ਰੂਪਨਗਰ ਜ਼ਿਲ੍ਹੇ ਦੇ ਕਿਸਾਨਾਂ ਨੂੰ ਘੱਟ ਮੁਆਵਜ਼ਾ ਮਿਲਣ ਬਾਰੇ ਕਿਹਾ ਕਿ ਰੂਪਨਗਰ ਜ਼ਿਲ੍ਹੇ ਅੰਦਰ ਹਾਲੇ ਗਿਰਦਾਵਰੀਆਂ ਦਾ ਕੰਮ ਮੁਕੰਮਲ ਨਹੀਂ ਹੋਇਆ, ਕਿਉਂਕਿ ਹਾਲੇ ਖੇਤਾਂ ਵਿਚ ਪਾਣੀ ਭਰਿਆ ਹੋਣ ਕਰ ਕੇ ਗਿਰਦਾਵਰੀ ਕੀਤੀ ਜਾਣੀ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਗਿਰਦਾਵਰੀਆਂ ਉਪਰੰਤ ਨੁਕਸਾਨੀ ਫਸਲ ਦਾ ਮੁਲਾਂਕਣ ਕਰ ਕੇ ਸਰਕਾਰ ਤੋਂ ਹੋਰ ਫੰਡ ਹਾਸਲ ਕੀਤੇ ਜਾਣਗੇ।

## ਪੰਜਾਬ ਦੇ ਪਿੰਡਾਂ ਵਿਚ ਮੁੜ ਸ਼ੁਰੂ ਹੋਵੇਗੀ ਮਿੰਨੀ ਬੱਸ ਸੇਵਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਿੰਡਾਂ 'ਚ ਮਿੰਨੀ ਬੱਸ ਸੇਵਾ ਮੁੜ ਸ਼ੁਰੂ ਕਰਨ ਦੀ ਤਿਆਰੀ ਖਿੱਚ ਲਈ ਹੈ। ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਕੀਮ ਦਾ ਖਾਕਾ ਤਿਆਰ ਕਰਨ ਦੇ ਹੁਕਮ ਦਿੱਤੇ ਹਨ।



ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੇਂਡੂ ਖੇਤਰ 'ਚ ਮਿੰਨੀ ਬੱਸ ਸੇਵਾ ਮੁੜ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ ਤਾਂ ਕਿ ਲੋਕਾਂ ਨੂੰ ਆਵਾਜਾਈ ਲਈ ਸਹੂਲਤ ਮਿਲੇ, ਉੱਥੇ ਪੜ੍ਹੇ-ਲਿਖੇ ਨੌਜਵਾਨ ਬੱਸ ਪਰਮਿਟ ਲੈ ਕੇ ਆਪਣਾ ਰੁਜ਼ਗਾਰ ਚਲਾ ਸਕਣ। ਉਨ੍ਹਾਂ ਅਧਿਕਾਰੀਆਂ ਨੂੰ ਇਸ ਯੋਜਨਾ ਲਈ ਸੰਭਾਵੀ ਰੂਟਾਂ ਦੀ ਨਿਸ਼ਾਨਦੇਹੀ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨਾਲ ਧਾਰਮਿਕ ਸਥਾਨਾਂ ਲਈ ਵਿਸ਼ੇਸ਼ ਬੱਸ ਸੇਵਾ ਸ਼ੁਰੂ ਕਰਨ ਬਾਰੇ ਵੀ ਚਰਚਾ ਕੀਤੀ।

## ਚਾਹਲ ਦੀ ਅਗਾਊਂ ਜ਼ਮਾਨਤ ਅਰਜ਼ੀ ਰੱਦ ਹੋਈ

**ਪਟਿਆਲਾ:** ਕੈਪਟਨ ਅਮਰਿੰਦਰ ਸਿੰਘ ਦੇ ਸਾਬਕਾ ਮੀਡੀਆ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਵੱਲੋਂ ਇਥੋਂ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ 'ਚ ਦਾਇਰ ਕੀਤੀ ਅਗਾਊਂ ਜ਼ਮਾਨਤ ਦੀ ਅਰਜ਼ੀ ਖਾਰਜ ਹੋ ਗਈ। ਇਸ ਮਗਰੋਂ ਹੁਣ ਚਾਹਲ ਵੱਲੋਂ ਆਪਣੇ ਵਕੀਲਾਂ ਰਾਹੀਂ ਉਪਰਲੀ ਅਦਾਲਤ ਦਾ ਰੁਖ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਚਾਹਲ ਦੇ ਵਕੀਲਾਂ ਐਡਵੋਕੇਟ ਸੁਮੇਸ਼ ਜੈਨ ਤੇ ਐਡਵੋਕੇਟ ਅਵਨੀਤ ਸਿੰਘ ਬਲਿੰਗ ਦਾ ਕਹਿਣਾ ਕਿ ਉਨ੍ਹਾਂ ਦੇ ਮੁਵੱਕਲ ਦੇ ਖਿਲਾਫ਼ ਵਿਜੀਲੈਂਸ ਵੱਲੋਂ ਰਾਜਸੀ ਦਬਾਅ ਹੇਠ ਇਹ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਇਸ ਤੋਂ ਪਹਿਲਾਂ 2007 ਵਿਚ ਵੀ ਵਿਜੀਲੈਂਸ ਵੱਲੋਂ ਹੀ ਇਸੇ ਤਰ੍ਹਾਂ ਦਾ ਕੇਸ ਦਰਜ ਕੀਤਾ ਗਿਆ ਸੀ ਪਰ ਅਦਾਲਤੀ ਸੁਣਵਾਈ ਦੌਰਾਨ ਸ੍ਰੀ ਚਾਹਲ ਬਰੀ ਹੋ ਗਏ ਸਨ।

## ਇਨਕਲਾਬੀ ਲਹਿਰਾਂ ਦੇ ਮੋਹਰੀ ਰਹੇ ਮਾਸਟਰ ਬਾਰੂ ਸਤਵਰਗ ਦਾ ਦੇਹਾਂਤ

**ਭਗਤਾ ਭਾਈ:** ਉੱਘੇ ਨਾਵਲਕਾਰ ਅਤੇ ਇਨਕਲਾਬੀ ਲਹਿਰਾਂ ਦੇ ਮੋਹਰੀ ਰਹੇ ਮਾਸਟਰ ਬਾਰੂ ਸਤਵਰਗ (78) ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਤੇ ਬਠਿੰਡਾ ਦੇ ਏਮਸ ਹਸਪਤਾਲ ਵਿਚ ਦਾਖਲ ਸਨ। ਬਾਰੂ ਸਤਵਰਗ ਨੇ ਪੰਜ ਨਾਵਲ ਲਿਖੇ ਅਤੇ ਅੱਧੀ ਦਰਜਨ ਇਨਕਲਾਬੀ ਪਰਚਿਆਂ ਦੇ ਸੰਪਾਦਕ ਵਜੋਂ ਕੰਮ ਕੀਤਾ। ਉਨ੍ਹਾਂ ਦੀ ਅਰਥੀ ਨੂੰ ਮੋਢਾ ਉਨ੍ਹਾਂ ਦੀਆਂ ਪੰਜ ਧੀਆਂ ਨੇ ਦਿੱਤਾ। ਇਸ ਮੌਕੇ ਬੀ.ਕੇ.ਯੂ. (ਕ੍ਰਾਂਤੀਕਾਰੀ) ਦੇ ਚੇਅਰਮੈਨ ਸੁਰਜੀਤ ਸਿੰਘ ਫੂਲ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਡਾ. ਦਰਸ਼ਨਪਾਲ ਤੇ ਬਲਵੰਤ ਮਹਿਰਾਜ ਨੇ ਮਾਸਟਰ ਬਾਰੂ ਸਤਵਰਗ ਦੇ ਜੀਵਨ, ਉਨ੍ਹਾਂ ਵੱਲੋਂ ਇਨਕਲਾਬੀ ਲਹਿਰਾਂ ਦੀ ਅਗਵਾਈ ਕਰਨ, ਲਿਖੇ ਨਾਵਲਾਂ ਤੇ ਲੜੇ ਘੋਲਾਂ ਬਾਰੇ ਦੱਸਿਆ। ਇਸ ਮੌਕੇ ਬੀ.ਕੇ.ਯੂ. (ਕ੍ਰਾਂਤੀਕਾਰੀ), ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਲੋਕ ਸੰਗਰਾਮ ਮੋਰਚਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਜਮਹੂਰੀ ਅਧਿਕਾਰ ਸਭਾ, ਇਨਕਲਾਬੀ ਕੇਂਦਰ, ਬੀ.ਕੇ.ਯੂ. (ਡਕੌਂਦਾ), ਪੰਜਾਬ ਜਮਹੂਰੀ ਮੋਰਚਾ, ਸੀ.ਪੀ.ਆਈ. ਐੱਮ.ਐੱਲ. ਲਿਬਰੇਸ਼ਨ, ਕ੍ਰਾਂਤੀਕਾਰੀ ਸਾਹਿਤ ਸਭਾ ਤੇ ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਭਾਰਤ ਆਦਿ ਜਥੇਬੰਦੀਆਂ ਨੇ ਸ਼ਰਧਾਂਜਲੀ ਭੇਟ ਕੀਤੀ।

## ਨਸ਼ੀਲੇ ਪਦਾਰਥ: ਪੰਜਾਬੀ ਸਣੇ ਦੋ ਨੂੰ ਕੈਦ

**ਲੰਡਨ:** ਬਰਤਾਨੀਆ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਕਰਾਰ ਦਿੱਤੇ ਭਾਰਤੀ ਮੂਲ ਦੇ ਵਿਅਕਤੀ ਅਤੇ ਉਸ ਦੇ ਸਾਥੀ ਨੂੰ 12 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬਰਤਾਨੀਆ ਦੀ ਨੈਸ਼ਨਲ ਕ੍ਰਾਈਮ ਏਜੰਸੀ (ਐਨ.ਸੀ.ਏ.) ਦੀ ਅਗਵਾਈ 'ਚ ਇਸ ਸਬੰਧੀ ਜਾਂਚ ਕੀਤੀ ਗਈ। ਕੇਸ ਮੁਤਾਬਕ ਭਾਰਤੀ ਮੂਲ ਦੇ ਸੰਦੀਪ ਸਿੰਘ ਰਾਏ (37) ਅਤੇ ਉਸ ਦਾ ਸਾਥੀ ਬਿਲੀ ਹੇਅਰੇ (43) ਸੰਗਠਤ ਅਪਰਾਧ ਸਮੂਹ ਨਾਲ ਸਬੰਧਤ ਸਨ। ਦੋਵੇਂ ਕਾਰਗੋ ਜਹਾਜ਼ ਰਾਹੀਂ ਮੈਕਸੀਕੋ ਤੋਂ ਯੂਕੇ ਵਿਚ 30 ਕਿਲੋਗ੍ਰਾਮ ਕੋਕੀਨ ਅਤੇ 30 ਕਿਲੋਗ੍ਰਾਮ ਐਮਫੇਟਾਮਾਈਨ ਦੀ ਤਸਕਰੀ ਕਰਨ ਦੀ ਕੋਸ਼ਿਸ਼ ਵਿਚ ਸ਼ਾਮਲ ਸਨ। ਏਜੰਸੀ ਨੇ ਕਿਹਾ ਕਿ ਜੇ ਰਾਏ ਅਤੇ ਹੇਅਰੇ ਨੂੰ ਨਾ ਫੜਿਆ ਗਿਆ ਹੁੰਦਾ ਤਾਂ ਉਹ ਵਾਰ-ਵਾਰ ਇਹ ਅਪਰਾਧ ਕਰਦੇ।

# ਵਿਧਾਇਕ ਦੇ ਪੀ.ਏ. ਦੀ ਪਤਨੀ ਵੱਲੋਂ ਨਸ਼ੇ ਵੇਚਣ ਦਾ ਮਾਮਲਾ ਭਖਿਆ

**ਰਾਏਕੋਟ:** ਮੁਹੱਲੇ ਵਿਚ ਚੱਲ ਰਹੀ ਗੈਰ-ਕਾਨੂੰਨੀ ਡਿਸਪੈਂਸਰੀ ਵਿਚ ਨਸ਼ਿਆਂ ਦੀ ਸਪਲਾਈ ਬਾਰੇ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ 'ਆਪ' ਵਿਧਾਇਕ ਦੇ ਪੀ.ਏ. ਦੀ ਪਤਨੀ ਵੱਲੋਂ ਨਸ਼ੀਲੇ ਕੈਪਸੂਲ ਵੇਚਣ ਦੇ ਦੋਸ਼ ਲਾਏ ਗਏ ਹਨ। ਇਸ ਮਾਮਲੇ 'ਤੇ ਵਿਰੋਧੀ ਧਿਰਾਂ ਨੇ 'ਆਪ' ਸਰਕਾਰ ਨੂੰ ਘੇਰਿਆ ਹੈ। ਇਸ ਤੋਂ ਇਲਾਵਾ ਵੀਡੀਓ ਕਾਰਨ ਚਰਚਾ ਵਿਚ ਆਈ ਡਿਸਪੈਂਸਰੀ ਤੋਂ ਮਹਿਜ਼ ਇਕ ਕਿਲੋਮੀਟਰ ਦੀ ਦੂਰੀ 'ਤੇ ਮੁਹੱਲਾ ਜੋਸ਼ੀਆਂ ਵਿਚ 45 ਸਾਲਾ ਰਾਜ ਕੁਮਾਰ ਉਰਫ ਰਾਜ਼ੀ ਦੀ ਭੇਤ-ਭਰੀ ਹਾਲਤ ਵਿਚ ਲਾਸ਼ ਮਿਲਣ ਕਾਰਨ ਸ਼ਹਿਰ ਵਿਚ ਨਸ਼ਿਆਂ ਦੀ ਬੇਖੌਫ਼ ਸਪਲਾਈ ਦਾ ਮਾਮਲਾ ਭਖ ਗਿਆ ਹੈ।




ਉੱਧਰ ਰਾਏਕੋਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਦੇ ਪੀ.ਏ. ਕਮਲ ਸੁਖਾਣਾ ਦੀ ਪਤਨੀ ਨੀਲਮ ਵੱਲੋਂ ਇੱਥੋਂ ਦੇ ਮੌਲਵੀਆਂ ਮੁਹੱਲੇ ਵਿਚ ਇਕ ਧਾਰਮਿਕ ਡੇਰੇ ਦੀ ਆੜ ਹੇਠ ਚਲਾਈ ਜਾ ਰਹੀ ਚੈਰੀਟੇਬਲ ਡਿਸਪੈਂਸਰੀ ਵਿਚ ਸ਼ਰੇਆਮ ਨਸ਼ੀਲੀਆਂ ਦਵਾਈਆਂ ਵੇਚੇ ਜਾਣ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਭਗਵੰਤ ਮਾਨ ਸਰਕਾਰ ਉੱਪਰ ਤਿੱਖਾ ਹਮਲਾ ਬੋਲਿਆ ਹੈ। ਸਿਹਤ ਵਿਭਾਗ ਵੱਲੋਂ ਇਸ ਮਾਮਲੇ ਵਿਚ ਕੋਈ ਕਾਰਵਾਈ ਕਰਨ ਦੀ ਥਾਂ ਮਾਮਲੇ ਉੱਪਰ ਮਿੱਟੀ ਪਾਉਣ ਦੇ ਯਤਨ ਤਹਿਤ ਜ਼ਿਲ੍ਹਾ ਡਰੱਗ ਇੰਸਪੈਕਟਰ ਰੂਪਪ੍ਰੀਤ ਕੌਰ ਨੇ ਛਾਪੇਮਾਰੀ ਵੀ ਕੀਤੀ ਅਤੇ ਇਹ ਵੀ ਮੰਨਿਆ ਕਿ ਇਹ ਡਿਸਪੈਂਸਰੀ ਅਣਅਧਿਕਾਰਤ ਤੌਰ 'ਤੇ ਚਲਾਈ ਜਾ ਰਹੀ ਸੀ ਪਰ ਡਿਸਪੈਂਸਰੀ ਦੀ ਸੰਚਾਲਕ ਵਿਰੁੱਧ ਕੋਈ ਕਾਰਵਾਈ ਬਾਰੇ ਉਨ੍ਹਾਂ ਚੁੱਪ ਵੱਟ ਲਈ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਦਫ਼ਤਰ ਵੱਲੋਂ ਹਲਕਾ ਵਿਧਾਇਕ ਨੂੰ ਫ਼ੌਰੀ ਤਲਬ ਕਰ ਲਿਆ ਗਿਆ ਹੈ। ਚੰਡੀਗੜ੍ਹ ਰਵਾਨਾ ਹੋਣ ਤੋਂ ਪਹਿਲਾਂ ਪ੍ਰੈੱਸ ਕਾਨਫਰੰਸ ਦੌਰਾਨ ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਇਸ ਕਾਰਵਾਈ ਨੂੰ ਰਾਜਨੀਤਕ ਵਿਰੋਧੀਆਂ ਦੀ ਚਾਲ ਦੱਸਦਿਆਂ ਦੋਸ਼ ਲਾਇਆ ਕਿ ਅਗਾਮੀ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਦਾ ਅਕਸ ਖਰਾਬ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉੱਧਰ ਵਿਧਾਇਕ ਦੇ ਨਿੱਜੀ ਸਹਾਇਕ ਕਮਲ ਸੁਖਾਣਾ ਨੇ ਦੱਸਿਆ ਕਿ ਉਸ ਦੀ ਪਤਨੀ ਨੀਲਮ ਰਾਣੀ ਨੇ ਡਾਕਟਰੀ ਸਿੱਖਿਆ ਦਾ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਉਸ ਦੀ ਪਤਨੀ ਨੇ ਜਲੰਧਰ ਦੇ ਇਕ ਨਿੱਜੀ ਹਸਪਤਾਲ ਵਿਚ 10 ਸਾਲ ਦਾ ਤਜਰਬਾ ਹਾਸਲ ਕੀਤਾ ਹੈ ਅਤੇ ਉਹ ਸੇਵਾ ਭਾਵਨਾ ਨਾਲ ਕੰਮ ਕਰਦੀ ਸੀ।

ਪੰਜਾਬ ਟਾਈਮਜ਼

ਸ਼ਨਿਚਰਵਾਰ, 2 ਸਤੰਬਰ, 2023

# ਚੋਣ ਕਲਾਬਾਜ਼ੀਆਂ

ਜਿਉਂ-ਜਿਉਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਨਰਿੰਦਰ ਮੋਦੀ ਦਾ ਗੁਬਾਰਾ ਜਿਹੜਾ ਪਿਛਲੇ ਨੌਂ ਸਾਲਾਂ ਦੌਰਾਨ ਵਾਹਵਾ ਫੁੱਲ ਗਿਆ ਸੀ, ਦੀ ਹਵਾ ਨਿੱਕਲਣੀ ਸ਼ੁਰੂ ਹੋ ਗਈ ਹੈ। ਮਹਿੰਗਾਈ ਦੇ ਮੁੱਦੇ ਕਾਰਨ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਆਈ ਮੋਦੀ ਸਰਕਾਰ ਨੂੰ ਰਸੋਈ ਗੈਸ ਦੇ ਸਿਲੰਡਰ ਵਿਚ ਸਿੱਧੀ, 200 ਰੁਪਏ ਦੀ ਇਕਲਖਤ ਕਟੌਤੀ ਕਰਨੀ ਪਈ ਹੈ। ਯਾਦ ਰਹੇ ਕਿ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਇਸ ਸਾਲ ਛਤੀਸਗੜ੍ਹ ਤੇ ਮਿਜ਼ੋਰਮ ਅਤੇ ਅਗਲੇ ਸਾਲ ਦੇ ਸ਼ੁਰੂ ਵਿਚ ਰਾਜਸਥਾਨ, ਮੱਧ ਪ੍ਰਦੇਸ਼ ਤੇ ਤਿਲੰਗਾਨਾ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਨ੍ਹਾਂ ਵਿਚੋਂ ਛਤੀਸਗੜ੍ਹ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਤਿਲੰਗਾਨਾ ਦੀਆਂ ਚੋਣਾਂ ਬਹੁਤ ਅਹਿਮੀਅਤ ਰੱਖਦੀਆਂ ਹਨ। ਮੱਧ ਪ੍ਰਦੇਸ਼ ਵਿਚ ਕਾਂਗਰਸ ਵੋਟਰਾਂ ਨਾਲ ਵਾਅਦਾ ਕਰ ਰਹੀ ਹੈ ਕਿ ਸੂਬੇ ਅੰਦਰ ਕਾਂਗਰਸ ਸਰਕਾਰ ਬਣਨ 'ਤੇ ਸਿਲੰਡਰ 500 ਰੁਪਏ ਵਿਚ ਮੁੱਹਈਆ ਕਰਵਾਇਆ ਜਾਵੇਗਾ। ਰਾਜਸਥਾਨ ਜਿੱਥੇ ਕਾਂਗਰਸ ਦੀ ਸਰਕਾਰ ਹੈ, ਵਿਚ ਗਰੀਬਾਂ ਨੂੰ ਗੈਸ ਸਿਲੰਡਰ 500 ਰੁਪਏ ਵਿਚ ਮੁਹੱਈਆ ਕਰਵਾਇਆ ਜਾ ਰਿਹਾ ਹੈ। ਜ਼ਾਹਿਰ ਹੈ ਕਿ ਇਸ ਵਾਰ ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਹਾਰ ਜਾਣ ਦਾ ਡਰ ਸਤਾ ਰਿਹਾ ਹੈ। ਵਿਰੋਧੀ ਧਿਰ ਨੇ ਰਲ ਕੇ ਜਦੋਂ 'ਇੰਡੀਆ' ਨਾਂ ਤਹਿਤ ਆਪਣਾ ਗੱਠਜੋੜ ਕਾਇਮ ਕੀਤਾ ਸੀ, ਉਸ ਵਕਤ ਵੀ ਭਾਰਤੀ ਜਨਤਾ ਪਾਰਟੀ ਦੀ ਬੁਖਲਾਹਟ ਸਾਹਮਣੇ ਆਈ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਮ ਕਰ ਕੇ ਵਿਰੋਧੀ ਧਿਰ ਦੀ ਕਿਸੇ ਨੁਕਤਾਚੀਨੀ ਦਾ ਕਦੇ ਜਵਾਬ ਨਹੀਂ ਦਿੰਦੇ ਪਰ 'ਇੰਡੀਆ' ਦੇ ਮਾਮਲੇ 'ਤੇ ਉਨ੍ਹਾਂ ਨੂੰ ਮੂੰਹ ਖੋਲ੍ਹਣਾ ਪੈ ਗਿਆ ਸੀ। ਹੁਣ ਜਿਸ ਤਰ੍ਹਾਂ 'ਇੰਡੀਆ' ਗੱਠਜੋੜ ਅਗਾਂਹ ਵਧ ਰਿਹਾ ਹੈ, ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਦੇ ਫਿਕਰਾਂ ਵਿਚ ਆਏ ਦਿਨ ਵਾਧਾ ਹੋ ਰਿਹਾ ਹੈ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਦੀ ਸਰਪ੍ਰਸਤ ਜਥੇਬੰਦੀ- ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਵੀ ਸਾਫ ਕਹਿ ਚੁੱਕੀ ਹੈ ਕਿ ਅਗਲੀਆਂ ਚੋਣਾਂ ਜਿੱਤਣ ਲਈ ਫਿਰਕੂ ਧਰੁਵੀਕਰਨ ਅਤੇ ਨਰਿੰਦਰ ਮੋਦੀ ਦੇ ਜਾਦੂ ਤੋਂ ਇਲਾਵਾ ਕੁਝ ਹੋਰ ਕਰਨਾ ਪਵੇਗਾ।

ਅਸਲ ਵਿਚ ਭਾਰਤੀ ਜਨਤਾ ਪਾਰਟੀ ਜਿਸ ਕਾਂਗਰਸ ਤੋਂ ਭਾਰਤ ਨੂੰ ਮੁਕਤ ਕਰਵਾਉਣ ਦੇ ਨਾਅਰੇ ਲਗਾ ਰਹੀ ਸੀ, ਉਹੀ ਕਾਂਗਰਸ ਹੁਣ ਇਸ ਲਈ ਚੁਣੌਤੀ ਬਣ ਰਹੀ ਹੈ। ਕਾਂਗਰਸ ਵਿਰੋਧੀ ਧਿਰਾਂ ਨੂੰ ਇਕ ਮੰਚ 'ਤੇ ਲਿਆਉਣ ਲਈ ਪੂਰਾ ਟਿੱਲ ਲਾ ਰਹੀ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਕਾਰਗੁਜ਼ਾਰੀ ਬਿਲਕੁਲ ਵੀ ਚੰਗੀ ਨਹੀਂ ਰਹੀ, ਇਸ ਲਈ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਇਹ ਮੌਕਾ ਨਹੀਂ ਗੁਆਉਣਾ ਚਾਹੁੰਦੀ। ਦੂਜੇ, ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੇ ਪਾਰਟੀ ਲਈ ਚੰਗੀ ਜ਼ਮੀਨ ਤਿਆਰ ਕੀਤੀ ਹੈ। ਇਸ ਦੇ ਨਾਲ ਹੀ ਪਾਰਟੀ ਦੇ ਸੀਨੀਅਰ ਆਗੂ ਮਲਿਕਾਰਜੁਨ ਖੜਗੇ ਨੂੰ ਪਾਰਟੀ ਦੀ ਕਮਾਨ ਸੰਭਾਲਣ ਤੋਂ ਬਾਅਦ ਪਾਰਟੀ ਦੇ ਅੰਦਰ ਵੀ ਹਾਲਾਤ ਸੰਭਲਣੇ ਸ਼ੁਰੂ ਹੋਏ ਹਨ। ਖੜਗੇ ਨੇ ਹਾਲ ਹੀ ਵਿਚ ਕਾਂਗਰਸ ਵਰਕਿੰਗ ਕਮੇਟੀ ਦਾ ਜਿਹੜਾ ਨਵੇਂ ਸਿਰੇ ਤੋਂ ਗਠਨ ਕੀਤਾ ਹੈ, ਉਸ ਦਾ ਸਿਆਸੀ ਵਿਸ਼ਲੇਸ਼ਕਾਂ ਨੇ ਵਿਸ਼ੇਸ਼ ਨੋਟਿਸ ਲਿਆ ਹੈ। ਇਸ ਗਠਨ ਨੂੰ ਲੋਕ ਸਭਾ ਚੋਣਾਂ ਦੀ ਤਿਆਰੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। 84 ਮੈਂਬਰੀ ਕਮੇਟੀ ਬਣਾਉਂਦੇ ਸਮੇਂ ਖੜਗੇ ਨੇ ਇਹ ਸੰਕੇਤ ਦਿੱਤਾ ਹੈ ਕਿ ਕੇਂਦਰੀ ਲੀਡਰਸ਼ਿਪ ਨਾਲ ਅਸਹਿਮਤੀ ਰੱਖਣ ਵਾਲੇ ਆਗੂਆਂ ਨੂੰ ਵੀ ਪਾਰਟੀ ਵਿਚ ਮਾਣ-ਸਨਮਾਨ ਮਿਲੇਗਾ। ਕੁਝ ਸਮਾਂ ਪਹਿਲਾਂ ਪਾਰਟੀ ਦੇ 23 ਆਗੂਆਂ ਨੇ ਕੇਂਦਰੀ ਲੀਡਰਸ਼ਿਪ ਨਾਲ ਮਤਭੇਦ ਪ੍ਰਗਟਾਏ ਸਨ। ਇਨ੍ਹਾਂ ਆਗੂਆਂ ਦੇ ਗਰੁੱਪ ਵਿਚੋਂ ਕੁਝ ਲੀਡਰਾਂ ਨੂੰ ਵਰਕਿੰਗ ਕਮੇਟੀ ਵਿਚ ਖਾਸ ਜਗ੍ਹਾ ਦਿੱਤੀ ਗਈ ਹੈ। ਉਂਝ ਵੀ ਖੜਗੇ ਦੀ ਅਗਵਾਈ ਵਿਚ ਪਾਰਟੀ ਨੇ ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ ਵਿਚ ਜਿੱਤ ਪ੍ਰਾਪਤ ਕੀਤੀ ਹੈ। ਹੁਣ ਪਾਰਟੀ ਲਈ ਅਸਲ ਇਮਤਿਹਾਨ ਰਾਜਸਥਾਨ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਤਿਲੰਗਾਨਾ ਦੀਆਂ ਵਿਧਾਨ ਸਭਾ ਚੋਣਾਂ ਹਨ। ਇਨ੍ਹਾਂ ਚੋਣਾਂ ਨੇ 2024 ਵਾਲੀਆਂ ਲੋਕ ਸਭਾ ਚੋਣਾਂ ਲਈ ਵਿਰੋਧੀ ਪਾਰਟੀਆਂ ਦੇ 'ਇੰਡੀਆ' ਗੱਠਜੋੜ ਨੂੰ ਅੱਗੇ ਲੈ ਕੇ ਜਾਣਾ ਹੈ।

ਪੰਜਾਬ ਵਿਚ ਸਮੀਕਰਨ ਕੁਝ ਕੁ ਟੇਢੀਆਂ ਹਨ। ਸੂਬੇ ਅੰਦਰ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਆਗੂਆਂ ਵਿਚਕਾਰ ਟਕਰਾਅ ਜਿਹਾ ਚੱਲ ਰਿਹਾ ਹੈ। ਉਂਝ, ਸਿਆਸੀ ਵਿਸ਼ਲੇਸ਼ਕ ਕਿਆਫੇ ਲਾ ਰਹੇ ਕਿ ਜੇ ਕੌਮੀ ਸਹਿਮਤੀ ਦੇ ਆਧਾਰ 'ਤੇ ਪੰਜਾਬ ਅੰਦਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਕੋਈ ਸਹਿਮਤੀ ਬਣਦੀ ਹੈ ਤਾਂ ਇਹ ਸੂਬੇ ਅੰਦਰ ਨਵੀਂ ਸਿਆਸਤ ਆਰੰਭ ਹੋਣ ਦਾ ਸਬਬ ਬਣ ਸਕਦੀ ਹੈ ਅਤੇ ਸੂਬੇ ਦੀਆਂ 13 ਲੋਕ ਸਭਾ ਸੀਟਾਂ ਦੇ ਨਤੀਜੇ ਇਸ ਸੰਭਾਵੀ ਗੱਠਜੋੜ ਦੇ ਹੱਕ ਵਿਚ ਜਾ ਸਕਦੇ ਹਨ। ਸੂਬੇ ਅੰਦਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਅਜੇ ਤੱਕ ਪੈਰ ਨਹੀਂ ਲੱਗ ਰਹੇ। ਉਧਰ, ਭਾਰਤੀ ਜਨਤਾ ਪਾਰਟੀ ਐਤਕੀਂ ਹੋਰ ਪਾਰਟੀਆਂ ਤੋਂ ਆਏ ਲੀਡਰਾਂ ਦੇ ਦਮ 'ਤੇ ਚੋਣਾਂ ਲੜਨ ਲਈ ਪਰ ਤੋਲ ਰਹੀ ਹੈ। ਇਸੇ ਦੌਰਾਨ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਅਜਿਹੀ ਸ਼ਾਬਦਿਕ ਜੰਗ ਭਖੀ ਹੋਈ ਹੈ ਜਿਹੜੀ ਰੁਕਣ ਦਾ ਨਾਮ ਹੀ ਨਹੀਂ ਲੈ ਰਹੀ। ਇਸ ਟਕਰਾਅ ਕਾਰਨ ਲੋਕਾਂ ਨੂੰ ਦਰਪੇਸ਼ ਮਸਲੇ ਬਹੁਤ ਪਿਛਾਂਹ ਛੁੱਟ ਗਏ ਹਨ। ਸੂਬੇ ਵਿਚੋਂ ਨੌਜਵਾਨੀ ਦਾ ਹੋ ਰਿਹਾ ਪਰਵਾਸ ਹੁਣ ਸਭ ਤੋਂ ਵੱਡਾ ਮਸਲਾ ਬਣ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਸੂਬੇ ਅੰਦਰ ਬੇਰੁਜ਼ਗਾਰੀ ਨੂੰ ਦੱਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸੂਬੇ ਵਿਚ ਸਿਹਤ ਅਤੇ ਸਿੱਖਿਆ ਖੇਤਰਾਂ ਦਾ ਹਾਲ ਬਹੁਤ ਮਾੜਾ ਹੈ। ਹੁਣ ਹਾਲ ਇਹ ਹੈ ਕਿ ਸਾਰੀਆ ਧਿਰਾਂ ਆਪੋ-ਆਪਣੀਆਂ ਸਰਗਰਮੀਆਂ ਲੋਕ ਸਭਾ ਚੋਣਾਂ ਦੇ ਹਿਸਾਬ ਨਾਲ ਵਧਾ ਰਹੀਆਂ ਹਨ। ਦਿਲਚਸਪ ਸਵਾਲ ਇਹ ਹੋਵੇਗੀ ਕਿ ਸੰਘਰਸ਼ਾਂ ਦੇ ਪਿੜਾਂ ਅੰਦਰ ਜੂਝ ਰਹੀਆਂ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਦੀ ਚੋਣਾਂ ਦੇ ਮਾਮਲੇ ਵਿਚ ਕੀ ਪਹੁੰਚ ਬਣਦੀ ਹੈ। ਇਉਂ ਕੌਮੀ ਪੱਧਰ 'ਤੇ ਵੀ ਅਤੇ ਪੰਜਾਬ ਪੱਧਰ 'ਤੇ ਲੋਕ ਸਭਾ ਚੋਣਾਂ ਪਹਿਲੀ ਸਾਰੀਆਂ ਚੋਣਾਂ ਨਾਲੋਂ ਨਿਆਰੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚੰਦਰਯਾਨ ਬਨਾਮ ਧਰਤੀ

ਚੰਦਰਯਾਨ ਦੀ ਸਫਲਤਾ ਦੇਖ ਕੇ ਜੀ ਜਨਤਾ ਬਹੁਤ ਹੀ ਖੁਸ਼ੀ ਮਨਾ ਰਹੀ ਐ।
ਖੱਟੀ ਕੀਰਤੀ 'ਇਸਰੋ' ਵਿਗਿਆਨੀਆਂ ਨੇ ਚਾਰ ਚੰਨ ਵਿਗਿਆਨ ਨੂੰ ਲਾ ਰਹੀ ਐ।
ਐਪਰ ਦੇਖ ਕੇ ਦੇਸ ਦਾ ਹਾਲ ਯਾਰੋ ਭਲੇ ਲੋਕਾਂ ਨੂੰ ਚਿੰਤਾ ਇਹ ਖਾ ਰਹੀ ਐ।
ਫਿਰਕਾਪ੍ਰਸਤੀ ਨੂੰ ਸੱਤਾ ਦੀ ਸ਼ਹਿ ਮਿਲਦੀ ਪਾੜੇ ਫਿਰਕਿਆਂ ਵਿਚ ਪੁਆ ਰਹੀ ਐ।
ਗਾਹਿਆਂ ਫੈਦਾ ਕੀ ਚੰਦ ਸਿਤਾਰਿਆਂ ਨੂੰ ਧਰਤੀ ਦੁਖੀ ਹੋ ਚੈਨ ਗਵਾ ਰਹੀ ਐ।
ਭੇਜ ਦਿੱਤੀ 'ਮਸ਼ੀਨਰੀ' ਚੰਦ ਉੱਪਰ ਲੇਕਿਨ 'ਸੋਚ' ਪਤਾਲ ਵੱਲ ਜਾ ਰਹੀ ਐ।

# ਬੱਦੋਵਾਲ ਸਕੂਲ ਹਾਦਸੇ ਲਈ ਜ਼ਿੰਮੇਵਾਰ ਕੌਣ?

ਪਿਛਲੇ ਦਿਨੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ ਦੇ ਸਟਾਫ ਰੂਮ ਦੀ ਛੱਤ ਡਿੱਗਣ ਕਾਰਨ ਸਕੂਲ ਅਧਿਆਪਕਾ ਰਵਿੰਦਰ ਕੌਰ ਦੀ ਮੌਤ ਹੋ ਗਈ ਅਤੇ ਸਕੂਲ ਦੇ ਤਿੰਨ ਅਧਿਆਪਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ। 45 ਸਾਲਾ ਰਵਿੰਦਰ ਕੌਰ ਨੇ ਐਮ.ਏ. (ਅੰਗਰੇਜ਼ੀ), ਬੀ.ਐੱਡ. ਕੀਤੀ ਹੋਈ ਸੀ। ਉਹ ਕਰੀਬ ਅੱਠ ਸਾਲ ਪਹਿਲਾਂ ਸਿੱਖਿਆ ਵਿਭਾਗ ਵਿਚ ਅਧਿਆਪਕਾ ਵਜੋਂ ਭਰਤੀ ਹੋਈ ਸੀ। ਕੁਝ ਸਮਾਂ ਪਹਿਲਾਂ ਹੀ ਉਸ ਨੇ ਆਪਣੀ ਬਦਲੀ ਨੂਰਪੁਰ ਬੇਟ ਤੋਂ ਬੱਦੋਵਾਲ ਕਰਵਾਈ ਸੀ।

ਗਹੁ ਨਾਲ ਵੇਖਿਆ ਜਾਵੇ ਤਾਂ ਸਮਝ ਪੈਂਦਾ ਹੈ ਕਿ ਇਹ ਹਾਦਸਾ ਨਹੀਂ ਬਲਕਿ ਇਸ 'ਪ੍ਰਬੰਧ' ਦੀ ਅਣਗਹਿਲੀ ਕਾਰਨ ਹੋਇਆ 'ਕਤਲ' ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਸਾਢੇ ਛੇ ਦਹਾਕੇ ਪੁਰਾਣੀ ਸਕੂਲ ਇਮਾਰਤ ਨੂੰ ਢਾਹ ਕੇ ਨਵੀਂ ਇਮਾਰਤ ਬਣਾਉਣ ਦੀ ਥਾਂ ਸਕੂਲ ਸਮੇਂ ਦੌਰਾਨ ਉਸ ਪੁਰਾਣੀ ਇਮਾਰਤ 'ਤੇ ਹੋਰ ਮੰਜ਼ਿਲਾਂ ਦੀ ਉਸਾਰੀ ਕਰਨਾ ਸਰਕਾਰ ਦੀ ਨਾਲਾਇਕੀ ਹੀ ਕਹੀ ਜਾ ਸਕਦੀ ਹੈ। ਵੈਸੇ ਵੀ ਇਹ ਕੋਈ ਆਮ ਸਕੂਲ ਨਹੀਂ ਸੀ, ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਇਹ 'ਸਕੂਲ ਆਫ ਐਮੀਨੈਂਸ' ਸੀ।

ਆਮ ਆਦਮੀ ਪਾਰਟੀ ਨੇ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ 'ਤੇ ਸਿਹਤ ਅਤੇ ਸਿੱਖਿਆ ਸਰਕਾਰ ਦੀ ਤਰਜੀਹ ਹੋਣਗੇ। 'ਆਪ' ਨੇ ਪੰਜਾਬੀਆਂ ਅੱਗੇ ਆਪਣੇ ਦਿੱਲੀ ਮਾਡਲ ਦੀ ਪੇਸ਼ਕਾਰੀ ਇਸ ਤਰ੍ਹਾਂ ਕੀਤੀ ਸੀ ਜਿਵੇਂ ਦਿੱਲੀ ਵਿਚ 'ਇਨਕਲਾਬ' ਲਿਆ ਦਿੱਤਾ ਹੋਵੇ। ਕਿਹਾ ਗਿਆ ਕਿ ਦਿੱਲੀ ਵਿਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਸਰਕਾਰੀ ਸਕੂਲਾਂ ਦੀਆਂ ਬਿਲਡਿੰਗਾਂ ਤੇ ਸਿੱਖਿਆ ਦਾ ਮਿਆਰ ਕਿਤੇ ਵਧੀਆ ਹੈ। ਸਕੂਲਾਂ ਵਾਂਗ ਦਿੱਲੀ ਦੇ ਮੁਹੱਲਾ ਕਲੀਨਿਕਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦਿਆਂ ਲੋਕਾਂ ਨੂੰ 'ਆਪ' ਦੀ ਸਰਕਾਰ ਚੁਣਨ ਲਈ ਪ੍ਰੇਰਿਆ ਗਿਆ।

ਪਰ ਸੱਤਾ ਸੰਭਾਲਣ ਉਪਰੰਤ 'ਆਪ' ਸਰਕਾਰ ਨੇ ਜਰਜਰ ਹੋ ਚੁੱਕੇ ਸਿਹਤ ਤੇ ਸਿੱਖਿਆ ਢਾਂਚੇ ਵਿਚ ਕੋਈ ਬੁਨਿਆਦੀ ਤਬਦੀਲੀ ਕਰਨ ਦੀ ਥਾਂ ਸਿਹਤ ਕੇਂਦਰਾਂ, ਡਿਸਪੈਂਸਰੀਆਂ ਦੀਆਂ ਪੁਰਾਣੀਆਂ ਇਮਾਰਤਾਂ 'ਤੇ ਰੰਗ ਕਰ ਕੇ 'ਆਮ ਆਦਮੀ ਕਲੀਨਿਕ' ਲਿਖ ਦਿੱਤਾ ਤੇ ਸਰਕਾਰੀ ਸਕੂਲਾਂ ਦੀਆਂ ਦਹਾਕੇ ਪੁਰਾਣੀਆਂ ਇਮਾਰਤਾਂ 'ਤੇ ਰੰਗ ਫੇਰ ਕੇ 'ਸਕੂਲ ਆਫ ਐਮੀਨੈਂਸ' ਲਿਖ ਦਿੱਤਾ। ਅਗਲਾ ਕੰਮ ਸਰਕਾਰ ਨੇ ਇਹ ਕੀਤਾ ਕਿ ਖਜ਼ਾਨੇ ਦੀ ਦੁਰਵਰਤੋਂ ਨਾਲ ਮੀਡੀਆ ਨੂੰ ਦਿੱਤੇ ਇਸ਼ਤਿਹਾਰਾਂ ਰਾਹੀਂ ਲੋਕਾਂ ਅੱਗੇ ਬਿਰਤਾਂਤ ਸਿਰਜਿਆ ਕਿ ਸਰਕਾਰ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਬਹੁਤ ਕੁਝ ਨਵਾਂ ਕਰ ਦਿੱਤਾ ਹੈ।

ਲੁਧਿਆਣਾ ਦੇ ਬੱਦੋਵਾਲ ਵਿਚਲੇ ਜਿਸ ਸਰਕਾਰੀ ਸਕੂਲ ਦੀ ਇਮਾਰਤ ਡਿੱਗੀ ਹੈ, ਉਹ ਲੱਗਭੱਗ 1960 ਦੇ ਦਹਾਕੇ ਦੀ ਹੈ। ਪਿਛਲੀ ਕਾਂਗਰਸ ਸਰਕਾਰ ਨੇ ਇਸ ਬਿਲਡਿੰਗ ਨੂੰ ਰੰਗ ਕਰ ਕੇ ਥੋੜ੍ਹੀ ਲਿੱਪਾ-ਪੋਚੀ ਨਾਲ ਇਸ 'ਤੇ ਸਮਾਰਟ ਸਕੂਲ ਲਿਖ ਕੇ ਇਸ ਨੂੰ 'ਸਮਾਰਟ ਸਕੂਲ' ਐਲਾਨ ਦਿੱਤਾ ਸੀ ਅਤੇ ਹੁਣ ਇਸ 'ਆਪ' ਸਰਕਾਰ ਨੇ ਇਸ ਨੂੰ 'ਸਕੂਲ ਆਫ਼ ਐਮੀਨੈਂਸ' ਐਲਾਨ ਕੇ ਇਸ ਦੀ ਲਿੱਪਾ-ਪੋਚੀ ਕਰਨੀ ਸ਼ੁਰੂ ਕੀਤੀ ਹੋਈ ਹੈ।

ਹੈਰਾਨੀਜਨਕ ਗੱਲ ਇਹ ਹੈ ਕਿ ਨਾ ਤਾਂ ਇਸ ਸਕੂਲ ਨੂੰ 'ਸਮਾਰਟ ਸਕੂਲ' ਐਲਾਨਣ ਵਾਲੀ ਪਿਛਲੀ ਕਾਂਗਰਸ ਸਰਕਾਰ ਨੇ ਇੰਜਨੀਅਰਾਂ ਤੋਂ ਇਸ ਬਿਲਡਿੰਗ ਦੀ ਜਾਂਚ ਕਰਵਾਈ ਤੇ ਨਾ ਹੀ ਇਸ ਨੂੰ 'ਸਕੂਲ ਆਫ਼ ਐਮੀਨੈਂਸ' ਐਲਾਨਣ ਵਾਲੀ 'ਆਪ' ਸਰਕਾਰ ਨੇ ਜਾਂਚ ਕਰਵਾਈ ਕਿ ਇਸ ਇਮਾਰਤ ਦਾ ਬੁਨਿਆਦੀ ਢਾਂਚਾ ਸੁਰੱਖਿਅਤ ਹੈ ਵੀ ਜਾਂ ਨਹੀਂ।

ਬਣਦਾ ਤਾਂ ਇਹ ਸੀ 1960 ਦੀ ਬਣੀ ਇਮਾਰਤ ਨੂੰ ਢਾਹ ਕੇ ਇਸ ਦੀ ਜਗ੍ਹਾ ਅਧੁਨਿਕ ਢੰਗ ਨਾਲ ਨਵੀਂ ਇਮਾਰਤ ਬਣਾਈ ਜਾਂਦੀ ਪਰ ਸਰਕਾਰ ਅਤੇ ਇਸ ਦੇ ਅਖੌਤੀ ਸਿੱਖਿਆ ਅਫਸਰਾਂ ਨੇ ਇਸ ਪੁਰਾਣੀ ਇਮਾਰਤ 'ਤੇ ਹੋਰ ਮੰਜ਼ਿਲਾਂ ਬਣਾਉਣ ਅਤੇ ਇਸ ਦੀ ਮੁਰੰਮਤ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਪੁਰਾਣੇ ਜ਼ਮਾਨੇ ਵਿਚ ਬਣੀ ਇਸ ਇਮਾਰਤ ਵਿਚ ਬੀਮ ਬਗੈਰਾ ਨਹੀਂ ਪਾਏ ਗਏ ਸਨ ਜੋ ਹੁਣ ਅਧੁਨਿਕ ਢੰਗ ਨਾਲ ਬਣਾਈਆ ਜਾ ਰਹੀਆਂ ਇਮਾਰਤਾਂ ਵਿਚ ਲਗਾਏ ਜਾਂਦੇ ਹਨ। ਇਸ ਦੀ ਛੱਤ ਜ਼ਿਆਦਾ ਭਾਰ ਨਹੀਂ ਚੁੱਕ ਸਕਦੀ ਸੀ ਪਰ ਫਿਰ ਵੀ ਠੇਕੇਦਾਰ ਨੇ ਛੱਤ 'ਤੇ ਪੁਰਾਣੀ ਉਸਾਰੀ ਸਮੱਗਰੀ ਦੇ ਢੇਰ ਲਾਏ ਹੋਏ ਸਨ। ਪਹਿਲਾਂ ਹੀ ਕਮਜ਼ੋਰ ਤੇ ਵੇਲਾ ਵਿਹਾਅ ਚੁੱਕਿਆ ਢਾਂਚਾ ਐਨਾ ਜ਼ਿਆਦਾ ਭਾਰ ਚੁੱਕਣ 'ਚ ਅਸਫਲ ਰਿਹਾ ਜਿਸ ਕਾਰਨ ਸਾਰਾ



ਢਾਂਚਾ ਜ਼ਮੀਨੀ ਮੰਜ਼ਿਲ 'ਤੇ ਸਟਾਫ ਰੂਮ ਉੱਪਰ ਡਿੱਗ ਪਿਆ।

ਨਿਯਮਾਂ ਅਨੁਸਾਰ ਕਿਸੇ ਜਨਤਕ ਇਮਾਰਤ ਲਈ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਕਿਸੇ ਇੰਜੀਨੀਅਰ ਤੋਂ ਜੋਖਮ ਮੁਲਾਂਕਣ ਕਰਵਾਉਣਾ ਬੇਹੱਦ ਲਾਜ਼ਮੀ ਹੈ ਪਰ ਇਸ ਬਿਲਡਿੰਗ ਦਾ ਕੰਮ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਕੀਤਾ ਗਿਆ ਜਿਸ ਕਾਰਨ ਐਡਾ ਵੱਡਾ ਨੁਕਸਾਨ ਹੋਇਆ ਹੈ।

ਸਾਡੇ ਸੂਬੇ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀਆਂ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਢਾਂਚੇ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਮੌਜੂਦਾ ਸੂਬਾ ਸਰਕਾਰ ਨੇ ਵਿਕਾਸ ਦੇ ਦਾਅਵੇ ਤਾਂ ਬਹੁਤ ਕੀਤੇ ਹਨ ਪਰ ਤੱਥ ਸਾਬਤ ਕਰਦੇ ਹਨ ਕਿ ਸਿੱਖਿਆ ਦਾ ਮਿਆਰ ਉੱਚਾ ਚੁੱਕਣਾ ਤਾਂ ਦੂਰ ਦੀ ਗੱਲ ਹੈ, ਪਿਛਲੇ ਡੇਢ ਸਾਲ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸੁਰੱਖਿਅਤ ਬੁਨਿਆਦੀ ਢਾਂਚਾ ਵੀ ਮੁਹੱਈਆ ਨਹੀਂ ਕੀਤਾ ਜਾ ਸਕਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਸਮੇਤ ਇਸ ਦੇ ਸਾਰੇ ਕੈਬਨਿਟ ਮੰਤਰੀ ਫੋਕੇ ਦਾਅਵਿਆਂ ਨਾਲ ਫੋਟੋ ਸੈਸ਼ਨ ਤੱਕ ਸੀਮਤ ਹਨ। ਹੜ੍ਹ ਦੀ ਮਾਰ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੀ ਥਾਂ ਸਿਰਫ ਲੋਕਾਂ ਵਿਚ ਜਾ ਕੇ ਫੋਟੋਆਂ ਕਰਵਾਉਣ ਕਾਰਨ ਕਈ ਕੈਬਨਿਟ ਮੰਤਰੀ ਤਾਂ ਲੋਕਾਂ ਦੇ ਵਿਰੋਧ ਦਾ ਸਾਹਮਣਾ ਵੀ ਕਰ ਚੁੱਕੇ ਹਨ। ਇਹੋ ਕੁਝ ਇਹਨਾਂ ਮੰਤਰੀਆਂ ਨੇ ਸਕੂਲਾਂ ਵਿਚ ਜਾ ਕੇ ਕੀਤਾ ਹੈ; ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਆਪਣੇ ਨਾਲ ਕੈਮਰਿਆ ਵਾਲੀ ਟੀਮ ਲੈ ਕੇ ਸਕੂਲਾਂ ਵਿਚ ਬਨਣ ਵਾਲੇ ਦੁਪਹਿਰ ਦੇ ਖਾਣੇ (ਮਿਡ ਡੇਅ ਮੀਲ) ਵਿਚ ਟਮਾਟਰ ਤਾਂ ਚੈੱਕ ਕਰਦਾ ਫਿਰਦਾ ਸੀ ਪਰ ਉਸ ਨੇ ਕਿਸੇ ਸਕੂਲ ਵਿਚ ਇਹ ਚੈੱਕ ਨਹੀਂ ਕੀਤਾ ਕਿ ਕੀ ਇਹ ਇਮਾਰਤ ਵਿਦਿਆਰਥੀਆਂ, ਅਧਿਆਪਕਾਂ ਲਈ ਸੁਰੱਖਿਅਤ ਹੈ ਵੀ ਜਾਂ ਨਹੀਂ? ਸਕੂਲ ਵਿਚ ਅਧਿਆਪਕਾਂ ਦੀ ਅਸਾਮੀਆਂ ਪੂਰੀਆਂ ਹਨ ਵੀ ਜਾਂ ਨਹੀਂ?

ਸੋ, ਅਧਿਆਪਕਾ ਦੀ ਮੌਤ ਲਈ ਠੇਕੇਦਾਰ ਤਾਂ ਜ਼ਿੰਮੇਵਾਰ ਹੈ ਹੀ ਪਰ ਨਾਲ ਸਿੱਖਿਆ ਮੰਤਰੀ, ਜ਼ਿਲ੍ਹਾ ਸਿੱਖਿਆ ਅਫਸਰ ਤੇ ਸਕੂਲ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਵੀ ਤੈਅ ਹੋਣੀ ਚਾਹੀਦੀ ਹੈ। ਜ਼ਿੰਮੇਵਾਰੀ ਉਸ ਸਰਕਾਰ ਦੀ ਵੀ ਤੈਅ ਹੋਣੀ ਚਾਹੀਦੀ ਹੈ ਜਿਸ ਨੇ ਸਿਰਫ ਆਪਣੇ ਸਿਆਸੀ ਲਾਭ ਅਤੇ ਪ੍ਰਚਾਰ ਲਈ ਅਸੁਰੱਖਿਅਤ ਇਮਾਰਤ ਨੂੰ 'ਸਕੂਲ ਆਫ ਐਮੀਨੈਂਸ' ਐਲਾਨ ਕੇ ਨਵੀਂ ਉਸਾਰੀ ਦਾ ਕੰਮ ਸ਼ੁਰੂ ਕੀਤਾ।

ਭਗਵੰਤ ਮਾਨ ਸਰਕਾਰ ਪ੍ਰਿੰਸੀਪਲਾਂ/ਹੈੱਡਮਾਸਟਰਾਂ ਨੂੰ ਸਿੰਗਾਪੁਰ ਤੋਂ ਵਿਸ਼ੇਸ਼ ਟਰੇਨਿੰਗ ਮੁਹੱਈਆ ਕਰਵਾਉਣ ਦੀ ਡਰਾਮੇਬਾਜ਼ੀ ਕਰ ਰਹੀ ਹੈ। ਸਕੂਲ ਮੁਖੀਆਂ ਦੇ ਕਈ ਬੈਚ ਟਰੇਨਿੰਗ ਲਈ ਭੇਜ ਕੇ ਸਰਕਾਰੀ ਖਜ਼ਾਨੇ 'ਤੇ ਬੋਝ ਤਾਂ ਪਾਇਆ ਜਾ ਰਿਹਾ ਹੈ ਪਰ ਸ਼ਾਇਦ ਸਿੰਗਾਪੁਰ ਵਾਲੇ ਟਰੇਨਰਾਂ ਨੇ ਇਹ ਮੋਟੀ ਜਿਹੀ ਗੱਲ ਨਹੀਂ ਸਮਝਾਈ ਹੋਣੀ ਕਿ ਸਕੂਲਾਂ ਵਿਚ ਉਸਾਰੀ ਦਾ ਕੰਮ ਛੁੱਟੀਆਂ ਦੌਰਾਨ ਜਾਂ ਸਕੂਲ ਸਮੇਂ ਤੋਂ ਬਾਅਦ ਕਰਨਾ ਚਾਹੀਦਾ ਹੈ। ਹੇਠਲੀ ਮੰਜ਼ਿਲ 'ਤੇ ਬੱਚਿਆਂ ਦੀਆਂ ਜਮਾਤਾਂ ਲੱਗ ਰਹੀਆਂ ਹੋਣ ਤਾਂ ਉੱਪਰਲੀਆਂ ਮੰਜ਼ਿਲਾਂ 'ਤੇ ਉਸਾਰੀ ਦਾ ਕੰਮ ਕਰਨ ਦੀ ਇਜਾਜ਼ਤ ਦੇਣਾ ਇਸ ਪ੍ਰਬੰਧ ਦੀ ਨਾਲਾਇਕੀ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ। ਇਸੇ ਨਾਲਾਇਕੀ ਕਾਰਨ ਇੱਕ ਯੋਗ ਅਧਿਆਪਕਾ ਸਾਡੇ ਸਮਾਜ ਤੋਂ ਚਲੀ ਗਈ ਹੈ ਪਰ ਜੇ ਕਲਾਸ ਰੂਮ ਦਾ ਢਾਂਚਾ ਢਹਿ ਜਾਂਦਾ ਤਾਂ ਇਸ ਤੋਂ ਵੀ ਵੱਡਾ ਨੁਕਸਾਨ ਹੋ ਸਕਦਾ ਸੀ। ਦੂਜੀ ਗੱਲ ਇਹ ਕਿ ਟਰੇਨਿੰਗ ਸਮਾਜ ਦੀਆਂ ਠੋਸ ਹਾਲਤਾਂ ਨੂੰ ਜੋੜ ਕੇ ਹੀ ਦਿੱਤੀ ਜਾ ਸਕਦੀ ਹੈ, ਦੂਜੇ ਦੇਸ਼ ਵਿਚ ਟਰੇਨਿੰਗ ਲਈ ਭੇਜਣਾ ਫੋਕੇ ਅਭਿਆਸ ਤੋਂ ਵੱਧ ਕੁਝ ਵੀ ਨਹੀਂ ਹੈ।

ਅਸਲ ਵਿਚ ਟਰੇਨਿੰਗ ਦੀ ਲੋੜ ਪ੍ਰਿੰਸੀਪਲਾਂ ਨੂੰ ਨਹੀਂ, ਸਿੱਖਿਆ ਮੰਤਰੀ ਨੂੰ ਹੈ। ਉਸ ਨੂੰ ਸਮਝਾਉਣ ਵਾਲਾ ਹੈ ਕਿ ਕੂਚੀ ਫੇਰ ਕੇ ਸਕੂਲ ਆਫ ਐਮੀਨੈਂਸ ਲਿਖਣ ਨਾਲ ਸਿੱਖਿਆ ਦਾ ਪੱਧਰ ਉੱਚਾ ਨਹੀਂ ਚੁੱਕਿਆ ਜਾ ਸਕਦਾ ਹੈ ਬਲਕਿ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਬੁਨਿਆਦੀ ਢਾਂਚਾ ਚੁਸਤ-ਦਰੁਸਤ ਕਰਨਾ ਪੈਂਦਾ ਹੈ। ਸਕੂਲਾਂ ਦੀਆਂ ਇਮਾਰਤਾਂ ਦੇ ਨਾਲ-ਨਾਲ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਦੀਆਂ ਦਹਾਕਿਆਂ ਤੋਂ ਖਾਲੀ ਪਈਆਂ ਅਸਾਮੀਆਂ ਭਰਨ ਦੀ ਲੋੜ ਹੈ। ਸਰਕਾਰ ਦੇ ਬੌਧਿਕ ਪੱਧਰ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 23 ਅਗਸਤ ਤੋਂ 27 ਅਗਸਤ ਤੱਕ ਇਹ ਕਹਿ ਕੇ ਮਸ਼ੀਨੀ ਢੰਗ ਨਾਲ ਸਕੂਲਾਂ ਵਿਚ ਛੁੱਟੀਆਂ ਕਰ ਦਿੱਤੀਆਂ ਕਿ ਮੀਂਹ ਪੈਣ ਅਤੇ ਦਰਿਆਵਾਂ ਵਿਚ ਜ਼ਿਆਦਾ ਪਾਣੀ ਆਉਣ ਦੀ ਸੰਭਾਵਨਾ ਹੈ। ਪਹਿਲੀ ਗੱਲ, ਕਿਤੇ ਕੋਈ ਖਾਸ ਮੀਂਹ ਆਇਆ ਹੀ ਨਹੀਂ ਅਤੇ ਦੂਜਾ, ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਛੁੱਟੀਆਂ ਕਰਨਾ ਸਮਝ ਪੈਂਦਾ ਹੈ ਪਰ ਪੰਜਾਬ ਦੇ ਬਰਨਾਲੇ ਜ਼ਿਲ੍ਹੇ ਤੋਂ ਇਲਾਵਾ ਦਰਜਨਾਂ ਅਜਿਹੀਆਂ ਸਬ-ਡਿਵੀਜ਼ਨਾਂ/ਬਲਾਕ ਹਨ ਜਿੱਥੇ ਹੜ੍ਹਾਂ ਦੇ ਪਾਣੀ ਨੇ ਕੋਈ ਮਾਰ ਨਹੀਂ ਕੀਤੀ ਹੈ ਤਾਂ ਉੱਥੇ ਛੁੱਟੀਆਂ ਕਰਨ ਦਾ ਕੀ ਮਤਲਬ ਹੈ।

ਅਸਲ ਵਿਚ ਸਰਕਾਰਾਂ ਲੋਕ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਫੈਸਲੇ ਲੈਣ ਦੀ ਥਾਂ ਆਪਣੇ ਅਖੌਤੀ ਵਿਕਾਸ ਮਾਡਲ ਦੀ ਪੇਸ਼ਕਾਰੀ ਕਰਨ ਲਈ ਫੈਸਲੇ ਲੈਂਦੀਆਂ ਹਨ ਜਿਸ ਕਾਰਨ ਆਮ ਲੋਕ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ। ਪਿਛਲੇ ਸਾਲ ਗੁਜਰਾਤ ਦੇ ਮੋਰਬੀ ਵਿਚ ਸਦੀ ਪੁਰਾਣਾ ਪੁਲ ਥੋੜ੍ਹੀ-ਬਹੁਤੀ ਮੁਰੰਮਤ ਤੋਂ ਬਾਅਦ ਆਮ ਲੋਕਾਂ ਲਈ ਖੋਲ੍ਹਿਆ ਗਿਆ ਸੀ ਤਾਂ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਸੀ।

ਅੱਜ ਕੱਲ੍ਹ ਹਿਮਾਚਲ ਪ੍ਰਦੇਸ਼, ਉਤਰਾਖੰਡ ਸਮੇਤ ਪਹਾੜੀ ਸੂਬਿਆਂ ਵਿਚ ਹੜ੍ਹਾਂ ਕਾਰਨ ਅਨੇਕਾਂ ਮਨੁੱਖੀ ਜਾਨਾਂ ਜਾ ਰਹੀਆਂ ਹਨ ਤੇ ਵੱਡੀ ਪੱਧਰ 'ਤੇ ਇਮਾਰਤਾਂ ਢਹਿ ਢੇਰੀ ਹੋ ਰਹੀਆਂ ਹਨ ਪਰ ਇਹ ਸਭ ਸਰਕਾਰਾਂ ਦੇ ਅਖੌਤੀ ਵਿਕਾਸ ਮਾਡਲ ਕਾਰਨ ਕੁਦਰਤ ਨਾਲ ਕੀਤੀ ਛੇੜਛਾੜ ਦੇ ਸਿੱਟੇ ਵਜੋਂ ਵਾਪਰ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ 13 ਸੂਬਿਆਂ ਅਤੇ ਯੂ.ਟੀ. ਵਿਚ ਫੈਲੀ ਹਿਮਾਲਿਆ ਦੀ ਪਰਬਤ ਲੜੀ ਬੇਲੋੜੀਆਂ ਉਸਾਰੀਆਂ ਤੇ ਸਰਕਾਰਾਂ ਦੇ ਲੋਕ ਵਿਰੋਧੀ ਵਿਕਾਸ ਮਾਡਲਾਂ ਦੀ ਭਿਆਨਕ ਕੀਮਤ ਚੁਕਾ ਰਹੀ ਹੈ; ਭਾਵ ਸਰਕਾਰ ਦੀ ਅਣਗਹਿਲੀ ਕਾਰਨ ਵਾਪਰਿਆ ਬੱਦੋਵਾਲ ਸਕੂਲ ਹਾਦਸਾ ਕੋਈ ਪਹਿਲਾ ਜਾਂ ਆਖਰੀ ਹਾਦਸਾ ਨਹੀਂ ਹੈ ਬਲਕਿ ਆਪਣੇ ਸਿਆਸੀ ਤੇ ਨਿੱਜੀ ਮੁਫਾਦਾਂ ਲਈ ਕੰਮ ਕਰ ਰਹੀਆਂ ਸਰਕਾਰਾਂ ਕਾਰਨ ਲਗਾਤਾਰ ਅਜਿਹੇ ਹਾਦਸੇ ਵਾਪਰ ਰਹੇ ਹਨ।

# ਯੂਨੀਵਰਸਿਟੀ ਦੀ ਦਹਿਲੀਜ਼ 'ਤੇ 'ਵਿਸ਼ਵ ਗੁਰੂ' ਦੇ ਜਾਸੂਸ

***ਜਦੋਂ ਤੋਂ ਰਾਸ਼ਟਰੀ ਸਵੈਮ ਸੇਵਕ ਸੰਘ-ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਹਕੂਮਤ ਨੇ ਸੱਤਾ ਸੰਭਾਲੀ ਹੈ, ਉਸ ਦੀ ਲਗਾਤਾਰ ਕੋਸ਼ਿਸ਼ ਰਹੀ ਹੈ ਕਿ ਸਿੱਖਿਆ ਜਗਤ ਉੱਪਰ ਨਕੇਲ ਕੱਸੀ ਜਾਵੇ; ਕਈ ਅੰਦੋਲਨਾਂ ਵਿਚ ਮੋਹਰੀ ਰਹੇ ਵਿਦਿਅਕ ਸੰਸਥਾਵਾਂ ਦੇ ਕੈਂਪਸਾਂ ਨੂੰ ਆਪਣੇ ਅਧੀਨ ਕੀਤਾ ਜਾਵੇ। ਇਸ ਲਈ ਉਨ੍ਹਾਂ ਦੀ ਕਵਾਇਦ ਲਗਾਤਾਰ ਜਾਰੀ ਹੈ।***

'ਤੁਸੀਂ ਉਹ ਔਰਤ ਹੋ ਜਿਸ ਦੀ ਲਿਖੀ ਕਿਤਾਬ ਨੇ ਇਸ ਮਹਾਨ (ਅਮਰੀਕੀ) ਗ੍ਰਹਿ ਯੁੱਧ ਨੂੰ ਸੰਭਵ ਬਣਾਇਆ।' ਇਹ ਗੱਲ ਤਤਕਾਲੀ ਅਮਰੀਕੀ ਰਾਸ਼ਟਰਪਤੀ ਅਬਰਾਹਮ ਲਿੰਕਨ ਨੇ ਗ਼ੁਲਾਮਦਾਰੀ ਪ੍ਰਥਾ ਦਾ ਫਸਤਾ ਵੱਢਣ ਲਈ ਛੇੜੇ ਗ੍ਰਹਿ ਯੁੱਧ ਦੇ ਖ਼ਾਤਮੇ ਤੋਂ ਬਾਅਦ ਇਸ ਪ੍ਰਥਾ ਵਿਰੁੱਧ ਲਿਖੇ ਨਾਵਲ 'ਅੰਕਲ ਟੌਮਜ਼ ਕੈਬਿਨ' (1852) ਦੀ ਲੇਖਕਾ ਹੈਰੀਏਟ ਬੀਚਰ ਸਟੋਵ ਨੂੰ ਮਿਲਣ 'ਤੇ ਕਹੀ ਸੀ। ਲੇਖਕ, ਕਲਾਕਾਰ, ਵਿਦਵਾਨ ਆਦਿ ਹਮੇਸ਼ਾ ਹੀ ਹੁਕਮਰਾਨਾਂ ਲਈ ਚਿੰਤਾ ਬਣਦੇ ਰਹੇ ਹਨ। ਮਿਸਾਲ ਵਜੋਂ, ਇਨਕਲਾਬ ਤੋਂ ਪਹਿਲੇ ਫਰਾਂਸ ਬਾਰੇ ਇਹ ਮਸ਼ਹੂਰ ਹੈ ਕਿ ਉੱਥੋਂ ਦੀ ਰਾਜਸ਼ਾਹੀ ਨੇ ਆਪਣੇ ਪੁਲਿਸ ਮਹਿਕਮੇ ਨੂੰ ਆਪਣੇ ਦੌਰ ਦੇ ਮਹੱਤਵਪੂਰਨ ਲੇਖਕਾਂ, ਕਲਾਕਾਰਾਂ ਦੀ ਜਾਸੂਸੀ ਕਰਦੇ ਰਹਿਣ ਦੇ ਆਦੇਸ਼ ਦਿੱਤੇ ਸਨ। ਅਸੀਂ 18ਵੀਂ ਸਦੀ ਦੇ ਪੁਲਿਸ

**ਸੁਭਾਸ਼ ਗਾਤਾੜੇ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੁਲਾਜ਼ਮਾਂ ਦੀਆਂ ਮੁਸ਼ਕਿਲਾਂ ਨੂੰ ਸਮਝ ਸਕਦੇ ਹਾਂ ਜਿਨ੍ਹਾਂ ਨੂੰ 'ਖ਼ੌਫ਼ਨਾਕ ਮੁਜਰਮਾਂ ਅਤੇ ਰਾਜਨੀਤਕ ਵਿਅਕਤੀਆਂ' ਤੋਂ ਇਲਾਵਾ ਲੇਖਕਾਂ, ਕਲਾਕਾਰਾਂ ਬਾਰੇ ਵੀ ਫਾਈਲਾਂ ਬਣਾ ਕੇ ਰੱਖਣੀਆਂ ਪੈਂਦੀਆਂ ਸਨ (ਦਿ ਸਟੇਟਸਮੈਨ, ਹਿੰਦੁਸਤਾਨ ਟਾਈਮਜ਼, ਨਵੀਂ ਦਿੱਲੀ, 26 ਸਤੰਬਰ 2006)।

ਇਸ ਜਾਸੂਸੀ ਦਾ ਸਿਲਸਿਲੇਵਾਰ ਵੇਰਵਾ ਬਰੂਨੋ ਫੁਲਿਗਨੀ ਦੀ ਕਿਤਾਬ 'ਰਾਈਟਰਜ਼ ਪੁਲਿਸ' ਵਿਚ ਮਿਲਦਾ ਹੈ। ਦਰਅਸਲ, ਫਰਾਂਸ ਦੀ ਸੰਸਦ ਦੇ ਇਸ ਮੁਲਾਜ਼ਮ ਨੂੰ ਸੰਸਦ ਦੀ ਲਾਇਬ੍ਰੇਰੀ ਦੇ ਪੁਰਾਣੇ ਦਸਤਾਵੇਜ਼ ਘੋਖਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ ਅਤੇ ਇਸ ਬਹੁਤ ਹੀ ਅਕਾਊ ਕੰਮ ਦੌਰਾਨ ਹੀ ਉਸ ਦੇ ਹੱਥ ਇਹ 'ਖ਼ਜ਼ਾਨਾ' ਲੱਗਿਆ ਸੀ।

ਜੇ ਅਸੀਂ ਭਾਰਤ ਵਿਚ ਇੱਥੇ ਨਜ਼ਰ ਮਾਰੀਏ ਤਾਂ ਅੱਜ ਦੇ ਹਾਕਮਾਂ ਦਾ ਰਵੱਈਆ ਵੀ ਇਸ ਮਾਮਲੇ ਵਿਚ ਵੱਖਰਾ ਨਹੀਂ ਸਗੋਂ ਕਈ ਵਾਰ ਤਾਂ ਉਹ ਢਾਈ ਸਦੀਆਂ ਪਹਿਲਾਂ ਦੇ ਫਰਾਂਸੀਸੀ ਬਾਦਸ਼ਾਹਾਂ ਤੋਂ ਵੀ ਇਕ ਕਦਮ ਅੱਗੇ ਦਿਸਦੇ ਹਨ।

ਫਰਾਂਸ ਦੀ ਰਾਜਸ਼ਾਹੀ ਦੇ ਤਖ਼ਤ 'ਤੇ ਬੈਠੇ ਹਾਕਮ ਜਿਨ੍ਹਾਂ ਨੇ ਇਹ ਨਹੀਂ ਸੋਚਿਆ ਹੋਣਾ ਕਿ ਕੁਝ ਦਹਾਕਿਆਂ ਵਿਚ ਹੀ ਉਨ੍ਹਾਂ ਦੀ ਸੱਤਾ ਢਹਿ-ਢੇਰੀ ਹੋਣ ਵਾਲੀ ਹੈ ਅਤੇ ਲੋਕ ਵਿਦਰੋਹ ਦੁਆਰਾ ਉਨ੍ਹਾਂ ਨੂੰ ਸੱਤਾ ਤੋਂ ਹਟਾ ਦਿੱਤਾ ਜਾਵੇਗਾ, ਅਸਲ ਵਿਚ ਇਸ ਪ੍ਰਤੀ ਸੁਚੇਤ ਸਨ ਅਤੇ ਉਨ੍ਹਾਂ ਨੇ ਆਪਣੇ ਮੁਲਾਜ਼ਮਾਂ ਨੂੰ ਇਹ ਹਦਾਇਤ ਕੀਤੀ ਸੀ ਕਿ ਉਹ ਆਪਣੀਆਂ ਗਤੀਵਿਧੀਆਂ ਵਿਚ ਵਧੇਰੇ ਨਿਮਰ ਰਹਿਣ ਅਤੇ ਇਨ੍ਹਾਂ ਕਲਮਕਾਰਾਂ, ਕਲਾਕਾਰਾਂ ਤੇ ਬੁੱਧੀਜੀਵੀਆਂ ਨੂੰ ਬਿਨਾ ਵਜ੍ਹਾ ਪਰੇਸ਼ਾਨ ਨਾ ਕਰਨ ਪਰ ਭਾਰਤ ਵਿਚ ਜਿਸ 'ਨਿਊ ਇੰਡੀਆ' ਵਿਚ ਪਹੁੰਚਣ ਦੇ ਦਾਅਵੇ ਕੀਤੇ ਜਾ ਰਹੇ ਹਾਂ, ਉਸ ਦੇ ਮੁਹਰੈਲ ਤਾਂ ਉਹ ਨਿਮਰਤਾ ਬਹੁਤ ਪਹਿਲਾਂ ਤਿਆਗ ਚੁੱਕੇ ਹਨ।

ਸੰਸਦ ਦੇ ਪਿਛਲੇ ਸੈਸ਼ਨ ਦੌਰਾਨ ਟਰਾਂਸਪੋਰਟ, ਸੈਰ-ਸਪਾਟਾ ਅਤੇ ਸਭਿਆਚਾਰ ਬਾਰੇ ਸੰਸਦੀ ਕਮੇਟੀ ਨੇ ਆਪਣੀ ਰਿਪੋਰਟ ਸੰਸਦ ਦੇ ਸਦਨ ਵਿਚ ਪੇਸ਼ ਕੀਤੀ ਸੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਭਵਿੱਖ ਵਿਚ ਸਰਕਾਰ ਨੂੰ 'ਅਵਾਰਡ ਵਾਪਸੀ' ਵਰਗੇ ਹਾਲਾਤ ਵਿਚੋਂ ਲੰਘਣਾ ਨਾ ਪਵੇ, ਇਸ ਲਈ ਇਹ ਸੁਝਾਅ ਦਿੱਤਾ ਗਿਆ ਕਿ ਭਵਿੱਖ ਵਿਚ ਸੰਭਾਵੀ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਤੋਂ ਇਹ ਲਿਖ ਕੇ ਲਿਆ ਜਾਵੇ ਕਿ ਉਹ ਕਦੇ ਵੀ ਕਿਸੇ ਵੀ ਰਾਜਨੀਤਕ ਘਟਨਾ ਦੇ ਵਿਰੋਧ ਵਿਚ ਆਪਣਾ ਸਨਮਾਨ ਵਾਪਸ ਨਹੀਂ ਕਰਨਗੇ।

ਚੇਤੇ ਰਹੇ ਕਿ 2015 'ਚ ਕੰਨੜ ਵਿਦਵਾਨ ਪ੍ਰੋਫੈਸਰ ਕਲਬੁਰਗੀ ਦੇ ਕਤਲ ਦੇ ਵਿਰੋਧ 'ਚ ਵੱਖ-ਵੱਖ ਭਾਸ਼ਾਵਾਂ 'ਚ ਸਰਗਰਮ 39 ਲੇਖਕਾਂ ਅਤੇ ਰਚਨਾਕਾਰਾਂ ਨੇ ਆਪਣੇ ਸਨਮਾਨ ਸਰਕਾਰ ਨੂੰ ਮੋੜ ਦਿੱਤੇ ਸਨ। ਜਿੱਥੇ ਇਸ ਦੀ ਸ਼ੁਰੂਆਤ ਹਿੰਦੀ ਲੇਖਕ ਕਵੀ ਉਦੈ ਪ੍ਰਕਾਸ਼ ਨੇ ਕੀਤੀ, ਉੱਥੇ ਬਾਅਦ ਵਿਚ ਵੱਖ-ਵੱਖ ਭਾਸ਼ਾਵਾਂ ਦੇ ਕਈ ਚਰਚਿਤ ਨਾਮ ਜਿਵੇਂ ਨਯਨਤਾਰਾ ਸਹਿਗਲ, ਅਸ਼ੋਕ ਵਾਜਪਈ, ਮੰਗਲੇਸ਼ ਡਬਰਾਲ ਇਸ ਵਿਚ ਸ਼ਾਮਿਲ ਹੋ ਗਏ। ਇਕ ਤਰ੍ਹਾਂ ਨਾਲ, ਮੋਦੀ ਸਰਕਾਰ ਨੂੰ ਮੁਲਕ ਦੇ ਅੰਦਰ ਹੀ ਨਹੀਂ ਸਗੋਂ ਵਿਦੇਸ਼ 'ਚ ਵੀ ਕਾਫ਼ੀ ਅਣਸੁਖਾਵੇਂ ਪਲ ਦੇਖਣੇ ਪਏ; ਭਾਵ 'ਬਦਨਾਮੀ' ਝੱਲਣੀ ਪਈ, ਜਦੋਂ ਦੁਨੀਆ ਦੇ ਮੁੱਖ ਅਖ਼ਬਾਰਾਂ ਨੇ ਇਸ ਨੂੰ ਮਹੱਤਵ ਦਿੱਤਾ।

ਗੌਰਤਲਬ ਹੈ ਕਿ ਸੰਸਦੀ ਕਮੇਟੀ ਦੀਆਂ ਇਨ੍ਹਾਂ ਸਿਫ਼ਾਰਸ਼ਾਂ ਜੋ ਕਿਸੇ ਵੀ ਆਜ਼ਾਦ ਲੇਖਕ, ਰਚਨਾਕਾਰ ਨੂੰ ਬੇਹੱਦ ਅਪਮਾਨਿਤ ਕਰਨ ਵਾਲੀਆਂ ਹਨ, ਉੱਪਰ ਮੁਲਕ ਦੇ ਅੰਦਰ ਚਰਚਾ ਸ਼ੁਰੂ ਹੀ ਹੋਈ ਸੀ ਕਿ ਹਕੂਮਤ ਦੀ ਸੇਵਾ 'ਚ ਜੁਟੇ ਖ਼ੁਫ਼ੀਆ ਵਿਭਾਗ ਦਾ ਕਾਰਨਾਮਾ ਚਰਚਾ 'ਚ ਆ ਗਿਆ। ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਇੰਟੈਲੀਜੈਂਸ ਬਿਊਰੋ ਦੇ ਅਧਿਕਾਰੀਆਂ ਦੀ ਟੀਮ ਨੇ ਮੁਲਕ ਦੀ ਇਕ ਸ੍ਰੇਸ਼ਟ ਨਿੱਜੀ ਯੂਨੀਵਰਸਿਟੀ (ਅਸ਼ੋਕਾ ਯੂਨੀਵਰਸਿਟੀ) ਵਿਚ ਬਿਨਾ ਕਿਸੇ ਅਗਾਊਂ ਸੂਚਨਾ ਦੇ ਜਾ ਕੇ ਦਸਤਕ ਦਿੱਤੀ ਅਤੇ ਉੱਥੇ ਕੰਮ ਕਰਦੇ ਇਕ ਪ੍ਰੋਫੈਸਰ ਨਾਲ ਮੁਲਾਕਾਤ ਕਰਨੀ ਚਾਹੀ।

ਭਾਰਤ ਦੇ ਅਕਾਦਮਿਕ ਜਗਤ ਵਿਚ ਬੇਮਿਸਾਲ ਕਹੀ ਜਾਣ ਵਾਲੀ ਇਹ ਫੇਰੀ ਚੁੱਪ-ਚਾਪ ਨਹੀਂ ਸਗੋਂ ਲੋਕਾਂ ਦੀਆਂ ਨਜ਼ਰਾਂ ਵਿਚ ਵਾਪਰੀ। ਉਕਤ ਪ੍ਰੋਫੈਸਰ ਨੂੰ ਮਿਲਣ ਦੀ ਉਨ੍ਹਾਂ ਦੀ ਇੱਛਾ ਦਾ ਰਾਜ਼ ਬਸ ਏਨਾ ਕੁ ਸੀ ਕਿ ਅਰਥ-ਸ਼ਾਸਤਰ ਵਿਭਾਗ ਦੇ ਇਸ ਸਾਬਕਾ ਪ੍ਰੋਫੈਸਰ ਸਬਿਆਸਾਚੀ ਦਾਸ ਦੇ ਖੋਜ ਪੱਤਰ ਜੋ ਅਜੇ ਖਰੜਾ ਹੀ ਸੀ ਅਤੇ ਜਿਸ ਵਿਚ 2019 ਦੀਆਂ ਚੋਣਾਂ ਬਾਰੇ ਚਰਚਾ ਕੀਤੀ ਗਈ ਸੀ, ਦੇ ਨਤੀਜਿਆਂ ਨੇ ਜ਼ਬਰਦਸਤ ਹੰਗਾਮਾ ਖੜ੍ਹਾ ਕਰ ਦਿੱਤਾ ਸੀ। ਪ੍ਰੋਫੈਸਰ ਦਾਸ ਸ਼ਹਿਰ ਤੋਂ ਬਾਹਰ ਸਨ, ਇਸ ਲਈ ਇੰਟੈਲੀਜੈਂਸ ਬਿਊਰੋ ਦੇ ਅਧਿਕਾਰੀ ਉਨ੍ਹਾਂ ਨੂੰ ਨਹੀਂ ਮਿਲ ਸਕੇ, ਇਸ ਤੋਂ ਬਾਅਦ ਇਨ੍ਹਾਂ ਅਧਿਕਾਰੀਆਂ ਨੇ ਇੱਛਾ ਜ਼ਾਹਿਰ ਕੀਤੀ ਕਿ ਉਹ ਇਸ ਮੁੱਦੇ 'ਤੇ ਪ੍ਰੋਫੈਸਰ ਦਾਸ ਦੇ ਵਿਭਾਗ ਦੇ ਹੋਰ ਸਹਿਯੋਗੀਆਂ ਨਾਲ ਗੱਲ ਕਰਨਾ ਚਾਹੁਣਗੇ। ਇਹ ਗੱਲ ਮਹੱਤਵਪੂਰਨ ਹੈ ਕਿ ਉਸ ਦੇ ਸਾਥੀਆਂ ਨੇ ਅਜਿਹੀ ਕਿਸੇ ਵੀ ਰਸਮੀ ਮੁਲਾਕਾਤ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਆਪਣੇ ਸਵਾਲਾਂ ਦੀ ਸੂਚੀ ਬਣਾਉਣ ਅਤੇ ਇਸ ਸਬੰਧ 'ਚ ਰਸਮੀ ਚਿੱਠੀ ਲਿਖਣ ਲਈ ਕਿਹਾ। ਜਦੋਂ ਖ਼ੁਫ਼ੀਆ ਵਿਭਾਗ ਦੇ ਇਨ੍ਹਾਂ ਅਧਿਕਾਰੀਆਂ ਨੇ ਅਜਿਹੀ ਰਸਮੀ ਚਿੱਠੀ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਅਧਿਆਪਕਾਂ ਨਾਲ ਉਨ੍ਹਾਂ ਦੀ ਮੀਟਿੰਗ ਵੀ ਸੰਭਵ ਨਹੀਂ ਹੋ ਸਕੀ। ਕੁਝ ਘੰਟਿਆਂ ਵਿਚ ਹੀ ਅਧਿਕਾਰੀਆਂ ਦੀ ਟੀਮ ਉੱਥੋਂ ਚਲੀ ਗਈ, ਹਾਲਾਂਕਿ ਉਹ ਇਹ ਵੀ ਦੱਸ ਗਏ ਕਿ ਉਹ ਛੇਤੀ ਹੀ ਵਾਪਸ ਆਉਣਗੇ।

ਮੁਲਕ ਦੇ ਅਕਾਦਮਿਕ ਜਗਤ ਦੇ ਇਤਿਹਾਸ ਵਿਚ ਬੇਮਿਸਾਲ ਕਹੀ ਜਾਣ ਵਾਲੀ ਇਸ ਘਟਨਾ ਉੱਪਰ ਜਿੰਨੀ ਵਧੇਰੇ ਚਰਚਾ ਹੋਵੇ, ਉਹ ਤਾਂ ਜ਼ਰੂਰੀ ਹੈ ਹੀ ਪਰ ਇਸ ਤੋਂ ਪਹਿਲਾਂ ਕੁਝ ਹੋਰ ਤੱਥ ਸਾਂਝੇ ਕਰਨੇ ਵੀ ਜ਼ਰੂਰੀ ਹਨ।

ਅਕਾਦਮਿਕ ਜਗਤ ਦੀ ਕਾਰਜ ਪ੍ਰਣਾਲੀ ਜਾਂ ਖੋਜ ਦੀ ਦੁਨੀਆ ਤੋਂ ਵਾਕਿਫ਼ ਲੋਕ ਜਾਣਦੇ ਹਨ ਕਿ ਆਪੋ-ਆਪਣੇ ਖੇਤਰ ਦੇ ਵਿਦਵਾਨ ਆਪਣਾ ਮਸੌਦਾ ਅਜਿਹੀ ਵੈੱਬਸਾਈਟ ਉੱਪਰ ਪਾਉਂਦੇ ਹਨ ਜਿੱਥੇ ਉਨ੍ਹਾਂ ਦੇ ਖੇਤਰ ਦੇ ਲੋਕ ਜਾਂ ਹੋਰ ਵਿਦਵਾਨ ਆਪਣੇ ਪ੍ਰਤੀਕਰਮ ਭੇਜਦੇ ਹਨ ਅਤੇ ਇਨ੍ਹਾਂ ਪ੍ਰਤੀਕਰਮਾਂ ਦੇ ਜਵਾਬ ਦੇਣ ਤੋਂ ਬਾਅਦ ਵਿਦਵਾਨ ਇਸ ਪੇਪਰ ਨੂੰ ਜਨਤਕ ਪ੍ਰਕਾਸ਼ਨ ਲਈ ਕਿਸੇ ਰਸਾਲੇ ਵਿਚ ਭੇਜਦੇ ਹਨ; ਭਾਵ, ਰਿਸਰਚ ਪੇਪਰ ਦੇ ਮਸੌਦੇ ਤੋਂ ਪ੍ਰਕਾਸ਼ਿਤ ਖੋਜ ਪੱਤਰ ਤੱਕ ਦਾ ਸਫ਼ਰ ਹੁੰਦਾ ਹੈ।

ਪ੍ਰੋਫੈਸਰ ਸਬਿਆਸਾਚੀ ਦਾਸ ਦਾ ਪੇਪਰ ਵੀ ਇਸੇ ਕਿਸਮ ਦਾ ਸੀ ਜਿਸ ਦਾ ਸਿਰਲੇਖ ਹੈ 'ਡੈਮੋਕ੍ਰੇਟਿਕ ਬੈਕਸਲਾਈਡਿੰਗ ਇਨ ਦਿ ਵਰਲਡ'ਜ਼ ਲਾਰਜੈਸਟ ਡੈਮੋਕਰੇਸੀ' (ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਅੰਦਰ ਲੋਕਤੰਤਰ ਦਾ ਤਿਆਗ) ਅਤੇ ਜਿਸ ਵਿਚ '2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਮੱਦੇਨਜ਼ਰ ਚੁਣਾਵੀ ਹੇਰਾਫੇਰੀ' ਦੀ ਸੰਭਾਵਨਾ ਵੱਲ ਇਸ਼ਾਰਾ ਕੀਤਾ ਗਿਆ ਸੀ।

ਇਹ ਗੱਲ ਵੱਖਰੀ ਹੈ ਕਿ ਮਸੌਦਾ ਪੇਪਰ ਦੇ ਸਾਹਮਣੇ ਆਉਂਦੇ ਹੀ ਭਾਜਪਾ ਵੱਲੋਂ ਭਾਰੀ ਹੰਗਾਮਾ ਕੀਤਾ ਗਿਆ ਅਤੇ ਅਕਾਦਮਿਕ ਆਜ਼ਾਦੀ ਦੀ ਪਰਵਾਹ ਕੀਤੇ ਬਿਨਾ ਅਸ਼ੋਕਾ ਯੂਨੀਵਰਸਿਟੀ ਵੱਲੋਂ ਇਹ ਅਧਿਕਾਰਕ ਬਿਆਨ ਜਾਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਦਾ ਪ੍ਰੋਫੈਸਰ ਦਾਸ ਦੀ ਖੋਜ ਨਾਲ ਕੋਈ ਲੈਣਾ-ਦੇਣਾ ਨਹੀਂ। ਆਖ਼ਰਕਾਰ ਹਾਲਾਤ ਅਜਿਹੇ ਬਣ ਗਏ ਕਿ ਪ੍ਰੋਫੈਸਰ ਸਬਿਆਸਾਚੀ ਦਾਸ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।




ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਇਸ ਪੇਪਰ ਨੂੰ ਲੈ ਕੇ ਹੁਕਮਰਾਨ ਧਿਰ ਵੱਲੋਂ ਖੜ੍ਹਾ ਕੀਤਾ ਗਿਆ ਹੰਗਾਮਾ, ਯੂਨੀਵਰਸਿਟੀ ਦੇ ਪ੍ਰਬੰਧਕਾਂ ਦਾ ਅਚਾਨਕ ਗੋਡੇ ਟੇਕ ਦੇਣਾ ਅਜਿਹਾ ਘਟਨਾਕ੍ਰਮ ਸੀ ਜਿਸ ਨੇ ਪ੍ਰਬੁੱਧ ਭਾਈਚਾਰੇ ਅੰਦਰ ਚਿੰਤਾ ਦੀ ਲਹਿਰ ਖੜ੍ਹੀ ਕਰ ਦਿੱਤੀ ਪਰ ਕਿਸੇ ਨੂੰ ਵੀ ਇਹ ਕਿਆਸ ਨਹੀਂ ਸੀ ਕਿ ਆਮ ਦਿਨਾਂ ਵਾਂਗ ਇਹ ਘਟਨਾ ਵੀ ਦਬਾ ਦਿੱਤੀ ਜਾਵੇਗੀ ਜਾਂ ਕੁਝ ਅਖ਼ਬਾਰੀ ਲੇਖਾਂ ਤੱਕ ਸੀਮਤ ਰਹਿ ਜਾਵੇਗੀ।

ਕੁਝ ਸਾਲ ਪਹਿਲਾਂ ਜਦੋਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਪ੍ਰੋਫੈਸਰ ਪ੍ਰਤਾਪ ਭਾਨੂ ਮਹਿਤਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ, ਉਸ ਨੂੰ ਲੈ ਕੇ ਕੋਈ ਖ਼ਾਸ ਪ੍ਰਤੀਕ੍ਰਮ ਨਹੀਂ ਸੀ ਹੋਇਆ। ਦਰਅਸਲ, ਪ੍ਰੋਫੈਸਰ ਮਹਿਤਾ ਜੋ ਇਸੇ ਅਸ਼ੋਕਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹੋਣ ਦੇ ਨਾਲ-ਨਾਲ ਇੰਡੀਅਨ ਐਕਸਪ੍ਰੈੱਸ ਵਿਚ ਬਤੌਰ ਕਾਲਮਨਵੀਸ ਆਪਣੇ ਕਾਲਮਾਂ ਲਈ ਵੀ ਜਾਣੇ ਜਾਂਦੇ ਸਨ, ਦਾ ਸਰਕਾਰ ਪ੍ਰਤੀ ਰੁਖ਼ ਤਿੱਖਾ ਆਲੋਚਨਾਤਮਕ ਸੀ ਪਰ ਪ੍ਰੋਫੈਸਰ ਸਬਿਆਸਾਚੀ ਦਾਸ ਦੇ ਅਸਤੀਫ਼ੇ ਤੋਂ ਬਾਅਦ ਅਕਾਦਮਿਕ ਜਗਤ ਦੇ ਪ੍ਰਤੀਕ੍ਰਮ ਨੇ ਇਤਿਹਾਸ ਰਚ ਦਿੱਤਾ। ਆਮ ਤੌਰ 'ਤੇ ਆਪਣੇ ਗੁੱਸੇ ਨੂੰ ਅੰਦਰੋ-ਅੰਦਰੀ ਪੀ ਲੈਣ ਵਾਲੇ ਅਕਾਦਮਿਕ ਭਾਈਚਾਰੇ ਨੇ ਵੱਖਰੇ ਤਰੀਕੇ ਨਾਲ ਸਰਗਰਮੀ ਦਿਖਾਈ। ਸਭ ਤੋਂ ਪਹਿਲਾਂ ਅਸ਼ੋਕਾ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਪੁਲਾਪਰੇ ਬਾਲਾਕ੍ਰਿਸ਼ਨਨ ਨੇ ਪ੍ਰੋਫੈਸਰ ਸਬਿਆਸਾਚੀ ਦਾਸ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਅਸਤੀਫ਼ਾ ਦੇ ਦਿੱਤਾ। ਪ੍ਰੋਫੈਸਰ ਬਾਲਾਕ੍ਰਿਸ਼ਨਨ ਨਾ ਸਿਰਫ਼ ਦੇਸ਼-ਵਿਦੇਸ਼ ਦੀਆਂ ਮੋਹਰੀ ਯੂਨੀਵਰਸਿਟੀਆਂ ਜਿਵੇਂ ਆਕਸਫੋਰਡ ਆਦਿ ਵਿਚ ਪੜ੍ਹਾਉਣ ਦਾ ਕੰਮ ਕਰ ਚੁੱਕੇ ਹਨ ਸਗੋਂ ਉਹ ਕੌਮਾਂਤਰੀ ਕਿਰਤ ਸੰਗਠਨ (ਆਈ.ਐੱਲ.ਓ.), ਯੂ.ਐੱਨ.ਡੀ.ਪੀ. ਆਦਿ ਸੰਸਥਾਵਾਂ ਦੇ ਸਲਾਹਕਾਰ ਵੀ ਰਹੇ ਹਨ ਅਤੇ ਉਨ੍ਹਾਂ ਦੀਆਂ ਕਈ ਕਿਤਾਬਾਂ ਵੀ ਚਰਚਿਤ ਹਨ।

> *ਖ਼ੁਫ਼ੀਆ ਮਹਿਕਮੇ ਦੇ ਅਧਿਕਾਰੀਆਂ ਦਾ ਕਿਸੇ ਯੂਨੀਵਰਸਿਟੀ ਕੈਂਪਸ ਵਿਚ ਬਿਨਾ ਕਿਸੇ ਅਗਾਊਂ ਸੂਚਨਾ ਪ੍ਰਵੇਸ਼ (ਜਿਸ ਨੂੰ ਇਕ ਤਰ੍ਹਾਂ ਨਾਲ ਛਾਪਾ ਵੀ ਸਮਝਿਆ ਜਾ ਸਕਦਾ ਹੈ) ਨਿਸ਼ਚਿਤ ਤੌਰ 'ਤੇ ਚਿੰਤਾਜਨਕ ਹੈ।*

ਇਹੀ ਨਹੀਂ, ਮੁਲਕ ਦੇ 400 ਤੋਂ ਵੱਧ ਅਰਥ-ਸ਼ਾਸਤਰੀਆਂ ਨੇ ਪ੍ਰੋਫੈਸਰ ਦਾਸ ਨਾਲ ਇਕਮੁੱਠਤਾ ਜ਼ਾਹਿਰ ਕੀਤੀ, ਇਸ ਸਬੰਧੀ ਬਿਆਨ ਜਾਰੀ ਕੀਤਾ ਅਤੇ ਅਸ਼ੋਕਾ ਯੂਨੀਵਰਸਿਟੀ ਤੋਂ ਮੰਗ ਕੀਤੀ ਕਿ ਉਨ੍ਹਾਂ ਦਾ ਅਸਤੀਫ਼ਾ ਵਾਪਸ ਲਿਆ ਜਾਵੇ। ਖ਼ੁਦ ਅਸ਼ੋਕਾ ਯੂਨੀਵਰਸਿਟੀ ਦੇ ਕਈ ਵਿਭਾਗਾਂ ਨੇ 'ਅਕਾਦਮਿਕ ਸੁਤੰਤਰਤਾ' ਦੀ ਰਾਖੀ ਕਰਨ ਸਬੰਧੀ ਬਿਆਨ ਜਾਰੀ ਕੀਤੇ ਅਤੇ ਯੂਨੀਵਰਸਿਟੀ ਮੈਨੇਜਮੈਂਟ ਤੋਂ ਇਹ ਯਕੀਨੀ ਬਣਾਉਣ ਦੀ ਮੰਗ ਵੀ ਕੀਤੀ ਗਈ ਕਿ ਉਹ ਪ੍ਰੋਫੈਸਰ ਦਾਸ ਅਤੇ ਪ੍ਰੋਫੈਸਰ ਬਾਲਾਕ੍ਰਿਸ਼ਨਨ ਨੂੰ ਤੁਰੰਤ ਉਨ੍ਹਾਂ ਦੇ ਅਹੁਦਿਆਂ 'ਤੇ ਬਹਾਲ ਕਰੇ। ਇਸ ਵਿਚ ਇਕ ਹੋਰ ਪਾਸਾਰ ਇਹ ਜੁੜ ਗਿਆ ਕਿ ਯੂਨੀਵਰਸਿਟੀ ਦੀ 'ਵਿਦਿਆਰਥੀ ਪਾਰਲੀਮੈਂਟ' ਨੇ ਇਸ ਮੰਗ ਦੀ ਹਮਾਇਤ ਕੀਤੀ। ਕਿਹਾ ਜਾਂਦਾ ਹੈ ਕਿ ਵਿਦਿਆਰਥੀਆਂ ਨੇ ਇਸ ਮੰਗ ਨੂੰ ਲੈ ਕੇ ਹੜਤਾਲ ਕਰਨ ਦੀ ਚਿਤਾਵਨੀ ਵੀ ਦਿੱਤੀ।

ਖ਼ੁਫ਼ੀਆ ਮਹਿਕਮੇ ਦੇ ਅਧਿਕਾਰੀਆਂ ਦਾ ਕਿਸੇ ਯੂਨੀਵਰਸਿਟੀ ਕੈਂਪਸ ਵਿਚ ਬਿਨਾ ਕਿਸੇ ਅਗਾਊਂ ਸੂਚਨਾ ਪ੍ਰਵੇਸ਼ (ਜਿਸ ਨੂੰ ਇਕ ਤਰ੍ਹਾਂ ਨਾਲ ਛਾਪਾ ਵੀ ਸਮਝਿਆ ਜਾ ਸਕਦਾ ਹੈ) ਨਿਸ਼ਚਿਤ ਤੌਰ 'ਤੇ ਚਿੰਤਾਜਨਕ ਹੈ। ਕੀ ਇਹ ਕਹਿਣਾ ਜਾਇਜ਼ ਹੈ ਕਿ ਇਸ ਨਿੱਜੀ ਯੂਨੀਵਰਸਿਟੀ 'ਚ ਇੰਟੈਲੀਜੈਂਸ ਬਿਊਰੋ ਦੇ ਅਧਿਕਾਰੀਆਂ ਦੀ ਇਹ ਮੌਜੂਦਗੀ ਦਰਅਸਲ ਯੂਨੀਵਰਸਿਟੀ ਨੂੰ ਇਹ ਚਿਤਾਵਨੀ ਦੇਣ ਲਈ ਹੈ ਕਿ ਉਹ ਇਨ੍ਹਾਂ ਦੋਹਾਂ ਪ੍ਰੋਫੈਸਰਾਂ ਨੂੰ ਵਾਪਸ ਲੈਣ ਦੀ ਯੋਜਨਾ ਨੂੰ ਹਮੇਸ਼ਾ ਲਈ ਭੁੱਲ ਜਾਣ (ਜਿਵੇਂ ਕਿਹਾ ਜਾ ਰਿਹਾ ਹੈ) ਅਤੇ ਅਜਿਹਾ ਕੋਈ ਕਦਮ ਨਾ ਚੁੱਕਣ ਜੋ ਯੂਨੀਵਰਸਿਟੀ ਦੇ ਭਵਿੱਖ ਲਈ ਪ੍ਰਤੀਕੂਲ ਹੋਵੇ।

ਇਹ ਇਕ ਤਰ੍ਹਾਂ ਦੀ ਚਿਤਾਵਨੀ ਵੀ ਹੈ- ਯੂਨੀਵਰਸਿਟੀ ਪ੍ਰਸ਼ਾਸਨ ਇਸ ਤੱਥ ਉੱਪਰ ਵੀ ਗ਼ੌਰ ਕਰੇ ਕਿ ਅਗਲੇ ਹੀ ਮਹੀਨੇ (ਸਤੰਬਰ 2023) ਉਸ ਦਾ ਐੱਫ.ਸੀ.ਆਰ.ਏ. ਲਾਈਸੈਂਸ ਨਵਿਆਇਆ ਜਾਣ ਵਾਲਾ ਹੈ ਅਤੇ ਕੇਂਦਰ ਸਰਕਾਰ ਨੂੰ ਨਾਮਨਜ਼ੂਰ ਕੋਈ ਵੀ ਫ਼ੈਸਲਾ ਇਸ ਵਿਚ ਅੜਿੱਕਾ ਪੈਦਾ ਕਰੇਗਾ। ਐੱਫ.ਸੀ.ਆਰ.ਏ. ਲਾਇਸੈਂਸ ਦਾ ਨਵੀਨੀਕਰਨ ਸਰਕਾਰ ਕੋਲ ਅਜਿਹਾ ਹਥਿਆਰ ਹੈ ਕਿ ਇਹ ਵੱਡੀਆਂ-ਵੱਡੀਆਂ ਸੰਸਥਾਵਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਸਕਦਾ ਹੈ। ਕੁਝ ਮਹੀਨੇ ਪਹਿਲਾਂ ਹੀ ਸੈਂਟਰ ਫਾਰ ਪਾਲਿਸੀ ਰਿਸਰਚ ਦਾ ਐੱਫ.ਸੀ.ਆਰ.ਏ. ਲਾਇਸੈਂਸ ਰੱਦ ਕਰ ਦਿੱਤਾ ਗਿਆ। ਇਹ ਕਿਹਾ ਗਿਆ ਕਿ ਇਹ ਸੰਸਥਾ 'ਕਾਨੂੰਨ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰ ਰਹੀ ਸੀ' ਅਤੇ ਇਸ ਕਾਰਨ ਇਸ ਨੂੰ ਆਪਣੇ ਸਾਰੇ ਮੁਲਾਜ਼ਮਾਂ, ਰਿਸਰਚ ਕਰ ਰਹੇ ਵਿਦਵਾਨਾਂ ਨੂੰ ਹਟਾਉਣਾ ਪੈ ਗਿਆ।

ਸੈਂਟਰ ਫਾਰ ਪਾਲਿਸੀ ਰਿਸਰਚ 1973 ਤੋਂ ਲੈ ਕੇ ਭਾਰਤ ਦੇ ਸਾਹਮਣੇ 21ਵੀਂ ਸਦੀ ਦੀਆਂ ਚੁਣੌਤੀਆਂ ਨੂੰ ਲੈ ਕੇ ਆਪਣੀ ਖੋਜ ਦਾ ਸੰਚਾਲਨ ਕਰ ਰਹੀ ਸੀ ਅਤੇ ਉਸ ਦਾ ਅਕਸ ਕਿਤੇ ਵੀ ਸਰਕਾਰ ਵਿਰੋਧੀ ਨਹੀਂ ਸੀ। ਸਰਕਾਰ ਵੱਲੋਂ ਇਸ ਦਾ ਰਸਮੀ ਕਾਰਨ ਭਾਵੇਂ ਕੋਈ ਵੀ ਦੱਸਿਆ ਗਿਆ ਹੋਵੇ ਪਰ ਮੰਨਿਆ ਜਾਂਦਾ ਹੈ ਕਿ ਉਸ ਦੀਆਂ ਕੁਝ ਖੋਜਾਂ ਦੇ ਖ਼ੁਲਾਸੇ ਜਿਨ੍ਹਾਂ ਦਾ ਫੋਕਸ ਸਰਕਾਰ ਦੇ ਨਜ਼ਦੀਕੀ ਮੰਨੇ ਜਾਂਦੇ ਕੁਝ ਉਦਯੋਗਿਕ ਘਰਾਣਿਆਂ ਉੱਪਰ ਸੀ, ਸਰਕਾਰ ਨੂੰ ਰਾਸ ਨਹੀਂ ਸੀ ਆਏ।

ਹੁਣ 'ਅਸ਼ੋਕਾ ਯੂਨੀਵਰਸਿਟੀ' ਦੇ ਮਾਮਲੇ 'ਚ ਗੱਲ ਅੱਗੇ ਕਿਵੇਂ ਤੁਰਦੀ ਹੈ, ਇਹ ਦੇਖਣਾ ਮਹੱਤਵਪੂਰਨ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਇਹ ਸੰਸਥਾ ਅੜੀ ਰਹੇਗੀ ਜਾਂ ਅਧਿਕਾਰੀਆਂ ਨੂੰ ਖ਼ੁਸ਼ ਕਰਨ ਲਈ ਝੁਕ ਜਾਵੇਗੀ। ਗੱਲ ਭਾਵੇਂ ਕਿਸੇ ਤਰ੍ਹਾਂ ਵੀ ਅੱਗੇ ਵਧੇ, ਇਸ ਸਮੁੱਚੇ ਘਟਨਾਕ੍ਰਮ ਤੋਂ ਉਮੀਦ ਦੀ ਛੋਟੀ ਜਿਹੀ ਕਿਰਨ ਵੀ ਨਜ਼ਰ ਆਉਂਦੀ ਹੈ। ਯਾਦ ਰਹੇ ਕਿ ਪਿਛਲੇ ਨੌਂ ਸਾਲਾਂ ਤੋਂ ਵੱਧ ਸਮੇਂ ਤੋਂ, ਜਦੋਂ ਤੋਂ ਰਾਸ਼ਟਰੀ ਸਵੈਮ ਸੇਵਕ ਸੰਘ-ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਹਕੂਮਤ ਨੇ ਸੱਤਾ ਸੰਭਾਲੀ ਹੈ, ਉਸ ਦੀ ਲਗਾਤਾਰ ਕੋਸ਼ਿਸ਼ ਰਹੀ ਹੈ ਕਿ ਸਿੱਖਿਆ ਜਗਤ ਉੱਪਰ ਨਕੇਲ ਕੱਸੀ ਜਾਵੇ; ਕਈ ਅੰਦੋਲਨਾਂ ਵਿਚ ਮੋਹਰੀ ਰਹੇ ਵਿਦਿਅਕ ਸੰਸਥਾਵਾਂ ਦੇ ਕੈਂਪਸਾਂ ਨੂੰ ਆਪਣੇ ਅਧੀਨ ਕੀਤਾ ਜਾਵੇ। ਇਸ ਲਈ ਉਨ੍ਹਾਂ ਦੀ ਕਵਾਇਦ ਲਗਾਤਾਰ ਜਾਰੀ ਹੈ। ਪਾਠਕ੍ਰਮ ਵਿਚ ਬੁਨਿਆਦੀ ਤਬਦੀਲੀਆਂ ਕਰਨ ਤੋਂ ਲੈ ਕੇ ਸਾਰੀਆਂ ਸਿੱਖਿਆ ਅਤੇ ਖੋਜ ਸੰਸਥਾਵਾਂ ਵਿਚ ਮਹੱਤਵਪੂਰਨ ਅਹੁਦਿਆਂ ਉੱਪਰ ਹਿੰਦੂ ਰਾਸ਼ਟਰ ਬਣਾਉਣ ਦੇ ਵਿਚਾਰਾਂ ਦੇ ਅਨੁਕੂਲ ਵਿਅਕਤੀਆਂ ਦੀ ਭਰਤੀ ਕਰਨ ਤੋਂ ਇਲਾਵਾ ਨੀਤੀਗਤ ਪੱਧਰ 'ਤੇ ਵੀ ਤਿੱਖੇ ਬਦਲਾਅ ਲਿਆਉਣ ਦੇ ਉਨ੍ਹਾਂ ਦੇ ਇਰਾਦੇ ਵੀ ਸਾਫ਼ ਨਜ਼ਰ ਆਏ ਹਨ। ਜਿਸ ਤਰ੍ਹਾਂ ਬਿਨਾ ਕਿਸੇ ਜਨਤਕ ਸਲਾਹ-ਮਸ਼ਵਰੇ ਤੋਂ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਗਈ ਹੈ, ਉਹ ਚਿੰਤਾਜਨਕ ਹੈ।

ਚੇਤੇ ਰਹੇ ਕਿ ਇਨ੍ਹਾਂ ਹੁਕਮਰਾਨਾਂ ਦੇ ਨਿਰਦੇਸ਼ਾਂ ਤਹਿਤ ਬੱਚਿਆਂ ਵਿਚ 'ਰਾਸ਼ਟਰਵਾਦ' ਦੀ ਭਾਵਨਾ ਪੈਦਾ ਕਰਨ ਲਈ ਵੱਖ-ਵੱਖ ਵਿਦਿਅਕ ਅਦਾਰਿਆਂ ਵਿਚ ਫ਼ੌਜੀ ਟੈਂਕ ਭੇਜਣ ਦੀ ਯੋਜਨਾ ਬਣਾਈ ਗਈ ਜਾਂ ਉਨ੍ਹਾਂ ਦੇ ਵਿਚਾਰਾਂ ਦੇ ਹਮਲਾਵਰ ਦਸਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਉੱਪਰ ਹਮਲੇ ਦੌਰਾਨ ਦੇਖੇ ਗਏ। ਜਿਨ੍ਹਾਂ ਦੇ ਵਿਰੁੱਧ ਸਾਰੇ ਸਬੂਤ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ।

ਅਸ਼ੋਕਾ ਯੂਨੀਵਰਸਿਟੀ ਦਾ ਇਹ ਕਿੱਸਾ ਸਿਰਫ਼ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੈਂਪਸਾਂ ਵਿਚ ਅਜੇ ਵੀ ਹਲਚਲ ਹੈ। ਗ਼ਲਤ ਦਾ ਵਿਰੋਧ ਕਰਨ ਅਤੇ ਇਨਸਾਫ਼ ਲਈ ਖੜ੍ਹੇ ਹੋਣ ਦੀ ਭਾਵਨਾ ਅੱਜ ਵੀ ਵਿਦਿਆਰਥੀਆਂ ਤੇ ਹੋਰ ਹਿੱਸਿਆਂ ਵਿਚ ਬਖ਼ੂਬੀ ਜ਼ਿੰਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਭਾਰਤੀ ਸੰਵਿਧਾਨ ਦੇ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਨੂੰ ਤਹਿ ਦਿਲੋਂ ਮੰਨਣ ਵਾਲੇ ਵਿਦਿਆਰਥੀ, ਅਧਿਆਪਕ ਅਤੇ ਹੋਰ ਵਿਦਵਾਨ ਇਸ ਵਿਚ ਮੋਹਰੀ ਹਨ; ਤੇ ਇਹ ਯਕੀਨੀ ਤੌਰ 'ਤੇ ਇਕ ਸਕਾਰਾਤਮਕ ਵਿਕਾਸ ਹੈ।

ਅਖ਼ੀਰ ਵਿਚ ਪੈਰਿਸ ਵੱਲ ਵਾਪਸ ਮੁੜਦੇ ਹਾਂ ਜਿੱਥੋਂ ਗੱਲ ਸ਼ੁਰੂ ਕੀਤੀ ਸੀ। ਜੇ ਅਸੀਂ 'ਰਾਈਟਰਜ਼ ਪੁਲਿਸ' (ਬੁੱਧੀਜੀਵੀਆਂ ਦੀ ਨਿਗਰਾਨੀ ਲਈ ਲਗਾਈ ਪੁਲਿਸ) ਉੱਪਰ ਇਕ ਵਾਰ ਫਿਰ ਨਜ਼ਰ ਮਾਰੀਏ ਤਾਂ ਇਤਿਹਾਸ ਗਵਾਹ ਹੈ ਕਿ ਕਿਵੇਂ ਫਰਾਂਸੀਸੀ ਹਕੂਮਤ ਦੁਆਰਾ ਆਜ਼ਾਦ ਵਿਚਾਰਾਂ ਦੇ ਪ੍ਰਵਾਹ ਨੂੰ ਰੋਕਣ ਲਈ ਖੜ੍ਹੀਆਂ ਕੀਤੀਆਂ ਗਈਆਂ ਤਮਾਮ ਰੋਕਾਂ ਇਕ-ਇਕ ਕਰ ਕੇ ਢਹਿ-ਢੇਰੀ ਹੁੰਦੀਆਂ ਗਈਆਂ ਅਤੇ 18ਵੀਂ ਸਦੀ ਦੇ ਅੰਤ ਵਿਚ ਫਰਾਂਸੀਸੀ ਇਨਕਲਾਬ ਦੁਨੀਆ ਭਰ ਦੇ ਵਿਚਾਰਵਾਨ ਲੋਕਾਂ ਲਈ ਉਮੀਦ ਬਣ ਕੇ ਉੱਭਰਿਆ। ਲੇਖਕਾਂ, ਕਲਾਕਾਰਾਂ ਉੱਪਰ ਨਜ਼ਰ ਰੱਖਣ ਦੀ ਉਨ੍ਹਾਂ ਦੀ ਕਵਾਇਦ ਤਾਨਾਸ਼ਾਹ ਹਕੂਮਤ ਉੱਪਰ ਹਮਲੇ ਨੂੰ ਰੋਕ ਨਹੀਂ ਸਕੀ।

ਸਵਾਲ ਇਹ ਹੈ ਕਿ ਕੀ ਬੁੱਧੀਜੀਵੀਆਂ ਨੂੰ ਪਾਲਤੂ ਬਣਾਉਣ ਦੀ ਸਰਕਾਰ ਦੀ ਕੋਸ਼ਿਸ਼ ਜਾਂ ਯੂਨੀਵਰਸਿਟੀਆਂ ਵਿਚ ਜਾਸੂਸ ਭੇਜਣ ਦੀ ਉਨ੍ਹਾਂ ਦੀ ਮੂਰਖਤਾ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਵਧ ਰਹੀ ਬੁਖਲਾਹਟ ਦਾ ਹੀ ਸਬੂਤ ਹੈ? ਕੀ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਭਾਰਤ ਵਿਆਪਕ ਲੋਕ-ਅੰਦੋਲਨ ਦੀ ਦਹਿਲੀਜ਼ 'ਤੇ ਹੈ?

# ਹੁਣ ਵਿੱਦਿਆ ਰਾਹੀਂ ਵਰਨ ਵਿਵਸਥਾ ਦੀ ਵਾਪਸੀ

**ਨਵੀਂ ਸਿੱਖਿਆ ਨੀਤੀ ਲਾਗੂ ਹੋਣ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘਿਰ ਚੁੱਕੀ ਹੈ। 'ਉਤਪਤੀ ਦੇ ਸਿਧਾਂਤ' ਰਾਹੀਂ ਦੁਨੀਆ ਭਰ ਦੇ ਕਲਾਸਰੂਮਾਂ ਵਿਚ ਮਨੁੱਖ ਦੇ ਹੋਣ ਅਤੇ ਵਿਗਸਣ ਨੂੰ ਸੂਤਰਬੱਧ ਕਰਨ ਵਾਲੇ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਿਲੇਬਸ 'ਚੋਂ ਬਾਹਰ ਕਰ ਕੇ ਨੀਤੀ ਦੀ ਸਿਆਸੀ ਤੇ ਗ਼ੈਰ-ਵਿਗਿਆਨਕ ਨੀਤ 'ਤੇ ਮੋਹਰ ਲਾ ਦਿੱਤੀ ਹੈ। ਜੇ ਮਨੁੱਖ ਪਦਾਰਥਕ ਤੇ ਕੁਦਰਤੀ ਹਾਲਾਤ ਦੀ ਕਸ਼ਮਕਸ਼ ਵਿਚੋਂ ਨਹੀਂ ਜਨਮਿਆ ਤਾਂ ਫਿਰ ਕਿਵੇਂ ਜਨਮਿਆ? ਸਿੱਖਿਆ ਨੀਤੀ ਘਾੜਿਆਂ ਦਾ ਇਹ ਇਸ਼ਾਰਾ ਕਿਤੇ 'ਮਨੂ ਸਿਮ੍ਰਤੀ' ਵੱਲ ਤਾਂ ਨਹੀਂ ਜੋ ਭਾਰਤ ਵਿਚ ਵਰਨ ਵਿਵਸਥਾ ਦੀ ਸਥਾਪਤੀ ਅਤੇ ਜਾਤ-ਪਾਤ ਦੀ ਸੰਚਾਲਕ ਮੱਧਯੁਗੀ ਤੇ ਵੇਲਾ ਵਿਹਾ ਚੁੱਕੀ ਹੈ।**

ਭਾਰਤ ਦੀ ਨਵੀਂ ਸਿੱਖਿਆ ਨੀਤੀ ਮੌਜੂਦਾ ਸਰਕਾਰ ਦੁਆਰਾ ਭਾਰਤੀ ਜਮਹੂਰੀਅਤ ਤੇ ਸੰਵਿਧਾਨ ਵਿਚ ਕੀਤੀਆਂ ਜਾ ਰਹੀਆਂ ਤਰਮੀਮਾਂ ਤੇ ਤਜਰਬਿਆਂ ਦੀ ਉਹ ਕੜੀ ਹੈ ਜਿਸ ਨੇ ਏਸ਼ੀਆ ਦੇ ਵੰਨ-ਸਵੰਨਤਾ ਵਾਲੇ ਇਸ ਖਿੱਤੇ ਦੀ ਹੋਣੀ ਤੇ ਭਵਿੱਖ ਤੈਅ ਕਰਨਾ ਹੈ। ਇਸ ਨੀਤੀ ਬਾਰੇ ਕੁਝ ਤੱਥ ਤਸਲੀਮ ਕਰਨੇ ਜ਼ਰੂਰੀ ਹਨ। ਇਹ ਗਿਆਨ ਦੀ ਸਿਰਜਣਾ ਲਈ ਥਾਂ ਮੋਕਲਾ ਕਰਨ ਦੀ ਜਗ੍ਹਾ ਮੁਨਾਫ਼ਾ ਖੱਟਣ ਦੇ ਢੰਗ-ਤਰੀਕਿਆਂ ਦਾ ਦਸਤਾਵੇਜ਼ ਹੈ; ਇਹ ਕਿਸੇ ਫਲਸਫ਼ੇ, ਵਿਗਿਆਨ ਜਾਂ ਆਧੁਨਿਕ ਵਿਚਾਰਾਂ ਦੀ ਥਾਂ ਵਿਸ਼ਵ ਬੈਂਕ ਵਰਗੀ ਵਿੱਤੀ ਸਿਆਸੀ ਲਾਬੀ ਦੇ ਹੱਥਾਂ ਵਿਚੋਂ ਨਿਕਲ ਕੇ ਆਈ ਹੈ। ਵਿਸ਼ਵ ਬੈਂਕ ਪਿਛਲੇ ਤਿੰਨ ਦਹਾਕਿਆਂ ਵਿਚ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਨਾਲ ਮਿਲ ਕੇ ਪਹਿਲੀ ਦੁਨੀਆ ਦੇ ਯੂਰਪੀ ਮੁਲਕਾਂ ਲਈ ਸਸਤੀ ਲੇਬਰ ਪੈਦਾ ਕਰਨ ਅਤੇ ਉਨ੍ਹਾਂ ਦੀਆਂ ਬਹੁ-ਕੌਮੀ ਕੰਪਨੀਆਂ ਦੇ ਉਤਪਾਦਾਂ ਲਈ ਬਾਜ਼ਾਰ ਮੁਹੱਈਆ ਕਰਵਾਉਣ ਵਿਚ ਮੋਹਰੀ ਰਹੀ ਹੈ।



ਇਨ੍ਹਾਂ ਦੋਵਾਂ ਸੰਸਥਾਵਾਂ ਨੇ ਵੱਡੇ ਕਾਰੋਬਾਰੀ ਅਦਾਰਿਆਂ ਲਈ ਤੀਜੀ ਦੁਨੀਆ ਦੇ ਮੁਲਕਾਂ ਵਿਚ ਨਿੱਜੀਕਰਨ, ਉਦਾਰਵਾਦੀ ਸਿਆਸੀ ਪ੍ਰਬੰਧ ਖੜ੍ਹੇ ਕਰਨ ਅਤੇ ਕਾਰਪੋਰੇਟ ਸੱਤਾ ਦੀ

**ਡਾ. ਕੁਲਦੀਪ ਕੌਰ**
**ਫੋਨ: +91-98554-04330**

ਸਥਾਪਤੀ (ਆਲਮੀਕਰਨ ਦਾ ਚੌਥਾ ਦੌਰ) ਲਈ ਵੱਡੀ ਪੱਧਰ 'ਤੇ ਕਰਜ਼ਿਆਂ ਦਾ ਮੱਕੜ-ਜਾਲ ਵਿਛਾਇਆ ਅਤੇ ਨਾਗਰਿਕਾਂ ਦੀ ਪਛਾਣ ਸੰਭਾਵੀ 'ਖਪਤਕਾਰ' ਜਾਂ 'ਕਿਸੇ ਨਾ ਕਿਸੇ ਕੰਪਨੀ ਦਾ ਗੁਲਾਮ ਕਾਮਾ' ਤੱਕ ਮਹਿਦੂਦ ਕਰ ਦਿੱਤੀ ਹੈ। ਆਲਮੀ ਵਿੱਤੀ ਕੰਪਨੀਆਂ ਜਮਹੂਰੀਅਤ ਦੀ ਪਰਿਭਾਸ਼ਾ ਨੂੰ ਮੂਲੋਂ ਹੀ ਰੱਦ ਕਰਦਿਆਂ ਅਜਿਹੀ ਨਵੀਂ ਵਿੱਤੀ ਜਮਾਤ ਪੈਦਾ ਕਰ ਰਹੀਆਂ ਹਨ ਜਿਹੜੀ ਇਲਾਕਾਈ ਪਛਾਣਾਂ, ਸੱਭਿਆਚਾਰਕ ਵਖਰੇਵਿਆਂ, ਭਾਸ਼ਾਈ ਵੰਨ-ਸੁਵੰਨਤਾ, ਧਾਰਮਿਕ ਵਿਸ਼ਵਾਸਾਂ, ਬੋਲਣ-ਸੋਚਣ-ਲਿਖਣ ਤੇ ਵਿਚਾਰ ਪ੍ਰਗਟਾਵੇ ਦੇ ਮਨੁੱਖੀ ਅਧਿਕਾਰਾਂ ਨੂੰ ਤਹਿਸ-ਨਹਿਸ ਕਰਨ 'ਤੇ ਉਤਾਰੂ ਹੈ ਅਤੇ ਗਰੀਬ ਤੇ ਪੱਛੜੇ ਮੁਲਕਾਂ ਦੇ ਕੁਦਰਤੀ ਸਾਧਨਾਂ 'ਤੇ ਕਬਜ਼ਾ, ਉੱਥੋਂ ਦਾ ਵਾਤਾਵਰਨ ਸੰਤੁਲਨ ਭੰਗ, ਲੰਮੇ ਸੰਘਰਸ਼ਾਂ ਪਿੱਛੋਂ ਹਾਸਲ ਕੀਤੇ ਕਿਰਤੀ-ਕਾਮਿਆਂ ਦੇ ਹੱਕਾਂ 'ਤੇ ਡਾਕਾ ਮਾਰ ਅਤੇ ਇਨ੍ਹਾਂ ਮੁਲਕਾਂ ਦੇ ਸਿਆਸੀ ਪ੍ਰਬੰਧਾਂ ਨੂੰ ਰਬੜ ਦੀਆਂ ਮੋਹਰਾਂ ਵਿਚ ਬਦਲ ਰਹੀ ਹੈ। ਇਸ ਦੀਆਂ ਦੋ ਅਹਿਮ ਮਿਸਾਲਾਂ ਹਨ: ਇੱਕ, ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨ ਜਿਨ੍ਹਾਂ ਦਾ ਮੂਲ ਮੰਤਵ ਛੋਟੀ ਕਿਸਾਨੀ ਨੂੰ ਖੇਤੀ ਖੇਤਰ ਵਿਚੋਂ ਬਾਹਰ ਧੱਕਣਾ ਅਤੇ ਅਨਾਜ ਮੰਡੀਆਂ 'ਤੇ ਕਬਜ਼ਾ ਕਰਨਾ ਸੀ; ਦੂਜੀ, ਅੰਮ੍ਰਿਤਸਰ ਵਿਚ ਕੀਤਾ ਜੀ-20 ਸੰਮੇਲਨ ਜਿਹੜਾ ਪੰਜਾਬ ਦੀ ਜ਼ਰਖੇਜ਼ ਜ਼ਮੀਨ ਨੂੰ ਟੁਕੜਿਆਂ ਵਿਚ ਕੱਟ ਕੇ ਉਦਯੋਗਿਕ ਘਰਾਣਿਆਂ ਦੀ ਝੋਲੀ ਵਿਚ ਪਾਉਣ ਦਾ ਤਰੱਦਦ ਹੈ।

ਨਵੀਂ ਸਿੱਖਿਆ ਨੀਤੀ ਲਾਗੂ ਹੋਣ ਤੋਂ ਪਹਿਲਾਂ ਕਈ ਤਰ੍ਹਾਂ ਦੇ ਵਿਵਾਦਾਂ ਵਿਚ ਘਿਰ ਚੁੱਕੀ ਹੈ। 'ਉਤਪਤੀ ਦੇ ਸਿਧਾਂਤ' ਰਾਹੀਂ ਦੁਨੀਆ ਭਰ ਦੇ ਕਲਾਸਰੂਮਾਂ ਵਿਚ ਮਨੁੱਖ ਦੇ ਹੋਣ ਅਤੇ ਵਿਗਸਣ ਨੂੰ ਸੂਤਰਬੱਧ ਕਰਨ ਵਾਲੇ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਿਲੇਬਸ 'ਚੋਂ ਬਾਹਰ ਕਰ ਕੇ ਸਿੱਖਿਆ ਨੀਤੀ ਦੇ ਘਾੜਿਆਂ ਨੇ ਨੀਤੀ ਦੀ ਸਿਆਸੀ ਤੇ ਗ਼ੈਰ-ਵਿਗਿਆਨਕ ਨੀਤ 'ਤੇ ਮੋਹਰ ਲਾ ਦਿੱਤੀ ਹੈ। ਜੇ ਮਨੁੱਖ ਪਦਾਰਥਕ ਤੇ ਕੁਦਰਤੀ ਹਾਲਾਤ ਦੀ ਕਸ਼ਮਕਸ਼ ਵਿਚੋਂ ਨਹੀਂ ਜਨਮਿਆ ਤਾਂ ਫਿਰ ਕਿਵੇਂ ਜਨਮਿਆ? ਸਿੱਖਿਆ ਨੀਤੀਘਾੜਿਆਂ ਦਾ ਇਹ ਇਸ਼ਾਰਾ ਕਿਤੇ 'ਮਨੂ ਸਿਮ੍ਰਤੀ' ਵੱਲ ਤਾਂ ਨਹੀਂ ਜੋ ਭਾਰਤ ਵਿਚ ਵਰਨ ਵਿਵਸਥਾ ਦੀ ਸਥਾਪਤੀ ਅਤੇ ਜਾਤ-ਪਾਤ ਦੀ ਸੰਚਾਲਕ ਮੱਧਯੁਗੀ ਤੇ ਵੇਲਾ ਵਿਹਾ ਚੁੱਕੀ ਗ਼ੈਰ-ਵਿਗਿਆਨਕ ਲਿਖਤ ਹੈ।

ਸਿੱਖਿਆ ਨੀਤੀ ਸਿਆਸੀ ਦਸਤਾਵੇਜ਼ ਹੈ ਤੇ ਇਹ ਆਜ਼ਾਦੀ ਅੰਦੋਲਨ ਵਿਚ ਕੁਰਬਾਨੀਆਂ ਦੇਣ ਵਾਲਿਆਂ ਦੇ ਨਵੇਂ ਭਾਰਤ ਦੀ ਕਲਪਨਾ ਦੇ ਮੌਲਿਕ ਅਕਸ ਦੇ ਖਿਲਾਫ਼ ਭੁਗਤਦੀ ਹੈ। ਇਹ ਇਤਿਹਾਸ ਦੀ ਥਾਂ ਮਿਥਿਕ ਕਹਾਣੀਆਂ, ਵਿਗਿਆਨ ਦੀ ਥਾਂ ਵਿਸ਼ਵਾਸ, ਭਗਤੀ ਆਧਾਰਿਤ ਕਥਾਵਾਂ ਤੇ ਟੋਟਕੇ ਅਤੇ ਸਾਹਿਤ ਤੇ ਕਲਾ ਦੇ ਨਾਮ 'ਤੇ ਖਾਸ ਕਿਸਮ ਦਾ ਮੱਧਯੁਗੀ ਵਿਚਾਰਧਾਰਕ ਚੌਖਟਾ ਲਾਗੂ ਕਰਨ ਦਾ ਯਤਨ ਹੈ। ਸਿੱਖਿਆ ਦਾ ਮੂਲ ਮੰਤਵ ਜ਼ਿੰਮੇਵਾਰ ਨਾਗਰਿਕ ਬਣਾਉਣ ਦੇ ਨਾਲ ਨਾਲ ਸਮਾਜਾਂ ਦਾ ਜਮਹੂਰੀਕਰਨ, ਨਾਬਰਾਬਰੀ ਖ਼ਤਮ ਕਰਨਾ, ਹਾਸ਼ੀਆਗਤ ਤੇ ਸਮਾਜਿਕ-ਆਰਥਿਕ ਤੌਰ 'ਤੇ ਗ਼ੈਰ-ਮਨੁੱਖੀ ਹਾਲਾਤ ਵਿਚ ਰਹਿ ਰਹੀ ਆਬਾਦੀ ਨੂੰ ਵਿਕਾਸ ਦੀ ਮੁੱਖਧਾਰਾ ਵਿਚ ਸ਼ਾਮਿਲ ਕਰਨਾ, ਵਿਗਿਆਨ ਤੇ ਤਕਨੀਕੀ ਗਿਆਨ ਦਾ



ਸੰਤੁਲਿਤ ਵਿਕਾਸ ਅਤੇ ਇਸ ਦੇ ਨਾਲ ਨਾਲ ਭਾਰਤੀ ਕਲਾ, ਸੱਭਿਆਚਾਰ ਤੇ ਸਾਹਿਤ ਦੇ ਖੇਤਰਾਂ ਵਿਚ ਕੌਮਾਂਤਰੀ ਪੱਧਰ ਦੀ ਸਿਰਜਣਾ ਕਰਨ ਦੇ ਸਮਰੱਥ ਮਨੁੱਖੀ ਸਮਰੱਥਾ ਦਾ ਨਿਰਮਾਣ ਕਰਨਾ ਹੁੰਦਾ ਹੈ। ਸਭ ਤੋਂ ਪਹਿਲਾਂ ਤਾਂ ਵਿਕਾਸ ਨੀਤੀਆਂ ਘੜਦੇ ਸਮੇਂ ਇਸ ਬਹੁਮੁੱਲੀ 'ਮਨੁੱਖੀ ਸਮਰੱਥਾ' ਦੀ ਵਰਤੋਂ ਮੁਲਕ ਲਈ ਸਿਆਸੀ ਸ਼ਊਰ ਵਾਲੀ ਨਵੀਂ ਨਸਲ ਦੀ ਲੀਡਰਸ਼ਿਪ ਤਿਆਰ ਕਰਨ; ਮੁਲਕ ਦੇ ਆਰਥਿਕ ਵਸੀਲਿਆਂ ਤੇ ਅਸਾਸਿਆਂ ਦੀ ਵਿਉਂਤ/ਸਾਂਭ-ਸੰਭਾਲ ਤੇ ਉਨ੍ਹਾਂ ਦੇ ਵਿਸਥਾਰ ਲਈ ਕੌਮਾਂਤਰੀ ਮਿਆਰਾਂ ਦੀ ਤਾਂਘ ਰੱਖਣ ਵਾਲੇ ਆਰਥਿਕ ਮਾਹਿਰ ਤੇ ਕਾਮੇ-ਕਾਰੀਗਰ ਤਿਆਰ ਕਰਨ; ਕਲਾ ਤੇ ਸਾਹਿਤ ਦੀਆਂ ਪੇਚੀਦਗੀਆਂ ਖੋਲ੍ਹ ਕੇ ਉਨ੍ਹਾਂ ਨੂੰ ਮੁਲਕ ਦੇ ਲੋਕਾਂ ਦੀ ਬਿਹਤਰੀ ਲਈ ਸੋਚਣ-ਸਮਝਣ ਤੇ ਵਿਚਾਰਨ ਦੇ ਮੁੱਲਾਂ ਨੂੰ ਸਮਰਪਿਤ ਸੱਭਿਆਚਾਰਕ ਸਮਰੱਥਾ ਸਿਰਜਣ ਵਾਲਾ ਬੌਧਿਕ ਤੇ ਚੇਤੰਨ ਤਬਕਾ ਖੜ੍ਹਾ ਕਰਨ; ਅਤੇ ਨਾਗਰਿਕਾਂ ਦੀਆਂ ਧਾਰਮਿਕ, ਨੈਤਿਕ, ਖੇਤਰੀ ਤੇ ਇਲਾਕਾਈ ਪਛਾਣਾਂ ਦੀ ਅਹਿਮੀਅਤ ਨੂੰ ਸਹੀ ਦਿਸ਼ਾ ਦੇਣ ਵਾਲੇ ਨੌਜਵਾਨਾਂ ਦੀ ਨਵੀਂ ਪਨੀਰੀ ਤਿਆਰ ਕਰਨ ਨੂੰ ਤਰਜੀਹ ਮਿਲਣੀ ਚਾਹੀਦੀ ਹੈ। ਅਜਿਹੀ ਵਿਕਾਸ ਨੀਤੀ ਸਿੱਖਿਆ ਦੇ ਉਦੇਸ਼ਾਂ ਦੀ ਚੂਲ ਬਣ ਸਕਦੀ ਹੈ, ਬਸ਼ਰਤੇ ਮੁਲਕ ਦੀ ਸੱਤਾਧਾਰੀ ਧਿਰ ਜਮਹੂਰੀ ਮੁੱਲਾਂ ਪ੍ਰਤੀ ਜਾਗਰੂਕ ਤੇ ਇਮਾਨਦਾਰ ਹੋਵੇ। ਇਸ ਇਮਾਨਦਾਰੀ ਦਾ ਧੁਰਾ ਕੀ ਹੋ ਸਕਦਾ ਹੈ? ਜਵਾਬ ਫਿਰ ਸਵਾਲ ਦੇ ਰੂਪ ਵਿਚ ਹੈ: ਸਟੇਟ ਦਾ ਕਿਰਦਾਰ ਤੇ ਚਰਿੱਤਰ ਕੀ ਹੈ? ਇੱਥੇ ਇਹ ਦਲੀਲ ਬੇਹੱਦ ਅਹਿਮ ਹੈ ਕਿ ਗ਼ੈਰ-ਜਮਹੂਰੀ ਸਿਆਸੀ ਅਮਲ ਗ਼ੈਰ-ਜਮਹੂਰੀ ਵਿਕਾਸ ਨੀਤੀਆਂ ਨੂੰ ਜਨਮ ਦਿੰਦੇ ਹਨ। ਧਰਮ ਅਤੇ ਜਾਤ ਦੇ ਆਧਾਰ 'ਤੇ ਧਰੁਵੀਕਰਨ ਕਰ ਕੇ ਸੱਤਾ ਵਿਚ ਆਈ ਸਰਕਾਰ ਕਲਾਸ ਰੂਮਾਂ ਵਿਚ ਧਰਮ ਨਿਰਪੱਖਤਾ ਜਾਂ 'ਹਮ ਸਭ ਏਕ ਹੈਂ' ਦਾ ਸਬਕ ਕਿਵੇਂ ਪੜ੍ਹਾ ਸਕਦੀ ਹੈ? ਜਦੋਂ ਕਿਸੇ ਕਲਾਸ ਰੂਮ ਵਿਚ ਸਰਕਾਰੀ ਤੰਤਰ ਦੇ ਵੱਖ ਵੱਖ ਅੰਗਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਤਾਂ ਅਧਿਆਪਕ ਉਨ੍ਹਾਂ ਅੰਗਾਂ ਦੀਆਂ ਨਿੱਤ ਦਿਨ ਦੀਆਂ ਕਾਰਵਾਈਆਂ ਦੀਆਂ ਮਿਸਾਲਾਂ ਤੋਂ ਬਿਨਾਂ ਕਿਵੇਂ ਪੜ੍ਹਾ ਸਕਦਾ ਹੈ? ਸਿੱਖਿਆ ਦਾ ਮੂਲ ਸਿਧਾਂਤ ਵੱਖ ਵੱਖ ਸਿਧਾਂਤਾਂ, ਇਤਿਹਾਸਕ ਘਟਨਾਵਾਂ, ਮਨੁੱਖਤਾ ਨੂੰ ਦਰਪੇਸ਼ ਮਸਲਿਆਂ ਦੀ ਸਮਕਾਲੀਨ ਵਿਆਖਿਆ ਕਰਨਾ ਅਤੇ ਮੌਜੂਦਾ ਸਿਆਸੀ-ਆਰਥਿਕ-ਸਮਾਜਿਕ-ਧਾਰਮਿਕ ਤੇ ਸੱਭਿਆਚਾਰਕ ਵਰਤਾਰਿਆਂ ਦੇ ਅੰਤਰ-ਦਵੰਦਾਂ ਤੇ ਵਿਰੋਧਾਭਾਸਾਂ ਨੂੰ ਵਿਗਿਆਨਕ ਢੰਗਾਂ ਨਾਲ ਸੁਲਝਾਉਣਾ ਹੈ। ਇਸ ਤੋਂ ਇਲਾਵਾ ਸਿੱਖਿਆ ਦਾ ਸਭ ਤੋਂ ਅਹਿਮ ਮੰਤਵ ਵਿਦਿਆਰਥੀਆਂ ਨੂੰ ਇਨ੍ਹਾਂ ਸਭ ਵਰਤਾਰਿਆਂ ਅਤੇ ਮਸਲਿਆਂ ਦਾ ਵਿਸ਼ਲੇਸ਼ਣ ਅਤੇ ਆਲੋਚਨਾ ਕਰਨ ਲਈ ਤਿਆਰ ਕਰਨਾ ਹੈ ਤਾਂ ਕਿ ਉਹ ਖੁਦ ਲਈ ਬਿਹਤਰ ਦੁਨੀਆ ਦਾ ਸੁਫ਼ਨਾ ਬੁਣ ਸਕਣ। ਇਸ ਸੁਫ਼ਨੇ ਨੂੰ ਸਾਕਾਰ ਕਰਨ ਲਈ ਅਜਿਹੀ ਸਿਆਸਤ ਦਰਕਾਰ ਹੈ ਜਿਹੜੀ ਵਿਦਿਆਰਥੀਆਂ ਨੂੰ ਲੋਕਾਈ ਦੇ ਦਰਦ ਨਾਲ ਵਾਬਸਤਾ ਕਰ ਸਕੇ ਤੇ ਭਾਰਤ ਵਰਗੇ ਮੁਲਕਾਂ ਵਿਚ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਜੁਰਮਾਂ ਨੂੰ ਠੱਲ੍ਹ ਪਾ ਸਕੇ। ਹੁਣ ਤੱਕ ਸਿੱਖਿਆ ਨੀਤੀ ਦੇ ਅੰਤਰਗਤ ਇਨ੍ਹਾਂ ਮੁੱਦਿਆਂ ਬਾਰੇ ਸਮਝ ਬਣਾਉਣ ਦੀਆਂ ਕੋਸ਼ਿਸ਼ਾਂ ਜ਼ਰੂਰ ਹੋਈਆਂ, ਪਰ ਇਨ੍ਹਾਂ ਮੁੱਦਿਆਂ ਬਾਰੇ ਹੋਈਆਂ ਅਕਾਦਮਿਕ ਤੇ ਵਿਗਿਆਨਕ ਖੋਜਾਂ ਤੇ ਅਧਿਐਨ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਲਾਇਬ੍ਰੇਰੀਆਂ ਦੀਆਂ ਸੈਲਫਾਂ ਅਤੇ ਅਲਮਾਰੀਆਂ ਵਿਚ ਹੀ ਰਹਿ ਗਏ। ਇਸ ਦਾ ਕਾਰਨ 1947 ਦੇ ਸੱਤਾ ਤਬਾਦਲੇ ਤੋਂ ਬਾਅਦ ਪਛਾਣ ਦੀ ਸਿਆਸਤ, ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ 'ਤੇ ਬਾਬੂਸ਼ਾਹੀ ਤੇ ਲਾਲ ਫੀਤਾਸ਼ਾਹੀ ਦਾ ਬੋਲਬਾਲਾ; ਧਰਮ, ਜਾਤ, ਇਲਾਕੇ ਦੇ ਆਧਾਰ 'ਤੇ ਧਰੁਵੀਕਰਨ ਦੀ ਸਿਆਸਤ ਅਤੇ ਇਸ ਦੇ ਨਾਲ ਨਾਲ ਵੋਟਰਾਂ ਨੂੰ ਭਰਮਾ ਕੇ ਵੋਟ ਬੈਂਕ ਪੱਕਾ ਕਰਨ ਦਾ ਇੱਕ ਨੁਕਾਤੀ ਪ੍ਰੋਗਰਾਮ ਹੈ। ਪਿਛਲੇ ਸਾਲਾਂ ਵਿਚ ਇਸ ਨੂੰ ਧਰਮ ਦੇ ਨਾਮ 'ਤੇ ਧਰੁਵੀਕਰਨ ਵਾਲੀ ਨੀਤੀ ਨੇ ਕਈ ਗੁਣਾ ਜ਼ਰਬ ਦਿੱਤੀ ਹੈ।

ਨਵੀਂ ਸਿੱਖਿਆ ਨੀਤੀ-2020 ਦਾ ਖਰੜਾ ਪੜ੍ਹਦੇ ਸਾਰ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ ਕਿ ਇਹ ਦਰਅਸਲ ਸੰਯੁਕਤ ਰਾਸ਼ਟਰ ਦੁਆਰਾ 2030 ਤੱਕ ਨਿਰਧਾਰਿਤ 'ਟਿਕਾਊ ਵਿਕਾਸ ਟੀਚਿਆਂ' ਦੀ ਪ੍ਰਾਪਤੀ ਵੱਲ ਸੇਧਿਤ ਹੈ। ਦੂਜੇ ਸ਼ਬਦਾਂ ਵਿਚ, ਇਹ 'ਟ੍ਰਿਕਲ ਡਾਊਨ ਇਕੋਨੌਮੀ' ਜਾਂ ਫਿਰ ਵਿਕਾਸ ਦੀ 'ਵਰਟੀਕਲ ਅਪਰੋਚ' ਅਤੇ ਬਿੱਲ ਗੇਟਸ ਜਾਂ ਐਲਨ ਮਸਕ ਵਰਗਿਆਂ ਦੀ 'ਦਾਨ ਮੁਹਿੰਮ' ਦੀ ਹੀ ਅਗਲੀ ਉਦਾਰਵਾਦੀ ਕੜੀ ਹੈ ਜਿੱਥੇ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਆਰਥਿਕ ਸੁਧਾਰਾਂ, ਜਨਤਕ ਸੰਸਥਾਵਾਂ ਨੂੰ ਫੰਡਾਂ ਤੇ ਜ਼ਰੂਰੀ ਖਰਚਿਆਂ ਵਿਚ ਕਟੌਤੀ ਕਰਨ ਲਈ ਮਜਬੂਰ ਕਰਨ ਅਤੇ ਸਟੇਟ ਦੀ ਜ਼ਿੰਮੇਵਾਰੀ ਵਾਲਿਆਂ ਮੱਦਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਤੋਂ ਬਿਨਾਂ ਹੋਰ ਕੋਈ ਰਸਤਾ ਹੀ ਨਹੀਂ। ਇਸ ਸੋਚ ਪਿੱਛੇ ਗ਼ੈਰ-ਵਿਗਿਆਨਕ ਤੇ ਅਣਮਨੁੱਖੀ ਧਾਰਨਾ ਪਈ ਹੈ ਜਿਹੜੀ ਜਮਹੂਰੀਅਤ ਅਰਥਾਤ ਬਰਾਬਰੀ, ਸਮਾਨਤਾ ਤੇ ਸਭ ਵਰਗਾਂ ਦੀ ਹਿੱਸੇਦਾਰੀ ਦੇ ਮੂਲ ਨੁਕਤਿਆਂ ਦੇ ਬਰਖਿਲਾਫ਼ ਭੁਗਤਦੀ ਹੈ। ਇਸ ਦਾ ਨਤੀਜਾ ਕਿਸੇ ਮੁਲਕ ਦੀ ਵੱਡੀ ਆਬਾਦੀ ਨੂੰ ਉਨ੍ਹਾਂ ਮੌਕਿਆਂ ਅਤੇ ਕੁਦਰਤੀ, ਆਰਥਿਕ, ਸਮਾਜਿਕ ਤੇ ਸਿਆਸੀ ਸਾਧਨਾਂ ਤੋਂ ਮਹਿਰੂਮ ਕਰ ਦੇਣਾ ਹੈ ਜਿਨ੍ਹਾਂ ਰਾਹੀਂ ਗ਼ਰੀਬੀ ਤੇ ਮਹਿਰੂਮੀਅਤ ਦੇ ਝੰਬੇ ਤਬਕਿਆਂ ਨੇ ਨਵੇਂ ਸੁਫ਼ਨਿਆਂ ਤੇ ਨਵੀਂ ਦੁਨੀਆ ਦੀ ਥਾਹ ਪਾਉਣੀ ਸੀ। ਇਸ ਸਿੱਖਿਆ ਨੀਤੀ ਦੀ ਭਾਸ਼ਾ ਆਕਰਸ਼ਕ ਤੇ ਅਧਿਆਤਮਿਕ ਭਾਸਦੀ ਹੈ। ਇਸ ਦੇ ਪੰਨਾ 36 'ਤੇ 'ਮੁਕਤੀ ਦਾ ਸੰਕਲਪ' ਦਰਜ ਹੈ। ਕੀ ਸਿੱਖਿਆ ਦਾ ਉਦੇਸ਼ ਮਨੁੱਖ ਨੂੰ ਮੁਕਤ ਕਰਨਾ ਹੈ? ਸਿੱਖਿਆ ਦਾ ਮੰਤਵ ਤਾਂ ਮਨੁੱਖ ਨੂੰ ਜ਼ਿੰਦਗੀ ਦੇ ਸੰਘਰਸ਼ਾਂ ਲਈ ਤਿਆਰ ਕਰਨਾ, ਉਸ ਦੀ ਜ਼ਿੰਦਗੀ ਦੇ ਮਸਲੇ ਹੱਲ ਕਰਨਾ ਤੇ ਉਸ ਅੰਦਰਲੇ ਜਗਿਆਸੂ ਦੀ ਔਖੇ ਤੋਂ ਔਖੇ ਸਵਾਲਾਂ ਦੇ ਜਵਾਬ ਲੱਭਣ ਵਿਚ ਮਦਦ ਕਰਨਾ ਅਤੇ ਉਸ ਦੀ ਸਮਰੱਥਾ ਤੇ ਗਿਆਨ ਨੂੰ ਉਗਮਣ, ਵਿਗਸਣ ਤੇ ਮੌਲਣ ਲਈ ਰਾਹ-ਦਸੇਰੇ ਦਾ ਕੰਮ ਕਰਨਾ ਹੈ। ਸਭ ਤੋਂ ਵੱਧ ਜ਼ਰੂਰੀ ਉਸ ਨੂੰ ਸਮੂਹਿਕ ਚੇਤਨਾ ਨਾਲ ਲਬਰੇਜ਼ ਤੇ ਸਮਾਜਿਕ ਤੰਦਾਂ ਜੋੜਨ ਵਾਲਾ ਅਜਿਹਾ ਬੁਣਤੀਕਾਰ ਬਣਾਉਣਾ ਹੈ ਜਿਸ ਅੱਗੇ ਲੋਕਾਈ ਨੂੰ ਦਰਪੇਸ਼ ਸਮੱਸਿਆਵਾਂ ਤੇ ਗੁੰਝਲਾਂ ਖੁਦ-ਬ-ਖੁਦ ਖੁੱਲ੍ਹਦੀਆਂ ਜਾਣ। ਉਹ ਸਿਰਜਕ ਦਾ ਰੋਲ ਨਿਭਾ ਸਕੇ। ਅਜਿਹਾ ਕਿਵੇਂ ਸੰਭਵ ਹੈ? ਇਹ ਅਜਿਹੀ ਸਿੱਖਿਆ ਨੀਤੀ ਰਾਹੀਂ ਹੀ ਸੰਭਵ ਹੈ ਜਿਹੜੀ ਰਾਬਿੰਦਰਨਾਥ ਟੈਗੋਰ ਦੀ ਦ੍ਰਿਸ਼ਟੀ ਮੁਤਾਬਿਕ, ਚਾਰੇ ਦਿਸ਼ਾਵਾਂ ਤੋਂ ਆਉਂਦੇ ਗਿਆਨ ਤੇ ਜਾਣਕਾਰੀ ਜਜ਼ਬ ਕਰਨ ਦੇ ਸਮਰੱਥ ਹੋਵੇ।

ਇਹ ਸਿੱਖਿਆ ਨੀਤੀ ਆਲਮੀ ਪੂੰਜੀ ਪ੍ਰਬੰਧਾਂ ਤੇ ਤਕਨੀਕੀ ਤਰੱਕੀ ਦੇ ਹਾਣ ਦੀ ਹੋਣ ਦਾ ਦਾਅਵਾ ਕਰਦੀ ਹੈ ਤੇ ਭਾਰਤੀ ਮੱਧਵਰਗ ਦਾ ਪੜ੍ਹਿਆ-ਲਿਖਿਆ ਤਬਕਾ ਇਨ੍ਹਾਂ ਮਿੱਥਾਂ 'ਤੇ ਯਕੀਨ ਵੀ ਕਰਦਾ ਹੈ। ਹੁਣ ਇਨ੍ਹਾਂ ਤੱਥਾਂ, ਰਿਪੋਰਟਾਂ ਅਤੇ ਤਜਰਬਿਆਂ 'ਤੇ ਤਵੱਜੋ ਦੀ ਜ਼ਰੂਰਤ ਹੈ ਜਿਹੜੇ ਇਹ ਸਾਬਿਤ ਕਰਦੇ ਹਨ ਕਿ ਉਪਰੋਕਤ ਦੋਵੇਂ ਦਲੀਲਾਂ ਵਿਕਸਤ ਮੁਲਕਾਂ ਵਿਚ ਪਹਿਲਾਂ ਹੀ ਮੂੰਹ ਦੀ ਖਾ ਚੁੱਕੀਆਂ ਹਨ। ਆਲਮੀ ਪੂੰਜੀ ਪ੍ਰਬੰਧਾਂ ਅਧੀਨ ਕੰਮ ਕਰਦੀਆਂ ਸਿਹਤ ਸੰਸਥਾਵਾਂ ਤੇ ਪ੍ਰਬੰਧਾਂ ਨੂੰ ਕਰੋਨਾ ਮਹਾਮਾਰੀ ਨੇ ਚੰਗੀ ਤਰ੍ਹਾਂ ਉਜਾਗਰ ਕਰ ਦਿੱਤਾ। ਅਮਰੀਕਾ ਵਰਗੇ ਮੁਲਕ ਦੀਆਂ ਵੀ ਨਵੀਂ ਸਿੱਖਿਆ ਨੀਤੀ ਗੋਡਣੀਆਂ ਲੱਗ ਗਈਆਂ ਸਨ। ਸਿਹਤ ਤੇ ਸਿੱਖਿਆ ਕੋਈ ਚੀਜ਼ ਜਾਂ ਦੁਕਾਨਾਂ 'ਚ ਵਿਕਣਯੋਗ ਸ਼ੈਅ ਨਹੀਂ। ਇਸ ਦਾ ਫਲਸਫ਼ਾ ਹੈ, ਜੀਵਨ ਜਾਚ ਹੈ। ਇਹ ਮਨੁੱਖਾਂ ਨੂੰ ਧੁਰ ਅੰਦਰੋਂ ਬਦਲ ਦੇਣ ਵਾਲੀ ਅਮੁੱਲ/ਦੁਰਲੱਭ ਸੰਜੀਵਨੀ ਹੈ। ਤਕਨੀਕੀ ਵਿਕਾਸ ਅਤੇ ਮਸ਼ੀਨਾਂ ਦੀ ਵੁੱਕਤ ਵੀ ਉਦੋਂ ਤੱਕ ਹੀ ਹੈ ਜਦ ਤੱਕ ਉਹ ਇਨਸਾਨੀ ਜ਼ਿੰਦਗੀ ਦੇ ਮਸਲਿਆਂ ਦਾ ਹੱਲ ਕਰਨ ਲਈ ਉਪਯੋਗੀ ਹਨ। ਪਿਛਲੇ ਦਿਨੀਂ ਸਭ ਤੋਂ ਵੱਧ ਚਰਚਿਤ ਤਕਨੀਕ 'ਮਸਨੂਈ ਬੁੱਧੀ' (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਬਾਨੀਆਂ ਵਿਚੋਂ ਇੱਕ ਜੈਫਰੀ ਹਿੰਟਨ ਨੇ ਇਹ ਕਹਿੰਦਿਆਂ ਇਸ ਤੋਂ ਕਿਨਾਰਾ ਕਰ ਲਿਆ ਕਿ ਇਸ ਤਕਨੀਕ ਨੂੰ ਜੇ ਕਾਬੂ ਵਿਚ ਨਾ ਕੀਤਾ ਗਿਆ ਤਾਂ ਬਹੁਤ ਜਲਦ ਇਹ ਮਨੁੱਖੀ ਸੱਭਿਅਤਾ ਨੂੰ ਉਸ ਦੇ ਭਿਅੰਕਰ ਅੰਤ ਵੱਲ ਧੱਕ ਸਕਦੀ ਹੈ। ਇਸ ਨਾਲ ਜੁੜਿਆ ਦੂਜਾ ਨੁਕਤਾ ਵੀ ਅਹਿਮ ਹੈ; ਵਿਕਸਤ ਮੁਲਕਾਂ ਦਾ ਤਜਰਬਾ ਦੱਸਦਾ ਹੈ ਕਿ ਇਨ੍ਹਾਂ ਤਕਨੀਕੀ ਸਾਧਨਾਂ ਦਾ ਉਪਯੋਗ ਲੋਕਾਈ ਦੀ ਭਲਾਈ ਲਈ ਘੱਟ ਅਤੇ ਉਸ ਨੂੰ ਕੰਟਰੋਲ ਅਧੀਨ ਲਿਆਉਣ ਲਈ ਵੱਧ ਕੀਤਾ ਗਿਆ। ਇਸ ਦੀਆਂ ਦੋ ਮਿਸਾਲਾਂ ਹਨ। ਉੱਤਰੀ ਕੋਰੀਆ ਦੇ ਨਾਗਰਿਕ ਪਛਾਣ ਪੱਤਰ ਅਤੇ ਹਾਂਗਕਾਂਗ ਵਿਚ ਵਿਰੋਧ ਪ੍ਰਦਰਸ਼ਨ ਕੁਚਲਣ ਲਈ ਇਨ੍ਹਾਂ ਆਧੁਨਿਕ ਯੰਤਰਾਂ ਦੀ ਵਰਤੋਂ ਰਹਿਣ-ਸਹਿਣ ਦੀਆਂ ਹਾਲਤਾਂ ਤੋਂ ਲੈ ਕੇ ਕਾਰੋਬਾਰਾਂ ਤੱਕ ਤਕਨੀਕ ਸਹਾਇਕ ਯੰਤਰਾਂ ਦੇ ਰੂਪ ਵਿਚ ਤਾਂ ਕੰਮ ਕਰ ਸਕਦੀ ਹੈ ਪਰ ਇਹ ਕਿਸੇ ਵੀ ਮੁਲਕ ਦੇ ਢਾਂਚਾਗਤ ਵਿਕਾਸ ਅਤੇ ਨੀਤੀ ਪ੍ਰਬੰਧਨ ਦਾ ਬਦਲ ਨਹੀਂ ਹੋ ਸਕਦੀ।

ਨਵੀਂ ਸਿੱਖਿਆ ਨੀਤੀ ਨਾਲ ਜੁੜਿਆ ਅਗਲਾ ਮਸਲਾ ਇਸ ਵਿਚ ਸਥੂਲ ਰੂਪ ਵਿਚ ਸੰਘੀ ਢਾਂਚੇ ਦੇ ਉਲਟ ਕੇਂਦਰੀਕਰਨ ਦਾ ਹੈ। ਆਜ਼ਾਦੀ ਤੋਂ ਅੱਜ ਤੱਕ ਭਾਰਤੀ ਰਿਆਸਤ/ਸਟੇਟ ਵੱਖ ਵੱਖ ਖਿੱਤਿਆਂ ਦੀ ਵੰਨ-ਸੁਵੰਨਤਾ ਅਤੇ ਜ਼ਰੂਰਤਾਂ ਮੁਤਾਬਿਕ ਸਿੱਖਿਆ ਦਾ ਪ੍ਰਬੰਧ ਸਿਰਜਣ ਵਿਚ ਨਾਕਾਮ ਰਹੀ ਹੈ। ਕਰੋਨਾ ਮਹਾਮਾਰੀ ਦੌਰਾਨ ਭਾਰਤ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਵਿਦਿਆਰਥੀਆਂ ਦੀ ਪੜ੍ਹਾਈ ਛੁੱਟ ਗਈ ਕਿਉਂਕਿ ਉਨ੍ਹਾਂ ਕੋਲ ਡਿਜੀਟਲ ਸਾਧਨ ਤੇ ਔਨਲਾਈਨ ਤਕਨੀਕ ਮੌਜੂਦ ਨਹੀਂ ਸੀ। ਹੁਣ ਨਵੀਂ ਸਿੱਖਿਆ ਨੀਤੀ ਉਨ੍ਹਾਂ ਹੀ ਡਿਜੀਟਲ ਸਾਧਨਾਂ ਅਤੇ ਔਨਲਾਈਨ ਤਕਨੀਕਾਂ ਰਾਹੀਂ ਭਾਰਤੀ ਸਿੱਖਿਆ ਦਾ ਮਿਆਰ ਕੌਮਾਂਤਰੀ ਪੱਧਰ ਦਾ ਕਰਨਾ ਚਾਹੁੰਦੀ ਹੈ। ਇਸ ਦਾ ਅਰਥ ਪਹਿਲਾਂ ਹੀ ਹਾਸ਼ੀਏ 'ਤੇ ਪਏ ਗ਼ਰੀਬ, ਖ਼ਾਸਕਰ ਕਬੀਲਾਈ ਤਬਕਿਆਂ ਨੂੰ ਸਸਤੀ ਮਜ਼ਦੂਰੀ ਖ਼ਾਤਰ ਅਨਪੜ੍ਹਤਾ ਵਿਚ ਧੱਕਣਾ ਹੈ।

ਇਸ ਸਿੱਖਿਆ ਨੀਤੀ ਦਾ ਇੱਕ ਉਦੇਸ਼ ਭਾਰਤੀ ਸੰਸਕ੍ਰਿਤੀ ਅਤੇ ਭਾਸ਼ਾ ਦੀ ਪ੍ਰਫੁੱਲਤਾ ਦੱਸਿਆ ਗਿਆ ਹੈ। ਕੀ ਭਾਰਤ ਦੀ ਕੋਈ ਇੱਕ ਖ਼ਾਸ ਸੰਸਕ੍ਰਿਤੀ ਜਾਂ ਭਾਸ਼ਾ ਹੈ ਜਾਂ ਹੋ ਸਕਦੀ ਹੈ? ਕੀ ਨਵੀਂ ਨੀਤੀ ਦਾ ਮੰਤਵ ਇੱਕ ਖ਼ਾਸ ਵਿਚਾਰ ਜਾਂ ਨਜ਼ਰੀਏ ਜਾਂ ਭਾਸ਼ਾ ਨੂੰ ਅਜਿਹੇ ਮੁਲਕ 'ਤੇ ਥੋਪਣਾ ਹੈ ਜਿਹੜਾ ਆਪਣੀ ਰੂਹ ਅਤੇ ਖਾਸੇ ਤੋਂ ਬਹੁਭਾਸ਼ਾਈ ਤੇ ਵੱਖੋ-ਵੱਖਰੇ ਅਕੀਦਿਆਂ, ਵਿਸ਼ਵਾਸਾਂ ਤੇ ਮਾਨਤਾਵਾਂ ਦਾ ਮੁਲਕ ਹੈ ਤੇ ਇਸ ਨੂੰ ਕਾਨੂੰਨੀ/ਸੰਵਿਧਾਨਕ ਮਾਨਤਾ ਵੀ ਪ੍ਰਾਪਤ ਹੈ।

ਇਹ ਸਿੱਖਿਆ ਨੀਤੀ 'ਨਵੀਂ ਉਦਯੋਗਿਕ ਕ੍ਰਾਂਤੀ' ਲਿਆਉਣ ਦਾ ਦਾਅਵਾ ਕਰਦੀ ਹੈ। ਇਸ ਲਈ ਉੱਚ ਸਿੱਖਿਆ ਨੂੰ ਪੜਾਵਾਂ ਵਿਚ ਵੰਡ ਦਿੱਤਾ ਗਿਆ ਹੈ। ਵਿਦਿਆਰਥੀ ਗਰੈਜੂਏਟ ਹੋਣ ਦੀ ਥਾਂ ਸਰਟੀਫਿਕੇਟ, ਡਿਪਲੋਮਾ ਲੈ ਕੇ ਵੀ ਡਿਗਰੀ ਛੱਡ ਸਕਦਾ ਹੈ। ਇਨ੍ਹਾਂ ਵਿਦਿਆਰਥੀਆਂ ਕੋਲ ਰੁਜ਼ਗਾਰ ਜਾਂ ਨੌਕਰੀ ਦਾ ਕੀ ਪ੍ਰਬੰਧ ਹੋਵੇਗਾ? ਮੁਲਕ ਵਿਚ ਤਾਂ ਪਹਿਲਾਂ ਹੀ ਹਜ਼ਾਰਾਂ ਨੌਜਵਾਨ ਪੀਐੱਚਡੀ, ਇੰਜੀਨੀਅਰਿੰਗ, ਮੈਨੇਜਮੈਂਟ ਤੇ ਹੋਰ ਖੇਤਰਾਂ ਵਿਚ ਡਿਗਰੀਆਂ ਦੇ ਬਾਵਜੂਦ ਬੇਰੁਜ਼ਗਾਰ ਭਟਕ ਰਹੇ ਹਨ। ਅਸਲ ਵਿਚ ਇਸ ਦਾ ਅਸਰ ਸਮਾਜਿਕ ਪੌੜੀ ਦੇ ਡੰਡਿਆਂ 'ਤੇ ਸਭ ਤੋਂ ਹੇਠਾਂ ਬੈਠੇ ਵਰਗਾਂ ਉੱਤੇ ਸਭ ਤੋਂ ਵੱਧ ਪਵੇਗਾ ਜਿਨ੍ਹਾਂ ਲਈ ਡਿਗਰੀ ਉਨ੍ਹਾਂ ਦੀ ਨਰਕ ਵਾਲੇ ਹਾਲਾਤ ਵਿਚੋਂ ਨਿਕਲਣ ਦਾ ਇਕਲੌਤਾ ਹਥਿਆਰ ਹੈ/ਸੀ। ਉਹ ਕਾਰਖਾਨਿਆਂ ਵਿਚ ਸਸਤੀ ਮਜ਼ਦੂਰੀ ਕਰਨ ਜੋਗੇ ਰਹਿ ਜਾਣਗੇ। ਇਸ ਸਿੱਖਿਆ ਨੀਤੀ ਦੇ ਹੱਕ ਵਿਚ ਭੁਗਤ ਰਹੇ ਚੰਗੇ ਪੜ੍ਹੇ-ਲਿਖੇ ਤਬਕਿਆਂ ਦੀ ਅਗਲੀ ਨਸਲ ਵੀ ਕੋਈ ਕਲਾਕਾਰ, ਕਵੀ, ਫਿਲਾਸਫਰ, ਵਿਗਿਆਨੀ, ਸਮਾਜ ਸੁਧਾਰਕ ਤੇ ਲੇਖਕ/ਸਿਰਜਕ ਨਹੀਂ ਸਗੋਂ 'ਕਾਰਪੋਰੇਟ ਗੁਲਾਮ' ਜਾਂ 'ਸਾਈਬਰ ਕੁਲੀ' ਬਣ ਕੇ ਨਿਕਲੇਗੀ। ਇਸ ਦਾ ਕਾਰਨ ਇਸ ਸਿੱਖਿਆ ਨੀਤੀ ਦਾ ਭਾਰਤੀ ਸਮਾਜ ਦੀਆਂ ਹਕੀਕਤਾਂ, ਜ਼ਰੂਰਤਾਂ ਅਤੇ ਭਵਿੱਖ ਤੋਂ ਟੁੱਟਿਆ ਹੋਣਾ ਹੈ। ਇਸ ਦਾ ਸਮਾਜਿਕ ਉਪਯੋਗਤਾ ਦੀ ਜ਼ਿੰਮੇਵਾਰੀ ਤੋਂ ਮਹਿਰੂਮ ਅਤੇ ਸਿਆਸੀ ਚੇਤਨਾ ਤਾਂ ਸੱਖਣਾ ਹੋਣਾ ਇਸ ਪਿੱਛੇ ਕੰਮ ਕਰ ਰਹੇ ਉਸ ਸਟੇਟ-ਕਾਰਪਰੇਟ-ਵਿੱਤੀ ਸੰਸਥਾਵਾਂ ਤੇ ਪ੍ਰਾਈਵੇਟ ਵਪਾਰੀਆਂ ਦੇ ਗਠਜੋੜ ਵੱਲ ਇਸ਼ਾਰਾ ਕਰਦਾ ਹੈ ਜਿਸ ਨੇ ਪਾਣੀ ਤੇ ਹਵਾ ਵਰਗੀਆਂ ਕੁਦਰਤੀ ਦਾਤਾਂ ਨੂੰ ਬਾਜ਼ਾਰੀ ਉਤਪਾਦ ਤੇ ਸਿੱਖਿਆ ਵਰਗੀ ਮੁਕੱਦਸ ਸ਼ੈਅ ਨੂੰ ਮੁਨਾਫ਼ੇ ਦੀ ਅੰਨ੍ਹੀ ਸੁਰੰਗ ਵਿਚ ਧੱਕ ਦਿੱਤਾ ਹੈ।

# ਦੇਸ ਰਾਜ ਕਾਲੀ ਦੇ ਦਿਹਾਂਤ 'ਤੇ ਵਿਪਸਾਅ ਵਲੋਂ ਸ਼ੋਕ ਮਤਾ

**ਕੈਲੀਫ਼ੋਰਨੀਆ**: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ (ਵਿਪਸਾਅ) ਵਲੋਂ ਉੱਘੇ ਲੇਖਕ ਅਤੇ ਚਿੰਤਕ ਦੇਸ ਰਾਜ ਕਾਲੀ ਦੀ ਅਚਾਨਕ ਹੋਈ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ।

ਵਿਪਸਾਅ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਕਿਹਾ ਕਿ ਉਹ ਪੰਜਾਬੀ ਸਾਹਿਤ ਵਿਚ ਨਿਵੇਕਲੀ ਛਬਿ ਵਾਲਾ ਚਿੰਤਕ ਲੇਖਕ ਸੀ, ਜਿਸ ਦਾ ਏਨੀ ਜਲਦੀ ਚਲੇ ਜਾਣਾ ਪੰਜਾਬੀ ਸਾਹਿਤ ਜਗਤ ਲਈ ਬਹੁਤ ਦੁੱਖਦਾਈ ਘਟਨਾ ਹੈ। ਵਿਪਸਾਅ ਦੇ ਪ੍ਰਧਾਨ ਕੁਲਵਿੰਦਰ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਦਰਸ਼ਨ ਨੱਤ, ਲਾਜ ਨੀਲਮ ਸੈਣੀ, ਸੁਖਦੇਵ ਸਾਹਿਲ, ਜਗਜੀਤ ਅਤੇ ਬਾਕੀ ਸਭ ਮੈਂਬਰਾਂ ਨੇ ਮਰਹੂਮ ਲੇਖਕ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

**-ਜਗਜੀਤ ਨੌਸ਼ਹਿਰਵੀ**
**(ਜਨਰਲ ਸਕੱਤਰ)**
510-676-1565


TBF
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES


* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 728 City walk pl Unit 6 Hayward CA, 94544
2. 4294 Comet Cir Union city, CA , 94587
3. 7383 Sedgefield ave San Ramon, CA, 94583
4. 2793 San Minete Dr Livermore, CA, 94550
5. 4153 Settlers Ridge Way Roseville, CA, 95747
6. 2373 Tallahassee St Hayward, CA, 94545
7. 7045 Inclined Pl Dublin, CA, 94568
8. 48 Terra Vista Ave Apt D San Francisco CA, 94115
9. 2411 Bentley Lane Tracy CA 95376
10. 150 Yolo Ct San Bruno CA 94066
11. 5079 Brett Court CA, 94538
12. 1379 Michael Dr Tracy, CA, 95337
13. 3055 Bernard Ave San Ramon, CA, 94583
14. 380 cardona Cir Pleasanton CA 94583
15. 5788 Arlene way Livermore CA 94550
16. 2569 Bennett ct Tracy CA 95377


## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

# ਯੂਨੀਅਨ ਸਿਟੀ ਕਬੱਡੀ ਵਰਲਡ ਕੱਪ ਦੀਆਂ ਤਿਆਰੀਆਂ ਜ਼ੋਰਾਂ 'ਤੇ: ਅਮੋਲਕ ਸਿੰਘ ਗਾਖਲ

**ਕੈਲੀਫੋਰਨੀਆ (ਐੱਸ.ਅਸ਼ੋਕ ਭੌਰਾ):** ਯੂਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ 17 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ ਕੈਲੀਫੋਰਨੀਆ ਕਬੱਡੀ ਫੈੱਡਰੇਸ਼ਨ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 16ਵੇਂ ਵਰਲਡ ਕਬੱਡੀ ਕੱਪ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸੇ ਸਬੰਧ ਵਿਚ ਉਨ੍ਹਾਂ ਅਮਰੀਕਾ ਦੀਆਂ ਵੱਡੀਆਂ ਕਬੱਡੀ ਸ਼ਖ਼ਸੀਅਤਾਂ ਨਾਲ ਮੁਲਾਕਾਤ ਕੀਤੀ, ਜਿਸ ਵਿਚ ਫੈੱਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਸੁਰਿੰਦਰ ਸਿੰਘ ਨਿੱਝਰ ਅਤੇ ਟੈਕਨੀਕਲ ਇੰਚਾਰਜ ਤੀਰਥ ਸਿੰਘ ਗਾਖਲ ਨੇ ਸਰਬਸੰਮਤੀ ਨਾਲ ਫੈਸਲਾ ਲਿਆ ਹੈ ਕਿ ਚਾਰੇ ਟੀਮਾਂ ਸੰਦੀਪ ਸਿੰਘ ਨੰਗਲ ਅੰਬੀਆਂ ਕਬੱਡੀ ਕਲੱਬ ਬੇ ਏਰੀਆ, ਫਤਹਿ ਸਪੋਰਟਸ ਕਲੱਬ/ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਨੌਰਥ ਅਮੈਰਿਕਾ/ਚੜ੍ਹਦਾ ਪੰਜਾਬ ਸਪੋਰਟਸ ਕਲੱਬ ਅਤੇ ਬਾਬਾ ਸੰਗ ਜੀ ਕਬੱਡੀ ਕਲੱਬ ਆਪੋ ਆਪਣੀਆਂ ਟੀਮਾਂ ਦੇ ਖਿਡਾਰੀਆਂ ਦੇ ਨਾਮ ਇਕ ਹਫਤਾ ਪਹਿਲਾਂ ਟੈਕਨੀਕਲ ਇੰਚਾਰਜ ਤੀਰਥ ਸਿੰਘ ਗਾਖਲ ਨੂੰ ਸੌਂਪਣਗੇ। ਸੰਗਤ ਦੀ ਜਾਣਕਾਰੀ ਲਈ ਸਾਰੀਆਂ ਟੀਮਾਂ ਦੇ ਖਿਡਾਰੀਆਂ ਦੇ ਪੋਸਟਰ ਵੀ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮੱਖਣ ਸਿੰਘ ਬੈਂਸ ਚੇਅਰਮੈਨ, ਇਕਬਾਲ ਸਿੰਘ ਗਾਖਲ ਵਾਈਸ ਚੇਅਰਮੈਨ, ਜੁਗਰਾਜ ਸਿੰਘ ਸਹੋਤਾ ਪ੍ਰਧਾਨ ਅਤੇ ਤੀਰਥ ਸਿੰਘ ਗਾਖਲ ਟੈਕਨੀਕਲ ਇੰਚਾਰਜ ਵਲੋਂ ਆਪੋ ਆਪਣੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਸਵੇਰੇ 10 ਵਜੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸ਼ੁਰੂ ਹੋਵੇਗਾ। ਸਾਰਾ ਦਿਨ ਸੰਗਤ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।







*ਅਮੋਲਕ ਸਿੰਘ ਗਾਖਲ, ਤੀਰਥ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ*

# ਸ. ਸਵਰਨ ਸਿੰਘ ਸੰਧੂ ਦਾ ਦੇਹਾਂਤ

**ਸ਼ਿਕਾਗੋ:** ਸ. ਸਤਨਾਮ ਸਿੰਘ ਸੰਧੂ ਦੇ ਪਿਤਾ ਸ. ਸਵਰਨ ਸਿੰਘ ਸੰਧੂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਉਹ ਪੰਜਾਬ ਨਾਲ ਸਬੰਧਤ ਸਨ ਤੇ ਹੁਣ ਆਪਣੇ ਪਰਿਵਾਰ ਕੋਲ ਅਮਰੀਕਾ ਹੀ ਰਹਿ ਰਹੇ ਸਨ। ਲੰਘੀ 25 ਜੁਲਾਈ ਨੂੰ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ 93 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ 6 ਧੀਆਂ-ਪੁੱਤ ਅਤੇ 8 ਪੋਤੇ-



ਪੋਤੀਆਂ, ਦੋਹਤੇ-ਦੋਹਤੀਆਂ ਨੂੰ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ1 ਸਤੰਬਰ ਸ਼ੁਕਰਵਾਰ ਨੂੰ ਦੁਪਹਿਰ 2 ਤੋਂ ਸ਼ਾਮ 4 ਵਜੇ ਦਰਮਿਆਨ Davenport Funeral Home 941 S. Old Rand Road Lake Zurich, IL 60047 ਵਿਖੇ ਹੋਵੇਗਾ। ਉਪਰੰਤ ਉੱਥੇ ਹੀ ਅੰਤਿਮ ਅਰਦਾਸ ਕੀਤੀ ਜਾਵੇਗੀ।

## ਪੰਜਾਬੀ ਨੌਜਵਾਨ ਆਪਣੀ ਦੋਸਤ ਦੇ ਕਤਲ ਦੇ ਦੋਸ਼ਾਂ ਹੇਠ ਗ੍ਰਿਫਤਾਰ

**ਰੋਜਵਿਲੇ:** ਇੱਥੇ ਇਕ ਪਾਰਕਿੰਗ ਗੈਰਾਜ ਵਿਚ ਆਪਣੀ ਦੋਸਤ ਕੁੜੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਦੋਸ਼ਾਂ ਤਹਿਤ 29 ਸਾਲਾ ਸਿਮਰਨਜੀਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਉਸ ਵਿਰੁੱਧ ਰਸਮੀ ਦੋਸ਼ ਆਇਦ ਕੀਤੇ ਗਏ ਹਨ। ਰੋਜਵਿਲੇ ਸ਼ਹਿਰ ਦੀ ਗਾਲੇਰੀਆ ਮਾਲ ਦੀ ਬਹੁਮੰਜ਼ਿਲੀ ਪਾਰਕਿੰਗ ਵਿਚ 34 ਸਾਲਾ ਔਰਤ ਮ੍ਰਿਤਕ ਮਿਲੀ ਸੀ। ਪ੍ਰਾਪਤ ਵੇਰਵੇ ਅਨੁਸਾਰ ਪਿਛਲੇ ਸ਼ਨਿਚਰਵਾਰ ਨੂੰ ਸਵੇਰੇ 10.30 ਵਜੇ ਦੇ ਕਰੀਬ ਸਿਮਰਨਜੀਤ ਸਿੰਘ ਤੇ ਉਸਦੀ ਦੋਸਤ ਔਰਤ ਇਕੱਠੇ ਹੀ ਮਾਲ ਵਿਚ ਆਏ ਸਨ। ਸਿਮਰਨਜੀਤ ਸਿੰਘ ਨੇ ਕਥਿਤ ਤੌਰ 'ਤੇ ਆਪਣੀ ਦੋਸਤ ਦੀ ਹੱਤਿਆ ਕਰਨ ਉਪਰੰਤ ਭੱਜਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਆਪਣਾ ਹਥਿਆਰ ਕਾਰ ਵਿਚ ਹੀ ਭੁੱਲ ਗਿਆ ਜਿਸਨੂੰ ਪੁਲਿਸ ਨੇ ਬਰਾਮਦ ਕਰ ਲਿਆ ਹੈ। ਆਪਣੀ ਪਹਿਲੀ ਪੇਸ਼ੀ ਮੌਕੇ ਸਿਮਰਨਜੀਤ ਸਿੰਘ ਨੇ ਗੁਨਾਹ ਕਬੂਲ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਕ ਹੋਰ ਵਿਅਕਤੀ ਤੋਂ ਵੀ ਇਸ ਮਾਮਲੇ ਵਿਚ ਪੁੱਛਗਿੱਛ ਕੀਤੀ ਗਈ ਸੀ ਪਰੰਤੂ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਗਿਆ ਸੀ। ਸਿਮਰਨਜੀਤ ਸਿੰਘ ਕੈਲੀਫੋਰਨੀਆ ਦੀ ਪਲੇਸਰ ਕਾਊਂਟੀ ਜੇਲ੍ਹ ਵਿਚ ਹੈ।

Worldwide Services, LLC
Ravdeep S. Bhasin
Certified, Registered & Bonded Consultant
- IMMIGRATION CONSULTING SERVICES (ਇੰਮੀਗਰੇਸ਼ਨ ਸਲਾਹ ਸੇਵਾਵਾਂ): Family Immigration/ Green Card Petition; Citizenship; Business/ Visitor Visa; Religious Visa; and Other Immigration Services.
- INCOME - TAX FILING SERVICES - Individual & Business (ਇਨਕਮ-ਟੈਕਸ ਫਾਈਲਿੰਗ ਸੇਵਾਵਾਂ).
- FINANCIAL ACCOUNTING & MANAGEMENT SERVICES (ਵਿੱਤੀ ਲੇਖਾ ਅਤੇ ਪ੍ਰਬੰਧਨ ਸੇਵਾਵਾਂ).
- LEGAL DOCUMENT PREPARATION SERVICES (ਕਾਨੂੰਨੀ ਦਸਤਾਵੇਜ਼ ਤਿਆਰ ਕਰਨ ਦੀਆਂ ਸੇਵਾਵਾਂ): Divorce, Name Change, Small Claims, & Others.

15437 Stratford Drive, Ste. 1, San Jose, CA 95124
ravdeep@worldwidesvcs.com
Cell: 408-613-3876
Fax: 408-409-2614

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ
(ਬੇਅ ਏਰੀਆ-ਕੈਲੀਫ਼ੋਰਨੀਆ)

22ਵੀਂ ਅੰਤਰ ਰਾਸ਼ਟਰੀ ਦੋ ਰੋਜ਼ਾ ਕਾਨਫ਼ਰੰਸ
ਮਿਤੀ: 28-29 ਅਕਤੂਬਰ, 2023
ਸਮਾਂ ਤੇ ਸਥਾਨ ਜਲਦੀ ਨਿਸ਼ਚਤ ਕੀਤਾ ਜਾਵੇਗਾ

ਇਸ ਕਾਨਫ਼ਰੰਸ ਵਿਚ ਇੰਡੀਆ, ਕੈਨੇਡਾ, ਆਸਟਰੇਲੀਆ ਤੋਂ ਇਲਾਵਾ ਅਮਰੀਕਾ ਤੋਂ ਵਿਦਵਾਨ ਅਤੇ ਲੇਖਕ ਸ਼ਾਮਲ ਹੋਣਗੇ।

ਜਾਰੀ ਕਰਤਾ:
ਕੁਲਵਿੰਦਰ (ਪ੍ਰਧਾਨ) 510-367-2090
ਜਗਜੀਤ (ਜਨਰਲ ਸਕੱਤਰ)-510-676-1565


One stop shop for all your taxi needs
The Friendly Group Ltd.
Chelsea Taxi Brokers
*All types of insurance*
* *Medallion transfers*
* *Accident claims*
* *Taxi Stand Facility available*
Ph: 212-947-9833, 212-695-0601
We are here at your service to sell and buy or insure medallions and we are in business to help our Punjabi Community since last 40 years.
*Ask us about Purchase or new buyer and financing.




40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ
ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

# ਦਹਿਸ਼ਤ ਦੇ ਨਾਲ-ਨਾਲ

ਕਲਾ ਪਰਿਕਰਮਾ



ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਮਹੀਨਿਆਂ ਤੋਂ ਉਹ ਹਨੇਰੇ ਕੋਠੇ ਵਿਚ ਡੱਕਿਆ ਹੋਇਆ ਸੀ। ਕੱਚਾ ਫਰਸ਼, ਇਕ ਕੰਧ ਵਿਚ ਛੱਤ ਨੇੜੇ ਨਿੱਕਾ ਜਿਹਾ ਮੋਘਾ। ਪਖਾਨਾ-ਪਾਣੀ ਅੰਦਰ ਹੀ। ਨਹਾਉਣਾ-ਧੋਣਾ ਵੀਹ ਦਿਨਾਂ ਬਾਅਦ। ਉਸ ਦੇ ਕੈਦਕਾਰ ਜਦੋਂ ਵੀ ਦਰਵਾਜ਼ਾ ਖੋਲ੍ਹਦੇ ਤਾਂ ਅੰਦਰ ਆ ਕੇ ਉਸ ਨੂੰ ਤਸੀਹੇ ਹੀ ਦਿੰਦੇ। ਇਨ੍ਹਾਂ ਜ਼ੁਲਮਾਂ ਦੀ ਵੀਡੀਓ ਬਣਾਈ ਜਾਂਦੀ। ਕਦੇ ਉਹ ਚਾਬੁਕ ਵਰਤਦੇ, ਕਦੇ ਜਮੂਰ ਤੇ ਕਦੇ ਥੱਪੜ, ਘਸੁੰਨ ਤੇ ਬੂਟਾਂ ਦੇ ਠੁੱਡੇ। ਅਜਿਹੇ ਹਰ ਸਿਤਮੀ ਸੈਸ਼ਨ ਮਗਰੋਂ ਉਹ ਸ਼ੁਕਰ ਮਨਾਉਂਦਾ ਕਿ ਉਸ ਦੀ ਜਾਨ ਸਲਾਮਤ ਹੈ। ਜਿਸਮ ਸੱਟਾਂ-ਫੇਟਾਂ ਤੇ ਕੋਰੜਿਆਂ ਦੀ ਮਾਰ ਨਾਲ ਪੱਛਿਆ ਹੋਇਆ, ਰੂਹ ਬੇਜ਼ਾਰ ਪਰ ਜਿਊਣ ਦੀ ਤਾਂਘ ਨੂੰ ਉਸ ਨੇ ਆਪਣੇ ਅੰਦਰੋਂ ਮਰਨ ਨਹੀਂ ਦਿੱਤਾ। ਜਦੋਂ ਬਾਹਰ ਸੂਰਜ ਪੂਰਾ ਲਿਸ਼ਕਦਾ ਹੁੰਦਾ ਤਾਂ ਮੋਘੇ ਰਾਹੀਂ ਚਾਨਣ ਦੀ ਬਰੀਕ ਜਿਹੀ ਛਿੱਟ ਅੰਦਰ ਆ ਜਾਂਦੀ। ਇਸੇ ਛਿੱਟ ਵਿਚੋਂ ਉਸ ਨੂੰ ਜ਼ਿੰਦਗੀ ਦੀ ਉਮੀਦ ਵੀ ਦਿਸਣ ਲੱਗਦੀ। ਉਂਝ, ਇਸ ਉਮੀਦ ਦੇ ਨਾਲ-ਨਾਲ ਕੋਠੇ ਅੰਦਰਲੀ ਗੰਦਗੀ ਅਤੇ ਆਪਣੀ ਦੁਰਗਤੀ ਦਾ ਅਹਿਸਾਸ ਉਸ ਦਾ ਖਹਿੜਾ ਨਾ ਛੱਡਦੇ। ਫਿਰ ਇਕ ਦਿਨ ਹਾਲਾਤ ਬਦਲੇ। ਮੋਘੇ ਦੇ ਨੇੜੇ ਉਸ ਨੂੰ ਜਾਲਾ ਉਣਦਾ ਮੱਕੜਾ ਨਜ਼ਰ ਆਇਆ। ਅਗਲੇ ਦਿਨ ਵੀ ਉਹ ਮੱਕੜਾ ਉੱਥੇ ਮੌਜੂਦ ਸੀ। ਉਸ ਨੇ ਇਸ ਮੱਕੜੇ ਨੂੰ ਆਪਣਾ ਹਮਦਮ ਮੰਨ ਲਿਆ। ਇਸ ਦਾ ਨਾਂ ਪੀਟਰ ਰੱਖ ਦਿੱਤਾ। ਪੀਟਰ ਦਿਸਦਿਆਂ ਹੀ ਉਹ ਫਿਲਮ 'ਸਪਾਈਡਰਮੈਨ' ਦਾ ਗੀਤ 'ਪੀਟਰ ਵਾਜ਼ ਮਾਇ ਫਸਟ ਫ੍ਰੈਂਡ' ਗੁਣਗੁਣਾਉਣ ਲੱਗਦਾ। ਪੀਟਰ ਉਸ ਵਾਸਤੇ ਜ਼ਿੰਦਗੀ ਦਾ ਪ੍ਰਤੀਕ ਬਣਦਾ ਗਿਆ। ਨਵੀਂ ਦ੍ਰਿੜ੍ਹਤਾ ਉਸ ਦੇ ਜਿਸਮ ਅੰਦਰ ਸੰਚਾਰ ਹੋਣ ਲੱਗੀ। ਹਦੀਸ ਵਿਚਲਾ ਇਹ ਸੁਨੇਹਾ ਕਿ "ਹਾਲਾਤ ਅੱਗੇ ਗੋਡੇ ਨਹੀਂ ਟੇਕਣੇ, ਜ਼ਿੰਦਾ ਰਹਿਣਾ ਹੈ; ਹਰ ਹਾਲ, ਹਰ ਸੂਰਤ 'ਚ" ਉਸ ਦਾ ਇਕੋ-ਇਕ ਲਕਸ਼ ਬਣ ਗਿਆ।

ਸ਼ਾਹਬਾਜ਼ ਤਾਸੀਰ ਦੀ ਕਿਤਾਬ 'ਲੌਸਟ ਟੂ ਦਿ ਵਲਡ' ਅੰਤਾਂ ਦੀਆਂ ਦੁਸ਼ਵਾਰੀਆਂ ਦੇ ਬਾਵਜੂਦ ਉਪਰੋਕਤ ਲਕਸ਼ ਤੱਕ ਪੁੱਜਣ ਦੀ ਕਹਾਣੀ ਹੈ। ਉਹ ਕਰੀਬ ਪੰਜ ਵਰ੍ਹੇ (ਅਗਸਤ 2011 ਤੋਂ ਫਰਵਰੀ 2016) ਤੱਕ ਦਹਿਸ਼ਤਗਰਦਾਂ ਦੇ ਬੰਦੀਖ਼ਾਨਿਆਂ ਵਿਚ ਰਿਹਾ। ਇਸ ਨਾਜਾਇਜ਼ ਕੈਦ ਦੌਰਾਨ ਉਹ ਡੇਢ ਦਰਜਨ ਤੋਂ ਵੱਧ ਵਾਰ ਮੌਤ ਵਾਲੀ ਡਗਰ ਵਿਚੋਂ ਗੁਜ਼ਰਿਆ ਪਰ ਹਰ ਵਾਰ ਕੋਈ ਨਾ ਕੋਈ ਜੁਗਤ ਜਾਂ ਮੁਕੱਦਰ ਦਾ ਹੇਰ-ਫੇਰ ਉਸ ਨੂੰ ਸਾਹ ਸਹੇਜਣ ਦੇ ਕਾਬਲ ਬਣਾਉਂਦੇ ਰਹੇ।

ਸ਼ਾਹਬਾਜ਼ ਤਾਸੀਰ ਲਾਹੌਰ ਦੇ ਧਨਾਢ ਪਰਿਵਾਰ ਨਾਲ ਸਬੰਧਿਤ ਹੈ। ਇਹ ਪਰਿਵਾਰ ਕਦੇ ਬੜਾ ਰਸੂਖ਼ਵਾਨ ਹੁੰਦਾ ਸੀ। ਪਿਤਾ ਸਲਮਾਨ ਤਾਸੀਰ ਅਰਬਾਂਪਤੀ ਵਪਾਰੀ ਹੋਣ ਤੋਂ ਇਲਾਵਾ ਲਾਟਦਾਰ ਸਿਆਸਤਦਾਨ ਵੀ ਸੀ। ਪਹਿਲਾਂ ਜ਼ੁਲਫਿਕਾਰ ਅਲੀ ਭੁੱਟੋ, ਤੇ ਫਿਰ ਬੇਨਜ਼ੀਰ ਭੁੱਟੋ ਦਾ ਪੱਕਾ ਹਮਾਇਤੀ। ਦਿੱਖ ਪੱਖੋਂ ਬਾਂਕਾ, ਮਿਜ਼ਾਜ ਪੱਖੋਂ ਦਿਲਦਾਰ ਤੇ ਦਿਲਫ਼ਰੇਬ। ਉਸ ਦੀ ਇਸੇ ਦਿਲਦਾਰੀ ਦਾ ਸ਼ਿਕਾਰ ਭਾਰਤੀ ਪੱਤਰਕਾਰ ਤਵਲੀਨ ਸਿੰਘ ਹੋ ਗਈ। ਗ਼ਫ਼ਲਤ ਖਾ ਗਈ, ਹਾਮਲਾ ਹੋ ਬੈਠੀ। ਵਿਆਹ ਦੀ ਉਮੀਦ ਵਿਚ ਉਹ ਲਾਹੌਰ ਜਾ ਪੁੱਜੀ ਪਰ ਸਲਮਾਨ ਤਾਸੀਰ ਆਪਣੇ ਬੀਵੀ-ਬੱਚੇ ਛੱਡਣ ਲਈ ਰਾਜ਼ੀ ਨਾ ਹੋਇਆ। ਇਸੇ ਬੇਵਫ਼ਾਈ ਦੀ ਪੈਦਾਇਸ਼ ਬ੍ਰਿਟਿਸ਼-ਅਮਰੀਕੀ ਲੇਖਕ ਤੇ ਪੱਤਰਕਾਰ ਆਤਿਸ਼ ਤਾਸੀਰ ਹੈ (ਉਹ ਬ੍ਰਿਟਿਸ਼-ਅਮਰੀਕੀ-ਭਾਰਤੀ ਹੋਣਾ ਸੀ ਜੇ 2019 ਦੇ ਅੰਤ ਵਿਚ 'ਟਾਈਮ' ਰਸਾਲੇ ਦੀ ਕਵਰ ਸਟੋਰੀ ਨਾ ਲਿਖਦਾ। ਇਸ ਵਿਚ ਉਸ ਨੇ ਨਰਿੰਦਰ ਮੋਦੀ ਨੂੰ 'ਡਿਵਾਈਡਰ-ਇਨ-ਚੀਫ' ਵਜੋਂ ਪੇਸ਼ ਕੀਤਾ। ਜਵਾਬ ਵਿਚ ਮੋਦੀ ਸਰਕਾਰ ਨੇ ਉਸ ਦੀ ਭਾਰਤੀ ਨਾਗਰਿਕਤਾ ਮਨਸੂਖ਼ ਕਰ ਦਿੱਤੀ; ਨਾਲ ਹੀ ਉਸ ਦੇ ਭਾਰਤ ਦਾਖ਼ਲੇ 'ਤੇ ਅਣਐਲਾਨੀ ਪਾਬੰਦੀ ਲਾ ਦਿੱਤੀ)।

ਆਡੰਬਰੀ ਸੁਭਾਅ ਤੇ ਹੋਰ ਕਿਰਦਾਰੀ ਖ਼ਾਮੀਆਂ ਦੇ ਬਾਵਜੂਦ ਸਲਮਾਨ ਤਾਸੀਰ ਲਿਬਰਲ ਆਗੂ ਵਜੋਂ ਆਪਣੇ ਅਕੀਦਿਆਂ 'ਤੇ ਹਮੇਸ਼ਾ ਪੱਕਾ ਰਿਹਾ। ਪੰਜਾਬ ਦੇ ਗਵਰਨਰ ਵਜੋਂ ਉਸ ਨੇ ਮੁਲਕ ਦੇ ਕੁਫ਼ਰ-ਵਿਰੋਧੀ ਕਾਨੂੰਨ ਦਾ ਡਟਵਾਂ ਵਿਰੋਧ ਕੀਤਾ। ਇਸ ਤੋਂ ਖ਼ਫ਼ਾ ਹੋ ਕੇ ਉਸ ਦੇ ਇਕ ਅੰਗ-ਰੱਖਿਅਕ (ਮੁਮਤਾਜ਼ ਕਾਦਰੀ) ਨੇ ਉਸ ਦੀ ਦਿਨ-ਦਿਹਾੜੇ ਹੱਤਿਆ ਕਰ ਦਿੱਤੀ। ਇਕ ਨਹੀਂ, ਦੋ ਨਹੀਂ, ਪੂਰੀਆਂ 27 ਗੋਲੀਆਂ ਮਾਰ ਕੇ। ਇਸ ਹੱਤਿਆ ਨੂੰ ਕੱਟੜਪੰਥੀਆਂ ਨੇ ਸਲਾਹਿਆ ਵੀ ਖ਼ੂਬ। 4 ਜਨਵਰੀ 2011 ਨੂੰ ਵਾਪਰੇ ਇਸ ਕਾਰੇ ਦੀ ਪਾਕਿਸਤਾਨੀ ਹਕੂਮਤ ਨੇ ਖੁੱਲ੍ਹ ਕੇ ਆਲੋਚਨਾ ਕਰਨੀ ਵੀ ਵਾਜਬ ਨਾ ਸਮਝੀ। ਹਕੂਮਤ ਉਸ ਸਮੇਂ ਭੁੱਟੋ-ਜ਼ਰਦਾਰੀਆਂ ਦੀ ਸੀ। ਸਲਮਾਨ ਉਨ੍ਹਾਂ ਦਾ ਹੀ ਬੰਦਾ ਸੀ ਪਰ ਕੱਟੜਪੰਥੀਆਂ ਦਾ ਗ਼ਲਬਾ ਏਨਾ ਵਧ ਚੁੱਕਾ ਸੀ ਕਿ ਉਨ੍ਹਾਂ ਨੂੰ ਨਾਰਾਜ਼ ਕਰਨ ਦੀ ਜੁਰੱਅਤ ਹੀ ਨਹੀਂ ਦਿਖਾਈ ਗਈ। ਇਹ ਤਾਂ ਬਾਅਦ ਵਿਚ ਆਈ ਨਵਾਜ਼ ਸ਼ਰੀਫ਼ ਸਰਕਾਰ ਦੀ ਦਲੇਰੀ ਸੀ ਕਿ ਉਸ ਨੇ ਮੁਮਤਾਜ਼ ਕਾਦਰੀ ਲਈ ਫਾਂਸੀ ਯਕੀਨੀ ਬਣਾਈ।


ਸਲਮਾਨ ਦੀ ਹੱਤਿਆ ਤੋਂ ਉਪਜੀ ਦਹਿਸ਼ਤ ਤੇ ਖ਼ਲਾਅ ਕਾਰਨ ਤਾਸੀਰ ਪਰਿਵਾਰ ਦਾ ਕਾਰੋਬਾਰ ਬਿਖਰ ਗਿਆ। ਇਸ ਨੂੰ ਨਵੇਂ ਸਿਰਿਓਂ ਲੀਹ 'ਤੇ ਲਿਆਉਣ ਦੀ ਜ਼ਿੰਮੇਵਾਰੀ ਸਭ ਤੋਂ ਵੱਡੇ ਪੁੱਤਰ ਸ਼ਾਹਬਾਜ਼ ਦੇ ਮੋਢਿਆਂ 'ਤੇ ਆਣ ਪਈ। ਉਸ ਨੇ ਲਾਹੌਰ ਵਿਚਲੇ ਦਫ਼ਤਰ ਜਾਣਾ ਸ਼ੁਰੂ ਕਰ ਦਿੱਤਾ ਪਰ ਬਹੁਤੇ ਦਿਨ ਨਾ ਜਾ ਸਕਿਆ। ਅਗਸਤ 2011 ਵਿਚ ਉਸ ਨੂੰ ਦਫ਼ਤਰ ਜਾਂਦਿਆਂ ਅਗਵਾ ਕਰ ਲਿਆ ਗਿਆ। ਦਿਨੇ ਗਿਆਰਾਂ ਵਜੇ। ਅਗਵਾਕਾਰ ਨਾਮਾਲੂਮ ਜਥੇਬੰਦੀ 'ਇਸਲਾਮਿਕ ਮੂਵਮੈਂਟ ਆਫ ਉਜ਼ਬੇਕਿਸਤਾਨ' ਨਾਲ ਸਬੰਧਿਤ ਸਨ। ਇਹ ਜਥੇਬੰਦੀ ਅਲ-ਕਾਇਦਾ ਦੀ ਹੀ ਸ਼ਾਖ਼ ਸੀ ਪਰ ਇਸ ਦਾ ਮੁੱਖ ਕੰਮ ਫਿਰੌਤੀਆਂ ਬਟੋਰਨਾ ਸੀ। ਅਗਵਾਕਾਰਾਂ ਦਾ ਸਰਗਨਾ ਮੁਹੰਮਦ ਅਲੀ ਨਿਹਾਇਤ ਜ਼ਾਲਮ ਸੀ। ਉਸ ਨੂੰ ਜਾਪਦਾ ਸੀ ਕਿ ਜਿੰਨਾ ਉਹ ਵੱਧ ਤਸ਼ੱਦਦ ਕਰੇਗਾ, ਫਿਰੌਤੀ ਦੀ ਰਕਮ ਵੀ ਉਸੇ ਅਨੁਪਾਤ ਵਿਚ ਵਧਦੀ ਚਲੀ ਜਾਵੇਗੀ। ਚਾਰ ਵਰ੍ਹਿਆਂ ਮਗਰੋਂ ਜਦੋਂ ਸ਼ਾਹਬਾਜ਼, ਉਜ਼ਬੇਕਾਂ ਦੀ ਕੈਦ 'ਚੋਂ ਨਿਕਲ ਕੇ ਤਾਲਿਬਾਨ ਦੇ ਬੰਦੀਖਾਨੇ 'ਚ ਜਾ ਪਹੁੰਚਿਆ ਤਾਂ ਤਸ਼ੱਦਦ ਉੱਥੇ ਵੀ ਅਮਾਨਵੀ ਝੱਲਣਾ ਪਿਆ। ਫਿਰ ਇਕ ਦਿਨ ਅਚਾਨਕ ਉਹ ਆਜ਼ਾਦ ਕਰ ਦਿੱਤਾ ਗਿਆ। ਬਲੋਚਿਸਤਾਨ 'ਚ, ਅਫ਼ਗਾਨਿਸਤਾਨ ਦੀ ਸਰਹੱਦ ਦੇ ਨੇੜੇ। ਉਸ ਦੇ ਮਨ ਵਿਚ ਦਹਿਸ਼ਤ ਇਸ ਹੱਦ ਤਕ ਘਰ ਕਰ ਚੁੱਕੀ ਸੀ ਕਿ ਆਜ਼ਾਦੀ ਤੋਂ ਵੀ ਭੈਅ ਆਉਣ ਲੱਗਾ। ਅਜਿਹੇ ਆਲਮ ਵਿਚ ਹੋਸ਼ਮੰਦੀ ਕਾਇਮ ਰੱਖਣ ਦਾ ਅਭਿਆਸ ਉਸ ਦੇ ਕੰਮ ਆਇਆ; ਅਭਿਆਸ ਜੋ ਚਾਰ ਵਰ੍ਹਿਆਂ ਤੇ ਅੱਠ ਮਹੀਨਿਆਂ ਦੀ ਕੈਦ ਦੌਰਾਨ ਜ਼ਿੰਦਾ ਰਹਿਣ ਵਾਸਤੇ ਉਹ ਲਗਾਤਾਰ ਕਰਦਾ ਆਇਆ ਸੀ। ਇਸ ਅਭਿਆਸ ਵਿਚ ਕੁਰਆਨ ਸ਼ਰੀਫ਼ ਦੀਆਂ ਆਇਤਾਂ ਦਾ ਪਾਠ ਵੀ ਸ਼ਾਮਿਲ ਸੀ ਅਤੇ ਅੰਮੀ ਜਾਨ ਦੀਆਂ ਹਰ ਹਾਲ ਧੀਰ ਧਰਨ ਦੀਆਂ ਮਿਸਾਲਾਂ ਵੀ। ਉਹ ਸੁਰੱਖਿਅਤ ਕੋਇਟਾ ਪਹੁੰਚ ਗਿਆ ਜਿੱਥੇ ਅਗਲੇ ਦਿਨ ਅੰਮੀ ਜਾਨ ਤੇ ਪਰਿਵਾਰ ਦੇ ਹੋਰ ਜੀਅ ਉਸ ਦੇ ਆਸ-ਪਾਸ ਸਨ।

ਅਗਵਾਕਾਰਾਂ ਨੇ ਪਹਿਲਾਂ ਉਸ ਨੂੰ ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਰੱਖਿਆ। ਫਿਰ ਪਾਕਿ-ਅਫ਼ਗਾਨ ਸਰਹੱਦ ਦੇ ਨਾਲ ਪੈਂਦੇ ਕਬਾਇਲੀ ਖ਼ਿੱਤੇ (ਫਾਟਾ) 'ਚ ਲੈ ਗਏ। ਉੱਥੋਂ ਉਸ ਨੂੰ ਅਫ਼ਗਾਨਿਸਤਾਨ ਵਿਚ ਲਿਜਾਇਆ ਗਿਆ। ਫਿਰ ਉਜ਼ਬੇਕਾਂ ਤੇ ਪਸ਼ਤੂਨਾਂ ਦੇ ਸਬੰਧ ਵਿਗੜ ਜਾਣ 'ਤੇ ਉਸ ਨੂੰ ਪਸ਼ਤੂਨਾਂ ਦੀ ਕੈਦ ਭੋਗਣੀ ਪਈ। ਮੌਤ ਤੇ ਜ਼ਿੰਦਗੀ ਦਰਮਿਆਨ ਉਹ ਲਗਾਤਾਰ ਝੂਲਦਾ ਰਿਹਾ। ਇਕ ਵਾਰ ਅਮਰੀਕੀ ਡਰੋਨ ਹਮਲੇ ਵਿਚ ਵਾਲ-ਵਾਲ ਬਚਿਆ। ਉਂਝ, ਮੌਤ ਦੀ ਹਰ ਦਸਤਕ, ਜ਼ਿੰਦਗੀ ਲਈ ਜੂਝਣ ਦੇ ਜਜ਼ਬੇ ਨੂੰ ਵੱਧ ਸ਼ਦੀਦ ਤੇ ਵੱਧ ਮੁਫ਼ੀਦ ਬਣਾਉਂਦੀ ਗਈ। ਇਸ ਹੱਦ ਤਕ ਕਿ ਉਹ ਆਪਣੇ ਬੰਦੀਕਾਰਾਂ ਨਾਲ ਹਾਸਾ-ਠੱਠਾ ਕਰਨਾ ਵੀ ਸਿੱਖ ਗਿਆ। ਮੁਹੰਮਦ ਅਲੀ ਇਕ ਦਿਨ ਉਸ ਤੋਂ ਪੁੱਛਣ ਲੱਗਾ ਕਿ ਹੂਰਾਂ ਵਰਗੀਆਂ ਔਰਤਾਂ ਕਿਸ ਮੁਲਕ ਵਿਚ ਹਨ ਤਾਂ ਸ਼ਾਹਬਾਜ਼ ਨੇ ਕੁਝ ਪਲ ਸੋਚਣ ਮਗਰੋਂ ਜਵਾਬ ਦਿੱਤਾ, "ਬ੍ਰਾਜ਼ੀਲ!" ਉਹ ਬਹੁਤ ਦੂਰ ਏ, ਅਲੀ ਬੋਲਿਆ। ਸ਼ਾਹਬਾਜ਼ ਨੇ ਕੁਝ ਹੋਰ ਸੋਚ ਕੇ ਕਿਹਾ, "ਇਰਾਨ" ਪਰ ਉਹ ਤਾਂ ਕਾਫ਼ਿਰਾਂ (ਸ਼ੀਆ ਮੁਸਲਮਾਨਾਂ) ਦੀ ਧਰਤੀ ਹੈ, ਅਲੀ ਗਰਜਿਆ। ਕੁਝ ਹੋਰ ਨਾਮ ਸੁਝਾਏ ਗਏ ਪਰ ਗੱਲ ਨਾ ਬਣੀ। ਅਖ਼ੀਰ ਇਟਲੀ 'ਤੇ ਸਹਿਮਤੀ ਹੋਈ। ਅਲੀ ਕਹਿਣ ਲੱਗਾ, "ਇਟਲੀ 'ਤੇ ਇਸਲਾਮੀ ਕਬਜ਼ਾ ਹੁੰਦਿਆਂ ਹੀ ਮੈਂ ਵੈਟੀਕਨ ਨੂੰ ਹਰਮ ਵਿਚ ਬਦਲ ਦੇਵਾਂਗਾ। ਮੇਰੇ ਲਈ ਤਾਂ ਉਹੀ ਮੱਕਾ ਹੋਵੇਗਾ।" ਕੁਝ ਦੇਰ ਬਾਅਦ ਜਦੋਂ ਨਮਾਜ਼ ਦਾ ਵਕਤ ਹੋਇਆ ਤਾਂ ਅਲੀ ਤੇ ਹੋਰ ਦਹਿਸ਼ਤੀ ਪੱਛਮ ਵੱਲ ਮੂੰਹ ਕਰ ਕੇ ਨਮਾਜ਼ ਸ਼ੁਰੂ ਕਰਨ ਲੱਗੇ। ਅਚਾਨਕ ਸ਼ਾਹਬਾਜ਼ ਨੇ ਟੋਕਿਆ: "ਅਲੀ, ਤੂੰ ਮੂੰਹ ਕੁਝ ਉੱਤਰ ਵੱਲ ਕਰ। ਤੇਰਾ ਮੱਕਾ (ਵੈਟੀਕਨ) ਤਾਂ ਓਸ ਦਿਸ਼ਾ ਵੱਲ ਐ!"

ਜ਼ਿੰਦਗੀ ਦੀ ਸਲਾਮਤੀ ਲਈ ਜੱਦੋਜਹਿਦ ਨੇ ਸ਼ਾਹਬਾਜ਼ ਨੂੰ ਨਿੱਤ ਨਵੇਂ ਗੁਰ ਤੇ ਪੈਂਤੜੇ ਸਿਖਾਏ। ਕਦੇ ਉਹ ਖ਼ੁਦ ਨੂੰ ਜੇ ਨਾਸਤਿਕ ਨਹੀਂ ਤਾਂ ਨਮਾਜ਼ੀ ਵੀ ਨਹੀਂ ਸੀ ਮੰਨਦਾ। ਅੱਬੂ ਵਾਂਗ ਜੁੰਮੇ ਦੀ ਨਮਾਜ਼ ਉਹ ਸਿਰਫ਼ ਦਿਖਾਵੇ ਲਈ ਪੜ੍ਹਨ ਜਾਂਦਾ ਸੀ ਪਰ ਬੰਦੀ ਜੀਵਨ ਨੇ ਉਸ ਨੂੰ ਅੱਲ੍ਹਾ ਦੀ ਓਟ ਲੈਣ ਦੇ ਰਾਹ ਪਾਇਆ। ਕੁਰਆਨ ਸ਼ਰੀਫ਼ ਦੀਆਂ ਆਇਤਾਂ ਵਿਚੋਂ ਉਸ ਨੂੰ ਖ਼ੁਦਾ ਦੀਆਂ ਨਿਆਮਤਾਂ ਦੇ ਨਵੇਂ ਰੂਪ ਨਜ਼ਰ ਆਉਣ ਲੱਗੇ। ਇਕ ਆਇਤ "ਜ਼ਿੰਦਗੀ ਜਿਊਣੀ ਹੈ, ਆਖ਼ਰੀ ਸਾਹ ਤੱਕ, ਸਵੈਮਾਣ ਨਾਲ" ਨੂੰ ਉਸ ਨੇ ਪੱਲੇ ਬੰਨ੍ਹ ਲਿਆ। ਇਸੇ ਦ੍ਰਿੜ੍ਹਤਾ ਵੱਸ ਉਸ ਨੇ ਜ਼ਿਹਨੀ ਤਵਾਜ਼ਨ ਬਰਕਰਾਰ ਰੱਖਣ ਦੇ ਨਵੇਂ-ਨਵੇਂ ਗੁਰ ਅਪਣਾਏ। ਇਨ੍ਹਾਂ ਗੁਰਾਂ ਵਿਚ ਇਕ ਮਸਫੁਟੀਏ ਰਾਖੇ ਦੇ ਇੰਗਲਿਸਤਾਨੀ ਫੁੱਟਬਾਲ ਕਲੱਬ ਮੈਨਚੈਸਟਰ ਯੂਨਾਈਟਡ ਪ੍ਰਤੀ ਮੋਹ ਨੂੰ ਉਸ ਨਾਲ ਨੇੜਤਾ ਗੰਢਣ ਲਈ ਵਰਤਣਾ ਵੀ ਸ਼ਾਮਿਲ ਸੀ ਅਤੇ ਅਗਵਾਕਾਰਾਂ ਦੇ ਬੱਚਿਆਂ ਨੂੰ ਆਪਣੇ ਬੰਦੀਖਾਨੇ ਦੀ ਖਿੜਕੀ ਵਿਚੋਂ ਉਰਦੂ ਪੜ੍ਹਾਉਣਾ ਵੀ। ਉਸ ਦੇ ਖ਼ੈਰਖਾਹਾਂ ਦੀ ਤਾਦਾਦ ਹੌਲੀ-ਹੌਲੀ ਵਧਣ ਲੱਗੀ। ਇਸ ਹੱਦ ਤਕ ਕਿ ਇਕ ਦਿਨ ਜਦੋਂ ਮੁਹੰਮਦ ਅਲੀ ਸ਼ਾਹਬਾਜ਼ ਨੂੰ ਕੋਰੜੇ ਮਾਰ ਰਿਹਾ ਸੀ ਤਾਂ ਉਸ ਦੀ ਸੱਸ ਦਰਵਾਜ਼ਾ ਖੋਲ੍ਹ ਕੇ ਅੰਦਰ ਆ ਵੜੀ ਤੇ ਕੜਕ ਕੇ ਬੋਲੀ, "ਬਸ! ਇਸ ਘਰ 'ਚ ਹੋਰ ਵਹਿਸ਼ਤ ਨਹੀਂ।" ਅਜਿਹੇ ਹੀ ਇਕ ਪੈਂਤੜੇ ਸਦਕਾ ਉਹ ਮਲੰਗ ਨਾਮੀ ਤਾਲਿਬਾਨ ਕਮਾਂਡਰ ਦੇ ਜ਼ਰੀਏ ਆਪਣੀ ਆਜ਼ਾਦੀ ਦਾ ਦੁਆਰ ਖੁਲ੍ਹਵਾਉਣ ਅਤੇ ਮੁਕਤ ਫ਼ਿਜ਼ਾ ਵਿਚ ਮੁੜ ਵਿਚਰਨ ਦੇ ਸਮਰੱਥ ਹੋ ਸਕਿਆ।



ਸ਼ਾਹਬਾਜ਼ ਤਾਸੀਰ ਅਤੇ (ਹੇਠਾਂ) ਉਸ ਦੀ ਕਿਤਾਬ 'ਲੌਸਟ ਟੂ ਦਿ ਵਲਡ' ਦਾ ਮੁਖੜਾ।




## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਸਤੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-602



*ਗੁਰਬੱਤ ਨੇ ਹੈ ਅੱਜ ਬੰਦਾ ਮਾਰਿਆ, ਜੀਣਾ ਹੋਇਆ ਮੁਹਾਲ,
ਚਿਣ ਚਿਣ ਲੱਕੜੀਆਂ ਸਾਈਕਲ 'ਤੇ, ਦੇਖੋ ਕੀਤੀ ਹੈ ਕਮਾਲ।
ਰੋਟੀ ਨਹੀਂ ਹੈ ਜੁੜਦੀ ਦੋ ਵਕਤ ਦੀ, ਜਾਨ ਹੂਲੇ ਹੋ ਨਿਢਾਲ,
ਜ਼ਿੰਦਗੀ ਨਾਲ਼ ਹੈ ਇੰਝ ਲੜ ਰਿਹਾ, ਮੁਸ਼ੱਕਤ ਬਣੀ ਹੈ ਢਾਲ਼।*

### ਕੈਪਸ਼ਨ ਮੁਕਾਬਲਾ-600



ਚਿੱਟੇ ਰੰਗ ਦੀ ਫੀਅਟ ਗੱਡੀ,
ਕਦੇ ਸੀ ਮਜਾਜਣ ਭਾਰੀ,
ਹੱਟ ਜ਼ਰਾ ਪਿੱਛੇ ਹਵਾ ਔਣ ਦੇ,
ਨਖ਼ਰੋ ਸੀ ਬੜੀ ਪਿਆਰੀ।
ਅੱਜ ਕਬਾੜ ਜਾਣ ਬਾੜੇ ਵਿਚ,
ਹੈ ਦੇਖੋ ਲਿਆ ਕੇ ਖਲਾਰੀ,
ਪਾਥੀਆਂ ਪੱਥ ਪੱਥ ਭਰੀ ਤੱਕੋ,
ਹੈ ਭੈੜਿਆਂ ਨੇ ਮੱਤ ਮਾਰੀ।
*-ਸੇਵਾ ਸਿੰਘ 'ਨੂਰਪੁਰੀ'*

---

ਸ਼ਿੰਗਾਰ ਕਦੇ ਸੀ ਸੜਕਾਂ ਦਾ,
ਦਿਨ-ਰਾਤ ਕਮਾਈਆਂ ਕਰਦੀ ਸੀ
ਰੋਡ ਟੈਕਸ ਜਦ ਜਮ੍ਹਾਂ ਹੋ ਜਾਂਦਾ,
ਫੇਰ ਸੜਕ 'ਤੇ ਚੜ੍ਹਦੀ ਸੀ।
ਗਿੱਲੇ ਗੋਹੇ ਦੀਆਂ ਪੱਥ ਪਾਥੀਆਂ,
ਫੀਅਟ 'ਤੇ ਸੁੱਕਣੇ ਪਾਈਆਂ
ਇਕ ਰੁਪਏ ਦੀ ਇਕ ਵਿਕ ਜਾਣੀ,
ਜਦੋਂ ਸੇਲ 'ਤੇ ਲਾਈਆਂ।
ਜਿਉਂਦਾ ਹਾਥੀ ਇਕ ਲੱਖ ਦਾ,
ਮਰੇ ਦਾ ਮੁੱਲ ਸਵਾਇਆ
ਕੰਡੇ ਦੇ ਨਾਲ ਤੋਲ ਲੈ ਜਾਣੀ,
ਜਦੋਂ ਕਬਾੜੀਆ ਆਇਆ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 1-925-325-2486*

---

ਓਦੋਂ-
ਜਦ ਨਵੀਂ ਨਵੇਲੀ ਆਈ ਸੀ,
ਤਾਂ ਫੁੱਲਾਂ ਨਾਲ਼ ਸਜਾਈ ਸੀ।
ਹੁਣ-
ਵਿਚ ਵਾੜੇ ਦੇ ਲਾ ਦਿੱਤੀ ਹਾਂ,
ਪਾਥੀਆਂ ਨਾਲ ਸਜਾ ਦਿੱਤੀ ਹਾਂ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਹੋ ਹੀ ਗਈ ਜਦ ਨਕਾਰਾ
ਕਬਾੜਖਾਨੇ ਦੇ ਢੇਰ
ਕੂੜੇ ਦੇ ਸਮਾਨ ਹੈ
ਕਿੰਨੀ ਵੀ ਮਹਿੰਗੀ ਕਿਉਂ ਨਾ ਹੋਵੇ ਪਹਿਲਾਂ
ਹਾਥੀ ਮਾਰਿਆ ਲੱਖ ਦਾ
ਜੀਉਂਦਾ ਕੱਖ ਦਾ
ਮਸ਼ੀਨਰੀ 'ਚ ਉਲਟ ਹੈ ਸਭ ਕੁਝ
ਹੁਣ ਪਾਥੀਆਂ ਪੱਥ
ਉਤੇ ਜਾਂ ਥੱਲੇ ਟਿਕਾਓ
ਮਨ ਹੌਲਾ ਕਰਨ ਦੀ ਤਾਂ ਜ਼ਰੂਰਤ ਨਹੀਂ।
*-ਦਰਸ਼ਨ ਪਾਲ ਦੋਸਾਂਝ।*

---

ਫਿਅਟ 'ਚ ਬਹਿ ਕੇ ਨਾਨਕੇ ਜਾਣਾ
ਯਾਦ ਬਚਪਨ ਕਰਵਾ ਗਿਆ
ਅੱਜ ਪਾਥੀਆਂ ਪੱਥ ਕਬਾੜ ਕਰਨਾ
ਅਗਿਆਨਤਾ ਦੀ ਝਲਕ ਵਿਖਾ ਗਿਆ।
ਤਰਾਸਦੀ ਇਹ ਮੇਰੇ ਦੇਸ਼ ਦੀ
ਇੱਥੇ ਐਂਟੀਕ ਦਾ ਕੋਈ ਮੁੱਲ ਨਾ
ਮਹਿਲ ਮੁਨਾਰੇ ਵੀ ਖੰਡਰ ਕਰਤੇ
ਫਿਰ ਕਾਰਾਂ ਕਿਸੇ ਦੇ ਤੁਲ ਨਾ।
*-ਹਰਜੋਤ ਕੌਰ ਮਹੇਸ਼ਪੁਰਾ*
*ਫੋਨ: 734-883-6704*

To Advertise with Punjab Times Call:
847-359-0746
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਸ਼ਿਵ ਨਾਥ: ਪੂਰੀ ਦੀ ਪੂਰੀ ਲੋਕਾਂ ਦੇ ਲੇਖੇ ਲੱਗੀ ਕਲਮ ਦਾ ਵਿਛੋੜਾ!

ਸ਼ਿਵ ਨਾਥ ਚਲਿਆ ਗਿਆ। ਉਮਰ ਦੇ ੮੮ਵੇਂ ਸਾਲ ਵਿਚ ਉਹਨੇ ਉਸ ਸੰਸਾਰ ਵੱਲ ਪਿੱਠ ਕਰ ਲਈ ਜਿਸ ਕੋਲ ਉਹਦੇ ਵਰਗੇ ਕੋਮਲ-ਚਿੱਤ ਲੋਕਾਂ ਨੂੰ ਦੇਣ ਲਈ ਖ਼ੁਸ਼ੀਆਂ ਕਦੀ-ਕਦਾਈਂ ਹੁੰਦੀਆਂ ਹਨ, ਪਰ ਦਰਦ ਤੇ ਗ਼ਮ ਦੇ ਗੱਫੇ ਨਿੱਤ ਦਾ ਵਰਤਾਰਾ ਹੁੰਦੇ ਹਨ। ਪੰਜਾਬੀ ਸਾਹਿਤਕ ਭਾਈਚਾਰੇ ਵਿਚ ਉਸ ਨੂੰ ਲੋਕ-ਕਵੀ ਆਖਿਆ ਜਾਂਦਾ ਸੀ ਤੇ ਇਹ ਵਿਸ਼ੇਸ਼ਣ ਉਹਦੇ ਪੂਰੀ ਤਰ੍ਹਾਂ ਮੇਚ ਆਉਂਦਾ ਸੀ। ਉਹਦੀ ਸਮੁੱਚੀ ਰਚਨਾ ਦਾ ਇਕੋ ਵਿਸ਼ਾ ਹੈ, ਲੋਕ, ਮਹਿਲੀਂ ਰਹਿੰਦੇ ਤੇ ਪਦਾਰਥ ਮਾਣਦੇ ਉਤਲਿਆਂ ਦਾ ਢੱਗਿਆਂ ਵਾਂਗ ਭਾਰ ਢੋਣ ਲਈ ਮਜਬੂਰ ਲੋਕ, ਵੋਟਾਂ ਖ਼ਾਤਰ ਪਾਈਆਂ ਧਰਮਾਂ ਤੇ ਜਾਤਾਂ ਦੀਆਂ ਵੰਡੀਆਂ ਦਾ ਅਸਹਿ ਕਹਿਰ ਸਹਿੰਦੇ ਲੋਕ, ਆਰਥਕ ਕਾਣੀ-ਵੰਡ ਦੀ ਦਿੱਤੀ ਸਦੀਵੀ



ਗੁਰਬਚਨ ਸਿੰਘ ਭੁੱਲਰ
ਫੋਨ:+91-80763-63058

ਨੰਗ-ਭੁੱਖ ਦਾ ਨਰਕ ਭੋਗਦੇ ਲੋਕ! ਇਕ ਦਿਨ ਮੈਂ ਆਖਿਆ, ਅੱਜ ਲੋਕਾਂ ਨੂੰ ਛੱਡ, ਕਿਸੇ ਪਰੀ-ਚਿਹਰਾ ਮਹਿਬੂਬ ਦੀ ਕਲਪਨਾ ਕਰ ਕੇ ਗ਼ਜ਼ਲ ਲਿਖ। ਕਹਿੰਦਾ, ਉਹੋ ਲਿਖਣ ਬੈਠਾ ਸੀ, ਇਹ ਲਿਖੀ ਗਈ:

"ਨਾ ਜਿਸ ਨੂੰ ਸਾਰ ਪਾਣੀ ਦੀ, ਨਾ ਚੱਪੂ ਫੜਨ ਦੀ ਸੋਝੀ,
ਖ਼ੁਦਾ ਨੇ ਬਖ਼ਸ਼ਿਆ ਕੁਝ ਇਸ ਤਰ੍ਹਾਂ ਦਾ ਨਾਖ਼ੁਦਾ ਸਾਨੂੰ।
ਚਮਨ ਵਿਚ ਫੁੱਲ ਖਿੜਨੇ ਸਨ, ਤਬਾਹੀ ਦਾ ਨਜ਼ਾਰਾ ਹੈ,
ਇਹ ਕਿਹੜੇ ਵਕਤ ਆ ਕੇ ਦੇ ਗਿਆ ਮੌਸਮ ਦਗਾ ਸਾਨੂੰ!..."

ਉਹ ਪੈਂਤੀ-ਅੱਖਰੀ ਤੱਕ ਪੜ੍ਹਿਆ ਹੋਣ ਸਦਕਾ ਮੂਲ ਸਿਧਾਂਤਕ ਪੁਸਤਕਾਂ ਪੜ੍ਹ ਕੇ ਮਾਰਕਸਵਾਦ ਸਿੱਖਣ ਦੇ ਸਮਰੱਥ ਨਹੀਂ ਸੀ, ਪਰ ਉਹਨੇ ਜੀਵਨ ਵਿਚੋਂ ਮਾਰਕਸਵਾਦ ਦਾ ਸਾਰ-ਤੱਤ ਚੰਗੀ ਤਰ੍ਹਾਂ ਜਾਣਿਆ ਤੇ ਦ੍ਰਿੜ੍ਹ ਕੀਤਾ ਹੋਇਆ ਸੀ। ਜਿਹੜੀ ਗੱਲ ਮਿਹਨਤਕਸ਼ਾਂ ਦੇ ਜੀਵਨ ਦੀ ਬਿਹਤਰੀ ਚਿਤਵਦੀ ਤੇ ਇਸ ਮਨੋਰਥ ਲਈ ਜੱਦੋਜਹਿਦ ਵਿਚ ਹਿੱਸਾ ਪਾਉਂਦੀ ਹੈ, ਉਹ ਮਾਰਕਸਵਾਦ ਹੈ ਅਤੇ ਜਿਹੜੀ ਗੱਲ ਪਹਿਲਾਂ ਤੋਂ ਉੱਚੇ ਧੌਲਰਾਂ ਨੂੰ ਹੋਰ ਉੱਚੇ ਕਰਨ ਲਈ ਰਦੇ ਦੀ ਇੱਟ ਬਣਦੀ ਹੈ, ਉਹ ਮਾਰਕਸਵਾਦ-ਵਿਰੋਧੀ ਹੈ।

ਪਾਕਿਸਤਾਨੋਂ ਆ ਕੇ ਬਚਪਨ ਵਿਚ ਹੀ ਉਹਨੇ ਪਹਿਲਾਂ ਮੂੰਗਫਲੀ ਵੇਚੀ, ਫੇਰ ਛੋਲਿਆਂ ਦਾ ਖੋਂਚਾ ਲਾਇਆ ਤੇ ਵੱਡਾ ਹੋ ਕੇ ਬੱਸੀ-ਪਠਾਣਾਂ ਕੱਪੜੇ ਸਿਊਣ ਲੱਗ ਗਿਆ। ਪ੍ਰੋ. ਕੇਸਰ ਸਿੰਘ ਕੇਸਰ ਨੇ ਉਹਦੇ ਅੰਦਰਲਾ ਕਵੀ ਪਛਾਣਿਆ ਤੇ ਉਹਨੂੰ ਖੁੱਗ ਕੇ ਚੰਡੀਗੜ੍ਹ ਲਿਆ ਲਾਇਆ। ਉਹਦੇ ਗੁਜ਼ਾਰੇ ਦੇ ਪ੍ਰਬੰਧ ਦਾ ਇਕਰਾਰ ਨਿਭਾਉਂਦਿਆਂ ਪ੍ਰੋ. ਕੇਸਰ ਨੇ ਉਹਦੇ ਲਈ ਘਰਾਂ ਵਿਚ ਜਾ ਕੇ ਰਸਾਲੇ-ਕਿਤਾਬਾਂ ਕਿਰਾਏ ਉੱਤੇ ਦੇਣ ਦਾ ਕੰਮ ਚੁਣਿਆ ਅਤੇ ਆਪਣੇ ਸਹਿਕਰਮੀਆਂ, ਦੋਸਤਾਂ-ਵਾਕਫ਼ਾਂ ਤੇ ਵਿਦਿਆਰਥੀਆਂ ਨੂੰ ਉਹਦੇ ਗਾਹਕ ਬਣਨ ਲਈ ਪ੍ਰੇਰਿਆ। ਰਾਜਧਾਨੀ ਦੀਆਂ ਗਲੀਆਂ ਵਿਚ ਉਹਦੀ ਬਾਕੀ ਇਸ਼ਤਿਹਾਰਬਾਜ਼ੀ ਮੂੰਹੋਂ-ਮੂੰਹ ਹੋ ਗਈ। ਉਹਨੇ ਟੱਬਰ ਵੀ ਪਾਲਿਆ ਤੇ ਸਤਿਕਾਰ ਵੀ ਕਮਾਇਆ।

ਗੁਜ਼ਾਰੇ ਲਈ ਘੁੰਮਦੇ ਸਾਈਕਲ ਦੀ ਇਸ ਸਾਹਿਤਕ ਕਿਰਤ-ਕਮਾਈ ਦੇ ਨਾਲ-ਨਾਲ ਉਹਨੇ ਰਚਨਾਤਮਿਕ ਕਮਾਈ ਵੀ ਖ਼ੂਬ ਕੀਤੀ। ਉਹਦੀਆਂ ਪੁਸਤਕਾਂ ਨੇ 22 ਦਾ ਅੰਕੜਾ ਛੋਹ ਲਿਆ। ਗਿਆਰਾਂ ਕਾਵਿ-ਸੰਗ੍ਰਹਿ ਪਾਠਕਾਂ ਨੂੰ ਭੇਟ ਕੀਤੇ ਹੋਣ ਸਦਕਾ ਉਹਦੀ ਪਛਾਣ ਭਾਵੇਂ ਕਵੀ ਵਜੋਂ ਬਣ ਗਈ, ਪਰ ਏਨੀਆਂ ਹੀ ਪੁਸਤਕਾਂ ਉਹਨੇ ਹੋਰ ਵਿਧਾਵਾਂ ਵਿਚ ਵੀ ਦਿੱਤੀਆਂ। ਇਨ੍ਹਾਂ ਵਿਚ ਦੋ ਕਹਾਣੀ-ਸੰਗ੍ਰਹਿ, ਦੋ ਜੀਵਨੀਆਂ, ਤਿੰਨ ਸਵੈਜੀਵਨੀ ਤੇ ਯਾਦਾਂ ਅਤੇ ਚਾਰ ਬਾਲ-ਪੁਸਤਕਾਂ ਸ਼ਾਮਲ ਹਨ। ਪੁਸਤਕਾਂ ਤਾਂ ਉਹਦੀਆਂ ਸਾਰੀਆਂ ਹੀ ਜੀਵਤ ਅਨੁਭਵ ਉੱਤੇ ਆਧਾਰਿਤ ਹੋਣ ਕਰਕੇ ਪੜ੍ਹਨ ਵਾਲੀਆਂ ਹਨ, ਪਰ ਜੀਵਨੀਆਂ ਤੇ ਯਾਦਾਂ ਦੀਆਂ ਪੁਸਤਕਾਂ ਵਿਚ ਬਹੁਤ ਕੁਛ ਵੱਖਰੀ ਭਾਂਤ ਦਾ ਹੈ। ਮਿਸਾਲ ਵਜੋਂ 'ਅਣਫੋਲਿਆ ਵਰਕਾ' ਨਾਂ ਦੀ ਪੁਸਤਕ ਵਿਚ ਉਹਨੇ ਇੰਦਰ ਸਿੰਘ ਮੁਰਾਰੀ ਦੀਆਂ ਬੋਲ ਕੇ ਸੁਣਾਈਆਂ 1947 ਤੱਕ ਦੀਆਂ ਯਾਦਾਂ ਕਲਮਬੰਦ ਕੀਤੀਆਂ ਹਨ।


ਕਈ ਬੀਬੀਆਂ ਤਾਂ ਉਹਦਾ ਸਤਿਕਾਰ ਸੱਚ-ਮੁੱਚ ਸਾਧੂ-ਸੰਤ ਵਾਂਗ ਕਰਦੀਆਂ। ਜਿਸ ਦਿਨ ਕਿਸੇ ਅਜਿਹੀ ਬੀਬੀ ਦੇ ਸੈਕਟਰ ਦੀ ਵਾਰੀ ਆਉਂਦੀ, ਉਹ ਸਾਈਕਲ ਫਾਟਕ ਦੇ ਅੰਦਰ ਕਰਨ ਲਈ ਆਖਦੀ ਤੇ ਡਰਾਇੰਗ ਰੂਮ ਵਿਚ ਬਿਠਾ ਕੇ ਰੁੱਤ ਅਨੁਸਾਰ ਠੰਡਾ-ਗਰਮ ਪਿਆਉਂਦੀ। ਜਦੋਂ ਉਹਦੀ ਨਵੀਂ ਕਿਤਾਬ ਛਪਦੀ, ਉਹ ਗਾਹਕਾਂ ਨੂੰ ਆਖਦਾ, ਮੁੱਲ ਤਾਂ ਢਾਈ ਸੌ ਹੈ, ਪਰ ਮੈਂ ਤੁਹਾਨੂੰ ਦੋ ਸੌ ਵਿਚ ਦੇਵਾਂਗਾ। ਕਈ ਲੋਕ ਲੈ ਲੈਂਦੇ, ਕਈ ਨਾ ਲੈਂਦੇ, ਪਰ ਕਈ ਬੀਬੀਆਂ ਇਹਨੂੰ ਹਰ ਕਿਤਾਬ ਦਾ ਪੰਜ ਸੌ ਹੀ ਦਿੰਦੀਆਂ। ਇਕ ਕਾਲਜ ਪੜ੍ਹਦੀ ਕੁੜੀ ਮਾਂ ਨਾਲ ਪਰਿਵਾਰ ਦੇ ਸਿਆਲੂ ਕੱਪੜੇ ਖ਼ਰੀਦਣ ਮਗਰੋਂ ਕਹਿੰਦੀ, "ਮੰਮੀ, ਰਸਾਲਿਆਂ ਵਾਲੇ ਬਾਬਾ ਜੀ ਵਾਸਤੇ ਗਰਮ ਕਮੀਜ਼-ਪਜਾਮੇ ਦਾ ਕੱਪੜਾ ਲੈ ਲਈਏ।"

ਲੇਖਕ ਬੀਬੀ ਸੁਰਜੀਤ ਬੈਂਸ ਦਿਲਦਾਰ ਪੰਜਾਬਣ ਹੈ। ਉਹ ਸਮੇਂ-ਸਮੇਂ ਆਪਣੇ ਘਰ ਸਾਹਿਤਕ ਬੈਠਕ ਬੁਲਾਉਂਦੀ ਹੈ। ਰਚਨਾਵਾਂ ਦੇ ਦੌਰ ਪਿੱਛੋਂ ਭੋਜਨ ਦਾ ਦੌਰ ਚਲਦਾ ਹੈ। ਪਿਛਲੀ ਵਾਰ ਉਹਨੇ ਸ਼ਿਵ ਨਾਥ ਨੂੰ ਨਵੀਂ ਛਪੀ, ਜੋ ਹੁਣ ਆਖ਼ਰੀ ਬਣ ਗਈ, ਪੁਸਤਕ 'ਰੁੱਖ-ਸਮਾਧੀ' ਦੀਆਂ ਦਸ ਕਾਪੀਆਂ ਲੈ ਆਉਣ ਲਈ ਫੋਨ ਕਰ ਦਿੱਤਾ। ਬੈਠਕ ਦੇ ਅੰਤ ਵਿਚ ਉਹਨੇ ਡੇਢ ਸੌ ਰੁਪਏ ਮੁੱਲ ਵਾਲੀ ਉਹ ਪੁਸਤਕ ਮੇਜ਼ ਉੱਤੇ ਰੱਖੀ ਤੇ ਕਿਹਾ, "ਪੰਜ ਸੌ ਦਿਉ ਤੇ ਕਿਤਾਬ ਚੁੱਕੋ।" ਦਸ ਪੁਸਤਕਾਂ ਦੇ ਪੰਜ ਹਜ਼ਾਰ ਰੁਪਏ ਉਹਨੇ ਸ਼ਿਵ ਨਾਥ ਦੀ ਜੇਬ ਵਿਚ ਪਾ ਦਿੱਤੇ।


ਅਜਿਹੀ ਸੱਚੀ-ਸੁੱਚੀ ਸ਼ਖ਼ਸੀਅਤ ਸੀ ਉਹਦੀ ਕਿ ਲੋਕਾਂ ਦਾ ਸਨੇਹ-ਸਤਿਕਾਰ ਆਪੇ ਜਾਗ ਪੈਂਦਾ। ਦਿੱਲੀ ਦੇ ਨਾਲ ਲਗਦੀ ਉੱਤਰ ਪ੍ਰਦੇਸ਼ ਦੀ ਜ਼ਮੀਨ ਖ਼ਰੀਦ ਕੇ ਵਸਿਆ ਹੋਇਆ ਪੰਜਾਬੀ ਕਿਸਾਨ ਸ਼ਰਨਜੀਤ ਸਿੰਘ ਸਾਹਿਤ ਦਾ ਰਸੀਆ ਪਾਠਕ ਹੈ। ਲੇਖਕ-ਪਾਠਕ ਦਾ ਸਾਡਾ ਨਾਤਾ ਮਿੱਤਰਤਾ ਵਿਚ ਬਦਲ ਗਿਆ। ਇਕ ਦਿਨ ਉਹ ਚੰਡੀਗੜ੍ਹ ਪਹੁੰਚਿਆ ਹੋਇਆ ਆਪਣੇ ਮਨ-ਪਸੰਦ ਕਵੀ ਸ਼ਿਵ ਨਾਥ ਨੂੰ ਮਿਲਣ ਚਲਿਆ ਗਿਆ ਤੇ ਤੁਰਨ ਲਗਿਆ ਅਗਲੀ ਕਿਤਾਬ ਛਪਾਉਣ ਲਈ ਦਸ ਹਜ਼ਾਰ ਰੁਪਏ ਦੇ ਆਇਆ। ਪਿਛਲੇ ਵਰ੍ਹੇ ਪਰਦੇਸ ਵਸੇ ਤੇ ਸ਼ਿਵ ਨਾਥ ਨੂੰ ਕਦੀ ਨਾ ਮਿਲੇ ਇਕ ਪਾਠਕ ਨੇ ਆਪਣੇ ਰਿਸ਼ਤੇਦਾਰ ਨੂੰ ਕਿਹਾ ਕਿ ਉਹ ਅਗਲੀ ਕਿਤਾਬ ਛਪਾਉਣ ਲਈ ਸ਼ਿਵ ਨਾਥ ਨੂੰ ਵੀਹ ਹਜ਼ਾਰ ਰੁਪਏ ਦੇ ਆਵੇ। ਲੋਕਾਂ ਦੇ ਦਰਦ ਨੂੰ ਜ਼ਬਾਨ ਦੇਣ ਵਾਲੇ ਕਵੀ ਵਾਸਤੇ ਲੋਕਾਂ ਦੇ ਸਨੇਹ-ਸਤਿਕਾਰ ਦੇ ਅਜਿਹੇ ਕਿੱਸਿਆਂ ਦਾ ਕੋਈ ਅੰਤ ਨਹੀਂ।

ਸਾਰੇ ਇਨਾਮੀ ਮਾਫ਼ੀਆ ਨੂੰ ਬਹਿਸ ਵਿਚ ਖ਼ਾਮੋਸ਼ ਕਰਵਾ ਕੇ ਸੰਤੋਖ ਸਿੰਘ ਧੀਰ ਦੀ ਖੜ੍ਹੀ ਉਂਗਲ ਸ਼ਿਵ ਨਾਥ ਨੂੰ ਸ਼੍ਰੋਮਣੀ ਸਾਹਿਤਕਾਰ ਸਨਮਾਨ ਦੁਆਉਣ ਵਿਚ ਸਫਲ ਹੋ ਗਈ ਤਾਂ ਉਹਨੇ ਕੁਛ ਰਕਮ ਇਧਰੋਂ-ਉਧਰੋਂ ਕਰ ਕੇ ਮੁਹਾਲੀ ਵਿਚ ਇਕ ਕਮਰੇ ਦਾ ਫ਼ਲੈਟ ਲੈ ਲਿਆ। ਪਰਿਵਾਰ ਵਿਚ ਨੂੰਹ-ਪੁੱਤ, ਪੋਤਾ-ਪੋਤੀਆਂ! ਸਾਰਾ ਟੱਬਰ ਆਥਣ ਦੀ ਰੋਟੀ ਖਾ ਹਟਦਾ ਤੇ ਬਰਤਨ ਸਾਫ਼ ਹੋ ਕੇ ਰਸੋਈ ਵਿਚ ਪੋਚਾ ਲੱਗ ਜਾਂਦਾ ਤਾਂ ਚੁੱਲ੍ਹਿਆਂ ਵਾਲੇ ਥੜ੍ਹੇ ਤੋਂ ਬਚੀ ਹੋਈ ਖਲੋਣ ਵਾਲੀ ਥਾਂ ਸ਼ਿਵ ਨਾਥ ਦਾ ਸੌਣ-ਕਮਰਾ ਬਣ ਜਾਂਦੀ। ਧੀਰ ਜੀ ਦਾ ਬੇਟਾ ਨਵਰੀਤ ਕਹਿੰਦਾ, "ਭਾਪਾ ਜੀ, ਆਪਾਂ ਸ਼ਿਵ ਨਾਥ ਅੰਕਲ ਦੇ ਸੌਣ ਵਾਸਤੇ ਛੱਤ ਉੱਤੇ ਟੈਂਪਰੇਰੀ ਕੰਧਾਂ ਕੱਢ ਕੇ ਚਾਰ ਚਾਦਰਾਂ ਪਾ ਦੇਈਏ।" ਧੀਰ ਜੀ ਇਹ ਸੁਝਾਅ ਸੁਣ ਕੇ ਬਾਗੋਬਾਗ ਹੋ ਗਏ। ਇਉਂ ਉਹ ਧੀਰ ਜੀ ਦੀ ਛੱਤ ਉੱਤੇ ਸੌਣ ਲੱਗ ਪਿਆ। ਸਾਡੀ ਪਹਿਲਾਂ ਦੀ ਵਾਕਫ਼ੀ ਉਹਦੇ ਉਥੇ ਆਉਣ ਨਾਲ ਦੋਸਤੀ ਵਿਚ ਬਦਲ ਗਈ। ਧੀਰ ਜੀ ਦਿੱਲੀ ਆਉਂਦੇ, ਉਹ ਨਾਲ ਆਉਂਦਾ।

ਇਕ ਦਿਨ ਮੈਂ ਦਿੱਲੀ ਤੋਂ ਗਿਆ ਤਾਂ ਧੀਰ ਜੀ ਨੇ ਨਾਵਲਕਾਰ ਗੁਰਚਰਨ ਸੰਘ ਜੈਤੋ ਤੇ ਪ੍ਰੋ. ਕੁਲਵੰਤ ਸਿੰਘ ਵੀ ਬੁਲਾ ਲਏ। ਸ਼ਿਵ ਨਾਥ ਤਾਂ ਉਥੇ ਸੀ ਹੀ। ਮਹਿਫ਼ਲ ਭਖ ਚੱਲੀ ਤਾਂ ਵਿਚੋਂ ਕਿਸੇ ਦੇ ਆਖਿਆਂ ਧੀਰ ਜੀ ਨੇ ਨਵੀਂ ਲਿਖੀ ਕਹਾਣੀ ਸੁਣਾਈ ਤੇ ਸਾਰਿਆਂ ਨੂੰ ਰਾਇ ਦੱਸਣ ਲਈ ਕਿਹਾ। ਬਾਕੀ ਸਭ ਨੇ ਤਾਂ ਮੌਕੇ ਅਨੁਸਾਰ ਕਹਾਣੀ ਨੂੰ ਵਧੀਆ ਆਖ ਦਿੱਤਾ, ਪਰ ਸ਼ਿਵ ਨਾਥ ਚੁੱਪ ਦੀ ਬੁੱਕਲ ਮਾਰ ਕੇ ਬੈਠਾ ਰਿਹਾ। ਧੀਰ ਜੀ ਨੇ ਪੁੱਛਿਆ, "ਹਾਂ ਬਈ ਸ਼ਿਵ ਨਾਥ, ਤੂੰ ਵੀ ਕੁਛ ਬੋਲ?" ਸ਼ਿਵ ਨਾਥ ਕਹਿੰਦਾ, "ਪਹਿਲਾਂ ਮੈਨੂੰ ਇਹ ਦੱਸੋ, ਇਹ ਕਹਾਣੀ ਝਰੀਟੀ



ਸ਼ਿਵ ਨਾਥ




ਸ਼ਿਵ ਨਾਥ ਦੇ ਆਖਰੀ ਕਾਵਿ-ਸੰਗ੍ਰਹਿ 'ਰੁੱਖ-ਸਮਾਧੀ' ਦਾ ਸਰਵਰਕ

ਹੀ ਕਿਉਂ ਹੈ!"

ਤੋਬਾ, ਤੋਬਾ, ਧੀਰ ਜੀ ਦੀ ਰਚਨਾ ਨੂੰ ਕੋਈ ਲਿਖੀ ਦੀ ਥਾਂ ਝਰੀਟੀ ਹੋਈ ਕਹਿ ਦੇਵੇ! ਉਨ੍ਹਾਂ ਦਾ ਸਾਂਵਲਾ ਰੰਗ ਗੁੱਸੇ ਦੀ ਲਾਲੀ ਘੁਲ ਕੇ ਤਾਂਬੀਆ ਹੋ ਗਿਆ, "ਤੈਨੂੰ ਸਾਹਿਤ ਦੀ ਕੀ ਸਮਝ ਐ? ਸਾਡੇ ਵਰਗਿਆਂ ਵਿਚ ਬੈਠ ਕੇ ਆਪਣੇ ਆਪ ਨੂੰ ਸਾਹਿਤਕਾਰ ਸਮਝਣ ਲਗ ਪਿਆ। ਜਾਹ ਉੱਤੇ ਆਬਦੀ ਕੋਠੜੀ ਵਿਚ!" ਸ਼ਿਵ ਨਾਥ ਨੇ ਨਾ ਗੁੱਸਾ ਕੀਤਾ ਤੇ ਨਾ ਰੁੱਸ ਕੇ ਆਪਣੇ ਘਰ ਗਿਆ, ਬੱਸ ਚੁੱਪ ਕਰ ਕੇ ਉਠਿਆ ਤੇ ਉੱਪਰ ਚਲਿਆ ਗਿਆ। ਚੁੱਪ ਵਰਤ ਗਈ। ਹੁਣ ਧੀਰ ਜੀ ਨੂੰ ਦੂਜੇ ਪਾਸਿਉਂ ਬੇਚੈਨੀ ਹੋ ਗਈ। ਉਹ ਉਂਗਲਾਂ ਮਰੋੜਨ ਲੱਗੇ ਤੇ ਬੈਠੇ-ਬੈਠੇ ਪਾਸੇ ਬਦਲਣ ਲੱਗੇ। ਪੰਜ ਮਿੰਟ... ਸੱਤ ਮਿੰਟ... ਉਨ੍ਹਾਂ ਨੇ ਆਵਾਜ਼ ਦਿੱਤੀ, "ਰੀਤੀ, ਜਾ ਉਹਨੂੰ ਬੁਲਾ ਕੇ ਲਿਆ, ਬੈਠ ਗਿਆ ਉੱਤੇ ਜਾ ਕੇ!" ਨਵਰੀਤ ਦੇ ਮਨਾਇਆਂ ਉਹ ਆ ਤਾਂ ਗਿਆ, ਪਰ ਕਮਰੇ ਵਿਚ ਆ ਕੇ ਬੈਠਣ ਦੀ ਥਾਂ ਬੂਹੇ ਵਿਚ ਖੜ੍ਹ ਕੇ ਬੋਲਿਆ, "ਇਹ ਕੀ ਮਖੌਲ ਐ, ਕਦੇ ਮਰ ਚਿੜੀਏ, ਕਦੇ ਜਿਉਂ ਚਿੜੀਏ, ਕਦੇ ਜਾਹ ਉੱਤੇ ਆਬਦੀ ਕੋਠੜੀ ਵਿਚ, ਕਦੇ ਆ ਹੇਠਾਂ ਮੇਰੇ ਕਮਰੇ ਵਿਚ!" ਧੀਰ ਜੀ ਜੀਭ ਉੱਤੇ ਗੁੜ ਦੀ ਰੋੜੀ ਧਰ ਕੇ ਕਹਿੰਦੇ, "ਕਵੀਰਾਜ ਸ਼ਿਵ ਨਾਥ ਜੀ, ਆਓ, ਕੁਰਸੀ ਉੱਤੇ ਬੈਠ ਕੇ ਗੱਲ ਕਰੋ।" ਸ਼ਿਵ ਨਾਥ ਦਾ ਉੱਤਰ ਸੀ, "ਬੈਠ ਤਾਂ ਮੈਂ ਜਾਊਂ ਹੀ, ਪਰ ਜੇ ਸੋਚੋਂ ਕਿ ਥੋੜੇ ਲੇਲੇ-ਪੇਪਿਆਂ ਵਿਚ ਆ ਕੇ ਮੈਂ ਕਹਾਣੀ ਬਾਰੇ ਰਾਇ ਬਦਲ ਲਊਂ, ਇਹ ਨਹੀਂ ਹੋਣਾ।" ਧੀਰ ਜੀ ਦਾ ਹਾਸਾ ਨਿੱਕਲ ਗਿਆ, "ਸ਼ਿਵ ਨਾਥ ਜੀ, ਲਿਖਣਾ ਤਾਂ ਥੋਨੂੰ ਆਉਂਦਾ ਹੈ, ਅਸੀਂ ਬਿਚਾਰੇ ਤਾਂ ਝਰੀਟਣ ਜੋਗੇ ਹੀ ਹਾਂ!" ਤੇ ਮਹਿਫ਼ਲ ਪਹਿਲਾਂ ਵਾਲੇ ਰੰਗ ਵਿਚ ਆ ਗਈ।

ਧੀਰ ਜੀ ਚਲੇ ਗਏ ਤੇ ਕੋਠੀ ਵਿਕ ਗਈ। ਜਿਧਰ ਗਈਆਂ ਬੇੜੀਆਂ, ਉਧਰ ਗਏ ਮਲਾਹ, ਵਿਚੇ ਬਿਚਾਰੇ ਸ਼ਿਵ ਨਾਥ ਦੀ ਕੋਠੜੀ ਗਈ। ਉਹਨੇ ਆਪਣੇ ਫ਼ਲੈਟ ਦੇ ਤਿੰਨ ਕੁ ਗਜ਼ ਲੰਮੇ ਤੇ ਡੂਢ ਕੁ ਗਜ਼ ਚੌੜੇ ਬਰਾਂਡੇ ਜਿਹੇ ਦਾ ਖੁੱਲ੍ਹਾ ਪਾਸਾ ਕਿਤੋਂ ਲਿਆਂਦੇ ਰੰਗਦਾਰ ਸ਼ੀਸ਼ਿਆਂ ਨਾਲ ਬੰਦ ਕਰਵਾ ਲਿਆ ਤੇ ਉਹਦਾ ਨਾਂ ਸ਼ੀਸ਼ ਮਹਿਲ ਰੱਖ ਦਿੱਤਾ। ਇਹ ਅੰਤਲੇ ਸਾਹ ਤੱਕ ਉਹਦਾ ਡਰਾਇੰਗ-ਡਾਈਨਿੰਗ ਰੂਮ, ਲਾਇਬਰੇਰੀ ਤੇ ਸਟਡੀ ਰੂਮ, ਬੈੱਡ ਰੂਮ, ਸਭ ਬਣਿਆ ਰਿਹਾ। ਉਹਨੇ ਕਵਿਤਾ ਲਿਖੀ:

"ਸਭ ਤੋਂ ਪਹਿਲਾਂ ਦਿਨ ਚੜ੍ਹਦਾ ਹੈ, ਸਭ ਤੋਂ ਬਾਅਦ ਹਨੇਰਾ,
ਚੌਥੀ ਮੰਜ਼ਲ ਉੱਤੇ ਮਿੱਤਰੋ, ਸ਼ੀਸ਼ ਮਹਿਲ ਹੈ ਮੇਰਾ!"

ਪਿਛਲੇ ਕਈ ਸਾਲਾਂ ਤੋਂ ਉਹ ਹਰ ਨਵੀਂ ਕਵਿਤਾ ਲਿਖਦਿਆਂ ਹੀ ਫੋਨ ਕਰਦਾ, ਲੈ ਐਹ ਸੁਣਿਓ ਜ਼ਰਾ। ਜਦੋਂ ਉਹਨੂੰ ਲਗਦਾ, ਕਵਿਤਾਵਾਂ ਕਿਤਾਬ ਜੋਗੀਆਂ ਹੋ ਗਈਆਂ, ਉਹਦਾ ਫੋਨ ਆਉਂਦਾ, ਪੁਲੰਦਾ ਕੋਰੀਅਰ ਕਰਵਾ ਦਿੱਤਾ ਹੈ, ਮੇਰੀ ਚਿੰਤਾ ਮੁੱਕੀ। ਉਹਦਾ ਜਾਦੂ ਸਾਡੇ ਘਰ ਵੀ ਚੱਲਿਆ ਹੋਇਆ ਸੀ। ਮੇਰੀ ਸਾਥਣ ਆਖਦੀ, "ਤੁਹਾਡਾ ਖਿਲਾਰਾ ਤਾਂ ਏਵੇਂ ਰਹਿਣਾ ਹੈ, ਪਹਿਲਾਂ ਸ਼ਿਵ ਨਾਥ ਵੀਰ ਜੀ ਦੀ ਕਿਤਾਬ ਦਾ ਕੰਮ ਮੁਕਦਾ ਕਰੋ।" ਅਣਪੜ੍ਹਾਂ ਵਾਲੀ ਗੁਰਮੁਖੀ ਵਿਚ ਲਿਖਿਆ ਹੋਇਆ ਖਰੜਾ ਜਦੋਂ ਉਹਦੇ ਕੋਲ ਪੁਸਤਕ ਦੇ ਅਵਤਾਰ ਵਿਚ ਪਹੁੰਚਦਾ, ਉਹਨੂੰ ਤਾਂ ਖ਼ੁਸ਼ੀ ਹੋਣੀ ਹੀ ਸੀ, ਮੈਨੂੰ ਵੀ ਇਉਂ ਲਗਦਾ ਜਿਵੇਂ ਮੇਰੀ ਹੀ ਨਵੀਂ ਪੁਸਤਕ ਛਪੀ ਹੋਵੇ। ਉਹਦਾ ਫੋਨ ਆਉਂਦਾ, "ਓ ਤੇਰਵੇਂ ਗੁਰੂਆ, ਐਹ ਤਾਂ ਕਮਾਲ ਕਰ ਦਿੱਤੀ!" ਮੈਂ ਆਖਦਾ, "ਗਾਂਧੀ ਜੀ ਨੇ ਕਿਹਾ ਸੀ, ਮਹਾਤਮਾਵਾਂ ਦੇ ਦੁੱਖ ਮਹਾਤਮਾ ਹੀ ਜਾਣਦੇ ਨੇ! ਸ਼ਿਵ ਨਾਥ, ਤੇਰੇ ਵਰਗੇ ਚੇਲਿਆਂ ਵਾਲੇ ਗੁਰੂਆਂ ਦੇ ਦੁੱਖ ਮੇਰੇ ਵਰਗੇ ਗੁਰੂ ਹੀ ਜਾਣਦੇ ਨੇ!"

ਬੀਮਾਰੀ ਵਿਚ ਉਹਦਾ ਬੋਲਣਾ ਵੀ ਮੁਸ਼ਕਿਲ ਹੋ ਗਿਆ। 23 ਜੂਨ ਦੇ 'ਨਵਾਂ ਜ਼ਮਾਨਾ' ਵਿਚ ਉਸ ਬਾਰੇ ਮੇਰਾ ਲੇਖ ਛਪਿਆ ਤਾਂ ਨੂੰਹ ਰਾਣੀ ਸੰਤੋਸ਼ ਦੇ ਦੱਸੇ ਤੋਂ ਉਹਨੇ ਸੁਣਾਉਣ ਲਈ ਕਿਹਾ। ਪੂਰਾ ਲੇਖ ਸੁਣ ਕੇ ਕਹਿੰਦਾ, ਮੈਂ ਉਹਨੂੰ ਫੋਨ ਕਰਨਾ ਹੈ। ਸੰਤੋਸ਼ ਨੇ ਫੋਨ ਮਿਲਾ ਕੇ ਉਹਦੇ ਮੂੰਹ ਕੋਲ ਕਰ ਦਿੱਤਾ। ਬਹੁਤ ਮੱਧਮ ਤੇ ਟੁੱਟਵੀਂ ਪਰ ਸੁਣਨ ਵਿਚ ਆਉਣ ਜੋਗੀ ਆਵਾਜ਼ ਵਿਚ ਬੋਲਿਆ, "ਓ ਮੇਰੇ ਤੇਰਵੇਂ ਗੁਰੂਆ, ਤੂੰ ਮੈਨੂੰ ਕਿਹੜੇ ਅਸਮਾਨੀਂ ਚਾੜ੍ਹ ਦਿੱਤਾ ਓਇ!" ਇਸ ਪਿੱਛੋਂ ਉਹਦਾ ਧਾਹੀਂ ਰੋਣਾ ਸੁਣਿਆ ਤੇ ਫੋਨ ਬੰਦ ਹੋ ਗਿਆ। ਇਹ ਸਾਡਾ ਆਖ਼ਰੀ ਮੇਲ ਸੀ!

ਮਿਹਨਤਕਸ਼ਾਂ ਦੀ ਅਡੋਲ ਆਵਾਜ਼ ਸਾਹਿਤਕਾਰ, ਦਰਵੇਸ਼ ਤੇ ਅਣਖੀਲਾ ਮਨੁੱਖ, ਨਿਰਛਲ ਦੋਸਤ—ਇਹ ਸੀ ਸ਼ਿਵਨਾਥ! ਉਹਦਾ ਜਾਣਾ ਮਨ ਨੂੰ ਮਰੋੜਦਾ ਹੈ, ਪਰ ਫੇਰ ਉਹਦੀ ਸਰੀਰਕ-ਮਾਨਸਿਕ ਹਾਲਤ ਚੇਤੇ ਕਰਦਿਆਂ ਖ਼ਿਆਲ ਆਉਂਦਾ ਹੈ, ਸ਼ਾਇਦ ਉਹਨੇ ਜਾਣ ਦਾ ਠੀਕ ਵੇਲਾ ਹੀ ਚੁਣਿਆ। ਅੰਤ ਵਿਚ ਰੋਂਦੇ ਦਿਲ ਤੇ ਸਿੱਲ੍ਹੀਆਂ ਅੱਖਾਂ ਨਾਲ ਉਹਦੀਆਂ ਹੀ ਸਤਰਾਂ ਉਹਨੂੰ ਭੇਟ:

"ਤੇਰੇ ਮੁੱਕਣ 'ਤੇ ਵੀ ਨਹੀਂ ਮੁੱਕਣੀ ਇਹ ਦਾਸਤਾਂ ਤੇਰੀ,
ਤੇ ਨਾ ਤੂੰ ਨਿੱਕਲਣਾ ਹੈ ਹਸ਼ਰ ਤੀਕਰ ਯਾਦ ਸਾਡੀ 'ਚੋਂ!"

## ਕਾਵਿ-ਕਿਆਰੀ

### *ਜੀਅ ਕਰਦੈ !*

ਜੀਅ ਕਰਦੈ ਉਡ ਵਤਨੀਂ ਚੱਲੀਏ,
ਜਾ ਸੁੰਨੇ ਸੁੰਨੇ ਉਜੜੇ ਦਰ ਮੱਲੀਏ।
ਜੰਦਰੇ ਮੂਹਰੇ ਬੈਠ ਕੁਰਲਾਈਏ,
ਦੱਬੀਆਂ ਪੀੜਾਂ-ਦਰਦ ਸੁਣਾਈਏ।

ਹਉਕੇ ਭਰ ਵਿਹੜੇ ਵੈਣ ਅਲਾਣੇ,
ਬੂਹੇ-ਬਾਰੀਆਂ ਨੇ ਦੁੱਖੜੇ ਗਾਉਣੇ।
ਜਾਪਣੇ ਰੁੱਸੇ ਕਿਲੀ, ਰੋਸ਼ਨਦਾਨ,
ਖਿਲਰਿਆ ਮਿਲੂ ਥਾਂ ਥਾਂ ਸਮਾਨ।

ਆਂਢੀ ਗੁਆਂਢੀ ਸਭ ਹੋਣੇ 'ਕੱਠੇ,
ਹਾਸੇ ਮਸ਼ਕੂਲੇ ਫਿਰ ਚੱਲਣੇ ਠੱਠੇ।
ਪਰ:
ਜਦ ਦੇਖਾਂ ਮਾਂ-ਬਾਪੂ ਦੀ ਤਸਵੀਰ,
ਦੇਹ। ਹੂ ਲਿਖੀ ਜਿਨ੍ਹਾਂ ਤਕਦੀਰ।

ਗਿੱਠ ਗਿੱਠ ਉਪਰ ਧੂੜ ਦਿਸੇਗੀ,
ਚੁੱਪ ਬੇਬੇ ਦੀ ਬੱਸ ਘੂਰ ਦਿਸੇਗੀ।

'ਦੱਸ ਪੁੱਤਰਾ ਤੂੰ ਕਿਉਂ ਭੁਲਾਇਆ,
ਚੇਤਾ ਮਾਂ ਦਾ ਕਦੇ ਨ੍ਹੀਂ ਆਇਆ?
ਤੇਰੇ ਵਿਛੋੜੇ 'ਚ ਰੋ ਨੈਣ ਗੁਆਏ,
ਡਾਲਰ-ਪੌਂਡ ਕਿਸੇ ਕੰਮ ਨ ਆਏ।
ਤੜਫਦਿਆਂ ਹੀ ਸਾਹ ਰੁੱਕ ਗਏ,
ਡਿਗਦੇ-ਢਹਿੰਦੇ ਦੋਨੋਂ ਮੁੱਕ ਗਏ।

ਸਿਰ ਦੇ ਸਾਈਂ ਤੇ ਇਹ ਫ਼ੋਟੋ ਮੇਰੀ,
ਹੁਣ ਬਚੀ ਹੈ ਬੱਸ ਰਾਖ ਦੀ ਢੇਰੀ।
ਵਕਤੋਂ ਖੁੰਝੀ ਡੂਮਣੀ ਨੇ ਕੁਰਲਾਣਾ,
ਕੁਵੇਲੇ ਦੀ ਟੱਕਰ ਮਾਰ ਪਛਤਾਣਾ।'

***-ਸੇਵਾ ਸਿੰਘ "ਨੂਰਪੁਰੀ"***

### .ਗ਼ਜ਼ਲ

ਕਿਸੇ 'ਤੇ ਆਸ ਨਾ ਰੱਖੀਂ।
ਲਬਾਂ 'ਤੇ ਪਿਆਸ ਨਾ ਰੱਖੀਂ।
ਤੂੰ ਫ਼ਨੀਅਰ ਪਾਲ ਰੱਖੇ ਨੇ,
ਮਗਰ, ਵਿਸ਼ਵਾਸ ਨਾ ਰੱਖੀਂ।

ਤੂੰ ਰੱਖੀਂ ਖ਼ੂਬਸੂਰਤ ਦੋਸਤ,
ਕੋਈ ਵੀ ਦਾਸ ਨਾ ਰੱਖੀਂ।
ਬਹੁਤ ਹੁਸ਼ਿਆਰ ਹੈ ਦੁਨੀਆਂ।
ਕੋਈ ਧਰਵਾਸ ਨਾ ਰੱਖੀਂ।

ਜ਼ਮਾਨਾ ਚੋਰ ਸਮਝੇਗਾ,
ਤੂੰ ਇੱਕ ਲਿਬਾਸ ਨਾ ਰੱਖੀਂ।
ਹਜ਼ਾਰਾਂ ਫੁੱਲ ਉਗਾਵੀਂ ਤੂੰ,
ਕੋਈ ਫੁੱਲ ਖ਼ਾਸ ਨਾ ਰੱਖੀਂ।

ਪਿਲਾਈਂ ਸਭ ਨੂੰ ਹੀ ਵਧੀਆ,
ਕਿਤੇ ਬਕਵਾਸ ਨਾ ਰੱਖੀਂ।
ਇਸ਼ਕ ਵਿਚ ਧੋਖੇ ਹੁੰਦੇ ਨੇ,
ਜਿਗਰ ਦਾ ਮਾਸ ਨਾ ਰੱਖੀਂ।

ਤੁਰੀ ਚਲ ਸਾਹ ਜਦੋਂ ਤਕ ਨੇ,
ਕੋਈ ਆਵਾਸ ਨਾ ਰੱਖੀਂ।
ਜਿੰਨਾ ਚਿਰ ਯਾਰ ਨਈਂ ਆਉਂਦੇ,
ਬਜ਼ਮ 'ਚ ਗਿਲਾਸ ਨਾ ਰੱਖੀਂ।

ਮੁਲਕ ਆਪਣੇ 'ਚ ਸਭ ਕੁਝ ਏ,
ਦਿਲਾ ਪਰਵਾਸ ਨਾ ਰੱਖੀਂ।
ਕਰਮ ਸੇਵਾ 'ਚ ਰੱਬ ਹੁੰਦਾ,
ਬਾਲਮ ਸੰਨਿਆਸ ਨਾ ਰੱਖੀਂ।

***-ਬਲਵਿੰਦਰ ਬਾਲਮ ਗੁਰਦਾਸਪੁਰ***
***ਫੋਨ: 98156-25409***

# 'ਰਵਿੰਦਰ ਸਿੰਘ ਸਹਿਰਾਅ - ਮਾਣ ਸਾਡੇ ਪਿੰਡ ਦਾ'

ਪਿੰਡ, ਕਸਬੇ, ਜਾਂ ਫਿਰ ਇਲਾਕੇ ਦੇ ਕਿਸੇ ਇਨਸਾਨ ਨੂੰ ਜਦ ਸੁਲਝੇ ਹੋਏ ਤੇ ਨਾਮਵਰ ਸ਼ਖ਼ਸੀਅਤਾਂ ਦੀ ਕਤਾਰ ਵਿਚ ਜੋੜਿਆ ਜਾਣ ਲੱਗ ਪਵੇ ਤਾਂ ਉਹ ਉਸ ਪਿੰਡ ਹੀ ਨਹੀਂ ਬਲਕਿ ਇਲਾਕੇ ਦਾ ਮਾਣ-ਸਨਮਾਨ ਬਣ ਜਾਂਦਾ ਹੈ। ਉਸ ਦੇ ਨਜ਼ਦੀਕੀ ਲੋਕ ਉਸ 'ਤੇ ਮਾਣ ਕਰਦੇ ਹਨ, ਉਸਨੂੰ ਆਪਣਾ ਸਮਝਦੇ ਹਨ, ਅਤੇ ਉਸ ਤੋਂ ਕੁਝ ਕਰਨ/ਕਰਾਉਣ ਦੀਆਂ ਆਸਾਂ ਵੀ ਰੱਖਦੇ ਹਨ। ਅੱਜ ਜਿਸ ਅਦੀਬ ਦੀ ਮੈਂ ਗੱਲ ਕਰਨ ਜਾ ਰਿਹਾ ਹਾਂ ਉਹ ਹੈ ਮੇਰੇ ਦੇਸ਼ ਦੀ ਇੰਡਿਆਨਾ ਸਟੇਟ 'ਚ ਵਸਦੇ, ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਰਵਿੰਦਰ

**ਡਾ. ਕੁਲਵਿੰਦਰ ਸਿੰਘ ਬਾਠ**
**ਫੋਨ: 209 600 2897**
**209 371 7234**

ਸਿੰਘ ਸਹਿਰਾਅ, ਜੋ ਸਾਹਿਤ ਦੇ ਖੇਤਰ 'ਚ ਸੱਚਮੁੱਚ ਜਾਣਿਆ ਪਹਿਚਾਣਿਆ ਅਦੀਬ ਹੈ। ਰਵਿੰਦਰ ਸਹਿਰਾਅ ਦੀ ਸ਼ਖ਼ਸੀਅਤ ਨੂੰ ਇਸ ਛੋਟੇ ਜਿਹੇ ਲੇਖ ਦੀਆਂ ਸੀਮਾਵਾਂ 'ਚ ਸੀਮਤ ਕਰਨਾ ਕੁੱਜੇ 'ਚ ਸਮੁੰਦਰ ਬੰਦ ਕਰਨ ਦੇ ਸਮਾਨ ਹੈ। ਸੰਖੇਪ ਵਿਚ ਕੁੱਝ ਗੱਲਾਂ ਸਾਂਝੀਆਂ ਕਰਨੀਆਂ ਹਨ। ਰਵਿੰਦਰ ਦੀ ਜ਼ਿੰਦਗੀ-ਕਿਤਾਬ ਖੋਲ੍ਹ ਕੁਝ ਪੰਨੇ ਇੱਧਰ-ਉਧਰ ਕਰਨ ਤੇ ਆਪਣੇ ਅਨੁਭਵ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ। ਲੇਖ ਰਵਿੰਦਰ ਦੀ ਜੀਵਨੀ ਨੂੰ ਸਿਰਫ ਛੂਹ ਹੀ ਰਿਹਾ ਹੈ, ਜਿਵੇਂ ਕਹਿੰਦੇ ਹਨ ਟਿੱਪ ਆਫ ਦਿ ਆਈਸਬਰਗ। ਮੇਰਾ ਇੱਕ ਲੇਖਕ ਅਤੇ ਸਾਹਿਤਕ ਪਿਛੋਕੜ ਨਾ ਹੋਣ ਕਾਰਨ ਸ਼ਾਇਦ ਇਹ ਲਿਖਤ ਪੜ੍ਹਨ/ਜਾਨਣ ਵਾਲ਼ਿਆਂ ਦੇ ਮਿਆਰ ਦੀ ਵੀ ਨਾ ਹੋਵੇ ਤੇ ਮੈਂ ਰਵਿੰਦਰ ਭਾਅ ਨਾਲ ਇਨਸਾਫ਼ ਵੀ ਨਾ ਕਰ ਸਕਾਂ।

ਰਵਿੰਦਰ ਦੋਆਬੇ ਦੇ ਜ਼ਿਲ੍ਹੇ ਜਲੰਧਰ 'ਚ ਪੈਂਦੇ ਸਾਡੇ ਟਿੱਬਿਆਂ ਵਾਲੇ ਪਿੰਡ ਦਾ ਪੁੱਤਰ ਹੈ, ਜਿਸ ਨੂੰ ਹਰਦੋ ਫ਼ਰਾਲਾ ਦਾ ਨਾਮ ਦਿੱਤਾ ਗਿਆ ਹੈ। ਬਹੁਤ ਲੋਕਾਂ ਨੂੰ ਹਰਦੋ ਫ਼ਰਾਲੇ ਨਾਲ਼ੋਂ ਰਾਏਪੁਰ ਫ਼ਰਾਲੇ ਦਾ ਜ਼ਿਆਦਾ ਪਤਾ ਹੋ ਸਕਦਾ ਹੈ। ਰਵਿੰਦਰ ਭਾਅ ਦੀ ਜਵਾਨੀ ਤੇ ਮੇਰੇ ਬਚਪਨ ਦਾ ਸਮਾਂ ਇਕ ਹੀ ਸੀ ਜੋ ਇਸ ਪਿੰਡ ਦੀ ਜੂਹ 'ਚ ਗੁਜ਼ਰਿਆ। ਇਸ ਨੂੰ ਛੋਟੀ ਉਮਰੇ ਹੀ ਪਿੰਡ ਦੇ ਸਰਪੰਚ ਹੋਣ ਦਾ ਮਾਣ ਵੀ ਮਿਲਿਆ। ਪਿੰਡ ਦਾ ਇਹ ਪਹਿਲਾ ਪੋਸਟ ਗ੍ਰੈਜੂਏਟ ਸੀ, ਜੋ ਕਾਲਜ ਪੜ੍ਹਦਿਆਂ ਹੀ ਅਗਾਂਹਵਧੂ ਸੋਚ ਦਾ ਮਾਲਕ ਬਣ ਗਿਆ। ਇਹਦੇ ਵਿਚਰਨ ਦਾ ਤੌਰ ਤਰੀਕਾ ਅਤੇ ਸਾਥ ਉਨ੍ਹਾਂ ਸਮਕਾਲੀ ਇਨਸਾਨਾਂ ਨਾਲ ਬਣ ਗਿਆ ਜੋ ਸਮੇਂ ਦੀ ਇਨਕਲਾਬੀ ਮੂਵਮੈਂਟ ਦੇ ਚਿਹਰੇ ਮੋਹਰੇ ਸਨ। ਇਨਕਲਾਬੀ ਸੋਚ ਦੇ ਅਸਰ ਸਦਕਾ ਪਿੰਡ ਦੇ ਬੱਚਿਆਂ ਤੇ ਜਵਾਨਾਂ ਦੇ ਜੋਸ਼ ਤੇ ਹੌਸਲੇ ਬੁਲੰਦ ਹੋਣੇ ਸ਼ੁਰੂ ਹੋ ਗਏ। ਪਿੰਡ ਦਾ ਮਾਹੌਲ ਬਦਲ ਗਿਆ ਤੇ ਸਭ ਪਾਸੇ ਰੌਣਕਾਂ ਲੱਗਣ ਲੱਗ ਪਈਆਂ। ਰਵਿੰਦਰ ਭਾਅ ਦੀ ਟੀਮ ਨੇ ਪਿੰਡ ਵਿਚ ਸਮਾਜਿਕ ਸੋਧ ਲਈ ਨਾਟਕਾਂ ਦਾ ਸਿਲਸਿਲਾ ਵੀ ਸ਼ੁਰੂ ਕੀਤਾ। ਸਾਡੀ ਛੋਟਿਆਂ ਦੀ ਟੀਮ ਜ਼ਿਆਦਾ ਨਾ ਸਮਝਦੇ ਹੋਏ ਵੀ ਹਲਾ-ਲਲਾ ਕਰਦੀ ਇੱਧਰ-ਉੱਧਰ ਦੌੜ ਭੱਜ ਕੇ ਆਪਣਾ ਹਿੱਸਾ ਪਾਉਂਦੀ ਰਹਿੰਦੀ। ਸਾਡੇ ਗਰੁੱਪ ਦਾ ਕੰਮ ਕੁਝ ਇਸ ਤਰ੍ਹਾਂ ਹੀ ਸੀ ਜਿਵੇਂ ਇੱਕ ਤਕੜੇ ਭਲਵਾਨ ਦੇ ਦੁਆਲੇ ਉਸ ਦੇ ਕੱਪੜੇ ਸੰਭਾਲ਼ਣ ਵਾਲੇ ਹੁੰਦੇ ਹਨ। ਕਰੀਬ ਚਾਲੀ ਸਾਲ ਪਹਿਲਾਂ ਦਾ ਇਹ ਮਾਹੌਲ ਅੱਜ ਵੀ ਮੇਰੇ ਦਿਮਾਗ ਦੇ ਕੋਨੇ ਵਿਚ ਸਿਰਫ ਕੈਦ ਹੀ ਨਹੀਂ ਬਲਕਿ ਮੈਂ ਇਹਨੂੰ ਅੱਜ ਵੀ ਮਹਿਸੂਸ ਕਰਦਾ ਹਾਂ। ਮੈਨੂੰ ਇਹ ਵੀ ਯਾਦ ਹੈ ਕਿ ਪਿੰਡ ਦੀ ਕਿਸ ਕਿਸ ਜਗ੍ਹਾ 'ਤੇ ਨਾਟਕ ਖੇਡੇ ਜਾਂਦੇ ਸਨ। ਦਰਸ਼ਕਾਂ ਦੇ ਇਕੱਠ ਵਿਚ ਸਾਡੇ ਪਿੰਡ ਤੋਂ ਇਲਾਵਾ ਗੁਆਂਢੀ ਪਿੰਡਾਂ ਦੇ ਲੋਕ ਵੀ ਆ ਸ਼ਾਮਲ ਹੁੰਦੇ ਸੀ। ਸਾਲ ਸੱਤਰ-ਅੱਸੀ ਦਾ ਟਾਈਮ ਇਨ੍ਹਾਂ ਇਨਕਲਾਬੀ ਸੋਚ ਵਾਲ਼ਿਆਂ ਲਈ ਸੰਘਰਸ਼ਪੂਰਨ ਹੀ ਸੀ। ਸਮੇਂ ਦੀ ਸਰਕਾਰ ਦੀਆਂ ਵਧੀਕੀਆਂ ਬਾਬਤ ਸੁੱਤੇ ਹੋਏ ਲੋਕਾਂ ਨੂੰ ਜਗਾਉਣਾ ਤੇ ਨਾ-ਇਨਸਾਫ਼ੀ ਦੇ ਖ਼ਿਲਾਫ਼ ਟੱਕਰ ਲੈਣੀ ਗੱਲਾਂ ਨਾਲ਼ੋਂ ਅਸਲ ਵਿਚ ਬੇਹੱਦ ਮੁਸ਼ਕਲ ਹੁੰਦੀ ਹੈ। ਪਰ ਜੋਸ਼ ਤੇ ਸਮਰੱਥਾ ਅਥਾਹ ਹੋਣ ਕਰਕੇ ਇਸ ਗਰੁੱਪ ਨੇ ਕਦੀ ਕਿਸੇ ਦੀ ਪ੍ਰਵਾਹ ਹੀ ਨਹੀਂ ਕੀਤੀ ਸੀ। ਆਪਣੇ ਮਿਸ਼ਨ ਦੇ ਦਿਵਾਨੇ ਸਨ, ਜਿਸ ਕਰਕੇ ਜੇਲ੍ਹ ਯਾਤਰਾ, ਉਹ ਵੀ ਕਈ ਵਾਰੀ, ਆਮ ਜਿਹੀ ਗੱਲ ਹੀ ਸੀ। ਐਮਰਜੈਂਸੀ ਦੌਰਾਨ ਮੀਸਾ, ਡੀ. ਆਈ. ਆਰ., ਹਥਿਆਰਾਂ ਦੇ ਕੇਸ, ਇੰਟੈਰੋਗੇਸ਼ਨ, ਰਿਮਾਂਡ, ਜੇਲ੍ਹ ਜ਼ਿੰਦਗੀ ਦਾ ਹਿੱਸਾ ਬਣ ਗਈਆਂ। ਇਸ ਕਰਕੇ ਕਈ ਵਾਰੀ ਸਾਨੂੰ ਇਸ ਗਰੁੱਪ ਦੇ ਦਰਸ਼ਨ ਹੀ ਨਾ ਹੁੰਦੇ - ਕਦੀ ਅੰਦੋਲਨ, ਅੰਡਰ ਗ੍ਰਾਊਂਡ, ਕਚਹਿਰੀ, ਤੇ ਕਦੀ ਜੇਲ੍ਹ ਅੰਦਰ ਕਿਸੇ ਇਕ ਜਾਂ ਦੂਸਰੇ "ਸਰਕਾਰੀ ਜੁਰਮ" ਤਹਿਤ। ਪਰ ਧੰਨ ਹੀ ਸੀ ਇਹ ਇਨਕਲਾਬੀ ਸੋਚ ਦੀ ਪਹਿਰੇਦਾਰ ਯੂਥ ਪਾਵਰ ਜੋ ਹਮੇਸ਼ਾਂ ਲੜਨ ਤੇ ਮਰਨ ਲਈ ਤਿਆਰ ਹੀ ਰਹਿੰਦੀ।

ਸਿਰਫ ਸਾਡੇ ਪਿੰਡ ਜਾਂ ਇਲਾਕੇ 'ਚ ਹੀ ਨਹੀਂ, ਰਵਿੰਦਰ ਸਹਿਰਾਅ ਦਾ ਪੰਜਾਬ ਵਿਚ ਇਕ ਨਾਂਅ ਬਣ ਗਿਆ। ਰਾਮਗੜ੍ਹੀਆ ਕਾਲਜ, ਫ਼ਗਵਾੜਾ ਇਨ੍ਹਾਂ ਦੇ ਗਰੁੱਪ ਦਾ ਦੂਸਰਾ ਘਰ ਸੀ। ਪੀ.ਐਸ. ਯੂ. - ਪੰਜਾਬ ਸਟੂਡੈਂਟ ਯੂਨੀਅਨ ਦੀ ਪ੍ਰਧਾਨਗੀ ਜਾਂ ਫਿਰ ਪਿੰਡ ਦੀ ਸਰਪੰਚੀ, ਇਸ ਸਖ਼ਸ਼ ਨੇ ਪੂਰੀ ਸਮਝਦਾਰੀ, ਇਮਾਨਦਾਰੀ, ਲਿਆਕਤ, ਪਰ ਦਲੇਰੀ ਨਾਲ ਨਿਭਾਈ। ਸਾਨੂੰ ਵੱਡਿਆਂ ਹੋਇਆਂ ਪਤਾ ਲੱਗਾ ਕਿ ਸਾਡੇ ਇਸ ਵੀਰ ਕੋਲ ਕਈ ਵੱਡੇ ਲੇਖਕ, ਸ਼ਾਇਰ, ਬੁੱਧੀਜੀਵੀ, ਤੇ ਸਮੇਂ ਦੇ ਲੀਡਰ ਵੀ ਆਉਂਦੇ-ਜਾਂਦੇ ਰਹੇ। ਸੰਤ ਰਾਮ ਉਦਾਸੀ, ਪਾਸ਼, ਤੇ ਕਈ ਹੋਰ ਵੀ। ਪਿੰਡ ਦੀ ਸਰਪੰਚੀ ਸਮੇਂ ਵੀ ਕਈ ਸੁਧਾਰ ਕੀਤੇ ਤੇ ਕਰਨ ਦੀ ਕੋਸ਼ਿਸ਼ ਕੀਤੀ। ਕੁਝ ਇਕ ਵਿਗੜੇ-ਤਿਗੜੇ ਵੀ ਸਿੱਧੇ ਕੀਤੇ ਜੋ ਸ਼ਰਾਬ ਪੀ ਕੇ ਖੌਰੂ ਪਾਉਣ ਅਤੇ ਪਿੰਡ ਦਾ ਚੰਗਾ ਭਲਾ ਮਾਹੌਲ ਖ਼ਰਾਬ ਕਰਨ ਦੇ ਆਦੀ ਬਣ ਚੁੱਕੇ ਸਨ। ਸਰਪੰਚੀ ਦੇ ਟਾਈਮ ਪੁਲੀਸ ਜਿਵੇਂ ਸਾਡੇ ਪਿੰਡ ਦਾ ਰਾਹ ਹੀ ਭੁੱਲ ਗਈ ਸੀ, ਕਿਉਂਕਿ ਇਸ ਦੀ ਜ਼ਰੂਰਤ ਹੀ ਨਹੀਂ ਰਹੀ ਸੀ। ਪੁਲੀਸ ਟਾਊਟ ਵੀ ਚੁੱਪ ਹੋ ਗਏ ਜੋ ਆਪਣੀਆਂ ਚੰਮ ਦੀਆਂ ਚਲਾਉਣ ਲਈ ਝੱਟ ਝੂਠੀ ਕਹਾਣੀ ਘੜ ਪੁਲੀਸ ਚੌਕੀ ਪਹੁੰਚ ਜਾਂਦੇ। ਪਿੰਡ ਦੇ ਸਰਪੰਚ ਬਣਨ 'ਚ ਸਾਡੀ ਭੂਮਿਕਾ ਵੀ ਭਲਵਾਨ ਦੇ ਕਛਹਿਰੇ ਸੰਭਾਲ਼ਣ ਵਾਲ਼ਿਆਂ ਵਰਗੀ ਹੀ ਸੀ ਕਿਉਂਕਿ ਉਸ ਸਮੇਂ ਸਾਡੀ ਆਪਣੀ ਵੋਟ ਵੀ ਨਹੀਂ ਬਣੀ ਸੀ।

ਰਵਿੰਦਰ ਹੁਣਾਂ ਦਾ ਘਰ ਪਿੰਡ ਦੇ ਦੂਸਰੇ ਪਾਸੇ ਇਕ ਤੰਗ ਗਲੀ ਵਿਚ ਸੀ ਅਤੇ ਅਜੇ ਵੀ ਹੈ। ਇਨ੍ਹਾਂ ਦੇ ਵੱਡੇ ਪਰਿਵਾਰ ਵਿਚੋਂ ਮੈਂ ਸਿਰਫ ਰਵਿੰਦਰ ਤੇ ਇਸ ਦੀ ਬਜ਼ੁਰਗ ਮਾਤਾ (ਸਵਰਗ ਵਾਸੀ) ਨੂੰ ਜਾਣਦਾਂ ਜਾਂ ਦੇਖਿਆ ਹੈ। ਇਸ ਦੇ ਵੱਡੇ ਭਰਾ (ਜੋ ਮੇਰੇ ਪਿਤਾ ਜੀ ਨਾਲ ਇੱਕ ਵੱਡੀ ਕੰਪਨੀ 'ਚ ਕੰਮ ਕਰਦੇ ਰਹੇ ਸੀ) ਚਾਹੁੰਦੇ ਸੀ ਕਿ ਰਵਿੰਦਰ ਅੱਗੇ ਪੜ੍ਹਨ ਦੀ ਬਜਾਏ ਟਾਟਾ ਕੰਪਨੀ 'ਚ ਆ ਕੰਮ ਕਰਨ ਲੱਗ ਪਵੇ (ਸ਼ਾਇਦ ਇਸ ਨੂੰ ਇਨਕਲਾਬੀ ਸੰਗਤ ਤੋਂ ਦੂਰ ਰੱਖਣ ਲਈ)। ਪਰ ਇਸਨੇ ਸਾਫ਼ ਇਨਕਾਰ ਕਰ ਅੱਗੇ ਪੜ੍ਹਨਾ ਜਾਰੀ ਰੱਖਿਆ। ਇਸ ਪਰਿਵਾਰ ਦੀ ਸਾਡੇ ਪਰਿਵਾਰ ਨਾਲ ਬੜੀ ਡੂੰਘੀ ਸਾਂਝ ਹੈ, ਜੋ ਅੱਜ ਤੱਕ ਵੀ ਕਾਇਮ ਹੈ। ਮੇਰੇ ਤੋਂ ਵੱਡੀ ਭੈਣ ਵੀ ਉਸ ਸਮੇਂ ਕਾਲਜ ਜਾਣ ਕਰਕੇ ਮਾਂ ਜੀ (ਰਵਿੰਦਰ ਦੇ ਮਾਤਾ ਜੀ ਜਿਹਨੂੰ ਅਸੀਂ ਮਾਂ ਜੀ ਕਹਿੰਦੇ ਸੀ) ਉਸ ਤੋਂ ਰਵਿੰਦਰ ਦੀਆਂ ਕਾਲਜ ਦੀਆਂ ਹਰਕਤਾਂ ਦਾ ਪਤਾ ਕਰਦੀ ਰਹਿੰਦੀ। ਰਵਿੰਦਰ ਮਾਂ ਜੀ ਨੂੰ ਜ਼ਿਆਦਾ ਕੁਝ ਦੱਸਦਾ ਨਹੀਂ ਸੀ, ਸ਼ਾਇਦ ਇਹ ਸੋਚ ਕਿ ਇਹ ਐਵੇਂ ਫਿਕਰ ਕਰੀ ਜਾਊਗੀ। ਪੰਦਰਾਂ ਸਤੰਬਰ 1981 ਨੂੰ ਅਚਾਨਕ ਮੇਰੀ ਇਹ ਭੈਣ ਇੱਕ ਬੱਸ ਦੁਰਘਟਨਾ ਕਾਰਨ ਸਾਡੇ ਕੋਲੋਂ ਸਦਾ ਲਈ ਵਿਛੜ ਗਈ, ਜਿਸ ਦਾ ਸਾਡੇ ਟੱਬਰ ਵਾਂਗ ਹੀ ਮਾਂ ਜੀ ਨੂੰ ਬਹੁਤ ਦੁੱਖ ਲੱਗਾ। ਉਸ ਤੋਂ ਬਾਅਦ ਵੀ ਮਾਂ ਜੀ ਸਵੇਰੇ ਹੀ ਘਰੋਂ ਤਿਆਰ ਹੋ ਕੇ, ਅੱਧਾ ਪਿੰਡ ਲੰਘ ਕੇ ਸਾਡੇ ਘਰ ਆ ਬਹਿੰਦੀ ਤੇ ਅੱਧਾ-ਸਾਰਾ ਦਿਨ ਉੱਥੇ ਹੀ ਰਹਿੰਦੀ। ਜਦੋਂ ਭੁੱਖ ਲੱਗਦੀ ਤਾਂ ਬੀਬੀ ਨੂੰ ਕਹਿ ਦਿੰਦੀ ਜੋ ਵੀ ਖਾਣਾ ਹੁੰਦਾ। ਉਹਦਾ ਦਿਲ ਲੱਗਾ ਰਹਿੰਦਾ ਤੇ ਸਾਡਾ ਸਾਰਿਆਂ ਦਾ ਵੀ। ਜਿਸ ਦਿਨ ਕਿਤੇ ਲੇਟ ਹੋ ਜਾਂਦੀ ਜਾਂ ਨਾ ਆਉਂਦੀ ਤਾਂ ਫਿਕਰ ਲੱਗਦਾ ਕੇ ਕਿਤੇ ਢਿੱਲੀ-ਮੱਠੀ ਹੀ ਨਾ ਹੋ ਗਈ ਹੋਵੇ। ਰਵਿੰਦਰ ਦੀ ਵੱਡੀ ਭੈਣ ਅਮਰੀਕਾ ਆਈ ਹੋਈ ਸੀ ਤੇ ਉਸ ਨੂੰ ਚਿੱਠੀਆਂ ਲਿਖਣ ਅਤੇ ਆਈਆਂ ਚਿੱਠੀਆਂ ਪੜ੍ਹਨ ਦਾ ਕੰਮ ਮੇਰਾ ਹੋ ਗਿਆ ਜੋ ਪਹਿਲਾਂ ਮੇਰੀ ਭੈਣ ਦਾ ਸੀ। ਇੱਕ ਦਿਨ ਮੈਂ ਕਹਿ ਬੈਠਾ, ਮਾਂ ਜੀ ਇੱਕ ਚਿੱਠੀ ਖ਼ਾਤਰ ਕਈ ਵਾਰੀ ਤੈਨੂੰ ਮੇਰੀ ਅਵਾਰਾਗਰਦੀ ਕਰਕੇ ਉਡੀਕਣਾ ਤੇ ਬੈਠਣਾ ਪੈਂਦਾ ਹੈ, ਕਿਉਂ ਨਹੀਂ ਤੁਸੀਂ ਆਪਣੇ ਗੁਆਂਢ 'ਚ ਕਿਸੇ ਨਿਆਣੇ-ਸਿਆਣੇ ਤੋਂ ਪੜ੍ਹਾ-ਲਿਖਾ ਲੈਂਦੇ? ਸੰਖੇਪ ਚੁੱਪ ਤੋਂ ਬਾਅਦ ਬੋਲੀ, "ਚਿੱਠੀ 'ਚ ਦੁੱਖ-ਸੁੱਖ, ਘਰ ਦੀਆਂ ਗੱਲਾਂ, ਸੌ ਪਰਦੇ ਵਾਲ਼ੀਆਂ ਗੱਲਾਂ ਹੁੰਦੀਆਂ ਆ, ਐਵੇਂ ਕਿਵੇਂ ਕਿਸੇ ਤੋਂ ਵੀ ਲਿਖਾ-ਪੜ੍ਹਾ ਲਵਾਂ? ਦੂਸਰਾ ਕਾਰਨ ਇਹ ਕਿ ਮੈਂ ਇੱਥੇ ਆ ਰੌਣਕ 'ਚ ਬੈਠੀ ਰਹਿੰਦੀ ਆਂ, ਰਵਿੰਦਰ ਦਾ ਕੀ ਪਤਾ ਕਦੋਂ ਆਵੇ ਜਾਂ ਨਾ ਆਵੇ, ਮੈਂ ਕੰਧਾਂ ਨਾਲ ਗੱਲਾਂ ਕਰਾਂ? ਜਵਾਬ ਸੁਣ ਮੈਨੂੰ ਚਿੱਠੀ ਦੀ ਅਹਿਮੀਅਤ ਤੇ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਮੈਂ ਕਾਫ਼ੀ ਸਮਾਂ ਜਹਾਜ਼ ਦੀ ਫੋਟੋ ਵਾਲੇ ਨੀਲੇ ਲਿਫ਼ਾਫ਼ਿਆਂ ਤੇ ਲਿਖਣ-ਪੜ੍ਹਨ 'ਚ ਬਿਤਾਇਆ, ਸ਼ਾਇਦ ਜਦ ਤੱਕ ਮਾਂ ਜੀ ਆਪਣੇ ਵੱਡੇ ਲੜਕੇ ਕੋਲ ਨਹੀਂ ਚਲੀ ਗਈ। ਮਾਂ ਜੀ ਬਹੁਤ ਨਿੱਘੇ ਸੁਭਾਅ ਦੀ ਸੀ। ਉਸ ਦੀ ਸ਼ਕਲ ਸੂਰਤ ਅੱਜ ਤੱਕ ਮੇਰੇ ਦਿਮਾਗ 'ਚ ਤਾਜ਼ਾ ਹੈ। ਕੱਦ ਛੋਟਾ, ਰੰਗ ਬਿਲਕੁਲ ਸਾਫ਼, ਕੱਪੜੇ ਇੰਜ ਜਿਵੇਂ ਹੁਣ ਹੀ ਧੋ ਕੇ ਪਾਏ ਹੋਣ। ਬਹੁਤ ਸਾਫ਼-



ਸਫ਼ਾਈ ਦੀ ਆਦਤ। ਰਵਿੰਦਰ ਹੁਣਾਂ ਦਾ ਖੂਹ ਤੇ ਜ਼ਮੀਨ ਸਾਡੇ ਪਿੰਡ ਤੋਂ ਮਹੇੜੂ ਨੂੰ ਜਾਂਦੇ ਕੱਚੇ ਰਸਤੇ ਉੱਪਰ ਹੀ ਸੀ। ਇਨ੍ਹਾਂ ਮੱਝਾਂ / ਗਾਈਆਂ ਵੀ ਰੱਖੀਆਂ ਹੁੰਦੀਆਂ ਦੁੱਧ ਘਿਓ ਵਾਸਤੇ, ਕੁਝ ਵਰਤ ਲੈਂਦੇ, ਅਤੇ ਬਾਕੀ ਵੇਚ ਦਿੰਦੇ। ਸ਼ਾਇਦ ਇਹ ਪਸ਼ੂ ਵੀ ਸੰਭਾਲ਼ਦਾ ਸੀ ਪਰ ਕੁਝ ਯਾਦ ਨਹੀਂ ਜਾਂ ਕਦੇ ਦੇਖਿਆ ਨਹੀਂ ਸੀ। ਗੱਲ ਥੋੜ੍ਹੀ ਹੋਰ ਪਾਸੇ ਨਿਕਲ ਗਈ, ਚਲੋ ਦੁਬਾਰਾ ਰਵਿੰਦਰ ਦੀ ਜ਼ਿੰਦਗੀ ਵੱਲ ਮੁੜੀਏ।

ਪੜ੍ਹਨ-ਲਿਖਣ ਦਾ ਸ਼ੌਕ ਸੀ ਜੋ ਅੱਜ ਤੱਕ ਬਰਕਰਾਰ ਹੈ। ਸਾਹਿਤਕ ਸਰਗਰਮੀਆਂ 'ਚ ਵੀ ਵਿਚਰਦਾ ਹੈ। ਦਰਜਨਾਂ ਕਿਤਾਬਾਂ ਵੀ ਲਿਖ ਚੁੱਕਿਆ ਹੈ। ਇਕ ਮਿਆਰੀ ਮੈਗਜ਼ੀਨ ਦਾ ਸੰਪਾਦਕ ਵੀ ਹੈ। ਇਹਦੀਆਂ ਕਵਿਤਾਵਾਂ ਨੂੰ ਗਾਇਆ ਵੀ ਗਿਆ ਤੇ ਹੋਰ ਭਾਸ਼ਾਵਾਂ 'ਚ ਤਰਜਮੇ ਵੀ ਕੀਤੇ ਗਏ। ਜੇਲ੍ਹਾਂ 'ਚ ਬਿਤਾਏ ਸਮੇਂ ਬਾਰੇ ਵੀ ਕਈ ਕ੍ਰਾਂਤੀਕਾਰੀ ਤੇ ਜੁਝਾਰੂ ਕਵਿਤਾਵਾਂ ਲਿਖੀਆਂ, ਕੁੱਝ ਲਿਖਿਆ ਹੋਇਆ ਗੁੰਮ ਵੀ ਗਿਆ, ਤੇ ਬਹੁਤ ਸਾਰੀਆਂ ਅਧੂਰੀਆਂ ਰਚਨਾਵਾਂ ਕਦੇ ਪੂਰੀਆਂ ਹੀ ਨਹੀਂ ਹੋਈਆਂ ਜਿਸ ਦਾ ਹੇਰਵਾ ਹੈ ਇਸ ਨੂੰ। 1980 'ਚ ਛਪੀ ਆਪਣੀ ਪਹਿਲੀ ਕਾਵਿ-ਪੁਸਤਕ 'ਚੁਰਾਏ ਪਲਾਂ ਦਾ ਹਿਸਾਬ' ਵਿਚ ਸਮੇਂ ਦੀਆਂ ਸਰਕਾਰਾਂ ਤੋਂ ਆਪਣੇ ਜੀਵਨ ਦੇ "ਚੁਰਾਏ ਪਲਾਂ" ਦਾ ਹਿਸਾਬ ਵੀ ਮੰਗਿਆ। ਇਸ ਕਿਤਾਬ ਨੂੰ ਛਪਵਾਉਣ ਲਈ ਵੀ ਤਕੜਾ ਸੰਘਰਸ਼ ਕਰਨਾ ਪਿਆ ਜਿਸ ਬਾਰੇ ਪ੍ਰੋ. ਨਿਰੰਜਣ ਸਿੰਘ ਢੇਸੀ ਨੇ ਇਕ ਵਾਰ ਮੈਨੂੰ ਵਿਸਥਾਰ ਨਾਲ ਦੱਸਿਆ। ਕਈ ਵਰ੍ਹੇ ਪਹਿਲਾਂ ਡਾ. ਗੁਰੂਮੇਲ ਸਿੱਧੂ ਨਾਲ ਗੱਲਾਂ-ਗੱਲਾਂ 'ਚ ਰਵਿੰਦਰ ਬਾਰੇ ਗੱਲ-ਬਾਤ ਚੱਲ ਪਈ। ਡਾ. ਸਿੱਧੂ ਸਾਇੰਸਦਾਨ ਸੀ ਤੇ ਫਰਿਜ਼ਨੋ ਸਟੇਟ ਯੂਨੀਵਰਸਿਟੀ 'ਚ ਪੜ੍ਹਾਉਂਦੇ ਸੀ। ਸਾਡਾ ਫੀਲਡ ਇੱਕੋ ਜਿਹਾ ਹੋਣ ਕਰਕੇ ਕਿਤੇ ਕਿਤੇ ਗੱਲ ਬਾਤ ਹੁੰਦੀ ਰਹਿੰਦੀ ਸੀ। ਪਰ ਨਾਲ ਹੀ ਉਹ ਕਈ ਕਿਤਾਬਾਂ ਦੇ ਰਚੇਤਾ ਤੇ ਜਾਣੇ-ਪਹਿਚਾਣੇ ਸਾਹਿਤਕਾਰ ਵੀ ਸਨ। ਖ਼ੈਰ ਇਕ ਦਿਨ ਅਚਾਨਕ ਮੈਨੂੰ ਪੁੱਛਣ ਲੱਗੇ ਕਿ ਤੁਹਾਡਾ ਪਿੰਡ ਕਿਹੜਾ ਆ ਬਈ? ਮੈਂ ਕਿਹਾ ਪਤਾ ਨਹੀਂ ਜੀ ਤੁਹਾਨੂੰ ਪਤਾ ਹੋਵੇ ਜਾਂ ਨਾ, ਪਰ ਜਲੰਧਰ ਛਾਉਣੀ ਲਾਗੇ, ਕੁੱਕੜ ਪਿੰਡ ਦੀ ਬੇਈਂ ਪਾਰ, ਚਹੇੜੂ ਦੇ ਪੱਛਮ 'ਚ, ਜਮਸ਼ੇਰ ਦੇ ਪੂਰਬ 'ਚ ਇਕ ਛੋਟਾ ਜਿਹਾ ਬੇਈਂ ਘੇਰਿਆ ਪਿੰਡ ਆ ਹਰਦੋ ਫ਼ਰਾਲਾ ਜਾਂ ਰਾਏ ਪੁਰ ਫ਼ਰਾਲਾ। ਇੱਕਦਮ ਬੋਲੇ, ਯਾਰ ਆਹ ਦੋਆਬੇ ਦਾ ਨਕਸ਼ਾ ਬਣਾਉਣ ਦੀ ਕੀ ਜ਼ਰੂਰਤ ਸੀ, ਉਦਾਂ ਹੀ ਦੱਸ ਦਿੰਦਾ ਪਈ ਰਵਿੰਦਰ ਵਾਲਾ ਪਿੰਡ ਆ! ਪਹਿਲਾਂ ਕਦੇ ਰਵਿੰਦਰ ਦੇ ਨਾਮ ਦਾ ਜ਼ਿਕਰ ਨਾ ਹੋਣ ਕਰਕੇ ਮੈਂ ਹੈਰਾਨੀ ਨਾਲ ਪੁੱਛਿਆ, ਤੁਸੀਂ ਜਾਣਦੇ ਰਵਿੰਦਰ ਨੂੰ? ਕਹਿੰਦੇ ਸਿਰਫ ਜਾਣਦਾ ਹੀ ਨਹੀਂ ਬਲਕਿ ਪੂਰਾ ਜਾਣਦਾ ਹਾਂ। ਕ੍ਰਾਂਤੀਕਾਰੀ ਕਵੀ ਆ ਉਹ। ਉਹਦੀ ਕਵਿਤਾ ਬਹੁਤ ਸੁਆਦਲੀ ਵੀ ਹੁੰਦੀ ਆ, ਕੋਈ ਰਹਿੰਦ-ਖੂੰਹਦ ਨਹੀਂ ਹੁੰਦੀ। ਵਾਰਤਕ ਕਵਿਤਾ ਵੀ ਕਮਾਲ ਦੀ। ਫਿਰ ਉਸਨੇ ਰਵਿੰਦਰ ਦੀ ਇੱਕ ਕਵਿਤਾ ਦੀ ਚੀਰ ਫਾੜ ਕਰਦੇ ਕੁਝ ਸੁਣਾਇਆ... ਜੋ ਮੈਂ ਪੂਰਾ ਲਿਖ ਨਾ ਸਕਿਆ...

ਕਿਵੇਂ ਜੀ ਰਹੇ ਨੇ ਇਹ ਲੋਕ
ਬਿਨਾ ਛੱਤ ਤੋਂ
ਇਨ੍ਹਾਂ ਠਰੀਆਂ ਰਾਤਾਂ ਅੰਦਰ
ਜਿਉਂ ਰਹੇ ਨੇ ਕਿਵੇਂ
ਇਹ ਖਿਆਲ ਆਉਂਦਿਆਂ ਹੀ
ਗਰਮ ਕਮਰੇ 'ਚ ਬੈਠਾ
ਕੰਬ ਜਾਂਦਾ ਹਾਂ ਮੈਂ ..।

ਰਵਿੰਦਰ ਦੇ ਨਾਮ ਤੇ ਪਹਿਚਾਣ ਦਾ ਕਈ ਵਾਰੀ ਸਾਨੂੰ ਵੀ ਫ਼ਾਇਦਾ ਹੋ ਜਾਂਦਾ, ਜਾਂ ਇਹ ਕਹਿ ਲਓ ਕਿ ਅਸੀਂ ਇਸ ਨਾਮ ਨਾਲ ਜੁੜ ਕੇ ਫ਼ਾਇਦਾ ਲਾ ਲੈਂਦੇ। ਬਹੁਤੀਆਂ ਵਿਚੋਂ ਸਿਰਫ ਇਕ ਹੀ ਉਦਾਹਰਨ ਦਿੰਦਾ ਹਾਂ ...

ਜਦੋਂ ਹਾਈ ਸਕੂਲ ਪਾਸ ਕਰ ਕੇ ਅਸੀਂ ਕਾਲਜ 'ਚ ਦਾਖਲਾ ਲੈਣ ਵਾਸਤੇ ਪਹਿਲੀ ਵਾਰ ਰਾਮਗੜ੍ਹੀਆ ਕਾਲਜ ਫ਼ਗਵਾੜੇ ਪਹੁੰਚੇ। ਸੱਤ-ਅੱਠ ਮੁੰਡਿਆ ਦਾ ਗਰੁੱਪ ਸੀ। ਜਿਉਂ ਹੀ ਕਾਲਜ ਦੇ ਮੇਨ ਗੇਟ ਅੰਦਰ ਦਾਖਲ ਹੋਏ ਤਾਂ ਤਿੰਨ-ਚਾਰ ਮੁੰਡਿਆਂ ਦਾ ਗਰੁੱਪ ਸਾਡੇ ਵੱਲ ਦੌੜਦਾ ਆ ਗਿਆ। ਅਸੀਂ ਅਜੇ ਸਾਈਕਲਾਂ ਦੇ ਸਟੈਂਡ ਹੀ ਲਾਉਂਦੇ ਸੀ ਕਿ ਉਹ ਸਾਨੂੰ ਘੇਰ ਕਹਿਣ ਲੱਗੇ, 'ਸਾਡੀ ਸਟੂਡੈਂਟ ਜਥੇਬੰਦੀ ਦੇ ਮੈਂਬਰ ਬਣੋ'। ਅਸੀਂ ਸਾਰੇ ਇੱਕ ਦੂਸਰੇ ਵੱਲ ਝਾਕੀਏ ਕਿ ਸਾਨੂੰ ਤਾਂ ਅਜੇ ਇਹ ਵੀ ਨਹੀਂ ਪੱਕਾ ਪਤਾ ਕਿ ਅਸੀਂ ਇੱਥੇ ਦਾਖਲਾ ਲੈਣਾ ਵੀ ਹੈ ਜਾਂ ਮਿਲੇਗਾ ਵੀ, ਇਹ ਕੀ ਭੰਬਲ਼ਭੂਸਾ ਪਾ ਕੇ ਬਹਿ ਗਏ? ਅਸੀਂ ਪਿੰਡੋਂ ਆ ਪਹਿਲੀ ਵਾਰ ਕਾਲਜ 'ਚ ਪੈਰ ਰੱਖਿਆ ਹੀ ਸੀ, ਪਰ ਇਹ ਹੰਢੇ ਬੰਦੇ ਲੱਗਦੇ ਸੀ। ਖ਼ੈਰ ਹੌਸਲਾ ਜਿਹਾ ਕਰ ਕੇ ਦੱਸਿਆ ਕਿ ਅਸੀਂ ਤਾਂ ਅਜੇ ਕੈਟਾਲੌਗ ਜਿਸ ਨੂੰ ਪ੍ਰਾਸਪੈਕਟਸ ਕਹਿੰਦੇ ਸਨ ਲੈਣ ਆਏ ਹਾਂ। ਸਾਡਾ ਦਾਖਲਾ ਹੋ ਜਾਵੇ ਫਿਰ ਦੇਖਦੇ ਹਾਂ। ਖ਼ੈਰ ਉਨ੍ਹਾਂ ਦੀ ਮਜਬੂਰੀ ਲੱਗਦੀ ਸੀ ਕਿ ਨਵੇਂ ਰੰਗਰੂਟ ਭਰਤੀ ਕਰੋ। ਜਾਂ ਫਿਰ ਉਨ੍ਹਾਂ ਨੂੰ ਇੰਜ ਲੱਗੇ ਜਿਵੇਂ ਝਟਕਈ ਨੂੰ ਮੇਮਣੇ। ਸਾਡੇ ਸਾਰੇ ਗਰੁੱਪ ਨੇ ਪ੍ਰਾਸਪੈਕਟਸ ਲਏ ਤੇ ਵਾਪਸ ਮੇਨ ਗੇਟ ਕੋਲ ਬਣੇ, ਟੀਨਾਂ ਦੀ ਛੱਤ ਵਾਲੇ ਸਾਈਕਲ ਸਟੈਂਡ ਵਿਚ ਖੜ੍ਹੇ ਹੋ ਪੜ੍ਹਨ ਲੱਗ ਪਏ ਕਿ ਕਿਹੜੇ ਸਬਜੈਕਟ ਲੈਣੇ ਹਨ। ਪ੍ਰਾਸਪੈਕਟਸ ਅੰਗਰੇਜ਼ੀ 'ਚ ਹੋਣ ਕਾਰਨ, ਕਾਲਜ ਵਿਚ ਪਹਿਲਾ ਕਦਮ ਹੋਣ ਕਰਕੇ, ਅਤੇ ਜ਼ਿਆਦਾ ਜਾਣਕਾਰੀ ਨਾ ਹੋਣ ਕਰਕੇ ਸਾਨੂੰ ਇੱਕ ਦੂਸਰੇ ਦੀ ਮਦਦ ਦੀ ਲੋੜ ਸੀ। ਅਜੇ ਮੱਥੇ 'ਤੇ ਆਈਆਂ ਤ੍ਰੇਲੀਆਂ ਸਾਫ਼ ਕਰ ਲੰਬਾ ਸਾਹ ਹੀ ਲਿਆ ਸੀ ਕਿ ਉਹੀ ਗਰੁੱਪ ਇੱਕ ਬੰਦਾ ਹੋਰ ਲੈ ਕੇ ਸਾਡੇ ਕੋਲ ਦੋਬਾਰਾ ਪਹੁੰਚ ਗਿਆ। "ਛੋਟੀਆਂ ਜਿਹੀਆਂ ਅੱਖਾਂ ਵਾਲਾ" ਇਹ ਫੁਰਤੀਲਾ ਬੰਦਾ ਉਨ੍ਹਾਂ ਦਾ ਲੀਡਰ ਲੱਗਦਾ ਸੀ। ਉਸਨੇ ਆਉਂਦਿਆਂ ਹੀ ਸਾਨੂੰ ਇਸ ਜਥੇਬੰਦੀ ਦੇ ਮੈਂਬਰ ਬਣਨ ਦੇ ਫਾਇਦੇ ਗਿਣਨੇ ਸ਼ੁਰੂ ਕਰ ਦਿੱਤੇ ਤੇ ਨਾਲ ਹੀ ਜ਼ੋਰ ਪਾ ਕੇ ਕਿਹਾ ਕੇ ਮੈਂਬਰ ਬਣਨਾ ਜ਼ਰੂਰੀ ਹੈ, ਹਾਲਾਂ ਕਿ ਇਹ ਸਹੀ ਨਹੀਂ ਸੀ। ਉਸਦੇ ਸਾਥੀਆਂ ਕੋਲ ਮੈਂਬਰਸ਼ਿਪ ਦੀਆਂ ਪਰਚੀਆਂ ਉੱਪਰ ਨਜ਼ਰ ਪਈ ਤਾਂ ਪਤਾ ਲੱਗਾ ਕਿ ਇਹ ਜਥਾ ੀ, ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਦਾ ਸੀ। ਸਾਨੂੰ ਜ਼ਿਆਦਾ ਤਾਂ ਪਤਾ ਨਹੀਂ ਸੀ ਪਰ ਇਹ ਅੰਦਾਜ਼ਾ ਸੀ ਕਿ ਰਵਿੰਦਰ ਇਸ ਜਥੇਬੰਦੀ ਦਾ ਲੀਡਰ ਨਹੀਂ ਸੀ। ਸਾਡੇ ਵੱਲੋਂ ਕੋਈ ਲੜ-ਸਿਰਾ ਨਾ ਫੜਾਉਣ ਕਰਕੇ ਇਹ ਗਰੁੱਪ ਹੋਰ ਰੋਹਬ ਪਾਉਣ ਲੱਗ ਪਿਆ। ਘੈਂਸ-ਘੈਂਸ ਵਧਦੀ ਦੇਖ, ਮੈਂ ਹੌਸਲਾ ਕਰਕੇ ਅੱਗੇ ਹੋ ਕਿਹਾ "ਭਾਜੀ ਗੱਲ ਇਸ ਤਰ੍ਹਾਂ ਹੈ ਕਿ ਅਸੀਂ ਸਾਰੇ ਰਾਏਪੁਰ ਫ਼ਰਾਲਾ ਪਿੰਡ ਤੋਂ ਆਏ ਹਾਂ, ਉਹ ਵੀ ਰਵਿੰਦਰ ਸਹਿਰਾਅ ਦੇ ਕਹਿਣ 'ਤੇ, ਅਸੀਂ ਐਵੇਂ ਕਿਵੇਂ ਤੁਹਾਨੂੰ ਹਾਂ ਕਰ ਦਈਏ?" ਇਤਨਾ ਕਹਿਣ ਦੀ ਹੀ ਦੇਰ ਸੀ ਕਿ ਉਹ "ਛੋਟੀਆਂ ਅੱਖਾਂ ਵਾਲਾ ਲੀਡਰ" ਆਪਣੇ ਗਰੁੱਪ ਨੂੰ ਲੈ ਤਿੱਤਰ ਹੋ ਗਿਆ। ਮਗਰੋਂ ਪਤਾ ਲੱਗਾ ਇਹ ਐਸ ਐਫ ਆਈ ਦਾ ਲੀਡਰ ਸੀ ਤੇ ਰਵਿੰਦਰ ਦਾ ਨਾਂਅ ਸੁਣਦੇ ਹੀ ਉੱਥੋਂ ਚਲਾ ਗਿਆ, ਸੋਚਿਆ ਗੱਲ ਨਹੀਂ ਬਣਨੀ। ਜਾਂਦਾ ਹੋਇਆ ਇਹ ਜ਼ਰੂਰ ਕਹਿ ਗਿਆ "ਵਿਦਿਆਰਥੀ ਦੋਸਤੋ ਜਦੋਂ ਵੀ ਕੋਈ ਜ਼ਰੂਰਤ ਹੋਈ ਦੱਸ ਦਿਓ, ਰਵਿੰਦਰ ਵੀ ਆਪਣਾ ਈ ਬੰਦਾ ਆ।" ਸਾਡੇ ਲਈ ਇਹੀ ਜ਼ਰੂਰਤ ਸੀ ਕਿ ਇਹ ਸਾਡਾ ਪਿੱਛਾ ਛੱਡਣ।

ਰਵਿੰਦਰ ਦੀਆਂ ਲਿਖਤਾਂ, ਵਾਰਤਕ ਹੋਵੇ ਜਾਂ ਕਵਿਤਾ, ਬੋਲਦੀਆਂ ਹਨ, ਗੱਲਾਂ ਕਰਦੀਆਂ, ਸੰਵਾਦ ਰਚਾਉਂਦੀਆਂ ਹਨ ਪੜ੍ਹਨ ਵਾਲੇ ਨਾਲ। ਸਧਾਰਨ ਪਾਠਕ ਨਾਲ ਨਿੱਘੀ ਸਾਂਝ ਪਾਉਂਦੀਆਂ ਹਨ। ਜਿਸ ਕਰਕੇ ਇਸ ਦੀਆਂ ਕਿਤਾਬਾਂ ਮਿਆਰੀ ਲਾਇਬ੍ਰੇਰੀਆਂ ਦੀ ਸ਼ਾਨ ਬਣਦੀਆਂ। ਚੰਗੀਆਂ ਕਿਤਾਬਾਂ ਦੀ ਗਿਣਤੀ 'ਚ ਗਿਣੀਆਂ ਜਾਂਦੀਆਂ ਹਨ ਅਤੇ ਚੰਗੇ ਦੋਸਤ ਵਾਂਗ ਤੁਹਾਡੇ ਨਾਲ ਵਿਚਰਦੀਆਂ ਹਨ। ਕਈ ਕਿਤਾਬਾਂ ਦੇ ਰਚੇਤਾ ਰਵਿੰਦਰ ਦੀਆਂ ਚੋਣਵੀਆਂ ਕਿਤਾਬਾਂ ਹਨ, 'ਚੁਰਾਏ ਪਲਾਂ ਦਾ ਹਿਸਾਬ', 'ਜ਼ਖ਼ਮੀ ਪਲ', 'ਰਿਸ਼ਤਾ ਸ਼ਬਦ ਸਲੀਬਾਂ ਦਾ', 'ਅੱਖਰਾਂ ਦੀ ਲੋਅ', 'ਕਾਗਤ, ਕਲਮ, ਕਿਤਾਬ', 'ਅਮਰੀਕੀ ਪੰਜਾਬੀ ਕਵਿਤਾ' ਅਤੇ 'ਕੁਝ ਨਾ ਕਹੋ'।

ਰਵਿੰਦਰ ਜੀ ਅਕਸਰ ਕਹਿ ਦਿੰਦੇ ਹਨ ਕਿ ਕਵੀ ਨੂੰ ਆਪਣੇ ਅਕੀਦਿਆਂ ਦਾ ਪਾਲਣ ਕਰਨਾ ਚਾਹੀਦਾ ਹੈ, ਜ਼ਿਕਰ 'ਚ ਆਉਣਾ ਜ਼ਰੂਰੀ ਨਹੀਂ। ਇਸ ਦੀਆ ਕਵਿਤਾਵਾਂ ਦੀ ਇਹ ਛੋਟੀ ਜਿਹੀ ਝਲਕ ਗਵਾਹੀ ਭਰਦੀ ਹੈ..

ਲੋ ਅੱਖਰਾਂ ਦੀ...
ਅਸੀਂ ਵੀ ਸ਼ਾਇਦ
ਆਪਣੇ ਹਿੱਸੇ ਦੀ ਆਯੂ
ਕੀੜਿਆਂ ਵਾਂਗੂੰ ਰੀਂਘ-ਰੀਂਘ ਕੇ
ਬਸਰ ਗੁਜ਼ਰ ਕਰ ਲੈਂਦੇ
ਤੇ ਹਰ ਲੰਘਦਾ ਵੜਦਾ
ਜਾਣੇ ਅਣਜਾਣ ਵਿਚ
ਆਪਣੀ ਹੀ ਧੁਨ ਅੰਦਰ ਮਸਤ
ਮਸਲ ਕੇ ਅਗਾਂਹ ਲੰਘ ਜਾਂਦਾ
ਤੜਪ-ਤੜਪ ਕੇ ਦਮ ਤੋੜਦਿਆਂ ਨੂੰ
ਨਾ ਕੋਈ ਗਿਲਾ ਹੁੰਦਾ ਨਾ ਸ਼ਿਕਵਾ
ਨਾ ਕਦੇ ਜਾਂਚ ਹੀ ਆਉਂਦੀ
ਸੰਘਰਸ਼ਾਂ ਟੱਕਰਾਂ ਦੀ
ਜੇ ਸਾਡੇ ਕੋਲ਼ ਨਾ ਹੁੰਦੀ
ਲੋ ਅੱਖਰਾਂ ਦੀ
ਜ਼ਫ਼ਰਨਾਮੇ ਵਿਚ ਬਲ਼ਦੇ ਅੱਖਰ
ਮੋਹ ਮੁਹੱਬਤ ਵਿਚ ਗੜੁੱਚੇ
ਵਾਰਿਸ ਅਤੇ ਸ਼ਿਵ ਦੇ ਅੱਖਰ
ਨਾ ਅੰਬਰ ਨਾ ਧਰਤੀ ਪਾਉਂਦੀ
ਬਾਤ ਬੁੱਲ੍ਹੇ ਜਿਹੇ ਫ਼ੱਕਰਾਂ ਦੀ
ਜੇ ਸਾਡੇ ਕੋਲ ਨਾ ਹੁੰਦੀ
ਲੋਅ ਅੱਖਰਾਂ ਦੀ..

ਸੋਨਾ ਚਾਂਦੀ....
ਨਿੱਕੇ ਹੁੰਦਿਆਂ
ਜਦ ਪਿੰਡ ਦੇ ਕੁਝ ਲਾਡਲੇ ਕਾਕੇ
ਗਲ਼ਾਂ 'ਚ ਸੋਨੇ ਦੀਆਂ ਜ਼ੰਜੀਰੀਆਂ ਪਾ ਕੇ
ਮੇਰੇ ਕੋਲੋਂ ਗੁਜ਼ਰਦੇ ਤਾਂ
ਤਾਂ ਸੋਨੇ ਦੀ ਚਮਕ
ਮੇਰੀਆਂ ਅੱਖਾਂ ਚੁੰਧਿਆ ਜਾਂਦੀ
ਤੇ ਮੈਂ ਡੋਰ-ਭੌਰ ਹੋਇਆ
ਹੱਥ 'ਚ ਰੰਬੇ ਨੂੰ ਚੁੰਮ ਲੈਂਦਾ

ਜਦ ਮੈਂ ਉਸ ਨੂੰ ਕਿਹਾ
ਕਿ ਤੂੰ
ਸਾਰੀ ਦੀ ਸਾਰੀ ਚਾਂਦੀ ਬਣ ਜਾ
ਚਾਂਦੀ ਦੀ ਧਰਤ ਵਰਗੀ
ਚਾਂਦੀ ਦੀ ਨਜ਼ਮ ਵਰਗੀ
ਕੋਈ ਚਾਂਦੀ ਦੀ ਕਿਤਾਬ
ਤਾਂ ਉਸ ਕਿਹਾ
ਭੈੜਿਆ
ਇੰਨਾਂ ਵਕਤਾਂ 'ਚ ਚਾਂਦੀ ਨੂੰ ਕੌਣ ਪੁੱਛਦਾ..

ਪੰਜਾਬ ਬਿਮਾਰ ਹੈ....
ਯਾਦ ਕਰਦਾ ਹੈ ਇਹ
ਨਾਨਕ ਨੂੰ, ਫ਼ਰੀਦ ਨੂੰ
ਵਾਰਿਸ ਨੂੰ, ਬੁੱਲੇ ਨੂੰ
ਨਿੱਤਰੇ ਹੋਏ ਪਾਣੀਆਂ ਨੂੰ
ਠੰਡੀਆਂ ਸਾਫ਼ ਹਵਾਵਾਂ ਨੂੰ
ਬੋਹੜਾਂ ਨੂੰ, ਪਿੱਪਲ਼ਾਂ ਨੂੰ
ਸਾਂਝੀਆਂ ਸੱਥਾਂ ਨੂੰ
ਤੂਤਾਂ ਦੀਆ ਛਾਵਾਂ ਨੂੰ
ਦਰਦ ਵੰਡਾਵਣ ਲਈ
ਮਿਲਕੇ ਜੋ ਬਹਿੰਦੇ ਸੀ
ਭੈਣਾਂ ਨੂੰ ਭਰਾਵਾਂ ਨੂੰ
ਹੁਣ ਤਾਂ ਹੈ ਖ਼ੁੱਸਿਆ-ਖ਼ੁੱਸਿਆ
ਇਸਦਾ ਸਤਿਕਾਰ ਹੈ
ਜੀ ਹਾਂ ! ਪੰਜਾਬ ਬੀਮਾਰ ਹੈ..
ਨਜ਼ਮ....
ਸੌਂ ਰਿਹਾ ਸੀ ਘੂਕ

**(ਬਾਕੀ ਅਗਲੇ ਸਫੇ 'ਤੇ)**

# ਸੰਵਿਧਾਨਕ ਆਦਰਸ਼ਾਂ ਦੇ ਖਿਲਾਫ ਦੇਸ਼ ਦੀ ਰਾਜਸੱਤਾ

ਪਿਛਲੇ ਕੁਝ ਸਮੇਂ ਤੋਂ ਇਹ ਲਗ ਰਿਹਾ ਹੈ ਕਿ ਲੋਕ ਆਪਸ ਵਿਚ ਹੀ ਉਲਝ ਰਹੇ ਹਨ ਅਤੇ ਹਾਕਮ ਤਮਾਸ਼ਾ ਦੇਖ ਰਹੇ ਹਨ। ਥੋੜ੍ਹਾ ਗੌਰ ਨਾਲ ਪਰਖਿਆ ਜਾਵੇ ਤਾਂ ਇਹ ਸਮਝ ਵਿਚ ਆਉਂਦਾ ਹੈ ਕਿ ਲੋਕਾਂ ਨੂੰ ਆਪਸ ਵਿਚ ਲੜਾਇਆ ਜਾ ਰਿਹਾ ਹੈ। ਲੋਕਾਂ ਨੂੰ ਆਪਸ ਵਿਚ ਲੜਾਉਣ ਵਾਲੇ ਲੋਕ ਦੇਸ਼ ਦੀ ਰਾਜਸੱਤਾ ਵਿਚ ਕਾਬਜ਼ ਹਨ ਅਤੇ ਇਨ੍ਹਾਂ ਵਲੋਂ ਲੋਕ ਵਿਰੋਧੀ ਕਾਰਪੋਰੇਟ ਘਰਾਣਿਆਂ ਨਾਲ ਦੋਸਤੀ ਬਣਾ ਲਈ ਹੈ। ਇਹ ਰਾਜਸੱਤਾ 'ਤੇ ਕਾਬਜ਼ ਰਹਿਣ ਲਈ ਲੋਕਾਂ ਨੂੰ ਵੰਡ ਕੇ ਆਪਸ ਵਿਚ ਲੜਾ ਰਹੇ ਹਨ। ਰਾਜਸੱਤਾ ਵਿਚ ਬੈਠੇ ਵਿਅਕਤੀ



ਸੁੱਚਾ ਸਿੰਘ ਗਿੱਲ

ਆਪਣੇ ਆਪ ਨੂੰ ਬਹੁਤ ਗਿਣਤੀ ਭਾਈਚਾਰੇ ਦੇ ਠੇਕੇਦਾਰ ਸਮਝ ਰਹੇ ਹਨ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਦੇਸ਼ ਵਿਰੋਧੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਸੰਵਿਧਾਨਕ ਆਦਰਸ਼**

ਦੇਸ਼ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਕੀਤਾ ਗਿਆ ਹੈ ਕਿ ਭਾਰਤ ਇੱਕ ਆਜ਼ਾਦ, ਸਮਾਜਵਾਦੀ, ਧਰਮਨਿਰਪੱਖ ਅਤੇ ਜਮਹੂਰੀ ਦੇਸ਼ ਹੈ। ਇਸ ਦੇ ਨਾਲ ਹੀ ਇਹ ਵੀ ਦਰਜ ਕੀਤਾ ਗਿਆ ਹੈ ਕਿ ਦੇਸ਼ ਦੇ ਹਰ ਇੱਕ ਨਾਗਰਿਕ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਪ੍ਰਦਾਨ ਕੀਤਾ ਜਾਵੇਗਾ; ਹਰ ਇੱਕ ਨਾਗਰਿਕ ਨੂੰ ਵਿਚਾਰ ਪ੍ਰਗਟ ਕਰਨ, ਵਿਚਾਰ ਰੱਖਣ; ਧਰਮ ਅਪਨਾਉਣ; ਅਤੇ ਪੂਜਾ ਪਾਠ ਕਰਨ ਜਾਂ ਧਾਰਮਿਕ ਰਸਮਾਂ ਨੂੰ ਨਿਭਾਉਣ ਦੀ ਆਜ਼ਾਦੀ ਨੂੰ ਯਕੀਨੀ ਬਣਾਇਆ ਜਾਵੇਗਾ। ਹਰ ਇੱਕ ਨਾਗਰਿਕ ਨੂੰ ਰੁਤਬੇ ਅਤੇ ਤਰੱਕੀ ਦੇ ਮੌਕਿਆਂ ਵਿਚ ਬਰਾਬਰਤਾ ਪ੍ਰਦਾਨ ਕੀਤੀ ਗਈ ਹੈ। ਇਹ ਵੀ ਯਕੀਨੀ ਬਣਾਇਆ ਗਿਆ ਹੈ ਕਿ ਸਮਾਜ ਵਿਚ ਭਾਈਚਾਰਕ ਸਾਂਝ ਬਨਾਉਣ ਤੇ ਵਿਅਕਤੀ ਦਾ ਮਾਣ ਸਤਿਕਾਰ ਅਤੇ ਦੇਸ਼ ਦੀ ਏਕਤਾ ਕਾਇਮ ਰੱਖੇ ਜਾਣਗੇ। ਇਨ੍ਹਾਂ ਆਦਰਸ਼ਾਂ ਨੂੰ ਪ੍ਰਾਪਤ ਕਰਨ ਵਾਸਤੇ ਨਾਗਰਿਕਾਂ ਨੂੰ ਮੁਢਲੇ ਅਧਿਕਾਰ ਦਿੱਤੇ ਗਏ ਹਨ। ਇਨ੍ਹਾਂ ਅਧਿਕਾਰਾਂ ਦੀ ਰਾਖੀ ਵਾਸਤੇ ਅਦਾਲਤਾਂ ਨੂੰ ਕਾਰਜਕਾਰਨੀ (ਸਰਕਾਰ) ਦੇ ਕੰਟਰੋਲ ਤੋਂ ਖੁਦ-ਮੁਖਤਿਆਰ (Autonomous) ਰਖਿਆ ਗਿਆ ਹੈ। ਦੇਸ਼ ਵਿਚ ਹਰ ਬਾਲਗ ਨਾਗਰਿਕ ਨੂੰ ਬਿਨਾ ਕਿਸੇ ਜਾਤੀ, ਧਰਮ, ਰੰਗ ਜਾਂ ਇਲਾਕਾਈ ਭੇਦ ਭਾਵ ਦੇ ਵੋਟ ਪਾਉਣ ਅਤੇ ਚੋਣ ਲੜਨ ਦਾ ਅਧਿਕਾਰ ਦਿੱਤਾ ਗਿਆ ਹੈ। ਚੋਣ ਲੜ ਕੇ ਜੇਤੂ ਪਾਰਲੀਮੈਂਟ ਜਾਂ ਵਿਧਾਨ ਸਭਾ ਦੇ ਮੈਂਬਰਾਂ ਨੂੰ ਕਾਨੂੰਨ ਬਣਾਉਣ ਅਤੇ ਮੰਤਰੀ ਮੰਡਲ ਬਨਾਉਣ ਦਾ ਹੱਕ ਦਿੱਤਾ ਗਿਆ ਹੈ। ਚੁਣੇ ਗਏ ਵਿਧਾਇਕਾਂ/ਪਾਰਲੀਮੈਂਟ ਦੇ ਮੈਂਬਰਾਂ ਨੂੰ ਕਾਰਜਕਾਰਨੀ ਦੇ ਕੰਟਰੋਲ ਤੋਂ ਖੁਦ-ਮੁਖਤਿਆਰ ਰਖਿਆ ਗਿਆ ਹੈ। ਇਨ੍ਹਾਂ ਦੀਆਂ ਚੋਣਾਂ ਦੇ ਕਾਰਜ ਵਾਸਤੇ ਦੇਸ਼ ਵਿਚ ਖੁਦ-ਮੁਖਤਿਆਰ ਚੋਣ ਕਮਿਸ਼ਨ ਬਣਾਇਆ ਗਿਆ ਹੈ। ਕਾਰਜਕਾਰਨੀ ਨੂੰ ਵਿਧਾਇਕਾਂ/ਪਾਰਲੀਮੈਂਟ ਦੇ ਮੈਂਬਰਾਂ ਸਾਹਮਣੇ ਜਵਾਬ ਦੇਹ ਬਣਾਇਆ ਗਿਆ ਹੈ। ਇਸ ਤਰ੍ਹਾਂ ਰਿਆਸਤ/ਸਟੇਟ ਦੇ ਤਿੰਨਾਂ ਅੰਗਾਂ—ਨਿਆਂਪਾਲਿਕਾ, ਕਾਰਜਕਾਰਨੀ ਅਤੇ ਵਿਧਾਨਪਾਲਿਕਾ ਨੂੰ ਇੱਕ ਦੂਜੇ ਤੋਂ ਅਲੱਗ ਅਤੇ ਖੁਦ-ਮੁਖਤਿਆਰ ਰਖਿਆ ਗਿਆ ਹੈ। ਇਨ੍ਹਾਂ ਦੇ ਕੰਮਕਾਜ ਤੇ ਨਜ਼ਰ ਰਖਣ ਅਤੇ ਲੋਕਾਂ ਪ੍ਰਤੀ ਜਵਾਬਦੇਹੀ ਲਈ ਆਜ਼ਾਦ ਪੱਤਰਕਾਰੀ ਦਾ ਪ੍ਰਬੰਧ ਕੀਤਾ ਗਿਆ ਹੈ। ਆਜ਼ਾਦ ਪੱਤਰਕਾਰੀ ਨੂੰ ਜਮਹੂਰੀਅਤ ਦਾ ਚੌਥਾ ਥੰਮ ਕਿਹਾ ਜਾਂਦਾ ਹੈ। ਇੱਕ ਸਿਹਤਮੰਦ ਜਮਹੂਰੀਅਤ ਵਾਸਤੇ ਇਨ੍ਹਾਂ ਥੰਮ੍ਹਾਂ ਦੀ ਆਜ਼ਾਦ ਹਸਤੀ ਅਤੇ ਕਾਰਗਰ ਕਾਰਵਾਈ ਬਹੁਤ ਮਹੱਤਵਪੂਰਨ ਹੈ। ਇਨ੍ਹਾਂ ਵਿਚੋਂ ਕਿਸੇ ਇੱਕ ਦੇ ਕਮਜ਼ੋਰ ਹੋਣ ਜਾਂ ਕੰਮਕਾਜ ਵਿਚ ਵਿਘਨ ਪੈਣ ਤੇ ਜਮਹੂਰੀਅਤ ਨੂੰ ਖੋਰਾ ਲਗ ਜਾਂਦਾ ਹੈ। ਜਮਹੂਰੀਅਤ ਨੂੰ ਸਹੀ ਲੀਹਾਂ ਤੇ ਰਖਣ ਵਾਸਤੇ ਸੰਵਿਧਾਨ ਦੇ ਨਿਰਮਾਤਾਵਾਂ ਵਲੋਂ ਚੇਤੰਨ ਅਤੇ ਜਾਗਰੂਕ ਨਾਗਰਿਕਾਂ ਦੇ ਰੋਲ ਨੂੰ ਬਹੁਤ ਮਹੱਤਵਪੂਰਨ ਮੰਨਿਆ ਹੈ। ਇਸ ਵਾਸਤੇ ਦੇਸ਼ ਦੇ ਵਿਕਾਸ ਨੂੰ ਸਹੀ ਲੀਹਾਂ 'ਤੇ ਰਖਣ ਲਈ ਸੰਵਿਧਾਨ ਵਿਚ ਮੌਲਿਕ ਅਧਿਕਾਰਾਂ ਦੇ ਨਾਲ ਨਾਲ ਨਿਰਦੇਸ਼ਕ ਸਿਧਾਂਤ ਵੀ ਦਿੱਤੇ ਗਏ ਹਨ। ਇਨ੍ਹਾਂ ਸਿਧਾਂਤਾਂ ਅਨੁਸਾਰ ਦੇਸ਼ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਦਿਸ਼ਾ ਬਾਰੇ ਲਿਖਿਆ ਗਿਆ ਹੈ। ਇਨ੍ਹਾਂ ਸਿਧਾਂਤਾਂ ਅਨੁਸਾਰ ਦੇਸ਼ ਨੂੰ ਇਸ ਤਰ੍ਹਾਂ ਵਿਕਸਿਤ ਕੀਤਾ ਜਾਵੇਗਾ ਕਿ ਆਰਥਿਕ ਵਸੀਲਿਆਂ ਤੇ ਮੁੱਠੀਭਰ ਵਿਅਕਤੀ ਕਾਬਜ਼ ਨਾਂ ਹੋ ਜਾਣ। ਕਿਉਂਕਿ ਭਾਰਤ ਇੱਕ ਵਿਸ਼ਾਲ ਦੇਸ਼ ਹੈ ਅਤੇ ਦੇਸ਼ ਵਿਚ ਵੱਖ ਵੱਖ ਧਰਮਾਂ, ਜਾਤਾਂ, ਨਸਲਾਂ ਅਤੇ ਇਲਾਕਿਆਂ ਦੇ ਲੋਕ ਰਹਿੰਦੇ ਹਨ। ਹਰ ਖਿੱਤੇ ਦੇ ਲੋਕਾਂ ਦੀਆਂ ਅਲੱਗ ਅਲੱਗ ਬੋਲੀਆਂ, ਰਹੁ-ਰੀਤਾਂ ਅਤੇ ਸਭਿਆਚਾਰ ਹਨ। ਇਸ ਕਰਕੇ ਦੇਸ਼ ਨੂੰ ਵੱਖ ਵੱਖ ਧਰਮਾਂ ਅਤੇ ਸੱਭਿਆਚਾਰਾਂ ਦਾ ਗੁਲਦੱਸਤਾ ਕਿਹਾ ਜਾਂਦਾ ਹੈ। ਇਹੋ ਕਾਰਨ ਹੈ ਕਿ ਭਾਰਤ ਦੇਸ਼ ਨੂੰ ਸੂਬਿਆਂ ਦੀ ਯੂਨੀਅਨ ਕਿਹਾ ਜਾਂਦਾ ਹੈ। ਸੂਬਿਆਂ ਅਤੇ ਕੇਂਦਰ ਸਰਕਾਰ ਦੇ ਕਾਰਜ ਖੇਤਰਾਂ ਨੂੰ ਵੱਖ ਸੂਚੀਆਂ ਵਿਚ ਦਰਜ ਕੀਤਾ ਗਿਆ ਹੈ ਤਾਂ ਕਿ ਸੂਬਾ ਸਰਕਾਰਾਂ ਸੂਬਿਆਂ ਦੀਆਂ ਭੂਗੋਲਿਕ, ਆਰਥਿਕ ਅਤੇ ਸੱਭਿਆਚਾਰਕ ਲੋੜਾਂ ਮੁਤਾਬਕ ਫੈਸਲੇ ਕਰ ਸਕਣ ਅਤੇ ਵਿਕਾਸ ਕਰ ਸਕਣ। ਇਸ ਨੂੰ ਸੂਬਿਆਂ ਦੀ ਖੁਦਮੁਖਤਿਆਰੀ ਵੀ ਕਿਹਾ ਜਾਂਦਾ ਹੈ।

**ਆਦਰਸ਼ਾਂ ਨੂੰ ਤੋੜਨ ਦੀਆਂ ਕੋਸ਼ਿਸ਼ਾਂ**

ਆਜ਼ਾਦੀ ਦੇ ਸ਼ੁਰੂ ਦੇ ਸਾਲਾਂ ਵਿਚ ਦੇਸ਼ ਨੂੰ ਇਨ੍ਹਾਂ ਆਦਰਸ਼ਾਂ ਮੁਤਾਬਕ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਵਾਸਤੇ ਨਿਆਂਪਾਲਿਕਾ ਨੂੰ ਖੁਦ-ਮੁਖਤਿਆਰ ਬਣਾਇਆ ਗਿਆ, ਸੂਬਿਆਂ ਨੂੰ ਭਾਸ਼ਾ ਦੇ ਤੌਰ 'ਤੇ ਸੰਗਠਿਤ ਕੀਤਾ ਗਿਆ, ਅਤੇ ਕੇਂਦਰ ਦੀ ਸੂਬਿਆਂ ਦੇ ਅਧਿਕਾਰਾਂ ਵਿਚ ਦਖਲ ਅੰਦਾਜ਼ੀ ਤੋਂ ਗੁਰੇਜ਼ ਕੀਤਾ ਗਿਆ। ਕਾਰਜਕਾਰਨੀ ਨੂੰ ਵਿਧਾਨਪਾਲਿਕਾ ਦੀ ਜੁਆਬਦੇਹੀ ਸੁਨਿਸ਼ਚਿਤ ਕੀਤਾ ਗਿਆ ਅਤੇ ਦੇਸ਼ ਪੱਧਰ 'ਤੇ ਕੰਮ ਕਰਦੀਆਂ ਏਜੰਸੀਆਂ ਨੂੰ ਖੁਦ-ਮੁਖਤਿਆਰ ਬਣਾਇਆ ਗਿਆ। ਭਾਵੇਂ ਇਸ



ਕਾਰਜ ਵਿਚ ਕੁਝ ਕਮਜ਼ੋਰੀਆਂ ਸਨ ਪਰ ਇਸ ਦੀ ਦਿਸ਼ਾ ਠੀਕ ਸੀ। ਇਨ੍ਹਾਂ ਆਦਰਸ਼ਾਂ ਨੂੰ ਪਹਿਲਾ ਵੱਡਾ ਧੱਕਾ ਜੂਨ 1975 ਵਿਚ ਲੱਗਾ ਜਦੋਂ ਦੇਸ਼ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਐਮਰਜੈਂਸੀ ਲਗਾ ਦਿੱਤੀ ਗਈ ਸੀ। ਐਮਰਜੈਂਸੀ ਦੇ 18 ਮਹੀਨਿਆਂ ਦੌਰਾਨ ਦੇਸ਼ ਵਾਸੀਆਂ ਦੇ ਜਮਹੂਰੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਮਨਸੂਖ (Suspend) ਕਰ ਦਿੱਤਾ ਗਿਆ ਸੀ। ਇੱਕ ਲੱਖ ਦੇ ਕਰੀਬ ਵਿਰੋਧੀ ਪਾਰਟੀਆਂ ਦੇ ਆਗੂਆਂ, ਮੈਂਬਰਾਂ ਅਤੇ ਹਮਾਇਤੀਆਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਸੀ। ਇਸ ਦੌਰਾਨ ਸਿੱਖਿਆ ਦੀ ਮੱਦ ਨੂੰ ਸੂਬਿਆਂ ਦੀ ਲਿਸਟ ਵਿਚੋਂ ਕੱਢ ਕੇ ਸਾਂਝੀ (Concurrent) ਲਿਸਟ ਵਿਚ ਤਬਦੀਲ ਕਰ ਦਿਤਾ ਗਿਆ ਸੀ। ਐਮਰਜੈਂਸੀ ਤੋਂ ਬਾਅਦ ਜਮਹੂਰੀ ਹੱਕ ਅਤੇ ਸ਼ਹਿਰੀ ਆਜ਼ਾਦੀਆਂ ਤਾਂ ਬਹਾਲ ਹੋ ਗਈਆਂ ਪਰ ਵਿਦਿਆ ਨੂੰ ਸਾਂਝੀ ਲਿਸਟ ਵਿਚ ਹੀ ਰਹਿਣ ਦਿੱਤਾ ਗਿਆ। ਕਾਂਗਰਸ ਪਾਰਟੀ ਚੋਣਾਂ ਵਿਚ ਹਾਰ ਗਈ ਅਤੇ ਇਸ ਤੋਂ ਬਾਅਦ ਦੇਸ਼ ਵਿਚ ਨਵ-ਉਦਾਰਵਾਦ ਦਾ ਬੋਲਬਾਲਾ ਵਧਣਾ ਸ਼ੁਰੂ ਹੋਇਆ ਅਤੇ 1991 ਵਿਚ ਨਵੀਂ ਆਰਥਿਕ ਨੀਤੀ ਦਾ ਐਲਾਨ ਨਰਸਿਮਹਾ ਰਾਓ ਦੀ ਸਰਕਾਰ ਸਮੇਂ ਡਾ. ਮਨਮੋਹਨ ਸਿੰਘ ਵਲੋਂ ਕੀਤਾ ਗਿਆ ਸੀ। ਇਸ ਨੀਤੀ ਦੇ ਤਿੰਨ ਪਹਿਲੂ ਹਨ- ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ। ਇਸ ਨੀਤੀ ਵਿਚ ਕਾਰਪੋਰੇਟ ਕੰਪਨੀਆਂ ਉਪਰ ਏਕਾਧਿਕਾਰ ਕਾਨੂੰਨ ਤਹਿਤ ਸਭ ਰੋਕਾਂ ਹਟਾ ਦਿੱਤੀਆਂ ਗਈਆਂ ਸਨ। ਵਿਦੇਸ਼ੀ ਕੰਪਨੀਆਂ ਅਤੇ ਸਰਮਾਏ ਨੂੰ ਦੇਸ਼ ਵਿਚ ਆਉਣ 'ਤੇ ਖੁੱਲ੍ਹ ਦਿੱਤੀ ਗਈ ਅਤੇ ਵਿਕਸਤ ਹੋਣ ਦੀਆਂ ਸਹੂਲਤਾਂ ਵੀ ਮੁਹਾਇਆ ਕੀਤੀਆਂ ਗਈਆਂ। ਇਸ ਨਾਲ ਆਰਥਿਕ ਵਿਕਾਸ ਅਤੇ ਸਾਧਨਾਂ ਉਪਰ ਕਾਰਪੋਰੇਟ ਕੰਪਨੀਆਂ ਨੇ ਤੇਜ਼ੀ ਨਾਲ ਕਬਜ਼ਾ ਜਮਾਉਣਾ ਸ਼ੁਰੂ ਕਰ ਦਿੱਤਾ। ਕੇਂਦਰੀ ਸਰਕਾਰਾਂ ਵੱਲੋਂ ਵੱਡੀਆਂ ਕਾਰਪੋਰੇਟ ਕੰਪਨੀਆਂ ਨੂੰ ਟੈਕਸਾਂ ਵਿਚ ਰਿਆਇਤਾਂ ਦਾ ਦੌਰ ਸ਼ੁਰੂ ਹੋ ਗਿਆ। ਇਸ ਤੋਂ ਇਲਾਵਾ ਬੈਂਕਾਂ ਵਲੋਂ ਇਨ੍ਹਾਂ ਨੂੰ ਵੱਡੇ ਵੱਡੇ ਕਰਜ਼ੇ ਦਿੱਤੇ ਗਏ ਅਤੇ ਘਾਟੇ ਦੇ ਬਹਾਨੇ ਕਈ ਲਖ ਕਰੋੜ ਰੁਪਿਆਂ ਦੇ ਕਰਜ਼ੇ ਇੱਕ 'ਟਾਈਮ ਸੈਟਲਮੈਂਟ ਸਕੀਮ' ਤਹਿਤ ਹਰ ਸਾਲ ਮਾਫ਼ ਕੀਤੇ ਜਾਣ ਲੱਗ ਪਏ। ਇਹ ਰੁਝਾਨ 2014 ਤੋਂ ਬਾਅਦ ਹੋਰ ਤੇਜ਼ੀ ਨਾਲ ਵਧ ਗਿਆ ਹੈ। ਕਾਰਪੋਰੇਟ ਆਮਦਨ ਟੈਕਸ ਦੀ ਦਰ 39% ਤੋਂ ਘੱਟ ਕਰਕੇ 25% ਕਰ ਦਿੱਤੀ ਗਈ ਹੈ। ਧਨ-ਦੌਲਤ ਟੈਕਸ ਬਿਲਕੁਲ ਹਟਾ ਦਿੱਤਾ ਗਿਆ ਹੈ। ਇਸ ਨਾਲ ਦੇਸ਼ ਵਿਚ ਆਮਦਨ ਤੇ ਧਨ-ਦੌਲਤ ਦੀ ਵੰਡ ਵਿਚ ਪਾੜਾ ਬੇਹੱਦ ਪੱਧਰ ਤੱਕ ਵੱਧ ਗਿਆ ਹੈ। ਤਾਜ਼ਾ ਅਨੁਮਾਨਾਂ ਅਨੁਸਾਰ ਦੇਸ਼ ਦੀ ਕੁੱਲ ਆਮਦਨ ਦਾ 40% ਤੋਂ ਵੱਧ ਹਿੱਸਾ ਕਾਰਪੋਰੇਟ ਘਰਾਣਿਆਂ ਦੇ ਕੋਲ ਚਲਾ ਗਿਆ ਹੈ। ਕਾਰਪੋਰੇਟ ਘਰਾਣਿਆਂ ਦੇ ਮਾਲਕ ਕੁੱਲ ਵਸੋਂ ਦੇ 1% ਤੋਂ ਵੀ ਘੱਟ ਹੈ। ਜਦੋਂ ਕਿ ਗਰੀਬ 50% ਵਸੋਂ ਕੋਲ ਕੁੱਲ ਆਮਦਨ ਦਾ 13.1% ਹੀ ਰਹਿ ਗਿਆ ਹੈ। ਇਵੇਂ ਹੀ ਕੁੱਲ ਧਨ-ਦੌਲਤ ਦਾ ਵੱਡਾ ਹਿੱਸਾ ਦੇਸ਼ ਦੇ ਅਮੀਰਾਂ ਕੋਲ ਇਕੱਠਾ ਹੋ ਗਿਆ ਹੈ। ਓਕਸਫੈਮ ਇੰਡੀਆ ਦੀ ਤਾਜ਼ਾ ਰਿਪੋਰਟ ਅਨੁਸਾਰ ਦੇਸ਼ 1% ਅਮੀਰ ਵਿਅਕਤੀਆਂ ਕੋਲ 2022 ਵਿਚ 40.5% ਧਨ-ਦੌਲਤ ਇਕੱਠੀ ਹੋ ਗਈ ਹੈ ਅਤੇ ਅਰਬ ਪਤੀਆਂ ਦੀ ਗਿਣਤੀ 2020 ਵਿਚ 102 ਸੀ ਜਿਹੜੀ 2023 ਵਿਚ ਵਧ ਕੇ 166 ਹੋ ਗਈ ਹੈ। ਹੇਠਲੇ 50% ਲੋਕਾਂ ਕੋਲ ਸਿਰਫ 5.9% ਹੀ ਧਨ-ਦੌਲਤ ਰਹਿ ਗਈ ਹੈ। ਹੁਣ ਭਾਰਤ ਦੁਨੀਆਂ ਦੇ ਸਭ ਤੋਂ ਵੱਧ ਗੈਰ ਬਰਾਬਰੀ ਵਾਲੇ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਹੈ। ਇਸ ਸਾਰੇ ਵਰਤਾਰੇ ਨਾਲ ਕਾਰਪੋਰੇਟ ਕੰਪਨੀਆਂ ਦੀ ਜਕੜ ਦੇਸ਼ ਦੀ ਆਰਥਿਕਤਾ ਵਿਚ ਬਹੁਤ ਮਜ਼ਬੂਤ ਅਤੇ ਮਹਤਵਪੂਰਣ ਹੋ ਗਈ ਹੈ। ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਦੇ ਅਧਿਕਾਰਾਂ ਤੇ ਕੋਵਿਡ ਮਹਾਂਮਾਰੀ ਦੌਰਾਨ ਕਾਫੀ ਵੱਡੇ ਹਮਲੇ ਕਰਕੇ ਉਨ੍ਹਾਂ ਨੂੰ ਸੀਮਤ ਕਰਕੇ ਕਿਰਤੀਆਂ ਦੀ ਹੋਰ ਲੁੱਟ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ। ਸੂਬਿਆਂ ਦੇ ਅਧਿਕਾਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਜੀ ਐਸ ਟੀ ਨੂੰ 2016 ਵਿਚ ਲਾਗੂ ਕਰਨ ਤੋਂ ਬਾਅਦ ਸੂਬਿਆਂ ਕੋਲੋਂ ਟੈਕਸ ਲਾਉਣ ਅਤੇ ਇਕੱਠੇ ਕਰਨ ਦੇ ਅਧਿਕਾਰ 'ਤੇ ਡੂੰਘੀ ਸੱਟ ਵੱਜੀ ਹੈ। ਕੇਂਦਰੀ ਏਜੰਸੀਆਂ, ਸੀ ਬੀ ਆਈ, ਆਮਦਨ ਕਰ ਡਾਇਰੈਕਟਰ ਆਦਿ ਦੀ ਦੁਰਵਰਤੋਂ ਨਾਲ ਵਿਰੋਧੀ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ ਅਤੇ ਕਈ ਸੂਬਿਆਂ ਵਿਚ ਸਰਕਾਰਾਂ ਨੂੰ ਤੋੜਿਆ ਵੀ ਜਾ ਰਿਹਾ ਹੈ। ਦੇਸ਼ ਦੇ ਲੋਕਾਂ ਨੂੰ ਧਰਮ ਦੇ ਨਾਮ ਤੇ ਵੰਡਿਆ ਜਾ ਰਿਹਾ ਹੈ ਅਤੇ ਲੜਾਇਆ ਜਾ ਰਿਹਾ ਹੈ। ਦੰਗਾਕਾਰੀਆਂ ਦੀਆਂ ਭੀੜਾਂ ਨੂੰ ਤਾਕਤਵਰ ਵਿਅਕਤੀਆਂ ਅਤੇ ਹਾਕਮ ਪਾਰਟੀ ਦੀ ਹਮਾਇਤ ਹਾਸਲ ਹੋਣ ਦੇ ਸੰਕੇਤ ਮਿਲ ਰਹੇ ਹਨ।

**ਆਦਰਸ਼ਾਂ 'ਤੇ ਹਮਲੇ ਅਤੇ ਰਾਜਸੱਤਾ**

ਦਿਨੋ-ਦਿਨ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਸੰਵਿਧਾਨਕ ਆਦਰਸ਼ਾਂ ਉਪਰ ਹੋ ਰਹੇ ਹਮਲਿਆਂ ਵਿਚ ਰਾਜਸੱਤਾ ਤੇ ਕਾਬਜ਼ ਵਿਅਕਤੀਆਂ ਦੀ ਸ਼ਮੂਲੀਅਤ ਹੈ। ਮਨੀਪੁਰ ਅਤੇ ਹਰਿਆਣਾ ਵਿਚ ਘੱਟ ਗਿਣਤੀਆਂ 'ਤੇ ਜਾਰੀ ਹਮਲਿਆਂ ਨੂੰ ਰੋਕਿਆ ਨਹੀਂ ਜਾ ਰਿਹਾ। ਨਫ਼ਰਤੀ ਭਾਸ਼ਣਬਾਜ਼ੀ ਨੂੰ ਸਰਕਾਰੀ ਏਜੰਸੀਆਂ ਵੱਲੋਂ ਰੋਕਿਆ ਨਹੀਂ ਜਾ ਰਿਹਾ ਹੈ। ਇਹ ਰਾਜਸੀ ਸੱਤਾ ਪ੍ਰਾਪਤੀ ਅਤੇ ਇਸ ਨੂੰ ਬਰਕਰਾਰ ਰੱਖਣ ਦਾ ਹਥਿਆਰ ਬਣ ਗਿਆ ਹੈ। ਕਾਰਪੋਰੇਟ ਮੀਡੀਆ ਸਿਰੇ ਦਾ ਸਰਕਾਰ ਪੱਖੀ ਰੋਲ ਨਿਭਾ ਰਿਹਾ ਹੈ। ਇਸ ਨਾਲ ਦੇਸ਼ ਭਗਤਾਂ ਵਲੋਂ ਦੇਸ਼ ਦੀ ਆਜ਼ਾਦੀ ਲਈ ਦਿਤੀਆਂ ਕੁਰਬਾਨੀਆਂ ਅਤੇ ਲੋਕਾਂ ਨਾਲ ਕੀਤੇ ਵਚਨਾਂ ਨੂੰ ਭੁਲਾ ਕੇ ਭਾਰਤ ਦੇ ਸੰਵਿਧਾਨ ਦੇ ਆਦਰਸ਼ਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਮੌਜੂਦਾ ਰਾਜਸੱਤਾ ਇਸ ਵਿਚ ਸ਼ਾਮਲ ਹੋਈ ਜਾਪਦੀ ਹੈ। ਫਿਰਕੂ ਫਸਾਦਾਂ ਦੇ ਅਧਿਐਨ ਕਰਨ ਵਾਲੇ ਮਾਹਰਾਂ ਦਾ ਵਿਚਾਰ ਹੈ, ਜਿਥੇ ਵੀ ਐਸੇ ਫਸਾਦ ਸ਼ੁਰੂ ਹੁੰਦੇ ਹਨ ਸਰਕਾਰ ਇਨ੍ਹਾਂ ਨੂੰ 24 ਘੰਟਿਆਂ ਵਿਚ ਰੋਕਣ ਦੀ ਸਮਰੱਥਾ ਰਖਦੀ ਹੈ। ਜੇਕਰ ਇਹ ਫਸਾਦ 24 ਘੰਟਿਆਂ ਤੋਂ ਬਾਅਦ ਵੀ ਜਾਰੀ ਰਹਿੰਦੇ ਹਨ ਤਾਂ ਇਸ ਦਾ ਮਤਲਬ ਹੈ ਕਿ ਸਰਕਾਰ ਇਸ ਨੂੰ ਰੋਕਣਾ ਨਹੀਂ ਚਾਹੁੰਦੀ। ਇਹ ਧਾਰਨਾ ਅਜੋਕੇ ਸਮੇਂ ਵਿਚ ਮਨੀਪੁਰ ਅਤੇ ਹਰਿਆਣਾ ਵਿਚ ਫਿਰਕੂ ਦੰਗਿਆਂ ਨੂੰ ਸਮਝਣ ਵਿਚ ਮਦਦ ਕਰਦੀ ਹੈ।

## *ਰਵਿੰਦਰ ਸਿੰਘ ਸਹਿਰਾਅ - ਮਾਣ ਸਾਡੇ ਪਿੰਡ ਦਾ'*

**(ਪਿਛਲੇ ਸਫੇ ਦਾ ਬਾਕੀ)**

ਦਰਵਾਜ਼ੇ 'ਤੇ
ਹਲਕੀ ਜਿਹੀ ਠੱਕ-ਠੱਕ ਹੋਈ
ਉਠਿਆ, ਦੇਖਿਆ
ਕੋਈ ਨਹੀਂ ਸੀ
ਰਾਤ
ਅੱਧਿਓਂ ਵੀ ਟੱਪ ਚੁੱਕੀ ਸੀ
ਪਲਸੇਟੇ ਮਾਰਦਾ
ਫਿਰ ਸੌਂਕ ਗਿਆ
ਅੱਖਾਂ ਮਲਦਾ ਸਵੇਰੇ ਉਠਿਆ
ਤਾਂ ਦੰਗ ਰਹਿ ਗਿਆ
ਦਰਵਾਜ਼ੇ 'ਤੇ
ਨਜ਼ਮ ਖੜੀ ਸੀ..।

ਕਿੱਥੇ ਗਏ ਨੇ ਉਹ ਰਾਹ....
ਕਿੱਥੇ ਗਏ ਨੇ ਉਹ ਰਾਹ?
ਜਿਨ੍ਹਾਂ 'ਤੇ ਕਦੇ ਤੁਰਿਆ ਸੀ
ਸਿਆਲਾਂ ਵਿਚ
ਹੁਨਾਲਾਂ ਵਿਚ
ਦਿਨਾਂ ਤੇ ਰਾਤਾਂ ਵਿਚ
ਬੱਸ ਤੁਰਦੇ ਜਾਣਾ ਹੀ
ਸਿੱਖਿਆ ਸੀ ਪੈਰਾਂ ਨੇ
ਪੈਂਡਾ ਕਿੰਨਾ ਹੈ?
ਮੰਜ਼ਿਲ ਕਿੱਥੇ ਹੈ?
ਪਹੁੰਚ ਸਕਾਂਗੇ
ਜਾ ਨਹੀਂ?
ਕਦੇ ਸੋਚਿਆ ਵੀ ਨਹੀਂ ਸੀ
ਬਸ
ਜਾਣੇ-ਅਣਜਾਣੇ ਰਾਹਾਂ 'ਤੇ
ਪੁਲਾਘਾਂ ਭਰਦੇ
ਤੁਰੀ ਜਾਂਦੇ ਸਾਂ
ਕਿੱਥੇ ਗਏ ਨੇ ਉਹ ਰਾਹ?

ਮਖੌਟਾਧਾਰੀ....
ਉਹ ਮਾਹਰ ਹਨ
ਆਪਣੀਆਂ
ਮਾਨਵਤਾ ਵਿਰੋਧੀ ਚਾਲਾਂ ਲਈ
ਕਦੇ ਧਰਮ
ਤੇ ਕਦੇ ਕੌਮ ਦੇ ਨਾਂ 'ਤੇ
ਦੰਗੇ ਕਰਾਉਂਦੇ ਹਨ
ਫਿਰ ਆਪਣੀਆਂ ਆਲੀਸ਼ਾਨ ਕੋਠੀਆਂ 'ਚ ਬਹਿ ਕੇ
ਜਸ਼ਨ ਮਨਾਉਂਦੇ ਹਨ
ਉਹ ਮਖੌਟੇ ਪਹਿਨ ਕੇ
ਲੋਕਾਂ 'ਚ ਵਿਚਰਦੇ
ਕਦੇ ਦਾਨੀ, ਕਦੇ ਸਮਾਜ ਸੇਵਕ
ਖ਼ਬਰੇ ਕੀ ਕੀ
ਢੰਗ ਵਰਤਦੇ
ਭੋਲੇ ਲੋਕਾਂ ਦੀ
ਚਾਲਾਂ'ਚ ਫਸਣ ਦੀ
ਚਾਲ ਤੇ ਹੱਸਦੇ
ਤੇ ਆਪਣੇ ਗੁਰੂ ਘੰਟਾਲਾਂ ਨੂੰ
ਆਪਣੀ ਪ੍ਰਾਪਤੀ ਦੱਸਦੇ

ਤੇ ਕਵਿਤਾ ਦਾ ਇਹ ਰੰਗ ਵੀ....
ਪਤਾ ਨਹੀਂ ਕਿ"
ਹਰ ਵੇਲੇ ਲਿਖ ਦਿੰਦਾ ਹਾਂ
ਪੱਥਰਾਂ 'ਤੇ ਉਸਦਾ ਨਾਂ
ਕਿ ਪੱਥਰਾਂ ਨਾਲ
ਗੱਲ ਕਰਨ ਦੀ ਅੱਜ ਕੱਲ੍ਹ
ਕਿਸੇ ਕੋਲ ਵਿਹਲ ਹੀ ਕਿੱਥੇ ਹੈ
ਉਸ ਕਿਹਾ
ਕਿਵੇਂ ਰਿਹਾ ਸਫਰ?
....ਬਹੁਤ ਖੂਬਸੂਰਤ
ਕੋਈ ਅਭੁੱਲ ਯਾਦ...
ਹਾਂ...
ਬੱਦਲ ਦਾ ਇੱਟ ਟੋਟਾ
ਉਡ ਰਿਹਾ ਸੀ ਨਾਲ ਨਾਲ
ਅਚਾਨਕ ਕੋਲ ਆਇਆ
ਤਾਂ ਮੈਂ...
ਉਸ ਉੱਪਰ ਤੇਰਾ ਨਾਂ ਲਿਖ ਦਿੱਤਾ
ਜੇ ਮਿਲਣਾ ਹੈ....
ਜੇ ਮਿਲਣਾ ਹੈ
ਤਾਂ ਇਸ ਤਰ੍ਹਾਂ ਮਿਲੀਂ
ਜਿਵੇਂ ਪੰਛੀ
ਉਡਾਰੀ ਮਾਰ ਕੇ
ਬੋਟਾਂ ਨੂੰ ਮਿਲਦਾ ਹੈ..

ਕਾਗਜ਼, ਕਲਮ, ਅਤੇ ਦਵਾਤ ਦੀ ਜਗ੍ਹਾ ਹੁਣ ਕੰਪਿਊਟਰ ਨੇ ਲੈ ਲਈ ਹੈ। ਪੋਸਟ ਕਾਰਡ, ਚਿੱਠੀਆਂ ਤੇ ਬੇ-ਰੰਗ ਚਿੱਠੀਆਂ ਕਿੱਧਰ ਗਈਆਂ?

ਜੀ ਹਾਂ, ਈ-ਮੇਲ ... ਰਵਿੰਦਰ ਕੀ ਕਹਿੰਦਾ
ਡਾਕੀਆ ਜਦ ਵੀ ਆਉਂਦਾ ਹੈ
ਉਸ ਦਾ ਝੋਲਾ ਜਾਂ ਗੱਡੀ
ਢੋਲ ਦੀਆਂ ਚਿੱਠੀਆਂ ਨਾਲ ਨਹੀਂ
ਜੰਕ ਮੇਲ ਨਾਲ ਭਰੀ ਹੁੰਦੀ ਹੈ

ਘਰ ਹੁਣ
ਘਰ ਨਹੀਂ ਰਹੇ
ਸ਼ੈਲਫ਼ਾਂ 'ਤੇ ਸਜੇ ਹੋਏ ਖਿਡੌਣੇ
ਕੰਧਾ ਤੇ ਲਟਕਦੇ ਪੋਰਟ੍ਰੇਟ
ਜਾਂ ਮਿਊਜ਼ੀਅਮ ਵਿਚ ਸਾਂਭੀਆਂ
ਐਨਟੀਕ ਵਸਤਾਂ ਜਿਹੇ ਬਣ ਗਏ ਹਨ

ਹੋਰ ਅਨੇਕ ਅਜਿਹੀਆਂ ਕਵਿਤਾਵਾਂ ਇਸ ਦੀਆ ਦਰਜਨਾਂ ਕਿਤਾਬਾਂ ਵਿਚੋਂ ਪਾਠਕਾਂ ਨੂੰ ਹਾਕਾਂ ਮਾਰ ਬੁਲਾ ਰਹੀਆਂ ਹਨ ਕਿ ਆ ਸਾਡੇ ਨਾਲ ਗੱਲਾਂ ਕਰ...।

ਡਾ. ਜਗਤਾਰ ਨੇ ਰਵਿੰਦਰ ਦੀ ਸ਼ਾਇਰੀ ਦੀ ਪੜਚੋਲ 'ਚ ਲਿਖਿਆ ਕਿ ਰਵਿੰਦਰ ਸਹਿਰਾਅ ਗਿਆਨ, ਬੋਧ, ਤੇ ਅਨੁਭਵ ਦਾ ਸ਼ਾਇਰ ਹੈ ਜੋ ਅੱਖਰ ਨੂੰ ਸਭ ਤੋਂ ਵੱਡੀ ਰੌਸ਼ਨੀ ਪ੍ਰਦਾਨ ਕਰਨ ਵਾਲੀ ਸ਼ਕਤੀ ਸਮਝਦਾ ਹੈ।

ਗੁਰੂਮੇਲ ਸਿੱਧੂ ਮੁਤਾਬਕ ਰਵਿੰਦਰ ਦੀ ਹਰ ਕਵਿਤਾ ਵਿਚ ਕਹਾਣੀ ਛੁਪੀ ਹੁੰਦੀ ਹੈ ਜੋ ਪਾਠਕਾਂ ਦੀ ਦਿਲਚਸਪੀ ਦਾ ਸਾਧਨ ਬਣਾਉਂਦੀ ਹੈ।

ਰਵਿੰਦਰ ਦੇ ਜਾਣ ਪਹਿਚਾਣ ਵਾਲਿਆਂ ਦਾ ਘੇਰਾ ਬਹੁਤ ਵੱਡਾ ਹੈ, ਪਰ ਇਸ ਦੇ ਬਾਵਜੂਦ ਵੀ ਮੈਨੂੰ ਇਹ ਹਮੇਸ਼ਾਂ ਆਪਣਾ ਪੁਰਾਣਾ ਪਿੰਡ ਵਾਲਾ 'ਰਵਿੰਦਰ ਭਾਅ' ਹੀ ਲੱਗਦਾ ਰਹਿੰਦਾ। ਸਾਨੂੰ ਇਸ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਤੇ ਮਿਲ ਰਿਹਾ ਹੈ। ਜ਼ਿੰਦਗੀ ਸੰਘਰਸ਼ ਦਾ ਦੂਸਰਾ ਨਾਂ ਹੈ। ਹਰੇਕ ਇਨਸਾਨ ਦੇ ਜੀਵਨ ਵਾਂਗ ਰਵਿੰਦਰ ਦੀ ਸੰਘਰਸ਼ ਭਰੀ ਜ਼ਿੰਦਗੀ 'ਚ ਵੀ ਰੰਗ-ਬੇਰੰਗ, ਖੁਸ਼ੀਆਂ-ਗ਼ਮੀਆਂ, ਉਤਰਾਅ-ਚੜ੍ਹਾਅ ਆਉਂਦੇ ਜਾਂਦੇ ਰਹੇ ਹਨ, ਪਰ ਇਸ ਨੇ ਅਜਿਹੀਆਂ ਸਥਿਤੀਆਂ ਨਾਲ ਨਜਿੱਠਣਾ ਬਹੁਤ ਪਹਿਲਾਂ ਹੀ ਸਿੱਖ ਲਿਆ ਸੀ। ਅੱਜ-ਕੱਲ੍ਹ ਇੰਡਿਆਨਾ ਸਟੇਟ 'ਚ ਰਹਿੰਦਿਆਂ ਇਲਾਕੇ ਦੀਆਂ ਸਾਹਿਤਕ ਗਤੀਵਿਧੀਆਂ 'ਚ ਵਧ ਚੜ੍ਹ ਹਿੱਸਾ ਪਾਉਂਦਾ ਰਹਿੰਦਾ ਹੈ ਤੇ ਚੜ੍ਹਦੀ ਕਲਾ 'ਚ ਜੀਵਨ ਬਤੀਤ ਕਰ ਰਿਹਾ ਹੈ।

# ਤੈਨੂੰ ਚੰਨ ਦੀ ਮੈਂ ਸੈਰ ਕਰਾਵਾਂ, 'ਇਸਰੋ' ਦੀ ਮੋਟਰ 'ਤੇ...

## ਵਿਅੰਗ

ਮੇਰਾ ਇਕ ਦੋਸਤ ਅਕਸਰ ਇਕ ਗਲ ਸੁਣਾਉਂਦਾ ਹੁੰਦਾ ਸੀ। ਇਕ ਹਮਾਤੜ ਬੰਦਾ ਸੁੱਕੀ ਰੋਟੀ ਖਾ ਰਿਹਾ ਸੀ। ਉਹ ਬੁਰਕੀ ਤੋੜੇ ਤੇ ਫਰਸ਼ ਉਪਰ ਰਗੜ ਕੇ ਮੂੰਹ ਵਿਚ ਪਾ ਲਵੇ। ਨਾਲ ਦੇ ਨੇ ਪੁੱਛਿਆ ਵਈ ਫਰਸ਼ 'ਤੇ ਤਾਂ ਕੁਝ ਵੀ ਨਹੀਂ ਪਿਆ, ਫਿਰ ਤੂੰ ਵਾਰ ਵਾਰ ਬੁਰਕੀ ਫਰਸ਼ 'ਤੇ ਕਿਉਂ ਰਗੜਦੈਂ? ਜਵਾਬ ਮਿਲਿਆ ਕਿ 'ਮੈਂ ਕਲਪਨਾ ਕੀਤੀ ਐ ਕਿ ਫਰਸ਼ ਉਪਰ ਅੰਬ/ਨਿੰਬੂ ਦਾ ਅਚਾਰ ਪਿਆ ਤੇ ਮੈਂ ਉਸ ਨਾਲ ਬੁਰਕੀ ਰਗੜ ਕੇ ਖਾ ਰਿਹੈਂ'। ਨਾਲ ਦਾ ਬੋਲਿਆ, 'ਕਮਲਿਆ, ਜੇ ਕਲਪਨਾ ਹੀ ਕਰਨੀ ਐਂ ਤਾਂ ਕੋਈ ਮੁਰਗ-ਮੁਸੱਲਮ ਜਾਂ ਮਟਰ-ਪਨੀਰ ਦੀ ਕਰ, ਅਚਾਰ ਸਿਰ 'ਚ ਮਾਰਨੈਂ'?



ਅਸੀਂ ਨਾਲ ਦੇ ਸਾਥੀ ਦੀ ਦੂਸਰੀ ਸਲਾਹ ਮੰਨ ਕੇ ਅੱਜ ਕੱਲ੍ਹ ਸ਼ੇਖ ਚਿੱਲੀਅਨ ਕਲਪਿਤ ਸੰਸਾਰ ਵਿਚ ਵਿਚਰ ਰਹੇ ਹਾਂ। ਖਾਸ ਕਰਕੇ 23 ਅਗਸਤ ਤੋਂ ਜਦੋਂ ਸਾਡੇ ਦੇਸ਼ ਦੇ ਚੰਦਰਯਾਨ-3 ਦੇ ਵਿਕਰਮ ਲੈਂਡਰ ਨੇ ਚੰਦਾ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਮਾਮਾ ਦੇ ਦੱਖਣੀ ਧਰੁਵ ਉਪਰ ਆਪਣਾ ਨਰਮ ਨਰਮ ਪੈਰ ਧਰਿਐ ਅਤੇ ਸਾਡੇ ਦੇਸ਼ ਦੇ ਸਿਰ ਇਸ ਪਾਸਿਉਂ ਚੰਨ ਉਪਰ ਪੁੱਜਣ ਵਾਲੇ ਵਿਸ਼ਵ ਦੇ ਪਹਿਲੇ ਦੇਸ਼ ਬਣਨ ਦਾ ਮਾਣਮੱਤਾ ਸਿਹਰਾ ਬੰਨ੍ਹਿਆ (ਉਂਝ ਵੀ ਭਾਰਤ ਚੰਨ ਉਪਰ ਜਾਣ ਵਾਲਾ ਵਿਸ਼ਵ ਦਾ ਚੌਥਾ ਦੇਸ਼ ਬਣ ਗਿਐ)।

ਅਸੀਂ ਫੜ੍ਹ ਮਾਰਨ ਲਗੇ ਵਿਚਾਰੀ ਫੜ੍ਹ ਦੇ ਫੇਫੜੇ ਹੀ ਫੇਹ ਦਿੰਦੇ ਹਾਂ, ਜਿਦਾਂ ਕਈ ਗੱਪੀ ਅਜਿਹੀ ਗੱਪ ਮਾਰਨਗੇ ਕਿ ਵਿਚਾਰੀ ਗੱਪ ਵੀ 'ਹਾਏ ਤੌਬਾ ਹਾਏ ਤੌਬਾ' ਕਰਨ ਲਗ ਪਵੇਗੀ! ਅਸੀਂ ਆਪਣੀ 'ਸਲੀਕਾ ਸੁਥਰੀ' ਨੂੰ ਐਵੇਂ ਹੀ ਕਹਿ ਬੈਠੇ ਕਿ 'ਭਾਗਵਾਨੇ, ਆਪਣੀ ਆਉਣ ਵਾਲੀ ਸ਼ਾਦੀ ਦੀ 'ਗੋਲਡਨ ਜੁਬਲੀ' ਆਪਾਂ ਚੰਨ ਉਪਰ ਮਨਾਵਾਂਗੇ'! ਨਾਲ ਹੀ ਅਸੀਂ ਆਪਣੀ ਤੁੱਕਬੰਦੀ ਵਾਲੀ ਟੁੱਟੀ-ਭੱਜੀ ਸ਼ਾਇਰੀ ਵੀ ਕਰ ਮਾਰੀ-'ਤੈਨੂੰ ਚੰਨ ਦੀ ਮੈਂ ਸੈਰ ਕਰਾਵਾਂ, 'ਇਸਰੋ' ਦੀ ਮੋਟਰ 'ਤੇ!'

ਸਾਡੀ ਔਕਾਤ ਤਾਂ ਚਿੱਲੀ ਜਾਂ ਚੀਨ ਜਾਣ ਵਾਲੀ ਨਹੀਂ, ਚੰਨ ਉਪਰ ਭਲਾ ਅਸੀਂ ਕੀ ਜਾਣੈ। ਆਹ ਇਸਰੋ ਵਾਲਿਆਂ ਨੇ ਕਰੀਬ 615 ਕਰੋੜ ਲਾ ਕੇ ਆਪਣੀ ਮੋਟਰ ਚੰਨ ਉਪਰ ਭੇਜੀ ਹੈ ਤੇ ਇਹ ਵੀ ਕਿਹਾ ਜਾ ਰਿਹੈ ਕਿ ਇਹ ਦੁਨੀਆ ਦਾ ਸਭ ਤੋਂ ਸਸਤਾ ਮਿਸ਼ਨ ਹੈ! ਅਸੀਂ ਤਾਂ ਕਰੋੜ ਬਾਰੇ ਸੁਣਿਆ ਜ਼ਰੂਰ ਐ ਪਰ ਦੇਖਿਆ ਕਦੀ ਸੁਪਨੇ ਵਿਚ ਵੀ ਨਹੀਂ। ਸਾਰੀ ਜ਼ਮੀਨ ਅਤੇ ਘਰ-ਘਾਟ ਵੇਚ ਦਈਏ ਤਾਂ ਵੀ ਅਸੀਂ ਚਿੱਲੀ-ਸ਼ਿਕਾਗੋ ਜੋਗੇ ਵੀ ਨਹੀਂ ਹੁੰਦੇ, ਚੰਨ ਜੋਗੇ ਭਲਾ ਕੀ ਹੋਣੈ।

ਰਹਿੰਦੀ ਖੂੰਹਦੀ ਕਸਰ ਚੰਨ ਉਪਰੋਂ ਆਈਆਂ ਤਸਵੀਰਾਂ ਅਤੇ 'ਪ੍ਰਗਿਆਨ-ਘੁਮੰਤਰੀ' (ਰੋਵਰ) ਦੀ ਚੰਨ ਉਪਰ ਸੈਰ ਨੇ ਕੱਢ ਦਿਤੀ। ਥੋੜਾ ਬਹੁਤਾ ਪਤਾ ਤਾਂ ਪਹਿਲਾਂ ਵੀ ਸੀ, ਪਰ ਐਨੀਆਂ ਸਪੱਸ਼ਟ ਤਸਵੀਰਾਂ ਪਹਿਲੀ ਵਾਰ ਤੱਕੀਆਂ। ਚੰਨ ਉਪਰ ਮਿੱਟੀ-ਘੱਟਾ, ਇਸ ਦਾ ਉਭੜ-ਖਾਬੜ ਧਰਾਤਲ, ਮਿਟੈਲੀਆ ਚਟਾਨਾਂ, ਕੁਝ ਹੀ ਫੁੱਟ ਦੂਰੀ 'ਤੇ ਘਟਦਾ-ਵਧਦਾ ਤਾਪਮਾਨ ਜੋ ਕਿਤੇ ਤਾਂ 70 ਡਿਗਰੀ ਸੈਲਸੀਅਸ ਹੈ! ਸਾਡਾ ਤਾਂ ਮੋਹ ਹੀ ਭੰਗ ਹੋ ਗਿਆ। ਅਸੀਂ ਤਾਂ ਸਾਰੀ ਉਮਰ ਚੰਨ ਨੂੰ ਬਹੁਤ ਸੁੰਦਰ ਤੇ ਠੰਢਾ-ਸ਼ਾਂਤ ਸਮਝਦੇ ਰਹੇ। ਚੰਨ ਨੇ ਚਾਨਣੀ ਤਾਂ ਸੂਰਜ ਤੋਂ ਉਧਾਰੀ ਲਈ ਹੋਈ ਹੈ ਤੇ ਜਿਸ ਨੇ ਚੰਨ ਨੂੰ ਇਕ ਮੇਕ-ਅੱਪ ਕੀਤੀ ਹੂਰ-ਪਰੀ ਵਰਗਾ ਬਣਾ ਛੱਡਿਆ ਸੀ, ਪਰ ਇਸਰੋ ਦੀਆਂ ਫੋਟੋਆਂ ਨੇ ਇਸ ਹੂਰ ਪਰੀ ਦੇ ਮੇਕ-ਅੱਪ ਨੂੰ ਐਂ ਲਾਹ ਮਾਰਿਐ ਜਿਵੇਂ ਹੜ੍ਹ ਦੀ ਮਾਰ ਵਿਚ ਆਈ ਕਿਸੇ 'ਮੇਕ-ਅੱਪ ਵਾਲੀ ਸਲੀਕਾ ਸੁਥਰੀ ਦਾ' ਪੋਚਾ-ਪਾਚੀ ਵਾਲਾ ਚਿਹਰਾ ਆਪਣੇ ਅਸਲ ਰੂਪ ਵਿਚ ਆ ਕੇ ਕੋਈ ਜਿੰਨ-ਭੂਤ ਵਾਂਗ ਲੱਗਣ ਲੱਗ ਪਵੇ!

ਮਿੱਟੀ ਘੱਟਾ ਧਰਤੀ 'ਤੇ ਕਿਹੜਾ ਘੱਟ ਐ? ਹਨੇਰੀਆਂ ਆਉਂਦੀਆਂ ਹੀ ਰਹਿੰਦੀਆਂ ਹਨ, ਧੂੜ-ਧੁੱਦਲ-ਰੇਤਾ ਫੱਕਣ ਦਾ ਵਧੇਰੇ ਚਾਅ ਮਾਰੂਥਲਾਂ ਵਿਚ ਜਾ ਕੇ ਪੂਰਾ ਕੀਤਾ ਜਾ ਸਕਦੈ। ਆਹ ਨੇੜੇ ਡੁਬਈ ਵਿਚ ਹੀ ਬਥੇਰੀ 'ਡੈਜ਼ਰਟ ਸਫਾਰੀ' ਹੁੰਦੀ ਐ, ਓਥੇ ਜਾ ਕੇ ਆਪਣਾ ਝੱਸ ਪੂਰਾ ਕੀਤਾ ਜਾ ਸਕਦੈ। ਫਿਰ ਜ਼ਰੂਰ ਐਡੀ ਦੂਰ ਜਾਣ ਦਾ ਪੁੱਜਤੋਂ ਬਾਹਰਾ ਪੰਗਾ ਲੈਣੈ।

ਬਾਕੀ ਰਹੀ ਚੰਨ ਉਪਰ ਕੁਝ ਮੀਟਰ ਦੀ ਦੂਰੀ ਦਰਮਿਆਨ ਤਾਪਮਾਨ ਦੇ ਫਰਕ ਦੀ। ਸਾਡੇ ਵਰਗੇ ਮੋਟੇ-ਝੋਟੇ, ਥੁਲ-ਥੁਲ ਕਰਦੇ ਸਰੀਰ ਵਾਲਿਆਂ ਲਈ ਤਾਂ ਸਥਾਨਕ ਗਰਮੀਆਂ ਦਾ 45 ਡਿਗਰੀ ਸੈਲਸੀਅਸ ਤਾਪਮਾਨ ਹੀ ਜਾਨ ਕੱਢ ਦਿੰਦੈ, ਭਲਾ 70 ਡਿਗਰੀ ਸੈਲਸੀਅਸ ਵਿਚ ਕੌਣ ਹੈ ਜੋ ਮੌਤ ਨੂੰ ਮਾਸੀ ਕਹੇਗਾ ਤੇ ਉਹ ਵੀ ਕਰੋੜਾਂ ਰੁਪਏ ਫੂਕ ਕੇ!

ਯਾਰ ਚੰਨ ਜੀ! ਬੜੇ ਭਰਮ-ਭੁਲੇਖੇ ਦੂਰ ਕੀਤੇ 'ਇਸਰੋ' ਵਾਲਿਆਂ। ਹਾਂ, ਵਿਗਿਆਨਕ ਖੋਜ ਵਜੋਂ ਜ਼ਰੂਰ ਚਾਰ ਚੰਨ ਲਗ ਗਏ ਭਾਰਤ ਦੇਸ਼ ਨੂੰ ਅਤੇ 140 ਕਰੋੜ 'ਪਿਆਰੇ ਪਰਿਵਾਰਜਨਾਂ' ਦੇ ਸੀਨੇ ਚੌੜੇ ਹੋ ਗਏ, ਪਰ ਇਹ ਨਹੀਂ ਪਤਾ ਲੱਗ ਸਕਿਆ ਕਿ ਪ੍ਰਧਾਨ ਸੇਵਕ ਵਾਂਗ 56 ਇੰਚ ਚੌੜੇ ਹੋਏ ਕਿ ਘੱਟ-ਵੱਧ!

ਉਂਝ ਲੋਕ-ਮਨਾਂ, ਸਾਹਿਤ ਅਤੇ ਸ਼ਾਇਰੀ ਵਿਚ ਚੰਨ ਦਾ ਅਥਾਹ ਤੇ ਅਜ਼ਲੀ ਆਕਰਸ਼ਨ ਹੈ। ਚੰਨ/ਚੰਦ ਧਰਤੀ ਦਾ ਇਕੋ ਇਕ ਸੁਭਾਵਕ/ਕੁਦਰਤੀ ਸਯਾਰਾ (ਨੈਚੁਰਲ ਸੈਟੇਲਾਈਟ) ਹੈ। ਧਰਤੀ ਸਾਡੀ ਮਾਂ ਹੈ ਤੇ ਚੰਨ ਇਸ ਦਾ ਭਰਾ, ਜਾਣੀ ਸਾਡਾ ਮਾਮਾ। ਮਾਂ ਚੰਨ ਨੂੰ ਆਪਣੇ ਬੱਚਿਆਂ ਦਾ ਮਾਮਾ ਕਹਿ ਕੇ ਜਿੱਥੇ ਚੰਨ ਨਾਲ ਗਹਿਰਾ ਰਿਸ਼ਤਾ ਗੰਢ ਲੈਂਦੀ ਹੈ, ਓਥੇ ਉਹ ਆਪਣੇ ਸਕੇ ਭਰਾ ਤੋਂ ਦੂਰ ਹੁੰਦਿਆਂ ਹੋਇਆਂ ਵੀ ਚੰਨ ਰਾਹੀਂ ਉਸ ਨੂੰ ਤਾਰਾ ਮੰਡਲ 'ਚ ਚਮਕਦਾ ਤੱਕਦੀ ਰਹਿੰਦੀ ਹੈ। ਲਗਾਤਾਰ 15 ਦਿਨ ਆਪਣੇ ਪੇਕੇ ਹੋਣ ਦਾ ਸੁਖਦ ਅਨੰਦ ਅਨੁਭਵ ਕਰਦੀ ਰਹਿੰਦੀ ਹੈ। ਚੰਨ-ਸੂਰਜ ਵੀ ਸਕੇ ਭਰਾ ਕਹੇ ਜਾਂਦੇ ਹਨ। ਦੋਵੇਂ ਵਾਰੋ-ਵਾਰੀ ਧਰਤ ਦਾ ਹਨੇਰ ਮਿਟਾਉਂਦੇ ਹਨ।

ਚੌਦਵੀਂ ਦਾ ਚੰਨ ਬਹੁਤ ਖੂਬਸੂਰਤ ਮੰਨਿਆ ਜਾਂਦਾ ਹੈ। 1960 ਦੀ ਹਿੰਦੀ ਫਿਲਮ 'ਚੌਦਵੀਂ ਕਾ ਚਾਂਦ ਹੋ' ਦੇ ਗਾਣੇ ਵਿਚ ਮਹਿਬੂਬਾ ਨੂੰ ਇਸ ਨਾਲ ਅਲੰਕ੍ਰਿਤ ਕੀਤਾ ਗਿਆ ਹੈ-'ਚੌਦਵੀਂ ਕਾ ਚਾਂਦ ਹੋ ਯਾ ਆਫਤਾਬ ਹੋ/ਜੋ ਭੀ ਹੋ ਤੁਮ ਖੁਦਾ ਕੀ ਕਸਮ ਲਾ-ਜਵਾਬ ਹੋ।' ਪੂਰਨ ਚੰਦਰਮਾ ਸੁੰਦਰਤਾ ਦੀ ਚਰਮ ਸੀਮਾ ਸਮਝਿਆ ਜਾਂਦਾ ਹੈ:

'ਕਲ੍ਹ ਚੌਦਵੀਂ ਕੀ ਰਾਤ ਥੀ ਸ਼ਬ ਭਰ ਰਹਾ ਚਰਚਾ ਤੇਰਾ
ਕਿਸੀ ਨੇ ਕਹਾ ਯੇ ਚਾਂਦ ਹੈ ਕਿਸੀ ਨੇ ਕਹਾ ਚਿਹਰਾ ਤੇਰਾ'
ਇਬਨੇ ਇੰਨਸ਼ਾ)

ਚੰਨ ਨਾਲ ਕਈ ਮੁਹਾਵਰੇ/ਅਖਾਣ ਜੁੜੇ ਹੋਏ ਹਨ-ਚੰਨ ਚੜ੍ਹ ਜਾਣਾ, ਈਦ ਦਾ ਚੰਨ ਹੋਣਾ, ਪੁੰਨਿਆ ਦਾ ਚੰਨ, ਚੰਦ ਚੜ੍ਹੇ ਤੇ ਪੁੱਤਰ ਜੰਮੇ ਗੁੱਝੇ ਨਹੀਂ ਰਹਿੰਦੇ, ਚੰਦ ਚੜ੍ਹਿਆ ਕੁਲ ਆਲਮ ਵੇਖੇ, ਚੰਨ ਚੰਨਾਂ ਦੇ ਮਾਮਲੇ ਚੜ੍ਹਨ ਚੜ੍ਹਨ ਭਾਵੇਂ ਨਾ ਹੀ ਚੜ੍ਹਨ, ਚੰਨ ਭਾਵੇਂ ਨਿਤ ਚੜ੍ਹਦਾ ਸਾਨੂੰ ਸਜਣਾਂ ਬਾਝ ਹਨੇਰਾ, ਚਾਰ ਚੰਨ ਲਗ ਜਾਣੇ, ਚੰਦ ਚਾੜ੍ਹਨਾ, ਚਾਰ ਦਿਨ ਦੀ ਚਾਨਣੀ ਫਿਰ ਅੰਧੇਰੀ ਰਾਤ, ਚੰਦ ਦਾ ਟੁਕੜਾ, ਚੰਨ ਉਪਰ ਥੁਕਿਆਂ ਆਪਣੇ ਮੂੰਹ 'ਤੇ ਹੀ ਪੈਂਦਾ ਆਦਿ।

ਅੰਗਰੇਜ਼ੀ ਕਵੀ ਰੌਬਰਟ ਬਰਾਊਨਿੰਗ ਆਪਣੀ ਇਕ ਕਵਿਤਾ ਵਿਚ ਇਕ ਲਾਈਲਗ ਸੁੰਦਰੀ ਬਾਰੇ ਬੜਾ ਸੁੰਦਰ ਵਿਅੰਗ ਕਰਦੈ-"ਮੇਰਾ ਚੰਨ ਮੁਖੜਾ, ਮੇਰਾ ਜਣੇ-ਖਣੇ ਦਾ ਚੰਨ ਮੁਖੜਾ, ਜਿਸ ਵਲ ਹਰ ਜਣਾ ਤਕਦੈ ਅਤੇ ਉਸ ਨੂੰ ਆਪਣਾ ਕਹਿੰਦੈ।"

ਉਰਦੂ ਸ਼ਾਇਰੀ ਤਾਂ ਆਪਣੇ ਮਹਿਬੂਬ ਨੂੰ ਚੰਨ ਨਾਲ ਤਸ਼ਬੀਹ ਜਾਂ ਅਲੰਕਾਰ ਦੇਣ ਵਾਲੇ ਸ਼ੇਅਰਾਂ ਨਾਲ ਭਰੀ ਪਈ ਹੈ। ਰਾਹਤ ਇੰਦੌਰੀ ਨੇ ਤਾਂ ਆਪਣੀ ਇਕ ਕਿਤਾਬ ਦਾ ਸਿਰਲੇਖ ਹੀ 'ਚਾਂਦ ਪਾਗਲ ਹੈ' ਰੱਖਿਐ।

ਕੁਝ ਸ਼ੇਅਰ ਹਨ-
ਸੌ ਚਾਂਦ ਭੀ ਚਮਕੇਂਗੇ ਤੋ ਕਯਾ ਬਾਤ ਬਨੇਗੀ,
ਤੁਮ ਆਏ ਹੋ ਤੋ ਇਸ ਰਾਤ ਕੀ ਔਕਾਤ ਬਨੇਗੀ।
(ਨਿਸਾਰ ਅਖਤਰ)
ਰੋਜ਼ ਤਾਰੋਂ ਕੋ ਨੁਮਾਇਸ਼ ਮੇਂ ਖਲਲ ਪੜਤਾ ਹੈ,
ਚਾਂਦ ਪਾਗਲ ਹੈ ਅੰਧੇਰੇ ਮੇਂ ਨਿਕਲ ਪੜਤਾ ਹੈ।
(ਰਾਹਤ ਇੰਦੌਰੀ)
ਯਕੀ ਚਾਂਦ ਪੇ ਸੂਰਜ ਪੇ ਏਤਬਾਰ ਰਖ,
ਮਗਰ ਨਿਗਾਹ ਮੇਂ ਥੋੜਾ ਸਾ ਇੰਤਜ਼ਾਰ ਰਖ।
(ਨਿਦਾ ਫਾਜ਼ਲੀ)
ਕਭੀ ਤੋ ਆਸਮਾਂ ਸੇ ਚਾਂਦ ਉਤਰੇ, ਜਾਮ ਹੋ ਜਾਏ
ਤੁਮਹਾਰੇ ਨਾਮ ਕੀ ਏਕ ਖੂਬਸੂਰਤ ਸ਼ਾਮ ਹੋ ਜਾਏ।
(ਬਸ਼ੀਰ ਬਦਰ)

ਪਰ ਇਬਨੇ ਸਫੀ ਕੁਝ ਉਲਟ ਕਹਿੰਦਾ ਹੈ:
ਚਾਂਦ ਕਾ ਹੁਸਨ ਭੀ ਜ਼ਮੀਂ ਸੇ ਹੈ
ਚਾਂਦ ਪਰ ਚਾਂਦਨੀ ਨਹੀਂ ਹੋਤੀ।

ਪੰਜਾਬੀ ਸ਼ਾਇਰੀ ਵਿਚ ਵੀ ਚੰਨ ਛਾਇਆ ਹੋਇਆ ਹੈ-
ਕੇਹੀ ਹੀਰ ਦੀ ਕਰੇ ਤਾਰੀਫ ਸ਼ਾਇਰ
ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ (ਵਾਰਿਸ ਸ਼ਾਹ)
ਅਧ ਅਸਮਾਨੀ ਚੰਦ ਦਾ ਡੋਲਾ
ਤਾਰਿਆਂ ਭਰੀ ਚੰਗੇਰ ਵੇ। (ਮੋਹਨ ਸਿੰਘ)

ਇਸਤਰੀ ਮਨ ਵਿਚ ਪਤੀ, ਭਰਾ ਅਤੇ ਪੁੱਤਰ ਚੰਨ ਵਰਗੇ ਹੁੰਦੇ ਹਨ। ਉਹ ਆਪਣੇ ਮਾਹੀ ਲਈ ਚੰਨ ਦਾ ਮੈਟਾਫਰ ਵਰਤਦੀ ਕਹਿੰਦੀ ਹੈ-'ਵੇ ਚੰਨ ਮਾਹੀ ਜੇ ਚਲਿਉਂ ਪਟਿਆਲੇ, ਓਥੋਂ ਲਿਆਈਂ ਰੇਸ਼ਮੀ ਨਾਲੇ'।

ਬਾਲੀਵੁੱਡ/ਪਾਲੀਵੁੱਡ ਵਿਚ ਚੰਨ ਬਾਰੇ ਅਨੇਕਾਂ ਗੀਤ ਹਨ-1964 ਦੀ ਹਿੰਦੀ ਫਿਲਮ 'ਕਸ਼ਮੀਰ ਕੀ ਕਲੀ' ਦਾ ਇਕ ਗੀਤ ਬੜਾ ਮਕਬੂਲ ਹੋਇਆ 'ਯੇ ਚਾਂਦ ਸਾ ਰੌਸ਼ਨ ਚਿਹਰਾ ਜ਼ੁਲਫੋਂ ਕਾ ਰੰਗ ਸੁਨਹਿਰਾ...', ਪੰਜਾਬੀ ਫਿਲਮ 'ਬਾਜਰੇ ਦਾ ਸਿੱਟਾ' ਵਿਚ ਬੜਾ ਹੀ ਖੂਬਸੂਰਤ ਗੀਤ ਹੈ-'ਐ ਚੰਨ ਤੇਰਾ ਹਮਦਰਦੀ/ਤਾਰੇ ਹਮਾਇਤੀ ਰਹਿਣ ਸਦਾ'। ਨੰਦ ਲਾਲ ਨੂਰਪੁਰੀ ਦਾ ਲਿਖਿਆ ਅਤੇ ਸੁਰਿੰਦਰ ਕੌਰ-ਨਰਿੰਦਰ ਕੌਰ ਦਾ ਗਾਇਆ ਗੀਤ 'ਚੰਨ ਵੇ ਕਿ ਸ਼ੌਕਣ ਮੇਲੇ ਦੀ...' ਤਾਂ ਪੰਜਾਬੀ ਫੋਕਲੋਰ ਦਾ ਹਿੱਸਾ ਹੀ ਬਣ ਗਿਆ ਹੈ। 1981 ਦੀ ਪੰਜਾਬੀ ਫਿਲਮ 'ਚੰਨ ਪ੍ਰਦੇਸੀ' ਸਮੇਤ ਕਈ ਫਿਲਮਾਂ ਦੇ ਨਾਮ/ਗੀਤ ਚੰਨ ਨਾਲ ਸਬੰਧਤ ਹਨ।

ਧਰਮ ਵਿਚ ਵੀ ਚੰਨ ਦਾ ਬਹੁਤ ਪ੍ਰਭਾਵ ਹੈ। ਸਨਾਤਨ ਮਤ ਵਿਚ ਸੁਹਾਗਣਾਂ ਕਰਵਾ ਚੌਥ ਦਾ ਵਰਤ ਚੰਨ ਦੇਖ ਕੇ ਤੋੜਦੀਆਂ ਹਨ। ਹਿੰਦੂ ਧਰਮ ਵਿਚ ਚੰਨ ਇਕ ਦੇਵਤਾ ਹੈ। ਇਹ 'ਸੋਮਾ' ਭਾਵ ਜੀਵਨ ਦਾ ਮੂਲ ਰਸ ਹੈ ਜੋ ਚੰਨ ਅਤੇ ਸ਼ਿਵ (ਸੋਮਾਦੇਵ) ਵਿਚ ਸੰਮਿਲਤ ਹੈ। ਇਸਲਾਮ ਵਿਚ ਵੀ ਰਮਜ਼ਾਨ ਮਹੀਨੇ ਈਦ ਮੌਕੇ ਰੋਜ਼ੇ ਚੰਨ ਦੇਖ ਕੇ ਖੋਲ੍ਹੇ ਜਾਂਦੇ ਹਨ।

ਗੁਰਬਾਣੀ ਵਿਚ ਵੀ ਚੰਨ ਦਾ ਕਈ ਥਾਂ ਜ਼ਿਕਰ ਹੈ। ਗੁਰੂ ਨਾਨਕ ਦੇਵ ਜੀ ਝੂਠ ਨੂੰ ਮੱਸਿਆ ਅਤੇ ਸੱਚ ਨੂੰ ਚੰਦਰਮਾਂ ਦੀ ਸੰਗਿਆ ਦਿੰਦੇ ਹਨ-'ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ'॥ (ਅੰਗ 145)



ਪਰ ਹੈਰਾਨੀ ਦੀ ਗੱਲ ਹੈ ਕਿ ਚੰਦ, ਜਿਸ ਦੀ ਚਾਨਣੀ ਐਨੀ ਮਨਮੋਹਣੀ ਅਤੇ ਰੁਮਾਂਚਕਾਰੀ ਹੈ, ਦੀ ਆਪਣੀ ਕੋਈ ਲਾਈਟ ਨਹੀਂ। ਇਹ ਗ੍ਰਹਿ/ਉਪ ਗ੍ਰਹਿ ਵੀ ਨਹੀਂ ਸਗੋਂ ਇਕ ਸੈਟੇਲਾਈਟ ਹੈ ਭਾਵ ਉਪ ਗ੍ਰਹਿ ਅਨੁਯਾਈ ਜਾਂ ਸਯਾਰਾ ਹੈ ਜੋ ਸੂਰਜ ਤੋਂ ਰੌਸ਼ਨੀ ਲੈਂਦਾ ਹੈ। ਇਸ ਦੇ ਕਾਵਿਕ ਨਾਮ 'ਸੈਲੀਨ' ਜਾਂ 'ਸਿੰਥੀਆ' ਹਨ। ਇਸ ਦਾ ਬਦਲਵਾਂ ਨਾਮ 'ਲਿਯੂਨਾ' ਹੈ। ਰੋਮਨ ਮਾਈਥੋਲੋਜੀ ਵਿਚ ਲਿਯੂਨਾ ਚੰਦਰਮਾ ਦੀ ਦੇਵੀ ਹੈ ਜਦ ਕਿ ਸੈਲੀਨ/ਸਿੰਥੀਆ ਇਸ ਦੀਆਂ ਯੂਨਾਨੀ ਹਮਰੁਤਬਾ ਹਨ। ਇਸੇ ਲਈ ਹੀ ਲਿਯੂਨਰ ਅਤੇ ਸੋਲਰ ਕੈਲੰਡਰ ਪ੍ਰਚਲਤ ਹਨ। ਵਿੱਕੀਪੀਡੀਆ ਅਨੁਸਾਰ ਚੰਦ ਧਰਤੀ ਤੋਂ 384,400 ਕਿ.ਮੀ ਹੈ ਅਤੇ ਇਸ ਦਾ ਗ੍ਰਹਿ-ਪੱਥ/ਚੱਕਰ 27 ਦਿਨਾਂ ਦਾ ਹੈ।

ਮਹਾਨ ਕੋਸ਼ ਵਿਚ ਚੰਦ ਨੂੰ ਸੰਸਕ੍ਰਿਤ ਧਾਤੂ ਦਾ ਸ਼ਬਦ ਦਸਿਆ ਗਿਆ ਹੈ ਜਿਸ ਦਾ ਅਰਥ ਚਮਕਣਾ, ਖੁਸ਼ ਹੋਣਾ ਕੀਤਾ ਗਿਆ ਹੈ। ਚੰਨ ਨਾਲ ਸਬੰਧਤ ਸ਼ਬਦ ਚਾਂਦਨੀ, ਚਾਨਣ, ਚਾਨਣਾ, ਚਾਨਣਿ, ਚਾਨੁਣ, ਚਾਨਾਣੁ ਆਦਿ ਦਾ ਵੀ ਵਰਨਣ ਕੀਤਾ ਗਿਆ ਹੈ।

ਅੰਗਰੇਜ਼ੀ ਵਿਚ ਚੰਨ ਨੂੰ 'ਮੂਨ' ਕਹਿੰਦੇ ਹਨ, ਜੋ ਓਲਡ ਇੰਗਲਿਸ਼ ਦੇ 'ਮੋਨਾ' ਸ਼ਬਦ ਤੋਂ ਬਣਿਆ ਅਤੇ ਜਿਸ ਦੀਆਂ ਜੜ੍ਹਾਂ ਲਾਤੀਨੀ ਅਤੇ ਯੂਨਾਨੀ ਸ਼ਬਦਾਂ ਨਾਲ ਜੁੜੀਆਂ ਹਨ। ਪੁਰਾਤਨ ਸਮਿਆਂ ਵਿਚ ਚੰਨ ਨੂੰ ਵਕਤ ਜਾਂ ਬੀਤਦੇ ਮਹੀਨੇ ਦੀ ਗਿਣਤੀ-ਮਿਣਤੀ ਕਰਨ ਲਈ ਵਰਤਿਆ ਜਾਂਦਾ ਸੀ। ਇਸ ਲਈ ਲਾਤੀਨੀ ਵਿਚ ਇਸ ਨੂੰ 'ਮੇਤੀਰੀ', ਜਿਸ ਦਾ ਅਰਥ ਮਿਣਤੀ ਕਰਨਾ,'ਤੇ 'ਮੇਨਸਿਸ', ਜਿਸ ਦਾ ਅਰਥ ਮਹੀਨਾ ਹੁੰਦੈ ਅਤੇ ਯੂਨਾਨੀ ਸ਼ਬਦ 'ਮੇਨ', 'ਮੇਂਥ' (ਮਹੀਨਾ) ਹੀ ਹੈ, ਕਿਹਾ ਜਾਂਦੈ। ਲਾਤੀਨੀ ਅਤੇ ਯੂਨਾਨੀ ਭਾਸ਼ਾਵਾਂ ਦੇ ਇਹ ਸ਼ਬਦਾਂ ਦਾ ਮੂਲ ਇੰਡੋ-ਯੂਰੋਪੀਅਨ ਭਾਸ਼ਾਵਾਂ ਨਾਲ ਹੈ। ਡੱਚ ਸ਼ਬਦ 'ਮਾਨ', ਜਰਮੈਨਿਕ 'ਮੌਂਡ',ਪਰੋਟੋ-ਵੈਸਟ ਜਰਮੈਨਿਕ 'ਮਾਨੋ' ਦਾ ਵੀ ਇਹੀ ਅਰਥ ਹੈ।

ਚੰਨ ਉਪਰ ਪਹਿਲੀ ਵਾਰ ਪੈਰ ਰਖਣ ਵਾਲਾ ਨੀਲ ਆਰਮਸਟਰੌਂਗ ਸੀ ਜੋ 20 ਜੁਲਾਈ 1969 ਨੂੰ ਓਥੇ ਉਤਰਿਆ ਸੀ। ਹੁਣ ਸਾਡਾ ਚੰਦਰਯਾਨ-3 ਜਿਥੇ ਉਤਰਿਆ ਉਸ ਦਾ ਨਾਮ 'ਸ਼ਿਵ ਸ਼ਕਤੀ ਪੁਆਇੰਟ' ਰਖਿਆ ਗਿਆ ਹੈ। ਚੰਦਰਯਾਨ-2 ਜਿਸ ਥਾਂ ਪੁਜਾ ਸੀ ਉਸ ਦਾ ਨਾਮਕਰਣ 'ਤਿਰੰਗਾ ਪੁਆਇੰਟ' ਕੀਤਾ ਗਿਆ ਹੈ।

ਖੈਰ ਚੰਨ ਉਪਰ ਤਾਂ ਪਹੁੰਚ ਗਏ ਹਾਂ, ਹੁਣ ਜ਼ਰਾ ਧਰਤੀ ਵੀ ਸਵਾਰ-ਸੰਭਾਲ ਲਈਏ, ਕਿਉਂਕਿ-
ਚੰਨ ਉਪਰ ਪੁੱਜ ਕੇ ਵੀ, ਮਿਟਿਆ ਨਾਂ ਧਰਤੀ ਦਾ 'ਨੇਰ੍ਹ'।

ਸਾਡੀ ਸਲੀਕਾ ਸੁਥਰੀ ਨੇ ਸ਼ਾਦੀ ਦੀ ਸੰਭਾਵੀ ਗੋਲਡਨ ਜੁਬਲੀ (ਸਾਲਗਿਰ੍ਹਾ) ਚੰਨ ਉਪਰ ਮਨਾਉਣ ਤੋਂ ਸਿਰਿਓਂ ਹੀ ਇਨਕਾਰ ਕਰ ਦਿਤਾ। ਉਸ ਨੂੰ ਪਤਾ ਸੀ ਕਿ 'ਗੰਜੇ ਨੇ ਨਹਾਉਣਾ ਕੀ 'ਤੇ ਨਿਚੋੜਨਾ ਕੀ'! ਉਸ ਨੇ ਨਾਂਹ ਕਰਨ ਦੀ ਦਲੀਲ ਵਜੋਂ ਇਕ ਕਾਵਿਕ ਟੋਟਕਾ ਵੀ ਛਡਿਆ-
'ਸੈਰ ਚੰਨ ਦੀ ਕਰੂਗਾ 'ਅਡਾਨੀ',
ਅਰਬਾਂ ਦੀ ਮੋਟਰ 'ਤੇ!'

---

# ਚੰਨੀ -ਮਿਨੀ ਕਹਾਣੀ

* ਮੂਲ : ਯਸ਼ੋਧਰਾ ਭਟਨਾਗਰ
* ਅਨੁ : ਪ੍ਰੋ. ਨਵ ਸੰਗੀਤ ਸਿੰਘ

ਚੰਨੀ ਬੈਠੀ-ਬੈਠੀ ਆਪਣੇ ਪੈਰ ਘੁੱਟਣ ਲੱਗੀ। "ਹਾਏ ਰੱਬਾ, ਅੰਗ-ਅੰਗ ਦੁਖ ਰਿਹਾ ਹੈ।" ਅੱਠ-ਦਸ ਘਰਾਂ ਦਾ ਚੁੱਲ੍ਹਾ-ਚੌਕਾ ਅਤੇ ਕੱਪੜੇ, ਫਿਰ ਹਸਪਤਾਲ ਵਿਚ ਐਡਮਿਟ ਛੋਟੇ ਦੀ ਬੀਮਾਰ ਲੜਕੀ ਦੀ ਦੇਖਭਾਲ ਕਰਨ ਚਲੀ ਜਾਂਦੀ। ਸਰੀਰ ਨੂੰ ਇੱਕ ਮਿੰਟ ਵੀ ਅਰਾਮ ਨਹੀਂ।

"ਚੰਨੀ, ਹੁਣ ਤੈਨੂੰ ਕੀ ਲੋੜ ਹੈ ਏਨਾ ਕੰਮ ਕਰਨ ਦੀ?" ਸਾਰਿਆਂ ਦਾ ਇੱਕ ਹੀ ਸੁਆਲ।

ਕਹਿਣ ਨੂੰ ਤਿੰਨ ਮੁੰਡਿਆਂ ਦੀ ਮਾਂ, ਪਰ ਤਿੰਨਾਂ ਦੇ ਘਰ-ਪਰਿਵਾਰ ਦੀ ਜ਼ਿੰਮੇਵਾਰੀ ਚੰਨੀ ਦੇ ਸਿਰ। ਇਸ ਤੋਂ ਬਿਨਾਂ ਇੱਕ ਬੇਰੁਜ਼ਗਾਰ ਮਰਦ, ਤੇਜ਼ ਤੱਰਾਰ ਨੂੰਹਾਂ-ਇਹ ਹੈ ਉਹਦਾ ਟੱਬਰ। ਘਰ-ਪਰਿਵਾਰ ਦੀਆਂ ਲੋੜਾਂ, ਬੀਮਾਰੀ-ਸ਼ਮਾਰੀ ਨਿਪਟਾਉਂਦੇ-ਨਿਪਟਾਉਂਦੇ, ਸ਼ਾਹੂਕਾਰ ਤੋਂ ਕਰਜ਼ਾ ਲੈਂਦੇ-ਦਿੰਦੇ ਚੰਨੀ ਦੇ ਅੰਗੂਠੇ ਦੀਆਂ ਰੇਖਾਵਾਂ ਗਾਇਬ ਹੋ ਗਈਆਂ... ਇਸੇ ਲਈ ਕੱਲ੍ਹ ਮੂੰਹ ਦਬਾ ਕੇ ਭੱਦਾ ਹਾਸਾ ਹੱਸਦਿਆਂ ਮੁਨੀਮ ਕਹਿ ਰਿਹਾ ਸੀ ਕਿ ਨਵੇਂ ਕਰਜ਼ੇ ਲਈ ਹੁਣ ਇਹ ਅੰਗੂਠਾ ਨਹੀਂ ਚੱਲੇਗਾ।

ਸੋਚਦਿਆਂ-ਸੋਚਦਿਆਂ ਅਚਾਨਕ ਪੇਟ ਵਿਚ ਜ਼ੋਰ ਦਾ ਗੋਲਾ ਉਠਿਆ... ਓਹ! ਧਿਆਨ ਆਇਆ ਕਿ ਅੱਜ ਸਵੇਰ ਤੋਂ ਹੀ ਪੇਟ ਵਿਚ ਅੰਨ ਦਾ ਇੱਕ ਦਾਣਾ ਵੀ ਨਹੀਂ ਗਿਆ।

ਪੇਟ ਫੜ ਕੇ ਕਿੱਲੀ 'ਤੇ ਟੰਗਿਆ ਝੋਲਾ ਲਾਹ ਕੇ ਡੱਬੇ ਵਿਚੋਂ ਮੈਡਮ ਦੇ ਦਿੱਤੇ ਪਰੌਂਠੇ ਕੱਢ ਕੇ ਖਾਣ ਲੱਗੀ। "ਆਪਣਿਆਂ ਤੋਂ ਵੱਧ ਧਿਆਨ ਤਾਂ ਇਹ ਮੈਡਮਾਂ ਕਰਦੀਆਂ ਨੇ।"

ਇੱਕ ਗਲਾਸ ਪਾਣੀ ਪੀ ਕੇ ਤ੍ਰਿਪਤ ਹੋ ਕੇ ਚਟਾਈ 'ਤੇ ਲੇਟ ਗਈ ਤੇ ਖਾਲੀ ਛੱਤ ਨਾਲ ਗੱਲਾਂ ਕਰਨ ਲੱਗੀ। ਇਹ ਛੱਤ ਹੀ ਤਾਂ ਹੈ ਜੋ ਬਿਨਾਂ ਗਿਲੇ-ਸ਼ਿਕਵੇ ਤੋਂ ਉਹਦਾ ਦੁਖ ਸੁਣਦੀ ਹੈ ਅਤੇ ਜ਼ਖ਼ਮਾਂ ਨੂੰ ਸਹਿਲਾਉਂਦੀ ਹੈ, "ਕਾਲਜੇ ਵਿਚ ਬਹੁਤ ਪੀੜ ਹੈ। ਕੀਹਨੂੰ ਦੱਸਾਂ, ਕੀ ਦੱਸਾਂ ਹੁਣ?"

"ਪ੍ਰੀਤੋ ਦੀ ਮਾਂ, ਪ੍ਰੀਤੋ ਦੀ ਮਾਂ! ਸੌਂ ਗਈ? ਉਠ...!"

ਦੀਵੇ ਦੇ ਚਾਨਣ ਵਿਚ ਚੰਨੀ ਬਾਂਹ 'ਤੇ ਉਭਰੇ, ਕੱਲ੍ਹ ਦੇ ਹੀ ਨੀਲ ਅਤੇ ਨਹੁੰਆਂ ਦੀਆਂ ਖਰੋਂਚਾਂ ਨੂੰ ਮਲਣ ਲੱਗੀ।

"ਓਏ ਚੰਨੀ, ਤੂੰ ਉਠਦੀ ਹੈਂ ਕਿ..."

"ਹਾਂ, ਨਹੀਂ ਉਠਦੀ! ਬੋਲ ਕੀ ਕਰ ਲਏਂਗਾ? ਛੱਡ ਦੇਵੇਂਗਾ ਮੈਨੂੰ? ਛੱਡ ਮੈਨੂੰ! ਮੈਂ ਤੈਨੂੰ ਛੱਡਦੀ ਹਾਂ। ਦਫ਼ਾ ਹੋ ਜਾ ਏਥੋਂ, ਮੇਰੇ ਘਰੋਂ..."

"ਚੰਨੀ! ਚੰਨੀ! ਬੀਜੀ! ਓ ਬੀਜੀ!" ਕਈ ਉਨੀਂਦਰੀਆਂ, ਉਂਘਦੀਆਂ ਅੱਖਾਂ ਵੱਡੀਆਂ ਵੱਡੀਆਂ ਹੋ ਕੇ ਚੰਨੀ ਨੂੰ ਹੈਰਾਨੀ ਨਾਲ ਵੇਖ ਰਹੀਆਂ ਸਨ...।

# ਨਵੇਂ ਰੁਜ਼ਗਾਰ ਅਤੇ ਖੇਤੀ-ਸਨਅਤੀ ਨੀਤੀ ਦਾ ਸੁਮੇਲ

ਡਾ. ਸ ਸ ਛੀਨਾ

ਦੁਨੀਆ ਵਿਚ ਹੋਏ ਆਰਥਿਕ ਵਿਕਾਸ ਦੇ ਇਤਿਹਾਸ 'ਤੇ ਨਜ਼ਰ ਮਾਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਿਉਂ-ਜਿਉਂ ਵਿਕਾਸ ਹੁੰਦਾ ਹੈ, ਤਿਉਂ-ਤਿਉਂ ਵਸੋਂ ਖੇਤੀ ਤੋਂ ਬਦਲ ਕੇ ਉਦਯੋਗਾਂ ਅਤੇ ਹੋਰ ਖੇਤਰਾਂ ਵਿਚ ਲਗਦੀ ਜਾਂਦੀ ਹੈ। ਇਹੋ ਵਜ੍ਹਾ ਹੈ ਕਿ ਸਾਰੇ ਵਿਕਸਤ ਦੇਸ਼ਾਂ ਵਿਚ ਖੇਤੀ ਵਿਚ ਲੱਗੀ ਵਸੋਂ 5 ਫੀਸਦੀ ਤੋਂ ਵੀ ਘੱਟ ਹੈ ਅਤੇ 95 ਫੀਸਦੀ ਉਦਯੋਗਾਂ ਤੇ ਹੋਰ ਖੇਤਰਾਂ ਵਿਚ ਹੈ। ਭਾਰਤ ਵਿਚ ਵਿਕਾਸ ਨੂੰ ਪੰਜ ਸਾਲਾ ਯੋਜਨਾਵਾਂ ਰਾਹੀਂ ਤੇਜ਼ ਕੀਤਾ ਗਿਆ ਜਿਸ ਵਿਚ ਖੇਤੀ ਖੇਤਰ ਨੂੰ ਤਰਜੀਹ ਦਿੱਤੀ ਗਈ ਸੀ ਕਿਉਂ ਜੋ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਭਾਰਤ ਆਪਣੀਆਂ ਅੰਨ ਲੋੜਾਂ ਵਿਚ ਵੀ ਆਤਮ-ਨਿਰਭਰ ਨਹੀਂ ਸੀ ਅਤੇ ਵਿਦੇਸ਼ਾਂ ਤੋਂ ਅਨਾਜ ਮੰਗਵਾਉਣ ਲਈ ਮਜਬੂਰ ਸੀ। ਖੇਤੀ ਨੂੰ ਤਰਜੀਹ ਨਾਲ ਇਸ ਖੇਤਰ ਵਿਚ ਬਹੁਤ ਵਿਕਾਸ ਹੋਇਆ। ਭਾਰਤ ਅਨਾਜ ਦਰਾਮਦ ਕਰਨ ਵਾਲੇ ਦੇਸ਼ ਤੋਂ ਬਰਾਮਦ ਕਰਨ ਵਾਲਾ ਦੇਸ਼ ਤਾਂ ਬਣ ਗਿਆ ਪਰ ਖੇਤੀ 'ਤੇ ਵਸੋਂ ਦਾ ਭਾਰ ਘਟਣ ਦੀ ਬਜਾਇ ਦਿਨ-ਬ-ਦਿਨ ਵਧਦਾ ਗਿਆ। ਹੁਣ ਭਾਵੇਂ ਵਸੋਂ ਦਾ ਅਨੁਪਾਤ ਘਟ ਕੇ 75 ਫੀਸਦੀ ਤੋਂ 60 ਫੀਸਦੀ ਹੋ ਗਿਆ ਹੈ ਪਰ ਇਸ ਸਮੇਂ ਵਿਚ ਕੁੱਲ ਵਸੋਂ ਜੋ ਖੇਤੀ 'ਤੇ ਨਿਰਭਰ ਕਰਦੀ ਹੈ, ਉਹ ਤਿੰਨ ਗੁਣਾਂ ਤੋਂ ਵੀ ਵੱਧ ਹੋ ਗਈ ਹੈ। ਖੇਤੀ ਖੇਤਰ ਵਿਚ ਲੱਗੇ ਪਰਿਵਾਰਾਂ ਦੀ ਆਮਦਨ ਉਨ੍ਹਾਂ ਦੇ ਜੀਵਨ ਨਿਰਬਾਹ ਜੋਗੀ ਵੀ ਨਾ ਰਹੀ।

ਭਾਰਤ ਵਾਂਗ ਪੰਜਾਬ ਵਿਚ ਵੀ ਖੇਤੀ 'ਤੇ ਭਾਵੇਂ 60 ਫੀਸਦੀ ਵਸੋਂ ਨਿਰਭਰ ਕਰਦੀ ਹੈ ਪਰ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ ਘਟ ਕੇ ਸਿਰਫ 19 ਫੀਸਦੀ ਰਹਿ ਗਿਆ; ਬਾਕੀ ਦੀ 40 ਫੀਸਦੀ ਵਸੋਂ ਦਾ ਹਿੱਸਾ 81 ਫੀਸਦੀ ਹੈ ਜਿਸ ਦਾ ਅਰਥ ਹੈ ਕਿ ਖੇਤੀ ਖੇਤਰ ਵਿਚ ਲੱਗੇ ਲੋਕਾਂ ਦੀ ਆਮਦਨ ਗ਼ੈਰ-ਖੇਤੀ ਖੇਤਰ ਤੋਂ ਚਾਰ ਗੁਣਾਂ ਤੋਂ ਵੀ ਜ਼ਿਆਦਾ ਘੱਟ ਹੈ ਜੋ ਇਹ ਸਪਸ਼ਟ ਕਰਦੀ ਹੈ ਕਿ ਖੇਤੀ ਵਿਚ ਅਰਧ-ਬੇਰੁਜ਼ਗਾਰੀ ਹੈ ਜਾਂ ਖੇਤੀ ਵਿਚ ਵਾਧੂ ਵਸੋਂ ਹੈ, ਖੇਤੀ 'ਤੇ ਵਸੋਂ ਦਾ ਬੋਝ ਹੈ। ਦੁਨੀਆ ਦੇ ਵਿਕਸਤ ਦੇਸ਼ਾਂ ਵਲ ਦੇਖੀਏ ਤਾਂ ਉਥੇ ਜੇ ਖੇਤੀ ਵਿਚ ਵਸੋਂ 5 ਫੀਸਦੀ ਹੈ ਤਾਂ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਹਿੱਸਾ ਵੀ 5 ਫੀਸਦੀ ਹੈ ਜੋ ਸਾਬਤ ਕਰਦਾ ਹੈ ਕਿ ਖੇਤੀ ਵਿਚ ਪੂਰਨ ਰੁਜ਼ਗਾਰ ਹੈ ਅਤੇ ਉਸ ਖੇਤਰ ਵਿਚ ਬੇਰੁਜ਼ਗਾਰੀ ਜਾਂ ਅਰਧ-ਬੇਰੁਜ਼ਗਾਰੀ ਨਹੀਂ।

ਦੁਨੀਆ ਦਾ ਕੋਈ ਵੀ ਵਿਕਸਤ ਦੇਸ਼ ਅਜਿਹਾ ਨਹੀਂ ਜਿਹੜਾ ਉਦਯੋਗਕ ਦੇਸ਼ ਨਾ ਹੋਵੇ; ਦੂਸਰੀ ਤਰਫ ਜਿੰਨੇ ਵੀ ਦੇਸ਼ ਪਛੜੇ ਹਨ (ਇਨ੍ਹਾਂ ਵਿਚ ਭਾਰਤ ਵੀ ਹੈ), ਖੇਤੀ ਪ੍ਰਧਾਨ ਦੇਸ਼ ਹਨ। ਇਉਂ ਭਾਰਤ ਵਿਚ ਉਦਯੋਗਕ ਵਿਕਾਸ ਵੱਡੀ ਚੁਣੌਤੀ ਬਣਿਆ ਹੋਇਆ ਹੈ। ਭਾਰਤ ਵਿਚ ਜਿਹੜਾ ਵਿਕਾਸ ਹੋਇਆ ਹੈ, ਉਹ ਅਸਾਵਾਂ ਹੈ, ਸਿਰਫ ਸ਼ਹਿਰਾਂ ਵਿਚ ਹੋਇਆ ਹੈ; ਪਿੰਡਾਂ ਵਿਚ ਓਨਾ ਵਿਕਾਸ ਨਹੀਂ ਹੋਇਆ। ਕੁਝ ਪ੍ਰਦੇਸ਼ ਅਤੇ ਸ਼ਹਿਰ ਜ਼ਿਆਦਾ ਵਿਕਸਤ ਹੋਏ ਹਨ। ਕਰੋਨਾ ਕਾਲ ਦੌਰਾਨ ਅੰਦਾਜ਼ਾ ਲਾਇਆ ਗਿਆ ਕਿ ਵੱਖ ਵੱਖ ਸ਼ਹਿਰਾਂ ਦੇ ਉਦਯੋਗਾਂ ਵਿਚ ਕੰਮ ਕਰਨ ਵਾਲੇ 8 ਕਰੋੜ ਲੋਕ ਪਿੰਡਾਂ ਤੋਂ ਆਏ ਸਨ ਅਤੇ ਕੰਮ ਠੱਪ ਹੋਣ ਕਰ ਕੇ ਉਨ੍ਹਾਂ ਨੂੰ ਵਾਪਸ ਜਾਣਾ ਪਿਆ।

ਕੇਰਲ ਤੋਂ ਬਾਅਦ ਪੰਜਾਬ ਉਹ ਪ੍ਰਦੇਸ਼ ਹੈ ਜਿਥੋਂ ਵੱਧ ਤੋਂ ਵੱਧ ਲੋਕ ਵਿਦੇਸ਼ਾਂ ਵਿਚ ਗਏ ਹਨ ਅਤੇ ਪੰਜਾਬ ਵਿਚ ਹੀ ਕੇਰਲ ਤੋਂ ਬਾਅਦ ਵੱਧ ਤੋਂ ਵੱਧ ਵਿਦੇਸ਼ੀ ਪੂੰਜੀ ਉਨ੍ਹਾਂ ਦੇ ਘਰਾਂ ਵਿਚ ਆਉਂਦੀ ਹੈ ਪਰ ਇਹ ਤੱਥ ਇਹ ਵੀ ਸਪਸ਼ਟ ਕਰਦਾ ਹੈ ਕਿ ਪੰਜਾਬ ਦੇ ਅਗਾਂਹ ਵਧੂ ਲੋਕਾਂ ਦਾ ਪਰਵਾਸ ਦਾ ਇਕੋ ਹੀ ਵੱਡਾ ਕਾਰਨ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਹੈ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਜ਼ਿਆਦਾਤਰ ਨੌਜਵਾਨ ਖੇਤੀ ਪਰਿਵਾਰਾਂ ਵਿਚੋਂ ਹਨ ਜਿਨ੍ਹਾਂ ਵਿਚ ਕਈਆਂ ਨੇ ਵਿਦੇਸ਼ ਜਾਣ ਖ਼ਾਤਰ ਆਪਣੀਆਂ ਜ਼ਮੀਨਾਂ ਵੀ ਵੇਚ ਦਿੱਤੀਆਂ ਹਨ। ਵੱਡੀ ਪੱਧਰ 'ਤੇ ਚਿੰਤਾ ਪ੍ਰਗਟ ਹੋਣ ਦੇ ਬਾਵਜੂਦ ਪਰਵਾਸ ਜਾਣ ਦੀ ਰੁਚੀ ਵਿਚ ਕੋਈ ਕਮੀ ਨਹੀਂ ਆਈ ਸਗੋਂ ਵਾਧਾ ਹੋਇਆ ਹੈ। ਨੇਤਾ ਭਾਵੇਂ ਆਪਣੇ ਭਾਸ਼ਣਾਂ ਵਿਚ ਪਰਵਾਸ ਨਾ ਕਰਨ ਦੀਆਂ ਨਸੀਹਤਾਂ ਦਿੰਦੇ ਹਨ, ਲਿਖਤਾਂ ਵਿਚ ਵੀ ਇਹੀ ਗੱਲ ਆਉਂਦੀ ਹੈ ਕਿ ਪਰਵਾਸ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ ਪਰ ਇਸ ਦੇ ਅਸਲ ਕਾਰਨ, ਬੇਰੁਜ਼ਗਾਰੀ ਦਾ ਹੱਲ ਨਹੀਂ ਦੱਸਿਆ ਜਾਂਦਾ।

19ਵੀਂ ਸਦੀ ਦੇ ਅਖੀਰ ਵਿਚ ਉਦਯੋਗਕ ਵਿਕਾਸ ਸ਼ੁਰੂ ਹੋਇਆ ਜਿਹੜਾ ਸਭ ਤੋਂ ਪਹਿਲਾਂ ਇੰਗਲੈਂਡ ਵਿਚ ਹੋਇਆ। ਉਸ ਸਮੇਂ ਦੁਨੀਆ ਦੇ ਕਈ ਦੇਸ਼ ਇੰਗਲੈਂਡ ਦੇ ਅਧੀਨ ਸਨ। ਇੰਗਲੈਂਡ ਨੇ ਉਨ੍ਹਾਂ ਬਸਤੀ ਦੇਸ਼ਾਂ ਤੋਂ ਕੱਚਾ ਮਾਲ ਖਰੀਦਿਆ ਅਤੇ ਉਸ ਨੂੰ ਤਿਆਰ ਕਰ ਕੇ ਦੁਨੀਆ ਭਰ ਵਿਚ ਵੇਚਿਆ ਤੇ ਸਭ ਤੋਂ ਖੁਸ਼ਹਾਲ ਦੇਸ਼ ਬਣ ਗਿਆ। ਉਦਯੋਗਕ ਵਿਕਾਸ ਨਾਲ ਹੋਰ ਸੇਵਾਵਾਂ ਦੀ ਲੋੜ ਪੈਦਾ ਹੋਈ। ਖੇਤੀ ਵਿਚ ਲੱਗੀ ਵਸੋਂ ਜਾਂ ਤਾਂ ਉਦਯੋਗਾਂ ਵਿਚ ਜਾਂ ਹੋਰ ਸੇਵਾਵਾਂ ਵੱਲ ਲਗਦੀ



ਗਈ। ਇਉਂ ਇਹ ਵਸੋਂ ਖੇਤੀ ਵਿਚ ਘਟਦੀ ਗਈ। ਇਸ ਤਰ੍ਹਾਂ ਦੀ ਹਾਲਤ ਪੰਜਾਬ ਵਿਚ ਬਨਣੀ ਚਾਹੀਦੀ ਹੈ। ਇਸ ਕਾਰਜ ਲਈ ਸਰਕਾਰ ਨੂੰ ਅਜਿਹੀ ਨੀਤੀ ਬਣਾਉਣ ਦੀ ਲੋੜ ਹੈ ਜਿਹੜੀ ਉਦਯੋਗਕ ਵਿਕਾਸ ਨੂੰ ਉਤਸ਼ਾਹਿਤ ਕਰੇ ਅਤੇ ਜ਼ਿਆਦਾਤਰ ਉਦਯੋਗ ਪਿੰਡਾਂ ਵਿਚ ਲੱਗਣ।

ਬਹੁਤ ਸਾਰੇ ਆਰਥਿਕ ਅਧਿਐਨਾਂ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜਿਹੜੇ ਖੇਤੀ ਪਰਿਵਾਰ ਦੇ ਕੁਝ ਜੀਅ ਖੇਤੀ ਤੋਂ ਇਲਾਵਾ ਹੋਰ ਪੇਸ਼ਿਆਂ ਵਿਚ ਹਨ, ਉਨ੍ਹਾਂ ਘਰਾਂ 'ਤੇ ਕਰਜ਼ਾ ਵੀ ਘੱਟ ਹੈ ਅਤੇ ਉਨ੍ਹਾਂ ਦੀ ਖੇਤੀ ਵੀ ਚੰਗੀ ਹੈ। ਜਿਹੜੇ ਘਰ ਸਿਰਫ ਖੇਤੀ 'ਤੇ ਹੀ ਨਿਰਭਰ ਹਨ, ਉਨ੍ਹਾਂ ਸਿਰ ਜ਼ਿਆਦਾ ਕਰਜ਼ਾ ਹੈ ਅਤੇ ਉਨ੍ਹਾਂ ਦੀ ਖੇਤੀ ਵੀ ਪ੍ਰਫੁੱਲਤ ਨਹੀਂ। ਇਹ ਪੇਸ਼ਾਵਰ ਵੰਨ-ਸਵੰਨਤਾ ਪਿੰਡਾਂ ਵਿਚ ਪੈਦਾ ਨਹੀਂ ਹੋਈ। ਪੰਜਾਬ ਦੀ ਇਕੋ-ਇਕ ਫਸਲ ਬਾਸਮਤੀ ਜਿਸ ਤੋਂ ਹਰ ਸਾਲ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਕਮਾਈ ਜਾਂਦੀ ਹੈ, ਦੇ ਸ਼ੈਲਰ ਵੀ ਜ਼ਿਆਦਾ ਸ਼ਹਿਰਾਂ ਵਿਚ ਹਨ। ਹੁਣ ਤੱਥ ਇਹ ਹਨ ਕਿ ਬਾਕੀ ਦੀਆਂ ਸਾਰੀਆਂ ਖੇਤੀ ਉਪਜਾਂ ਤੋਂ ਸਾਲਾਨਾ ਤਕਰੀਬਨ 300 ਕਰੋੜ ਰੁਪਏ ਦੀ ਕਮਾਈ ਹੁੰਦੀ ਹੈ।

ਪਿੰਡਾਂ ਵਿਚ ਪੇਸ਼ਾਵਰ ਵੰਨ-ਸਵੰਨਤਾ ਪੈਦਾ ਕਰਨ ਲਈ ਪੇਂਡੂ ਉਦਯੋਗਕ ਵਿਕਾਸ ਹੀ ਆਧਾਰ ਬਣ ਸਕਦਾ ਹੈ। ਪੰਜਾਬ ਭਾਵੇਂ ਖੇਤੀ ਵਿਚ ਨਾ ਸਿਰਫ ਭਾਰਤ ਵਿਚ ਹੀ ਪ੍ਰਤੀ ਇਕਾਈ ਵੱਧ ਉਤਪਾਦਨ ਕਰਨ ਵਾਲਾ ਪ੍ਰਾਂਤ ਹੈ ਸਗੋਂ ਉਸ ਦੀ ਪ੍ਰਤੀ ਇਕੜ ਉਪਜ ਦੁਨੀਆ 'ਚ ਕਈ ਵਿਕਸਤ ਦੇਸ਼ਾਂ ਦੇ ਬਰਾਬਰ ਹੈ ਪਰ ਜਿੱਥੇ ਵਿਕਸਤ ਦੇਸ਼ਾਂ ਵਿਚ 82 ਫੀਸਦੀ ਖੇਤੀ ਵਸਤੂਆਂ ਨੂੰ ਤਿਆਰ ਕਰ ਕੇ ਵੇਚਿਆ ਜਾਂਦਾ ਹੈ ਉੱਥੇ ਪੰਜਾਬ ਵਿਚ ਸਿਰਫ 12 ਫੀਸਦੀ ਖੇਤੀ ਵਸਤੂਆਂ ਨੂੰ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਕੀਤਾ ਜਾਂਦਾ ਹੈ। ਖੇਤੀ ਵਿਚ ਸਿਰਫ ਕਣਕ ਅਤੇ ਝੋਨੇ ਦਾ ਫਸਲ ਚੱਕਰ ਅਪਣਾਇਆ ਜਾ ਰਿਹਾ ਹੈ ਜਦੋਂ ਕਿ ਹੋਰ ਫਸਲਾਂ ਅਧੀਨ ਖੇਤਰ ਨਾ-ਮਾਤਰ ਹੀ ਰਹਿ ਗਿਆ ਹੈ। ਜਿੰਨਾ ਚਿਰ ਖੇਤੀ ਵਿਚ ਵੰਨ-ਸਵੰਨਤਾ ਨਹੀਂ ਆਉਂਦੀ, ਓਨਾ ਚਿਰ ਖੇਤੀ ਆਧਾਰਿਤ ਉਦਯੋਗ ਨਹੀਂ ਲੱਗ ਸਕਦੇ। ਦਾਲਾਂ, ਤੇਲ ਬੀਜਾਂ, ਸਬਜ਼ੀਆਂ, ਫਲਾਂ, ਲੱਕੜ ਆਦਿ 'ਤੇ ਆਧਾਰਿਤ ਉਦਯੋਗ ਤਾਂ ਹੀ ਲੱਗ ਸਕਦੇ ਹਨ ਜੇ ਇਸ ਲਈ ਪ੍ਰਾਂਤ ਵਿਚੋਂ ਕੱਚਾ ਮਾਲ ਮਿਲਦਾ ਹੈ ਪਰ ਇਸ ਦੀ ਅਣਹੋਂਦ ਹੈ। ਸਰਕਾਰ, ਅਰਥਸ਼ਾਸਤਰੀਆਂ ਅਤੇ ਯੂਨੀਵਰਸਿਟੀਆਂ ਵੱਲੋਂ ਖੇਤੀ ਵਿਚ ਵੰਨ-ਸਵੰਨਤਾ ਅਪਣਾਉਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਹਨ, ਕਮੇਟੀਆਂ ਵੱਲੋਂ ਸਿਫਾਰਸ਼ਾਂ ਵੀ ਕੀਤੀਆਂ ਜਾਂਦੀਆਂ ਹਨ ਪਰ ਝੋਨੇ ਅਧੀਨ ਖੇਤਰ ਹਰ ਸਾਲ ਵਧ ਰਿਹਾ ਹੈ।

ਕਣਕ ਅਤੇ ਝੋਨੇ ਅਧੀਨ ਖੇਤਰ ਦਾ ਵਧਣਾ ਅਤੇ ਹੋਰ ਫਸਲਾਂ ਅਧੀਨ ਖੇਤਰ ਘਟਣ ਦਾ ਸਿਰਫ ਇਕ ਕਾਰਨ ਹੈ: ਇਨ੍ਹਾਂ ਦੋਵਾਂ ਫਸਲਾਂ ਦੀ ਸਰਕਾਰੀ ਖਰੀਦ ਜਿਹੜੀ ਹੋਰ ਫਸਲਾਂ ਲਈ ਨਹੀਂ ਹੈ। ਅਸਲ ਵਿਚ ਮੰਡੀਕਰਨ ਦਾ ਯਕੀਨੀ ਬਣਨਾ ਭਾਵੇਂ ਉਹ ਸਰਕਾਰੀ ਖਰੀਦ ਹੋਵੇ ਜਾਂ ਪ੍ਰਾਈਵੇਟ ਕੰਪਨੀਆਂ ਦੀ, ਉਸ ਤੋਂ ਬਗੈਰ ਹੋਰ ਫਸਲਾਂ ਅਤੇ ਉਪਜਾਂ ਵਿਚ ਵਾਧਾ ਨਹੀਂ ਹੋ ਸਕਦਾ। ਇਥੇ ਇਹ ਜ਼ਿਕਰ ਕਰਨਾ ਯੋਗ ਹੋਵੇਗਾ ਕਿ ਪੰਜਾਬ ਹੀ ਭਾਰਤ ਦਾ ਉਹ ਪ੍ਰਾਂਤ ਹੈ ਜਿੱਥੇ ਡੇਅਰੀ ਵੱਲੋਂ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਸਾਲਾਨਾ 9 ਫੀਸਦੀ ਦਾ ਹਿੱਸਾ ਪਾਇਆ ਜਾਂਦਾ ਹੈ; ਭਾਰਤ ਵਿਚ ਇਹ ਅਨੁਪਾਤ ਸਿਰਫ 5 ਫੀਸਦੀ ਹੈ। ਇਸ ਵੱਡੇ ਯੋਗਦਾਨ ਮਗਰ ਭਾਵੇਂ ਦੁੱਧ ਦੀ ਸਰਕਾਰੀ ਖਰੀਦ ਨਹੀਂ ਪਰ ਸਹਿਕਾਰੀ ਖਰੀਦ ਬਹੁਤ ਵੱਡੀ ਗੱਲ ਹੈ। ਇਹ ਠੀਕ ਹੈ ਕਿ ਸਰਕਾਰ ਹਰ ਫਸਲ ਦੀ ਖਰੀਦ ਨਹੀਂ ਕਰ ਸਕਦੀ ਪਰ ਡੇਅਰੀ ਸਹਿਕਾਰਤਾ ਵਾਂਗ ਹੋਰ ਉਪਜਾਂ ਲਈ ਸਹਿਕਾਰੀ ਖਰੀਦ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਸਰਪ੍ਰਸਤੀ ਬਹੁਤ ਵੱਡਾ ਯੋਗਦਾਨ ਪਾ ਸਕਦੀ ਹੈ। ਜੇ ਸਾਰੀਆਂ ਫਸਲਾਂ ਨਹੀਂ ਤਾਂ ਕੁਝ ਫਸਲਾਂ ਦੀ ਸਰਕਾਰੀ ਖਰੀਦ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਹਰ ਸਾਲ ਇਕ ਲੱਖ ਕਰੋੜ ਰੁਪਏ ਦੇ ਖਾਣ ਵਾਲੇ ਤੇਲ ਅਤੇ ਤਕਰੀਬਨ ਡੇਢ ਲੱਖ ਕਰੋੜ ਰੁਪਏ ਦੀਆਂ ਦਾਲਾਂ ਦੀ ਦਰਾਮਦ ਕੀਤੀ ਜਾਂਦੀ ਹੈ। ਪ੍ਰਾਂਤ ਵਿਚ ਪੈਦਾ ਕੀਤੇ ਤੇਲ ਬੀਜ ਅਤੇ ਦਾਲਾਂ ਦੀ ਬਰਾਮਦ ਨਾ ਵੀ ਹੋਵੇ, ਇਹ ਪ੍ਰਾਂਤ ਅਤੇ ਦੇਸ਼ ਵਿਚ ਹੀ ਵਿਕ ਸਕਦੀਆਂ ਹਨ। ਠੇਕੇ ਦੀ ਖੇਤੀ ਵਿਚ ਯਕੀਨੀ ਮੰਡੀਕਰਨ ਦੀ ਵਿਵਸਥਾ ਕੀਤੀ ਜਾਂਦੀ ਹੈ, ਦੁਨੀਆ ਦੇ ਸਾਰੇ ਵਿਕਸਤ ਦੇਸ਼ਾਂ ਵਿਚ ਠੇਕੇ ਦੀ ਖੇਤੀ ਪ੍ਰਚਲਿਤ ਹੈ ਅਤੇ ਬੜੀ ਸਫਲਤਾ ਨਾਲ ਚੱਲ ਰਹੀ ਹੈ ਕਿ ਇਸ ਤਰ੍ਹਾਂ ਦਾ ਯਕੀਨੀ ਮੰਡੀਕਰਨ, ਪੰਜਾਬ ਵਿਚ ਯੋਗ ਕਾਨੂੰਨ ਪ੍ਰਣਾਲੀ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ?

ਪੰਜਾਬ ਦੇ ਖੇਤੀ ਪਰਿਵਾਰਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਸਰਕਾਰ ਵੱਲੋਂ ਖੇਤੀ ਅਤੇ ਉਦਯੋਗਕ ਨੀਤੀ ਦਾ ਉਹ ਜੋੜ ਜ਼ਰੂਰੀ ਬਣਦਾ ਹੈ ਜਿਸ ਨਾਲ ਪੇਂਡੂ ਉਦਯੋਗੀਕਰਨ ਹੋਵੇ ਅਤੇ ਉਸ ਲਈ ਲੋੜੀਂਦਾ ਕੱਚਾ ਮਾਲ ਵੀ ਪਿੰਡਾਂ ਵਿਚ ਮਿਲ ਸਕਦਾ ਹੋਵੇ। ਇਸ ਕਾਰਜ ਵਾਸਤੇ ਫਸਲ ਵੰਨ-ਸਵੰਨਤਾ ਨੂੰ ਹੱਲਾਸ਼ੇਰੀ ਦੇਣੀ ਪਵੇਗੀ ਅਤੇ ਪੇਂਡੂ ਉਦਯੋਗੀਕਰਨ ਲਈ ਸਬਸਿਡੀ, ਟੈਕਸ ਛੋਟ ਦੇਣੀ ਤੇ ਉਦਯੋਗੀਕਰਨ ਲਈ ਢੁਕਵਾਂ ਢਾਂਚਾ ਬਣਾਉਣ ਵਾਲੀ ਨੀਤੀ ਅਪਣਾਉਣੀ ਪਵੇਗੀ। ਪੇਸ਼ਾਵਰ ਵੰਨ-ਸਵੰਨਤਾ ਦਾ ਆਧਾਰ ਉਦਯੋਗੀਕਰਨ ਹੈ ਅਤੇ ਪੇਂਡੂ ਉਦਯੋਗੀਕਰਨ ਨੂੰ ਤਰਜੀਹ ਦੇ ਕੇ ਲੋੜੀਂਦੇ ਸਿੱਟੇ ਪ੍ਰਾਪਤ ਹੋ ਸਕਦੇ ਹਨ।

# ਮੋਦੀ ਸਰਕਾਰ ਦੀ ਕਾਰਗੁਜ਼ਾਰੀ

ਡਾ. ਕੇਸਰ ਸਿੰਘ ਭੰਗੂ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਾਤਾਰ 10ਵੀਂ ਵਾਰ ਲਾਲ ਕਿਲ੍ਹੇ ਤੋਂ ਕੌਮੀ ਝੰਡਾ ਲਹਿਰਾਇਆ ਹੈ ਅਤੇ ਇਹ ਐਲਾਨ ਵੀ ਕੀਤਾ ਹੈ ਕਿ ਉਹ ਅਗਲੇ ਸਾਲ ਫਿਰ ਆਜ਼ਾਦੀ ਦਿਹਾੜੇ 'ਤੇ ਲਾਲ ਕਿਲ੍ਹੇ ਤੋਂ ਕੌਮੀ ਝੰਡਾ ਲਹਿਰਾਉਣਗੇ। ਹੁਣ ਇਸ ਸਰਕਾਰ ਦੀ ਦੋ ਕਾਰਜ ਕਾਲਾਂ ਦੀ ਕਾਰਗੁਜ਼ਾਰੀ 'ਤੇ ਨਿਗ੍ਹਾ ਮਾਰੀ ਜਾ ਸਕਦੀ ਹੈ। ਸਰਕਾਰ ਵੱਲੋਂ ਆਪਣਾ ਕੰਮ-ਕਾਜ ਸੰਭਾਲਣ ਤੋਂ ਦੋ ਤਿੰਨ ਸਾਲਾਂ ਬਾਅਦ ਹੀ ਭਾਰਤ ਦੀ ਅਰਥ ਵਿਵਸਥਾ ਲਗਾਤਾਰ ਗਿਰਾਵਟ ਵੱਲ ਜਾਂਦੀ ਦਿਸਣ ਲੱਗ ਪਈ ਸੀ ਕਿਉਂਕਿ ਆਰਥਿਕਤਾ ਦੇ ਲਗਭਗ ਸਾਰੇ ਹੀ ਮਹੱਤਵਪੂਰਨ ਸੂਚਕ ਜਿਵੇਂ ਆਰਥਿਕ ਵਿਕਾਸ ਦਰ, ਪ੍ਰਤੀ ਵਿਅਕਤੀ ਆਮਦਨ ਦਰ, ਬੇਰੁਜ਼ਗਾਰੀ ਦੀ ਦਰ, ਮਹਿੰਗਾਈ ਦੀ ਦਰ, ਗ਼ਰੀਬੀ ਦੀ ਸਥਿਤੀ ਆਦਿ ਨੀਵੇਂ ਪੱਧਰ 'ਤੇ ਆ ਗਏ ਹਨ। ਅਜਿਹਾ ਹੋਣ ਵਿਚ ਕਿਸੇ ਵੀ ਬਾਹਰੀ ਅਤੇ ਕੌਮਾਂਤਰੀ ਨੀਤੀਆਂ ਤੇ ਕਾਰਕਾਂ ਦਾ ਰੋਲ ਨਹੀਂ। ਗਹੁ ਨਾਲ ਵਾਚਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਸਥਿਤੀ ਲਈ ਸਰਕਾਰ ਦੀਆਂ ਨੀਤੀਆਂ ਹੀ ਜ਼ਿੰਮੇਵਾਰ ਹਨ। ਮੌਜੂਦਾ ਕੇਂਦਰ ਸਰਕਾਰ ਨੇ ਭਾਵੇਂ ਪਿਛਲੇ ਦਸ ਸਾਲਾਂ ਵਿਚ ਬਹੁਤ ਸਾਰੀਆਂ ਆਰਥਿਕ ਨੀਤੀਆਂ ਵਿਚ ਬਦਲਾਓ ਕੀਤੇ ਜਿਵੇਂ ਯੋਜਨਾ ਕਮਿਸ਼ਨ ਤੋੜ ਕੇ ਨੀਤੀ ਆਯੋਗ ਬਣਾਉਣਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ, 2016 ਵਿਚ ਨੋਟਬੰਦੀ, 2017 ਗੁੱਡਜ਼ ਤੇ ਸਰਵਿਸ ਟੈਕਸ ਲਗਾਉਣਾ ਆਦਿ।

ਸਰਕਾਰ ਨੇ ਪਿਛਲੀ ਸਰਕਾਰ ਤੋਂ ਵਿਰਸੇ ਵਿਚ ਵਿੱਤੀ ਸਾਲ 2014-15 ਦੌਰਾਨ ਚੰਗੀ ਆਰਥਿਕ ਹਾਲਤ ਵਿਚ ਅਰਥ ਵਿਵਸਥਾ ਸੰਭਾਲੀ ਸੀ ਕਿਉਂਕਿ ਇਸ ਵਿੱਤੀ ਸਾਲ ਦੌਰਾਨ ਕੁੱਲ ਘਰੇਲੂ ਉਤਪਾਦ ਦੇ ਵਿਕਾਸ ਦਰ 7.4 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਵਾਧੇ ਦੀ ਦਰ 6.2 ਪ੍ਰਤੀਸ਼ਤ ਸੀ। ਸਰਕਾਰ ਦੇ ਕੰਮ-ਕਾਜ ਸੰਭਾਲਣ ਦੇ ਤਿੰਨ ਮਹੀਨਿਆਂ ਬਾਅਦ, ਭਾਵ ਅਗਸਤ 2014 ਵਿਚ ਦੁਨੀਆ ਭਰ ਵਿਚ ਕੱਚੇ ਤੇਲ ਦੀਆਂ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਵਿਚ ਭਾਰੀ ਇਤਿਹਾਸਕ ਗਿਰਾਵਟ ਆਈ ਜਿਸ ਨੇ ਪਹਿਲਾਂ ਤੋਂ ਹੀ ਚੰਗੀ ਆਰਥਿਕ ਤਰੱਕੀ ਕਰ ਰਹੀ ਭਾਰਤ ਦੀ ਅਰਥ ਵਿਵਸਥਾ ਨੂੰ ਹੋਰ ਮਜ਼ਬੂਤ ਕੀਤਾ; ਨਤੀਜੇ ਵਜੋਂ ਵਿੱਤੀ ਸਾਲ 2016-17 ਵਿਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿਚ 8.3 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਦਰ ਵਿਚ 6.9 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ। ਇਸ ਤੋਂ ਅਗਲੇ ਸਾਲਾਂ ਵਿਚ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਦੀ ਦਰ ਘਟ ਗਈ।

ਇਹ ਵੀ ਸੱਚ ਹੈ ਕਿ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ 2014-15 ਤੋਂ ਹੁਣ ਤੱਕ ਦੁੱਗਣੀ ਹੋ ਗਈ ਹੈ। ਪ੍ਰਚਲਿਤ ਕੀਮਤਾਂ ਤੇ 2014-15 ਵਿਚ ਪ੍ਰਤੀ ਵਿਅਕਤੀ ਆਮਦਨ 86,647 ਰੁਪਏ ਸੀ ਜਿਹੜੀ ਹੁਣ 98 ਪ੍ਰਤੀਸ਼ਤ ਤੋਂ ਵੱਧ ਵਾਧੇ ਨਾਲ 1,72,000 ਰੁਪਏ ਹੋ ਗਈ ਹੈ। ਇੱਥੇ ਸਪੱਸ਼ਟ ਕਰਨਾ ਬਣਦਾ ਹੈ ਕਿ ਜਦੋਂ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦਾ ਮੁਕਾਬਲਤਨ ਅਧਿਐਨ ਪ੍ਰਚਲਿਤ ਕੀਮਤਾਂ ਅਨੁਸਾਰ ਕੀਤਾ ਜਾਂਦਾ ਹੈ ਤਾਂ ਸਹੀ ਤਸਵੀਰ ਸਾਹਮਣੇ ਨਹੀਂ ਆਉਂਦੀ ਕਿਉਂਕਿ ਇਸ ਵਿਚ ਮਹਿੰਗਾਈ ਵੀ ਸ਼ਾਮਿਲ ਹੁੰਦੀ ਹੈ। ਇਸ ਲਈ ਅਸਲ ਸਥਿਤੀ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਇਨ੍ਹਾਂ ਦਾ ਮੁਕਾਬਲਤਨ ਅਧਿਐਨ ਸਥਿਰ ਕੀਮਤਾਂ 'ਤੇ ਕੀਤਾ ਜਾਵੇ। 2011-12 ਦੀਆਂ ਸਥਿਰ ਕੀਮਤਾਂ ਦੇ ਹਿਸਾਬ ਨਾਲ ਇਹ ਵਾਧਾ 98 ਪ੍ਰਤੀਸ਼ਤ ਤੋਂ ਵੱਧ ਨਾ ਹੋ ਕੇ ਕੇਵਲ 35 ਪ੍ਰਤੀਸ਼ਤ ਦੇ ਨੇੜੇ ਸੀ; 2014-15 ਵਿਚ ਸਥਿਰ ਕੀਮਤਾਂ ਅਨੁਸਾਰ ਪ੍ਰਤੀ ਵਿਅਕਤੀ ਆਮਦਨ 72805 ਰੁਪਏ ਤੋਂ ਵਧ ਕੇ 2022-23 ਵਿਚ 98,118 ਰੁਪਏ ਹੋ ਗਈ ਪਰ ਜੇ ਇਸ ਤੋਂ ਪਹਿਲਾਂ ਦੇ 10 ਸਾਲਾਂ ਵਿਚ ਪ੍ਰਤੀ ਵਿਅਕਤੀ ਆਮਦਨ ਦਾ ਵਾਧਾ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਤੀ ਵਿਅਕਤੀ ਆਮਦਨ ਵਿਚ ਵਾਧੇ ਦੇ ਮਾਮਲੇ ਵਿਚ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਅੱਛੀ ਨਹੀਂ ਰਹੀ। ਮਨਮੋਹਨ ਸਿੰਘ ਸਰਕਾਰ ਸਮੇਂ 10 ਸਾਲਾਂ ਵਿਚ ਇਹ ਵਾਧਾ ਪ੍ਰਚਲਿਤ ਕੀਮਤਾਂ 'ਤੇ 157 ਪ੍ਰਤੀਸ਼ਤ ਸੀ, ਭਾਵ 2006-07 ਵਿਚ ਪ੍ਰਤੀ ਵਿਅਕਤੀ ਆਮਦਨ 33,717 ਰੁਪਏ ਤੋਂ ਵਧ ਕੇ 2014-15 ਵਿਚ 86,647 ਰੁਪਏ ਹੋ ਗਈ ਸੀ। ਇਸੇ ਸਮੇਂ ਦੌਰਾਨ ਸਥਿਰ ਕੀਮਤਾਂ 'ਤੇ ਪ੍ਰਤੀ ਵਿਅਕਤੀ ਆਮਦਨ 51431 ਰੁਪਏ ਤੋਂ ਵਧ ਕੇ 72805 ਰੁਪਏ ਹੋ ਗਈ, ਭਾਵ ਇਹ ਵਾਧਾ 42 ਪ੍ਰਤੀਸ਼ਤ ਦੇ ਨੇੜੇ ਸੀ।

ਕੇਂਦਰ ਸਰਕਾਰ ਨੇ ਨਵੰਬਰ 2016 ਨੋਟਬੰਦੀ ਲਾਗੂ ਕੀਤੀ, ਇਹ ਬੇਲੋੜਾ ਫ਼ੈਸਲਾ ਸੀ ਕਿਉਂਕਿ ਨੋਟਬੰਦੀ ਦੇ ਫ਼ੈਸਲੇ ਨਾਲ ਆਮ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਫ਼ੈਸਲੇ ਨੇ ਦੇਸ਼ ਵਿਚ ਬਹੁਤ ਸਾਰੇ ਲੋਕਾਂ ਦੀ ਆਮਦਨ ਤੇ ਰੁਜ਼ਗਾਰ ਨੂੰ ਢਾਹ ਲਾਈ; ਖ਼ਾਸ ਕਰ ਕੇ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਗ਼ੈਰ-ਸੰਗਠਿਤ ਖੇਤਰ ਦੇ ਅਦਾਰਿਆਂ ਦੇ ਕਰਮੀਆਂ ਤੇ ਮਾਲਕਾਂ ਦਾ ਕਚੂੰਬਰ ਕੱਢ ਕੇ ਰੱਖ ਦਿੱਤਾ। ਉਂਝ ਵੀ ਇਸ ਨਾਲ ਸਰਕਾਰ ਵੱਲੋਂ ਐਲਾਨੇ ਇਕ ਵੀ ਉਦੇਸ਼ ਦੀ ਪੂਰਤੀ ਨਹੀਂ ਹੋਈ। ਫਿਰ 2017 ਦੌਰਾਨ ਗੁੱਡਜ਼ ਤੇ ਸਰਵਿਸ ਟੈਕਸ (ਜੀ.ਐਸ.ਟੀ.) ਲਾਗੂ ਕੀਤਾ ਗਿਆ। ਸਰਕਾਰ ਦੇ ਇਸ ਫ਼ੈਸਲੇ ਨੇ ਵੀ ਛੋਟੇ, ਦਰਮਿਆਨੇ ਅਤੇ ਗ਼ੈਰ-ਸੰਗਠਿਤ ਵਪਾਰਕ ਅਦਾਰਿਆਂ ਨੂੰ ਵੱਡੀ ਢਾਹ ਲਾਈ। ਇਸ ਫ਼ੈਸਲੇ ਨੇ ਦੇਸ਼ ਦੇ ਮਜ਼ਬੂਤ ਸੰਘੀ (ਫੈਡਰਲ) ਢਾਂਚੇ ਨੂੰ ਨੀਵਾਂ ਦਿਖਾਇਆ, ਨਾਲ ਹੀ ਸੂਬਿਆਂ ਦੇ ਟੈਕਸ ਲਾਗੂ ਕਰ ਕੇ ਆਪਣੀ ਆਮਦਨ ਵਿਚ ਵਾਧਾ ਕਰਨ 'ਤੇ ਰੋਕ ਲਗਾ ਦਿੱਤੀ। ਹੁਣ ਸਾਰੇ ਸੂਬੇ ਛੋਟੀ ਛੋਟੀ ਵਿੱਤੀ ਸਹਾਇਤਾ ਲਈ ਵੀ ਕੇਂਦਰ ਸਰਕਾਰ 'ਤੇ ਨਿਰਭਰ ਹਨ। ਉਸ ਵਕਤ ਤਾਂ ਦੇਸ਼ ਦੀਆਂ ਮਜ਼ਬੂਤ ਖੇਤਰੀ ਰਾਜਨੀਤਕ ਪਾਰਟੀਆਂ ਜਿਹੜੀਆਂ ਅਸਲ ਸੰਘਵਾਦ ਅਤੇ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਦੀਆਂ ਝੰਡਾਬਰਦਾਰ ਸਨ, ਨੇ ਵੀ ਇਹ ਟੈਕਸ ਲਾਗੂ ਕਰਨ ਲਈ ਹਾਮੀ ਭਰ ਦਿੱਤੀ ਸੀ।

ਇਨ੍ਹਾਂ ਆਰਥਿਕ ਤਬਦੀਲੀਆਂ ਨੇ ਆਮ ਲੋਕਾਂ ਦੀ ਰੋਜ਼ੀ-ਰੋਟੀ ਕਮਾਉਣ ਦੇ ਵਸੀਲਿਆਂ ਨੂੰ ਢਾਹ ਲਾਈ ਜਿਸ ਕਾਰਨ ਲੋਕਾਂ ਦਾ ਰੁਜ਼ਗਾਰ ਖੁੱਸਿਆ, ਆਮਦਨ ਘਟੀ, ਗ਼ਰੀਬੀ ਵਧੀ ਅਤੇ ਖ਼ੁਰਾਕ ਸੁਰੱਖਿਆ ਖ਼ਤਰੇ ਵਿਚ ਪਈ; ਬਹੁਤ ਸਾਰੇ ਲੋਕ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਏ। ਇਨ੍ਹਾਂ ਨੀਤੀਆਂ ਕਾਰਨ ਪਿਛਲੇ ਪੰਜ ਦਹਾਕਿਆਂ ਤੋਂ ਪਹਿਲੀ ਵਾਰ ਪ੍ਰਤੀ ਵਿਅਕਤੀ ਆਮਦਨ ਘਟੀ ਕਿਉਂਕਿ ਵਿੱਤੀ ਸਾਲ 2017-18 ਤੋਂ ਲੈ ਕੇ 2021-22 ਦਰਮਿਆਨ ਪ੍ਰਤੀ ਵਿਅਕਤੀ ਆਮਦਨ ਦਰ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਸਾਲਾਨਾ ਘਟ ਗਈ। ਇੱਥੇ ਹੀ ਬਸ ਨਹੀਂ, ਗ਼ੈਰ-ਖੇਤੀ ਧੰਦਿਆਂ ਵਿਚ ਕੰਮ ਕਰਦੇ ਲੋਕਾਂ ਦੀ ਅਸਲ ਮਜ਼ਦੂਰੀ ਵੀ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਘਟੀ। 2016-17 ਤੋਂ ਬਾਅਦ ਅਸਲ ਮਜ਼ਦੂਰੀ ਵਿਚ 0.7 ਪ੍ਰਤੀਸ਼ਤ ਸਾਲਾਨਾ ਦਾ ਭਾਰੀ ਘਾਟਾ ਦਰਜ ਹੋਇਆ।

ਇਹ ਅੰਕੜੇ ਪਿਛਲੇ ਸਾਲਾਂ ਦੌਰਾਨ ਵਧੀ ਗ਼ਰੀਬੀ ਅਤੇ ਗ਼ਰੀਬੀ ਘਟਣ ਦੀ ਦਰ ਵਿਚ ਆਈ ਕਮੀ ਵੱਲ ਇਸ਼ਾਰਾ ਕਰਦੇ ਹਨ ਪਰ ਦੇਸ਼ ਵਿਚ ਗ਼ਰੀਬੀ ਦੇ ਅੰਕੜੇ 2011-12 ਤੱਕ ਦੇ ਹੀ ਮਿਲਦੇ ਹਨ। ਗ਼ਰੀਬੀ ਸਬੰਧੀ ਜਿਹੜਾ ਸਰਵੇਖਣ 2017-18 ਵਿਚ ਹੋਇਆ ਸੀ, ਉਸ ਨੂੰ ਸਰਕਾਰ ਨੇ ਤਕਨੀਕੀ ਖ਼ਾਮੀਆਂ ਹੋਣ ਕਾਰਨ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਇਸੇ ਤਰ੍ਹਾਂ ਸਰਕਾਰ ਨੇ 2021 ਦੀ ਜਨਗਣਨਾ ਨੂੰ ਵੀ ਵਿਚ-ਵਿਚਾਲੇ ਰੋਕਿਆ ਹੋਇਆ ਹੈ। ਇਸ ਲਈ ਉਪਰੋਕਤ ਅੰਕੜਿਆਂ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਜਦੋਂ ਦੇਸ਼ ਵਿਚ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਘਟੀ ਹੈ ਤਾਂ ਸੁਭਾਵਿਕ ਹੈ ਕਿ ਦੇਸ਼ ਵਿਚ ਗ਼ਰੀਬੀ ਵੀ ਵਧੀ ਹੈ।


ਹੁਣ ਦੇਸ਼ ਵਿਚ ਪਿਛਲੇ ਕੁਝ ਸਾਲਾਂ ਤੋਂ ਵਧ ਰਹੀ ਹਰ ਕਿਸਮ ਦੀ ਮਹਿੰਗਾਈ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਅੱਜ ਪਰਚੂਨ ਅਤੇ ਥੋਕ ਮਹਿੰਗਾਈ ਦੀਆਂ ਦਰਾਂ ਜੋ ਕੁਝ ਸਾਲਾਂ ਤੋਂ ਲਗਾਤਾਰ ਵਧ ਰਹੀਆਂ ਹਨ, 10 ਸਾਲਾਂ ਵਿਚ ਸਭ ਤੋਂ ਉੱਚੇ ਪੱਧਰ 'ਤੇ ਹਨ। ਗ਼ਰੀਬ ਲੋਕ ਜੋ ਬਹੁਗਿਣਤੀ ਵਿਚ ਹਨ, ਇਸ ਮਹਿੰਗਾਈ ਦੀ ਮਾਰ ਸਭ ਤੋਂ ਵੱਧ ਝੱਲ ਰਹੇ ਹਨ। ਪਿਛਲੇ ਸਮੇਂ ਦੌਰਾਨ ਪੈਟਰੋਲੀਅਮ ਪਦਾਰਥਾਂ, ਖਾਣ ਵਾਲੇ ਤੇਲਾਂ, ਖਾਦ ਪਦਾਰਥਾਂ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਬੇਹਿਸਾਬ ਵਾਧਾ ਹੋਇਆ ਹੈ। ਨਤੀਜੇ ਵਜੋਂ ਇਹ ਪਦਾਰਥ ਆਮ ਲੋਕਾਂ ਦੀ ਖਪਤ ਵਿਚੋਂ ਬਾਹਰ ਹੋ ਰਹੇ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਵਧ ਰਹੀ ਮਹਿੰਗਾਈ ਦੇ ਅਸਲ ਕਾਰਨ ਸਰਕਾਰ ਵੱਲੋਂ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮਣਾਂ ਮੂੰਹੀਂ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦੇਣਾ ਅਤੇ ਸਰਕਾਰ ਦੀਆਂ ਹੋਰ ਆਰਥਿਕ ਤਰਜੀਹਾਂ ਹਨ; ਭਾਵ, ਮਹਿੰਗਾਈ ਲਈ ਜ਼ਿੰਮੇਵਾਰ ਕਾਰਕ ਅੰਦਰੂਨੀ ਹਨ ਭਾਵੇਂ ਕੌਮਾਂਤਰੀ ਕਾਰਕਾਂ ਨੇ ਵੀ ਥੋੜ੍ਹਾ ਯੋਗਦਾਨ ਪਾਇਆ ਹੈ। ਇੱਥੇ ਸਰਕਾਰ ਦੀਆਂ ਆਰਥਿਕ ਤਰਜੀਹਾਂ ਤੋਂ ਮਤਲਬ ਹੈ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾਖੋਰੀ ਵਾਲੀਆਂ ਨੀਤੀਆਂ ਉੱਪਰ ਚਲ ਰਹੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿਚ ਲਗਾਤਾਰ ਅਰਬਪਤੀਆਂ ਦੀ ਗਿਣਤੀ ਵਿਚ ਚੋਖਾ ਵਾਧਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਨੀਤੀਆਂ ਵਿਚ ਲੋਕ ਪੱਖੀ ਤਬਦੀਲੀਆਂ ਕਰ ਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦੀ ਜਿਸ ਨਾਲ ਲੋਕਾਂ ਦੀ ਆਮਦਨ ਵਧਦੀ ਅਤੇ ਮਹਿੰਗਾਈ ਤੋਂ ਆਮ ਆਦਮੀ ਨੂੰ ਰਾਹਤ ਮਿਲਦੀ ਪਰ ਅਜਿਹਾ ਨਹੀਂ ਹੋਇਆ ਅਤੇ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਘੋਰ ਗ਼ਰੀਬੀ ਵੱਲ ਧੱਕਿਆ ਗਿਆ।

**ਤੁਸੀਂ ਪੜ੍ਹ ਚੁੱਕੇ ਹੋ...**

*ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਹੁਣ ਪੜ੍ਹੋ ਇਸ ਤੋਂ ਅਗਾਂਹ...*

# ਹਨੇਰੇ ਰਾਹ

**ਚਰਚਿਤ ਕਹਾਣੀਕਾਰ ਹਰਪ੍ਰੀਤ ਸੇਖਾ (ਕੈਨੇਡਾ) ਦਾ ਪਲੇਠਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਛੇ – ਭਾਗ ਦੋ



**ਹਰਪ੍ਰੀਤ ਸੇਖਾ**
ਫੋਨ: +1-778-231-1189

ਕਰਨਵੀਰ

ਪਾਣੀ ਵਾਲੇ ਜੱਗ ਭਰਦੇ ਅਤੇ ਫਿਰ ਖਾਲੀ ਹੋਈਆਂ ਪਲੇਟਾਂ ਚੁੱਕਦੇ ਕਰਨਵੀਰ ਨੇ ਨਿਗ੍ਹਾ ਰੱਖੀ ਕਿ ਕਦੋਂ ਜੀਤੀ 'ਬ੍ਰੇਕ' ਲਈ ਜਾਵੇਗੀ, ਉਦੋਂ ਹੀ ਉਹ ਜਾਵੇਗਾ ਪਰ ਦਿਲਰੀਤ ਨੇ ਉਸ ਦੀ ਇਹ ਇੱਛਾ ਪੂਰੀ ਨਾ ਹੋਣ ਦਿੱਤੀ, ਉਸ ਨੇ ਕਰਨਵੀਰ ਨੂੰ ਪਹਿਲਾਂ 'ਬ੍ਰੇਕ' ਲਈ ਭੇਜ ਦਿੱਤਾ।

ਖਾਣਾ ਖਾ ਕੇ ਕਰਨਵੀਰ ਮੁੜ ਜੂਠੀਆਂ ਪਲੇਟਾਂ ਮੇਜ਼ਾਂ ਤੋਂ ਚੁੱਕਣ ਲੱਗਾ। ਰਸੋਈ ਵਿਚ ਭਾਂਡੇ ਧੋਣ ਵਾਲੀ ਮਸ਼ੀਨ ਦੇ ਮੂਹਰੇ ਪਏ ਸਟੀਲ ਦੇ ਮੇਜ਼ਾਂ 'ਤੇ ਪਲੇਟਾਂ ਰੱਖਣ ਆਏ ਕਰਨਵੀਰ ਨੂੰ ਲੱਗਾ ਜਿਵੇਂ ਪਲੇਟਾਂ ਸਾਫ਼ ਕਰ ਰਹੀ ਔਰਤ ਰੋ ਰਹੀ ਹੋਵੇ। ਕਰਨਵੀਰ ਨੇ ਪੈਰ ਮਲ ਲਿਆ ਅਤੇ ਧਿਆਨ ਨਾਲ ਦੇਖਿਆ। ਉਸ ਦੀ ਸ਼ੱਕ ਸਹੀ ਸੀ। ਪਹਿਲਾਂ ਇਸ ਥਾਂ 'ਤੇ ਦੋ ਔਰਤਾਂ ਕੰਮ ਕਰ ਰਹੀਆਂ ਸਨ। ਇਕ ਚਲੀ ਗਈ ਸੀ। ਕਈ ਹੋਰਾਂ ਦੇ ਨਾਲ-ਨਾਲ ਉਸ ਦੀ ਵੀ ਸ਼ਿਫਟ ਖਤਮ ਹੋ ਗਈ ਹੋਵੇਗੀ। ਸ਼ਾਇਦ ਕੰਮ ਦੇ ਲੋਡ ਕਰ ਕੇ ਜਾਂ ਥਕੇਵੇਂ ਕਰ ਕੇ ਇਹ ਰੋ ਰਹੀ ਹੋਵੇਗੀ। ਕਰਨਵੀਰ ਨੇ ਸੋਚਿਆ। ਉਹ ਬੋਲਿਆ, "ਆਂਟੀ, ਕੀ ਗੱਲ ਏ?" ਆਂਟੀ ਨੇ ਆਪਣੀ ਬਾਂਹ ਨਾਲ ਅੱਖਾਂ ਪੂੰਝਣ ਦੀ ਕੋਸ਼ਿਸ਼ ਕਰਦਿਆਂ ਸਿਰ ਫੇਰਿਆ। "ਮੈਂ ਥੋੜ੍ਹੀ ਹੈਲਪ ਕਰ ਦਿਨਾ ਵਾਂ। ਤੁਸੀਂ ਥੱਕ ਗਏ ਹੋਵੋਗੇ। ਬ੍ਰੇਕ ਲੈ ਲਵੋ।" ਕਰਨਵੀਰ ਨੇ ਕਿਹਾ। ਆਂਟੀ ਨੇ ਬੁੱਲ੍ਹਾਂ ਵਿਚ ਹੀ ਕੁਝ ਕਿਹਾ ਜਿਹੜਾ ਕਰਨਵੀਰ ਨੂੰ ਨਾ ਸੁਣਿਆ। ਉਹ ਬੋਲਿਆ, "ਮੈਂ ਸੁਪਰਵਾਈਜ਼ਰ ਨੂੰ ਪੁੱਛ ਕੇ ਆਉਨਾ ਵਾਂ ਤੇ ਤੁਹਾਡੇ ਨਾਲ ਲਗਦਾ ਵਾਂ ਇੱਥੇ।" ਆਂਟੀ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ।

ਕਰਨਵੀਰ ਨੇ ਹਾਲ ਵਿਚ ਜਾ ਕੇ ਦਿਲਰੀਤ ਨੂੰ ਪੁੱਛਿਆ ਤਾਂ ਉਹ ਬੋਲੀ, "ਪਹਿਲਾ ਦਿਨ ਐ। ਵਿਜ਼ਟਰ ਐ। ਇੰਡੀਆ ਦੀ ਸਰਦਾਰੀ ਯਾਦ ਕਰ ਕੇ ਮਨ ਖਰਾਬ ਹੋ ਗਿਆ ਹੋਵੇਗਾ। ਕੋਈ ਨਹੀਂ, ਉਹ ਮੈਨੇਜ ਕਰ ਲਊ। ਤੂੰ ਆਪਣਾ ਕੰਮ ਨਬੇੜ ਲੈ।" ਕਰਨਵੀਰ ਨੂੰ ਦਿਲਰੀਤ ਦੀ ਆਵਾਜ਼ ਵੀ ਉਦਾਸ ਹੋ ਗਈ ਲੱਗੀ। ਕਰਨਵੀਰ ਮੁੜ ਜੂਠੀਆਂ ਪਲੇਟਾਂ ਚੁੱਕਣ ਲੱਗਾ। ਉਸ ਦੀਆਂ ਅੱਖਾਂ ਮੂਹਰੇ ਆਪਣੀ ਮਾਂ ਦਾ ਚਿਹਰਾ ਆ ਗਿਆ। ਅਗਲੀ ਵਾਰ ਰਸੋਈ ਵਿਚ ਗਏ ਕਰਨਵੀਰ ਨੇ ਪਲੇਟਾਂ ਵਿਚਲੇ ਵਧੇ ਖਾਣੇ ਨੂੰ ਪਹਿਲਾਂ ਗਾਰਬੇਜ ਕੈਨ ਵਿਚ ਸੁੱਟਿਆ ਤੇ ਫਿਰ ਪਲੇਟਾਂ ਮੇਜ਼ 'ਤੇ ਰੱਖੀਆਂ। ਉਸ ਨੇ ਆਸੇ-ਪਾਸੇ ਨਿਗ੍ਹਾ ਮਾਰੀ, ਦਿਲਰੀਤ ਕਿਤੇ ਨਹੀਂ ਸੀ। ਉਹ ਹੋਰ ਪਲੇਟਾਂ ਵਿਚਲੀ ਜੂਠ ਵੀ ਕੂੜੇ ਵਿਚ ਸੁੱਟਣ ਲੱਗਾ। ਅਗਲੇ ਗੇੜੇ ਉਸ ਨੇ ਜੂਠ ਨਾਲ ਭਰੇ ਗਾਰਬੇਜ ਬੈਗਾਂ ਨੂੰ ਕੈਨਾਂ ਵਿਚੋਂ ਕੱਢਿਆ ਅਤੇ ਰਸੋਈ ਤੋਂ ਬਾਹਰ ਰੱਖੇ ਕੂੜੇ ਦੇ ਹੋਰ ਬੈਗਾਂ ਦੇ ਨਾਲ ਰੱਖ ਆਇਆ। ਹਾਲ ਵਿਚ ਮੁੜ ਕੇ ਗਏ ਨੂੰ ਜੀਤੀ ਬੋਲੀ, "ਤੂੰ ਕਿਚਨ 'ਚ ਕੁਝ ਜ਼ਿਆਦਾ ਹੀ ਨਹੀਂ ਟਾਈਮ ਲਾਉਣ ਲੱਗਾ?"

ਕਰਨਵੀਰ ਨੇ ਉਸ ਨੂੰ ਆਂਟੀ ਬਾਰੇ ਦੱਸਿਆ। ਉਹ ਬੋਲੀ, "ਮੈਨੂੰ ਪਤੈ। ਪਹਿਲਾਂ ਉਨ੍ਹਾਂ ਦੀ ਬੇਟੀ ਵੀ ਸਾਡੇ ਨਾਲ ਹੀ ਕੰਮ ਕਰਦੀ ਸੀ। ਉਹ ਵੀ ਸਟੂਡੈਂਟ ਐ। ਉਹਦੀ ਫ਼ੀਸ ਬਣਾਉਣ 'ਚ ਹੈਲਪ ਕਰਨ ਲਈ ਆਏ ਆ ਪਰ ਪਤਾ ਨਹੀਂ ਸੀ ਕਿ ਏਦਾਂ ਦੇ ਕੰਮ ਕਰਨੇ ਪੈਣਗੇ। ਆਪੇ ਠੀਕ ਹੋ ਜਾਣਗੇ। ਪਹਿਲਾ ਦਿਨ ਤਾਂ ਔਖਾ ਲਗਦਾ ਈ ਹੁੰਦੈ। ਤੈਨੂੰ ਨੀ ਲੱਗਦਾ?"

"ਔਖਾ ਤਾਂ ਨਹੀਂ ਲਗਦਾ, ਓਪਰਾ ਜਿਹਾ ਲਗਦਾ ਏ। ਆਪਣੇ ਲੋਕਾਂ 'ਚ ਬਹਿਰਾ ਜਿਹਾ ਬਣਿਆ ਲਗਦਾ ਵਾਂ---।" ਕਰਨਵੀਰ ਨੇ ਆਪਣੀ ਗੱਲ ਪੂਰੀ ਨਹੀਂ ਸੀ ਕੀਤੀ ਕਿ ਉਨ੍ਹਾਂ ਨੂੰ ਲਲਕਾਰਾ ਸੁਣਿਆ। ਉਨ੍ਹਾਂ ਨੇ ਆਵਾਜ਼ ਵਾਲੇ ਪਾਸੇ ਦੇਖਿਆ। 'ਡਾਂਸ ਫਲੋਰ' ਦੇ ਨੇੜੇ ਕੋਈ ਉੱਚੀ ਆਵਾਜ਼ 'ਚ ਆਖ ਰਿਹਾ ਸੀ, "ਨੋ ਨੋ, ਨੋ ਡਿਨਰ। ਹੋਰ ਭੰਗੜਾ ਪਾਉਣੈ। ਪਾਓ ਬਈ ਤੁਸੀਂ ਵੀ। ਕੋਈ ਨੀ ਰੋਕ ਸਕਦਾ ਸਾਨੂੰ। ਇਟਸ ਮਾਈ ਬੱਡੀਜ਼ ਹਾਲ।" ਤੇ ਫਿਰ ਉਹ ਬਾਹਾਂ ਮਾਰਦਾ ਗਾਉਣ ਲੱਗਾ, "ਅਜੀ ਤੋ ਰਾਤ ਜਵਾਂ ਹੈ---।"

"ਲੈ ਅੱਜ ਨਹੀਂ ਜਾਣ ਦਿੰਦੇ ਦੋ ਵਜੇ ਤੋਂ ਪਹਿਲਾਂ।" ਜੀਤੀ ਬੋਲੀ। ਕਰਨਵੀਰ ਨੇ ਉਸ ਵੱਲ ਦੇਖਿਆ। ਉਹ ਫਿਰ ਬੋਲੀ, "ਹੁਣ ਤਾਂ ਜੀਅ ਕਰਦੈ ਐਥੇ ਈ ਲੇਟ ਜਾਈਏ। ਪੈਰ ਦੁਖਣ ਲੱਗੇ ਆ।"

"ਤੂੰ ਆਰਾਮ ਕਰ ਲੈ, ਮੈਂ ਚੁੱਕ ਦਿੰਨਾ ਵਾਂ ਇਹ।" ਕਰਨਵੀਰ ਨੇ ਮੇਜ਼ ਵੱਲ ਹੱਥ ਕਰ ਕੇ ਕਿਹਾ।

"ਜਿੰਨਾ ਚਿਰ ਇਹ ਨੀ ਜਾਂਦੇ, ਕਿੱਥੇ ਆਰਾਮ ਹੋਣੈ।" ਜੀਤੀ ਨੇ ਨੱਚ ਰਿਹਾਂ ਵੱਲ ਇਸ਼ਾਰਾ ਕਰ ਕੇ ਕਿਹਾ। ਉੱਥੇ ਚਾਲੀ-ਪੰਜਾਹ ਜਣੇ ਰਹਿ ਗਏ ਸਨ। ਕਰਨਵੀਰ ਹੋਰੀਂ ਚਾਰ ਮੇਜ਼ਾਂ ਨੂੰ ਛੱਡ ਕੇ ਬਾਕੀਆਂ ਨੂੰ ਸਮੇਟਣ ਲੱਗੇ। ਸਾਢੇ ਕੁ ਬਾਰਾਂ ਵਜੇ ਤਕ ਪੰਦਰਾਂ-ਵੀਹ ਪ੍ਰਾਹੁਣੇ ਰਹਿ ਗਏ। ਜੀਤੀ ਦੇ ਮੁਰਝਾਏ ਚਿਹਰੇ ਵੱਲ ਦੇਖ ਕੇ ਕਰਨਵੀਰ ਬੋਲਿਆ, "ਜੀਤੀ, ਤੂੰ ਦਿਲਰੀਤ ਨੂੰ ਦੱਸ ਆ ਕਿ ਅਸੀਂ ਬਾਹਰ ਰੱਖਿਆ ਗਾਰਬੇਜ ਸੁੱਟਦੇ ਵਾਂ। ਤੂੰ ਬਾਹਰ ਜਾ ਕੇ ਬੈਠ ਜਾਈਂ, ਮੈਂ ਸੁੱਟ ਦੇਊਂਗਾ।"

"ਚੱਲ ਆ ਜਾ।"

ਦਿਲਰੀਤ ਡੀ ਜੇ ਵਾਲੇ ਕੈਬਿਨ ਵਿਚ ਬੈਠੀ ਸੀ। ਡੀ ਜੇ ਆਪਣੇ ਕੰਮ ਦੀ ਸ਼ਿਫਟ ਮੁਕਾ ਕੇ ਚਲਾ ਗਿਆ ਸੀ। ਗੀਤ ਵਜਾਉਣ ਦੀ ਜ਼ਿੰਮੇਵਾਰੀ ਦਿਲਰੀਤ ਨੇ ਸੰਭਾਲ ਲਈ ਸੀ। ਸੁਣ ਕੇ ਦਿਲਰੀਤ ਬੋਲੀ, "ਮੈਂ ਡਿਨਰ ਦਾ ਚੇਤਾ ਕਰਵਾਉਣ ਲਈ ਲਾਸਟ ਟਾਈਮ ਅਨਾਊਂਸ ਕਰਦੀ ਆਂ। ਤੁਸੀਂ ਗਾਰਬੇਜ ਸੁੱਟ ਦਿਓ। ਜੇ ਉਦੋਂ ਤਕ ਵੀ ਇਹ ਡਿਨਰ ਨਾ ਕਰਨ ਲੱਗੇ ਤਾਂ ਬਫੇ ਨੂੰ ਸਮੇਟ ਦਿਓ।"

ਉਨ੍ਹਾਂ ਦੇ ਖੜ੍ਹਿਆਂ ਹੀ ਗੀਤ ਰੋਕ ਕੇ ਦਿਲਰੀਤ ਨੇ ਮਾਈਕ ਰਾਹੀਂ ਖਾਣੇ ਵਾਸਤੇ ਆਵਾਜ਼ ਦੇ ਦਿੱਤੀ। ਨੱਚਣ ਵਾਲਿਆਂ ਦੇ ਕੰਨੀਂ ਜੂੰ ਨਾ ਸਰਕੀ।

ਗਾਰਬੇਜ ਸੁੱਟ ਕੇ ਵਾਪਸ ਆਇਆਂ ਤੋਂ ਕਰਨਵੀਰ ਨੇ ਦੇਖਿਆ ਕਿ ਨੱਚਣ ਵਾਲਿਆਂ 'ਚੋਂ ਕੋਈ ਵੀ ਖਾਣਾ ਖਾਣ ਨਹੀਂ ਸੀ ਲੱਗਾ। ਲਲਕਾਰਾ ਮਾਰਨ ਵਾਲਾ ਹੁਣ ਫਰਸ਼ 'ਤੇ ਪਿਆ ਸੱਪ ਬਣ ਕੇ ਮੇਲ੍ਹ ਰਿਹਾ ਸੀ। ਉਸ ਦਾ ਸਾਥੀ ਹੱਥਾਂ ਦੀ ਬੀਨ ਬਣਾ ਕੇ ਸਪੇਰਾ ਬਣਿਆ ਹੋਇਆ ਸੀ। ਗੀਤ ਚੱਲ ਰਿਹਾ ਸੀ, 'ਪੈਸਾ ਜਿਵੇਂ ਨਚਾਈ ਜਾਂਦੈ, ਦੁਨੀਆ ਨੱਚੀ ਜਾਂਦੀ ਐ। ਬਈ ਦੁਨੀਆ ਨੱਚੀ ਜਾਂਦੀ ਐ।' ਵੱਜ ਰਹੇ ਗਾਣੇ ਦੀ ਤਾਲ ਅਤੇ ਨੱਚਣ ਵਾਲਿਆਂ ਦੀਆਂ ਚੱਲ ਰਹੀਆਂ ਲੱਤਾਂ-ਬਾਹਾਂ ਵਿਚ ਕੋਈ ਤਾਲ-ਮੇਲ ਨਹੀਂ ਸੀ। ਇਹ ਦੇਖ ਕੇ ਕਰਨਵੀਰ ਨੂੰ ਹਾਸਾ ਆ ਗਿਆ। ਉਸ ਨੇ ਜੀਤੀ ਵੱਲ ਦੇਖਿਆ। ਜੀਤੀ ਨੇ ਕਚੀਚੀ ਵੱਟੀ। ਦਿਲਰੀਤ ਕੋਲ ਜਾ ਕੇ ਉਹ ਬੋਲੀ, "ਕੋਈ ਗ਼ਜ਼ਲ ਚਲਾ ਦਿਓ। ਆਪੇ ਨੱਚਣੋ ਹਟ ਜਾਣਗੇ।"

"ਹੁਣ ਤਾਂ ਭਾਵੇਂ ਪਾਠ ਲਾ ਦਿਆਂ, ਏਨ੍ਹਾਂ ਨੇ



ਫੇਰ ਵੀ ਨਹੀਂ ਹਟਣਾ। ਖਾਣਾ ਏਨ੍ਹਾਂ ਨੇ ਹੈਨੀ। ਬਸ ਆਹੀ ਡਰ ਐ ਕਿ ਵਾਰੀ-ਵਾਰੀ ਕਹਿਣ 'ਤੇ ਲੜ ਨਾ ਪੈਣ। ਤੁਸੀਂ ਹੌਲੀ-ਹੌਲੀ ਚੁੱਕੀ ਜਾਓ ਸਮਾਨ।" ਆਖ ਕੇ ਦਿਲਰੀਤ ਨੇ ਸੱਚ ਹੀ ਨੱਚਣ ਦੀ ਥਾਂ ਸੁਣਨ ਵਾਲਾ ਗੀਤ 'ਸਾਈਂ ਮੇਰੀ ਫਰਿਆਦ ਤੇਰੇ ਤਾਈਂ' ਚਲਾ ਦਿੱਤਾ।

ਨੱਚਣ ਵਾਲਿਆਂ 'ਤੇ ਇਸ ਦਾ ਕੋਈ ਅਸਰ ਨਾ ਹੋਇਆ। ਜੀਤੀ ਬੋਲੀ, "ਵੇ ਤਰਸ ਕਰੋ ਭਾਈ ਸਾਡੇ 'ਤੇ।"

ਤਰਸ ਕਰਨ ਵਾਲੇ ਆਪਣੀ ਮਸਤੀ ਵਿਚ ਸਨ। ਕਰਨਵੀਰ ਹੋਰੀਂ ਉਨ੍ਹਾਂ ਦੇ ਜਾਣ ਦੀ ਝਾਕ ਵਿਚ ਸਨ। ਉਨ੍ਹਾਂ ਦੇ ਜਾਣ ਤੋਂ ਬਾਅਦ ਸਾਫ਼-ਸਫ਼ਾਈ ਕਰਦਿਆਂ ਉਨ੍ਹਾਂ ਨੂੰ ਢਾਈ ਵੱਜ ਗਏ। ਰਜਿੰਦਰ ਨੇ ਸਾਰੇ ਦਿਹਾੜੀਦਾਰਾਂ ਨੂੰ ਲਿਫ਼ਾਫ਼ੇ ਫੜਾਏ ਤੇ ਬੋਲਿਆ, "ਆ ਜੋ ਤੁਹਾਨੂੰ ਘਰੇ-ਘਰੀ ਛੱਡ ਦੇਈਏ।"

ਭਾਂਡੇ ਧੋਣ ਵਾਲੀ ਆਂਟੀ, ਦੋ ਕੁੜੀਆਂ ਤੇ ਇਕ ਮੁੰਡਾ ਰਜਿੰਦਰ ਨੇੜੇ ਹੋ ਕੇ ਖੜ੍ਹ ਗਏ। ਜੀਤੀ ਤੇ ਉਸ ਦੀ ਸਾਥਣ ਦਿਲਰੀਤ ਵੱਲ ਹੋ ਗਈਆਂ। ਕਰਨਵੀਰ ਨੂੰ ਪਤਾ ਨਹੀਂ ਸੀ ਕਿ ਉਸ ਨੇ ਕਿਸ ਨਾਲ ਜਾਣਾ ਸੀ। ਉਹ ਉਸੇ ਤਰ੍ਹਾਂ ਹੀ ਖੜ੍ਹਾ ਰਿਹਾ। ਦਿਲਰੀਤ ਨੇ ਪੁੱਛਿਆ, "ਕਰਨ, ਤੇਰਾ ਘਰ ਕਿੱਧਰ ਐ?"

"ਹਰਓਂਟੇਰੀਓ ਤੇ ਸੈਂਡਲਵੁੱਡ ਪਾਰਕ ਵੇਅ ਨੇੜੇ ਏ।"

"ਚੱਲ ਤੈਨੂੰ ਮੈਂ ਛੱਡ ਦੇਊਂਗੀ, ਮੈਂ ਵੀ ਓਧਰ ਹੀ ਰਹਿਨੀ ਆਂ।" ਆਖਦੀ ਦਿਲਰੀਤ ਆਪਣੀ ਕਾਰ ਵੱਲ ਤੁਰ ਪਈ। ਜੀਤੀ ਦੀ ਸਾਥਣ ਦਿਲਰੀਤ ਨਾਲ ਕਾਰ ਦੀ ਮੂਹਰਲੀ ਸੀਟ 'ਤੇ ਬੈਠ ਗਈ। ਕਰਨਵੀਰ ਤੇ ਜੀਤੀ ਪਿਛਲੀ ਸੀਟ 'ਤੇ। ਜੀਤੀ ਨੇ ਬਾਰੀ ਨਾਲ ਸਿਰ ਦਾ ਢੋਅ ਲਾ ਕੇ ਅੱਖਾਂ ਮੀਚ ਲਈਆਂ। ਕਰਨਵੀਰ ਦੇ ਦਿਮਾਗ ਵਿਚ ਰਜਿੰਦਰ ਵੱਲੋਂ ਮਿਲਣ ਲਈ ਦਿੱਤੇ ਸੱਦੇ ਵਾਲੀ ਗੱਲ ਆ ਗਈ। ਉਹ ਜੀਤੀ ਨੂੰ ਦੱਸਣਾ ਚਾਹੁੰਦਾ ਸੀ ਪਰ ਉਹ ਦੂਰੀ ਬਣਾ ਕੇ ਬੈਠ ਗਈ ਸੀ। ਕਰਨਵੀਰ ਨੇ ਸੋਚਿਆ ਕਿ ਥੱਕੀ ਹੋਵੇਗੀ। ਕੱਲ੍ਹ ਨੂੰ ਦੱਸ ਦੇਵੇਗਾ। ਉਹ ਕਾਰ ਦੀ ਦੂਜੀ ਬਾਰੀ ਨੇੜੇ ਹੋ ਕੇ ਬਾਹਰ ਵੱਲ ਦੇਖਣ ਲੱਗਾ। ਦਿਲਰੀਤ ਨੇ ਸਟੀਲਜ਼ ਅਤੇ ਮੈਕਲਾਗਲਿਨ ਦਾ ਚੌਰਸਤਾ ਲੰਘ ਕੇ ਕਾਰ ਰੋਕ ਦਿੱਤੀ, ਤੇ ਬੋਲੀ, "ਕਰਨ, ਤੂੰ ਅਗਲੀ ਸੀਟ 'ਤੇ ਆ ਜਾ।"

ਜੀਤੀ ਤੇ ਉਸ ਦੀ ਸਾਥਣ ਕਾਰ ਵਿਚੋਂ ਉੱਤਰ ਗਈਆਂ ਤੇ ਕਰਨਵੀਰ ਖਾਲੀ ਹੋਈ ਮੂਹਰਲੀ ਸੀਟ 'ਤੇ ਬੈਠ ਗਿਆ। ਉਸ ਨੂੰ ਪਤਾ ਸੀ ਕਿ ਜੀਤੀ ਦਾ ਸ਼ੈਰੀਡਨ ਕਾਲਜ ਜਿੱਥੇ ਪੰਜਾਬ ਤੋਂ ਆਉਣ ਵਾਲੇ ਬਹੁਤੇ ਅੰਤਰਰਾਸ਼ਟਰੀ ਵਿਦਿਆਰਥੀ ਦਾਖਲਾ ਲੈਂਦੇ ਸਨ, ਇੱਥੋਂ ਨੇੜੇ ਹੀ ਸੀ। ਦਿਲਰੀਤ ਬੋਲੀ, "ਕਰਨ, ਤੈਨੂੰ ਨਹੀਂ ਮਿਲਿਆ ਓਪਨ ਵਰਕ ਪਰਮਿਟ ਹਾਲੇ?"

"ਨਹੀਂ ਜੀ, ਮੈਂ ਵਿਜ਼ਟਰ ਵਾਂ। ਵਰਕ ਪਰਮਿਟ ਲੱਭ ਰਿਹਾ ਵਾਂ ਭਾਵੇਂ ਬੋਡਿਡ ਹੀ ਹੋਵੇ।" ਕਰਨਵੀਰ ਨੇ ਜਵਾਬ ਦਿੱਤਾ।

"ਅੱਛਾ।"

ਕਰਨਵੀਰ ਨੇ ਸੋਚਿਆ ਕਿ ਹੁਣ ਗੱਲ ਤੁਰ ਪਈ ਹੈ ਤਾਂ ਇਸ ਨੂੰ ਜਾਰੀ ਰੱਖਾਂ। ਉਸ ਨੇ ਪੁੱਛ ਲਿਆ, "ਝਾਂਜਰ ਰੈਸਟੋਰੈਂਟ 'ਚ ਕੋਈ ਵਕੈਂਸੀ ਖਾਲੀ ਏ? ਰਜਿੰਦਰ ਹੋਰੀਂ ਮੈਨੂੰ ਮਿਲਣ ਲਈ ਕਹਿੰਦੇ ਸੀ।"

"ਅੱਛਾ? ਨਹੀਂ ਝਾਂਜਰ 'ਚ ਨਹੀਂ। ਇਹ ਨਵਾਂ ਰੈਸਟੋਰੈਂਟ ਖੋਲ੍ਹ ਰਹੇ ਆ। ਉਸ ਲਈ ਚਾਹੀਦੇ ਆ ਵਰਕਰ। ਝਾਂਜਰ 'ਚ ਤਾਂ ਮੈਂ ਹੀ ਸੁਪਰਵਾਈਜ਼ਰ ਹਾਂ। ਨਵੇਂ ਰੈਸਟੋਰੈਂਟ ਨੂੰ ਰਜਿੰਦਰ ਨੇ ਆਪ ਸੁਪਰਵਾਈਜ਼ ਕਰਨੈ। ਉਸ ਨੂੰ ਮਿਲ ਲਵੀਂ।"

"ਮੇਰਾ ਰੈਸਟੋਰੈਂਟ 'ਚ ਕੰਮ ਕਰਨ ਦਾ ਤਜਰਬਾ ਏ। ਬਾਰ ਟੈਂਡਿੰਗ ਵੀ ਕਰ ਲੈਨਾ ਵਾਂ।"

"ਠੀਕ ਐ ਫੇਰ ਤਾਂ।"

"ਵਰਕ ਪਰਮਿਟ ਦਿਵਾ ਦੇਣਗੇ?"

"ਇਸ ਬਾਰੇ ਨਹੀਂ ਮੈਨੂੰ ਪਤਾ। ਹਾਂ, ਏਨਾ ਜ਼ਰੂਰ ਆ ਕਿ ਜੇ ਏਨ੍ਹਾਂ ਦੀ ਹਾਂ 'ਚ ਹਾਂ ਮਿਲਾਈ ਜਾਓਗੇ ਤਾਂ ਖ਼ਰਾਬ ਨਹੀਂ ਕਰਦੇ। ਪੇਅ ਵੀ ਟਾਈਮ ਨਾਲ ਦੇ ਦਿੰਦੇ ਆ। ਨਹੀਂ ਤਾਂ ਆਪਣੇ ਬਹੁਤੇ ਲੋਕ ਵਾਧੂ ਗੇੜੇ ਕਢਵਾਈ ਜਾਂਦੇ ਆ।"

ਕਰਨਵੀਰ ਨੇ ਸੋਚਿਆ ਕਿ ਜੇ ਇਸ ਤਰ੍ਹਾਂ ਵਰਕ ਪਰਮਿਟ ਮਿਲ ਗਿਆ ਤਾਂ ਐੱਲ ਐੱਮ ਆਈ ਏ 'ਤੇ ਲੱਗਣ ਵਾਲੇ ਵੀਹ ਹਜ਼ਾਰ ਡਾਲਰ ਵੀ ਬਚ ਜਾਣਗੇ ਜਿਸ ਬਾਰੇ ਇਮੀਗ੍ਰੇਸ਼ਨ ਵਾਲੇ ਚਿੱਟੀ ਨੇ ਦੱਸਿਆ ਸੀ।

"ਮੇਰੀ ਸਿਫ਼ਾਰਸ਼ ਕਰ ਦਿਉਗੇ?" ਕਰਨਵੀਰ ਨੇ ਹੌਲੀ ਆਵਾਜ਼ 'ਚ ਕਿਹਾ। ਜਿਵੇਂ ਇਹ ਉਸ ਦੇ ਮੂੰਹੋਂ ਮਸਾਂ ਹੀ ਨਿਕਲਿਆ ਹੋਵੇ।

"ਜ਼ਰੂਰ ਪਰ ਪਹਿਲਾਂ ਉਨ੍ਹਾਂ ਨੂੰ ਮਿਲ ਤਾਂ ਲੈ। ਅੱਜ ਸ਼ਾਮ ਨੂੰ ਹੀ ਚਲਿਆ ਜਾਵੀਂ। ਸੰਡੇ ਨੂੰ ਬਹੁਤਾ ਰਸ਼ ਨਹੀਂ ਹੁੰਦਾ। ਮੈਂ ਵੀ ਆਖ ਦਿਆਂਗੀ।" ਦਿਲਰੀਤ ਨੇ ਕਰਨਵੀਰ ਵੱਲ ਦੇਖਦੀ ਨੇ ਕਿਹਾ। ਕਰਨਵੀਰ ਨੂੰ ਉਸ ਦੀ ਮੋਹ ਭਰੀ ਤੱਕਣੀ ਦੇਖ ਕੇ ਆਸ ਹੋ ਗਈ ਕਿ ਉਹ ਉਸ ਦਾ ਕੰਮ ਬਣਵਾ ਦੇਵੇਗੀ।

---

ਬੱਚਿਆਂ ਦਾ ਰੌਲਾ ਸੁਣ ਕੇ ਕਰਨਵੀਰ ਦੀ ਅੱਖ ਖੁੱਲ੍ਹ ਗਈ। ਉਸ ਨੇ ਫੋਨ 'ਤੇ ਸਮਾਂ ਦੇਖਿਆ। ਸਾਢੇ ਦਸ ਵੱਜੇ ਸਨ। ਉਸ ਨੇ ਫੋਨ ਰੱਖ ਦਿੱਤਾ ਅਤੇ ਮੁੜ ਅੱਖਾਂ ਮੀਚ ਲਈਆਂ ਪਰ ਰਸੋਈ ਵਿਚ ਦਗੜ-ਦਗੜ ਭੱਜੇ-ਫਿਰਦੇ ਉਸ ਦੇ ਭਤੀਜੇ-ਭਤੀਜੀ ਨੇ ਘਰ ਸਿਰ 'ਤੇ ਚੁੱਕਿਆ ਹੋਇਆ ਸੀ। ਕਰਨਵੀਰ ਨੂੰ ਪਤਾ ਸੀ ਕਿ ਉਸ ਨੇ ਹੁਣ ਸੌਂ ਨਹੀਂ ਸਕਣਾ। ਉਸ ਨੇ ਮੁੜ ਸੌਣ ਦਾ ਖਿਆਲ ਛੱਡ ਕੇ ਅੱਖਾਂ ਖੋਲ੍ਹ ਲਈਆਂ। ਰਜਿੰਦਰ ਨੂੰ ਮਿਲਣ ਦਾ ਖਿਆਲ ਰਾਤ ਦੀ ਮੱਠਾ ਪੈ ਗਿਆ ਸੀ ਜਦੋਂ ਉਸ ਨੇ ਲਿਫ਼ਾਫ਼ਾ ਖੋਲ੍ਹਿਆ ਸੀ। ਉਸ ਵਿਚੋਂ ਸਿਰਫ਼ ਪੰਜਾਹ ਡਾਲਰ ਹੀ ਨਿਕਲੇ ਸਨ। ਇਹ ਦੇਖ ਕੇ ਉਸ ਨੂੰ ਇਕ ਦਮ ਗੁੱਸਾ ਚੜ੍ਹਿਆ ਸੀ। ਇਸ ਹਿਸਾਬ ਨਾਲ ਤਾਂ ਚਾਰ ਡਾਲਰ ਪ੍ਰਤੀ ਘੰਟਾ ਵੀ ਨਹੀਂ ਸੀ ਬਣਦੇ ਜਦੋਂ ਕਿ ਕਾਨੂੰਨੀ ਤੌਰ 'ਤੇ ਓਂਟੇਰੀਓ ਵਿਚ ਘੱਟੋ-ਘੱਟ ਤਨਖਾਹ ਗਿਆਰਾਂ ਡਾਲਰ ਸੱਠ ਸੈਂਟ ਪ੍ਰਤੀ ਘੰਟਾ ਸੀ। ਰਾਤ ਵਾਲਾ ਗੁੱਸਾ ਹੁਣ ਕੁਝ ਢੈਲਾ ਹੋ ਗਿਆ ਸੀ। ਉਸ ਨੂੰ ਦਿਲਰੀਤ ਦੀ ਕਹੀ ਗੱਲ ਯਾਦ ਆ ਗਈ ਕਿ ਜੇ ਰਜਿੰਦਰ ਦੀ ਹਾਂ 'ਚ ਹਾਂ ਮਿਲਾਈ ਜਾਓਗੇ ਤਾਂ ਉਹ ਖਰਾਬ ਨਹੀਂ ਕਰਦਾ। ਕਰਨਵੀਰ ਸੋਚੀਂ ਪੈ ਗਿਆ ਕਿ ਜਾਵੇ ਜਾਂ ਨਾ। ਉਸ ਦੇ ਚਿੱਤ 'ਚ ਆਈ ਕਿ ਜੀਤੀ ਦੀ ਸਲਾਹ ਲੈ ਲਵੇ, ਨਾਲੇ ਉਸ ਨੂੰ ਦੱਸ ਦੇਵੇ। ਉਸ ਨੇ ਆਪਣਾ ਫੋਨ ਚਾਰਜਰ ਤੋਂ ਲਾਹਿਆ ਅਤੇ ਫੇਸਬੁੱਕ ਮੈਸੇਂਜਰ 'ਤੇ ਜੀਤੀ ਨੂੰ 'ਗੁੱਡ ਮੋਰਨਿੰਗ' ਲਿਖ ਦਿੱਤਾ। ਉਸ ਦਾ ਕੋਈ ਜਵਾਬ ਨਾ ਆਇਆ। ਕਰਨਵੀਰ ਨੂੰ ਪਤਾ ਲੱਗ ਗਿਆ ਸੀ ਕਿ ਜੀਤੀ ਨੇ ਸੁਨੇਹਾ ਪੜ੍ਹ ਲਿਆ ਸੀ। ਉਸ ਨੇ ਸੋਚਿਆ ਕਿ ਜੀਤੀ ਜਾਗ ਰਹੀ ਸੀ। ਉਸ ਨੇ ਮੁੜ ਸੁਨੇਹਾ ਲਿਖ ਦਿੱਤਾ, "ਜੀਤੀ, ਜੇ ਟਾਈਮ ਹੈ ਤਾਂ ਕਾਲ ਕਰਾਂ? ਇਕ ਗੱਲ ਕਰਨੀ ਏ।"

ਜੀਤੀ ਨੇ ਲਿਖ ਭੇਜਿਆ, "ਦਿਲਰੀਤ ਨੂੰ ਕਰ ਲੈ। ਮੈਂ ਬਿਜ਼ੀ ਆਂ।" ਇਹ ਪੜ੍ਹ ਕੇ ਕਰਨਵੀਰ ਨੂੰ ਕੋਈ ਸਮਝ ਨਾ ਲੱਗੀ। ਉਸ ਨੇ ਫੋਨ ਮਿਲਾ ਲਿਆ। ਫੋਨ ਚੁਕਦਿਆਂ ਹੀ ਜੀਤੀ ਬੋਲੀ, "ਕਿਓਂ ਦਿਲਰੀਤ ਨੇ ਨਹੀਂ ਚੁੱਕਿਆ ਫੋਨ?"

"ਕੀ ਮਤਲਬ?"

"ਚੇਤਾ ਨੀ ਰਾਤ ਕਿਵੇਂ ਭੱਜ ਕੇ ਮੂਹਰਲੀ ਸੀਟ 'ਤੇ ਉਸ ਨਾਲ ਬੈਠਾ ਸੀ।" ਜੀਤੀ ਦਾ ਇਹ ਜਵਾਬ ਸੁਣ ਕੇ ਕਰਨਵੀਰ ਨੂੰ ਕਹਾਣੀ ਸਮਝ ਆਉਣ ਲੱਗੀ। ਉਸ ਨੂੰ ਚੰਗਾ ਲੱਗਾ ਕਿ ਜੀਤੀ ਉਸ 'ਤੇ ਮੇਰ ਕਰਨ ਲੱਗੀ ਸੀ। ਉਸ ਨੇ ਸਵਾਦ ਲੈਣ ਲਈ ਕਿਹਾ, "ਤੂੰ ਤਾਂ ਅੱਖਾਂ ਮੀਚ ਕੇ ਪਾਸੇ ਹੋ ਕੇ ਬੈਠ ਗਈ ਸੀ, ਕਿਸੇ ਨਾਲ ਤਾਂ ਗੱਲ ਕਰਨੀ ਸੀ।"

"ਚੰਗਾ, ਉਸੇ ਨਾਲ ਕਰ ਲੈ ਗੱਲ। ਮੈਂ ਫੋਨ ਬੰਦ ਕਰਨ ਲੱਗੀ ਆਂ।"

"ਨਾ ਨਾ ਫੋਨ ਨਾ ਬੰਦ ਕਰੀਂ।"

"ਕਿਉਂ ਨਾ ਕਰਾਂ? ਜੇ ਮੈਂ ਤੇਰੇ ਨਾਲ ਗੱਲ ਨਾ ਕਰੂੰਗੀ ਤਾਂ ਤੂੰ ਕੋਈ ਹੋਰ ਲੱਭ ਲਵੇਂਗਾ?" ਜੀਤੀ ਦਾ ਇਹ ਜਵਾਬ ਸੁਣ ਕੇ ਕਰਨਵੀਰ ਮੁਸਕਰਾ ਪਿਆ। ਇਹ ਜੀਤੀ ਨੂੰ ਦੂਜੇ ਪਾਸੇ ਨਹੀਂ ਸੀ ਦਿਸਣਾ। ਉਹ ਫਿਰ ਬੋਲੀ, "ਤੂੰ ਵੀ ਰਾਤ ਮੁੜ-ਮੁੜ ਉਸ ਕੋਲੋਂ ਪੁੱਛਣ ਜਾਂਦਾ ਸੀ ਤੇ ਉਹ ਵੀ ਕਿੰਨਾ ਇੰਟਰਸਟ ਦਿਖਾਉਂਦੀ ਸੀ।"

"ਅੱਛਾ? ਮੈਨੂੰ ਤਾਂ ਪਤਾ ਹੀ ਨਹੀਂ ਲੱਗਾ ਇਸ ਗੱਲ ਦਾ।"

"ਹੁਣ ਲੱਗ ਗਿਆ ਨਾ? ਕਰ ਉਸੇ ਨਾਲ ਹੀ ਗੱਲਾਂ।" ਆਖਦੀ ਜੀਤੀ ਨੇ ਫੋਨ ਬੰਦ ਕਰ ਦਿੱਤਾ। ਕਰਨਵੀਰ ਕੁਝ ਪਲ ਆਪਣੇ ਫੋਨ ਵੱਲ ਦੇਖਦਾ ਰਿਹਾ। ਫਿਰ ਮੁਸਕਰਾ ਪਿਆ। ਉਸ ਨੇ ਮੁੜ ਜੀਤੀ ਨੂੰ ਫੋਨ ਕੀਤਾ ਪਰ ਉਸ ਨੇ ਚੁੱਕਿਆ ਨਹੀਂ। ਕਰਨਵੀਰ ਉਨੀ ਦੇਰ ਫੋਨ ਮਿਲਾਉਂਦਾ ਰਿਹਾ, ਜਿੰਨੀ ਦੇਰ ਜੀਤੀ ਨੇ ਜਵਾਬ ਨਾ ਦੇ ਦਿੱਤਾ। ਉਹ ਬੋਲੀ, "ਮੈਂ ਤੇਰੇ ਵਰਗੀ ਵਿਹਲੀ ਨਹੀਂ। ਮੇਰੇ ਬਹੁਤ ਕੰਮ ਕਰਨ ਵਾਲੇ ਪਏ ਆ।"

"ਸੌਰੀ ਯਾਰ, ਮੈਂ ਤਾਂ ਮਜ਼ਾਕ ਕਰ ਰਿਹਾ ਸੀ ਪਰ ਇਕ ਗੱਲ ਤਾਂ ਪਤਾ ਲੱਗ ਗਈ ਨਾ...।" ਆਖਦਾ ਆਖਦਾ ਕਰਨਵੀਰ ਰੁਕ ਗਿਆ। ਉਹ

*(ਬਾਕੀ ਅਗਲੇ ਸਫੇ 'ਤੇ)*

# ਹੜ੍ਹ: ਮੁਸੀਬਤ ਟਲਣ ਬਾਅਦ ਮੱਧਮ ਪੈਂਦੀ ਸੰਜੀਦਗੀ

ਫਰਾਂਸੀਸੀ ਲੇਖਕ ਆਂਦ੍ਰੇ ਜੀਡੇ ਅਨੁਸਾਰ 'ਸਭ ਕੁਝ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿਉਂਕਿ ਅਸੀਂ ਬੇਧਿਆਨੇ ਹੁੰਦੇ ਹਾਂ ਇਸ ਲਈ ਸਾਨੂੰ ਵਾਪਸ ਮੁੱਢ ਤੋਂ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ'। ਲੇਖ ਕੋਈ ਨਵਾਂ ਨੁਕਤਾ ਸਾਂਝਾ ਕਰਨ ਦਾ ਯਤਨ ਨਹੀਂ ਸਗੋਂ ਕਹੀਆਂ ਗੱਲਾਂ ਦੇ ਦੁਹਰਾਅ ਜ਼ਰੀਏ ਮੂਲ ਗੱਲ ਬਾਰੇ ਵਿਚਾਰ ਕਰਨਾ ਹੈ। ਹੜ੍ਹਾਂ ਬਾਬਤ ਹੋਈਆਂ ਗੱਲਾਂ ਨੂੰ ਸਮੇਟਦਿਆਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਅਵੇਸਲਾਪਨ, ਗੁਆਂਢੀ ਸੂਬਿਆਂ ਨਾਲ ਪਾਣੀ ਦਾ ਮਸਲਾ ਆਦਿ ਟਿੱਪਣੀਆਂ ਖ਼ਬਰਾਂ ਦਾ ਕੇਂਦਰ ਬਿੰਦੂ ਰਹੀਆਂ। ਪਾਣੀ ਦੇ ਰਾਹਾਂ 'ਤੇ ਕਬਜ਼ੇ ਕਰ ਕੇ ਬਿਲਡਰਾਂ ਦੁਆਰਾ ਸਿਆਸਤਦਾਨਾਂ ਤੇ ਨੌਕਰਸ਼ਾਹਾਂ ਦੀ



**ਡਾ. ਜਤਿੰਦਰ ਸਿੰਘ**
**ਫੋਨ: +91-97795-300321**

ਮਿਲੀ-ਭੁਗਤ ਨਾਲ ਕਲੋਨੀਆਂ ਬਣਾਉਣਾ, ਲੋਕਾਂ ਦੁਆਰਾ ਨਿੱਜੀ ਮੁਫਾਦਾਂ ਲਈ ਸੁੱਕੀਆਂ ਡਰੇਨਾਂ, ਚੋਆਂ, ਖਾਲਾਂ ਆਦਿ ਪਾਣੀ ਦੇ ਰਸਤੇ ਦੱਬਣਾ ਆਦਿ ਤਰਕ ਵੀ ਸੁਣਾਈ ਦਿੱਤੇ; ਭਾਵ, 'ਪਾਣੀ ਸਾਡੇ ਰਾਹ 'ਚ ਨਹੀਂ ਆਇਆ, ਅਸੀਂ ਪਾਣੀ ਦੇ ਰਾਹ 'ਚ ਆਏ ਹਾਂ'।

ਘੱਗਰ ਬਾਰੇ ਸਰਕਾਰੀ ਰੁਖ਼ ਦਾ ਇਤਿਹਾਸ ਫਰੋਲਦਿਆਂ ਤੱਥ ਸਾਹਮਣੇ ਆਏ ਕਿ 1968 ਵਿਚ ਘੱਗਰ ਕਮੇਟੀ ਬਣੀ ਸੀ ਜਿਸ ਦਾ ਮੁੱਖ ਉਦੇਸ਼ ਹੜ੍ਹ ਕਾਬੂ ਕਰਨਾ ਅਤੇ ਪਾਣੀ ਦੇ ਬਿਹਤਰ ਨਿਕਾਸ ਲਈ ਤਜਵੀਜ਼ ਸਕੀਮਾਂ ਮਨਜ਼ੂਰ ਕਰਨਾ ਸੀ ਪਰ ਹੜ੍ਹਾਂ ਦੀ ਮਾਰ ਜਾਰੀ ਰਹੀ ਤੇ ਸਰਕਾਰ ਨੇ 1978 ਵਿਚ ਮੁੜ ਨਵੀਂ ਘੱਗਰ ਸਟੈਂਡਿੰਗ ਕਮੇਟੀ ਬਣਾਈ। ਪਰਨਾਲਾ ਉੱਥੇ ਦਾ ਉੱਥੇ ਰਿਹਾ। ਫਰਵਰੀ 1990 ਵਿਚ ਪੁਨਰ ਗਠਨ ਕਰ ਪਹਿਲਾਂ ਲਿਖੇ ਟੀਚਿਆਂ ਵਿਚ ਨਵੇਂ ਜਿਵੇਂ ਸਿੰਜਾਈ ਵਿਚ ਆਪਸੀ ਸਹਿਯੋਗ ਦੀਆਂ ਸੰਭਾਵਨਾਵਾਂ ਤਲਾਸ਼ਣਾ, ਅੰਤਰ-ਰਾਜੀ ਨੁਕਤਾ-ਨਿਗ੍ਹਾ ਤੋਂ ਸਕੀਮਾਂ ਨੂੰ ਪ੍ਰਵਾਨ ਕਰਨਾ ਆਦਿ ਜੋੜ ਦਿੱਤੇ। ਇਹ ਜਾਣਕਾਰੀ 2010 ਵਿਚ ਰਾਜ ਮੰਤਰੀ (ਪਾਣੀ ਸਰੋਤ ਮੰਤਰਾਲੇ) ਵਿਨਸੈਂਟ ਐੱਚ ਪਾਲਾ ਨੇ ਲੋਕ ਸਭਾ ਵਿਚ ਸਾਂਝੀ ਕੀਤੀ। 2018 ਵਿਚ ਐੱਨ.ਜੀ.ਟੀ. ਨੇ ਘੱਗਰ ਵਿਚ ਵੱਧ ਰਹੇ ਪ੍ਰਦੂਸ਼ਣ ਤੇ ਦੁਰਗੰਧ ਦੇ ਹੱਲ ਲਈ ਕਾਰਜਕਾਰੀ ਕਮੇਟੀ ਬਣਾਈ। ਅਹਿਮ ਸੁਝਾਅ ਇਹ ਸੀ ਕਿ ਹੜ੍ਹ ਮਾਰੇ ਖੇਤਰਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਤੇ ਕਬਜ਼ੇ ਹਟਾਏ ਜਾਣ। ਇਸ ਕਮੇਟੀ ਨੇ ਦੋ ਸਾਲਾਂ ਵਿਚ ਐੱਨ.ਜੀ.ਟੀ. ਨੂੰ ਛੇ ਰਿਪੋਰਟਾਂ ਸੌਂਪੀਆਂ, ਬਣਿਆ ਕੁਝ ਵੀ ਨਹੀਂ।

ਜੁਲਾਈ 2010 ਦੇ ਮੁੱਢਲੇ ਦੋ ਹਫ਼ਤੇ ਘੱਗਰ ਬੇਸਿਨ ਵਿਚ ਆਏ ਹੜ੍ਹ ਬਾਰੇ ਸਾਊਥ ਏਸ਼ੀਆ ਨੈੱਟਵਰਕ ਆਨ ਡੈਮਜ਼, ਰਿਵਰਜ਼ ਐਂਡ ਪੀਪਲ ਨਾਂ ਦੀ ਸੰਸਥਾ ਦੀ ਇਸੇ ਮਹੀਨੇ ਛਪੀ ਰਿਪੋਰਟ ਨੇ ਨਦੀਆਂ ਦੀ ਦੇਖ-ਰੇਖ ਵੱਲ ਧਿਆਨ ਨਾ ਦੇਣ ਨੂੰ ਵੱਡਾ ਕਾਰਨ ਦੱਸਿਆ। ਨੌਕਰਸ਼ਾਹਾਂ, ਸਿਆਸਤਦਾਨਾਂ ਤੇ ਇੰਜਨੀਅਰਾਂ ਦੀ ਮਿਲੀ-ਭੁਗਤ ਨਾਲ ਬਿਲਡਰਾਂ ਦੁਆਰਾ ਪਾਣੀ ਦੇ ਵਹਿਣਾਂ ਉੱਤੇ ਕਬਜ਼ਿਆਂ ਦੀ ਦੂਜੇ ਵੱਡੇ ਕਾਰਨ ਵਜੋਂ ਸ਼ਨਾਖ਼ਤ ਕੀਤੀ ਗਈ। ਸਥਾਨਕ ਸਿੰਜਾਈ ਦੇ ਢਾਂਚਿਆਂ ਨੂੰ ਦਰੁਸਤ ਨਾ ਕਰਨਾ ਤੀਜਾ ਕਾਰਨ ਬਣਿਆ। ਰਿਪੋਰਟ ਨੇ ਇਹ ਤੱਥ ਵੀ ਉਭਾਰਿਆ ਕਿ ਸੰਕਟ ਦੀ ਘੜੀ ਨਾ ਸਿਰਫ ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਰਾਜਸਥਾਨ ਦੀਆਂ ਸਰਕਾਰਾਂ ਆਪਸੀ ਤਾਲਮੇਲ ਕਰਨ ਵਿਚ ਨਾਕਾਮ ਰਹੀਆਂ ਬਲਕਿ ਸੂਬੇ ਅੰਦਰਲੇ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਦਾਰੇ ਤੇ ਅਧਿਕਾਰੀ ਵੀ ਆਪਸੀ ਸਹਿਯੋਗ ਤੋਂ ਕੋਹਾਂ ਦੂਰ ਰਹੇ ਹਨ। ਜਿੱਥੇ ਮੈਦਾਨੀ ਇਲਾਕੇ ਹੜ੍ਹ ਦੀ ਮਾਰ ਹੇਠ ਆਏ ਉੱਥੇ ਪਹਾੜਾਂ ਦੀ ਦੁਰਦਸ਼ਾ ਵੀ ਜੱਗ-ਜ਼ਾਹਿਰ ਹੈ। ਸੈਰ-ਸਪਾਟੇ ਲਈ ਬਣ ਰਹੀਆਂ ਸੜਕਾਂ, ਪਹਾੜ ਚੀਰਦੀਆਂ ਸੁਰੰਗਾਂ, ਪਾਣੀ ਦਾ ਰਾਹ ਰੋਕਣ ਲਈ ਬਣਾਏ ਵੱਡੇ ਬੰਨ੍ਹ, ਪਣ-ਬਿਜਲੀ ਪ੍ਰੋਜੈਕਟਾਂ ਆਦਿ ਨੇ ਪਹਾੜਾਂ ਦੀ ਹੋਂਦ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ।

ਪਰਦੇ ਅੱਗੇ ਘੁੰਮ ਰਹੇ ਦ੍ਰਿਸ਼ ਦੇਖਦਿਆਂ, ਪਰਖਦਿਆਂ ਤੇ ਸਮਝਦਿਆਂ ਅਸੀਂ ਦੋਸ਼ੀਆਂ ਵਜੋਂ ਸਰਕਾਰਾਂ, ਸਰਕਾਰੀ ਅਮਲਾ-ਫੈਲੇ, ਸਿਆਸਤਦਾਨਾਂ ਆਦਿ ਦੀ ਨਿਸ਼ਾਨਦੇਹੀ ਕਰ ਰਹੇ ਹਾਂ। ਇਸ ਸ਼ਨਾਖ਼ਤ ਦੀ ਆਪਣੀ ਅਹਿਮੀਅਤ ਹੋਣ ਦੇ ਬਾਵਜੂਦ ਇਹ ਫੌਰੀ ਮੁੱਦੇ ਜਾਂ ਮੁਸ਼ਕਿਲ ਦੇ ਵਕਤੀ ਤੇ ਸਤਹੀ ਸਮਝ ਵਿਚੋਂ ਉਪਜੀ ਹੈ। ਜੜ੍ਹ ਜਾਂ ਮੂਲ ਵੱਲ ਧਿਆਨ ਕਰੇ ਬਗੈਰ ਅਸੀਂ ਭਟਕਾਅ ਦਾ ਸ਼ਿਕਾਰ ਵੀ ਹੁੰਦੇ ਹਾਂ। ਵਕਤੀ ਮੁੱਦਿਆਂ ਦਾ ਸੰਘਰਸ਼ ਵੀ ਵਕਤੀ ਹੋ ਨਿਬੜਦਾ ਹੈ। ਮਸਲੇ ਦੇ ਹੱਲ ਹੋ ਜਾਣ ਜਾਂ ਮੁਸੀਬਤ ਦੇ ਟਲ ਜਾਣ ਤੋਂ ਬਾਅਦ ਮੁੱਦੇ ਪ੍ਰਤੀ ਸੰਜੀਦਗੀ ਮੱਧਮ ਪੈ ਜਾਂਦੀ ਹੈ।

ਇਤਾਲਵੀ ਬੁੱਧੀਜੀਵੀ ਐਂਤੋਨੀਓ ਗ੍ਰਾਮਸ਼ੀ ਵਕਤੀ ਤੇ ਲੰਮੇਰੇ ਸੰਘਰਸ਼ਾਂ ਦਾ ਫਰਕ ਦੱਸਦਿਆਂ ਲਿਖਦੇ ਹਨ ਕਿ ਲੰਮੇਰੇ ਸੰਘਰਸ਼, ਵਰਤਾਰੇ ਦੇ ਮੂਲ ਪ੍ਰਤੀ ਸਮਝ ਦੀ ਜਗਿਆਸਾ ਵਿਚੋਂ ਪੈਦਾ ਹੁੰਦੇ ਹਨ। ਇਨ੍ਹਾਂ ਦੀ ਜ਼ਰੂਰਤ ਮੂਲ ਢਾਂਚੇ ਬਾਰੇ ਸੂਝ ਵਿਚੋਂ ਉਪਜਦੀ ਹੈ। ਹਾਲਾਂਕਿ ਵਕਤੀ ਮੁੱਦੇ ਮੂਲ ਢਾਂਚੇ ਦੀਆਂ ਸਮੱਸਿਆਵਾਂ ਵਿਚੋਂ ਪੈਦਾ ਹੁੰਦੇ ਹਨ



ਪਰ ਇਨ੍ਹਾਂ ਤੱਕ ਸੀਮਤ ਸੋਚ ਨਾ ਤਾਂ ਢਾਂਚਾਗਤ ਕਮੀਆਂ ਦੀ ਸਮਝ ਬਣਾ ਸਕਦੀ ਹੈ ਤੇ ਨਾ ਹੀ ਲੰਮੇਰੇ ਸੰਘਰਸ਼ਾਂ ਦੇ ਰਾਹ ਪਾ ਸਕਦੀ ਹੈ। ਇਸ ਮੂਲ ਢਾਂਚਾਗਤ ਸਮੱਸਿਆ ਦਾ ਨਾਂ ਪੂੰਜੀਵਾਦ ਹੈ ਜਿਸ ਦੀ ਜੜ੍ਹ ਵਿਚ ਮੁਨਾਫੇ ਦਾ ਬੇਲਗਾਮ ਲਾਲਚ ਪਿਆ ਹੈ। ਇਸ ਦੀ ਹੋਂਦ ਮਨੁੱਖੀ ਕਿਰਤ-ਸ਼ਕਤੀ ਤੇ ਕੁਦਰਤ ਦੀ ਲੁੱਟ ਉੱਤੇ ਟਿਕੀ ਹੈ।

ਮਨੁੱਖ ਕੁਝ ਵੀ ਖ਼ਲਾਅ ਵਿਚੋਂ ਪੈਦਾ ਨਹੀਂ ਕਰ ਸਕਦਾ। ਉਤਪਾਦਨ ਲਈ ਪਦਾਰਥਾਂ ਦੀ ਮੌਜੂਦਗੀ ਜ਼ਰੂਰੀ ਹੈ ਜੋ ਸੀਮਤ ਮਾਤਰਾ ਵਿਚ ਹਨ। ਬੇਲਗਾਮ ਮੁਨਾਫੇ ਲਈ ਘੱਟ ਤੋਂ ਘੱਟ ਸਮੇਂ ਵਿਚ ਵਸਤਾਂ ਦਾ ਬੇਲਗਾਮ ਉਤਪਾਦਨ ਤੇ ਜਲਦ ਤੋਂ ਜਲਦ ਮੰਡੀਆਂ ਵਿਚ ਪਹੁੰਚ ਬੇਸ਼ੁਮਾਰ ਵਿਕਣ ਦੀ ਪ੍ਰਕਿਰਿਆ ਦਾ ਲਗਾਤਾਰ ਚੱਲਦੇ ਰਹਿਣਾ ਜ਼ਰੂਰੀ ਹੈ। ਇਸ ਲਈ ਮਨੁੱਖੀ ਕਿਰਤ ਤੇ ਕੁਦਰਤ ਦਾ ਸ਼ੋਸ਼ਣ ਬੇਰੋਕ ਚੱਲਣਾ ਤੈਅ ਹੈ। ਪੂੰਜੀਵਾਦ ਮਨੁੱਖਤਾ ਵਿਰੋਧੀ ਵਰਤਾਰਾ ਹੈ ਜਿਸ ਦਾ ਮਨੁੱਖ ਨੂੰ ਸਿਰਫ ਸੰਦ ਤੇ ਕੁਦਰਤ ਨੂੰ ਜਿੱਤਣ ਵਾਲੀ ਆਪਣੇ ਤੋਂ ਵੱਖ ਸ਼ੈਅ ਦੇ ਤੌਰ 'ਤੇ ਦੇਖਣਾ ਮੂਲ ਸਿਧਾਂਤ ਹੈ। ਇਹ ਬਾਹਰੀ/ਦੁਜੈਲਾ ਸਿਧਾਂਤ ਹੈ। ਕੁਦਰਤ ਆਪਸੀ ਨਿਰਭਰਤਾ ਦੇ ਨੇਮ 'ਤੇ ਟਿਕੀ ਹੋਈ ਹੈ। ਮਨੁੱਖੀ ਹੋਂਦ ਬਰਕਰਾਰ ਰੱਖਣ ਲਈ ਜੋ ਊਰਜਾ ਦਰਕਾਰ ਹੈ, ਉਹ ਸਿਰਫ ਕੁਦਰਤ ਤੋਂ ਮਿਲਦੀ ਹੈ। ਸਹਿ-ਹੋਂਦ ਦੇ ਨੇਮ ਨੂੰ ਪੱਲੇ ਬੰਨ੍ਹੀ ਰੱਖਣ ਦਾ ਕਾਰਜ ਮਨੁੱਖ ਰਾਹੀਂ ਕੁਦਰਤ ਨੂੰ ਰੌਸ਼ਨਾਉਣ ਤੇ ਨਵਿਆਉਣ ਵਿਚ ਸਹਾਈ ਹੁੰਦਾ ਹੈ। ਹਾਸਲ ਗਿਆਨ-ਵਿਗਿਆਨ ਕੁਦਰਤ ਨਾਲ ਇੱਕ-ਮਿੱਕ ਹੋ ਕੇ ਆਉਣ ਵਾਲੀਆਂ ਔਕੜਾਂ ਨਾਲ ਨਜਿੱਠਣ ਦਾ ਜ਼ਰੀਆ ਬਣਦਾ। ਕੁਦਰਤ ਨਾਲ ਸੁੱਚੀ ਸਾਂਝ-ਭਿਆਲੀ ਪਾਉਂਦਾ। ਮਨੁੱਖ ਇਹ ਅਹਿਸਾਸ ਬਣਾਈ ਰੱਖਦਾ ਕਿ ਕੁਦਰਤ ਨੂੰ ਜਿੱਤਣ ਵਿਚ ਨਹੀਂ ਬਲਕਿ ਸੰਵਾਦ ਰਚਾਉਣ ਵਿਚ ਹੀ ਉਸ ਦੀ ਹੋਂਦ ਸੁਰੱਖਿਅਤ ਹੈ। ਇਸ ਅਹਿਸਾਸ ਦਾ ਮੁੱਢੋਂ ਟੁੱਟ ਜਾਣਾ ਤਬਾਹੀ ਦਾ ਮੂਲ ਕਾਰਨ ਹੈ। ਕਾਰਲ ਮਾਰਕਸ ਅਨੁਸਾਰ ਪੂੰਜੀਵਾਦ ਨੇ ਇਸ ਅਹਿਸਾਸ ਨੂੰ ਜੜ੍ਹੋਂ ਖ਼ਤਮ ਕਰ ਦਿੱਤਾ ਹੈ। ਮਨੁੱਖ ਤੇ ਕੁਦਰਤ 'ਚ ਗਹਿਰਾ ਖੱਪਾ ਪੈਦਾ ਕਰ ਦਿੱਤਾ ਹੈ। ਮਨੁੱਖ ਕੁਦਰਤ ਨੂੰ ਨਤਮਸਤਕ ਹੋਣ ਦੀ ਥਾਂ ਜਿੱਤਣ ਦੇ ਰਾਹ ਪੈ ਗਿਆ ਹੈ।

ਤਕਰੀਬਨ ਪੰਜ ਸੌ ਸਾਲ ਪਹਿਲਾਂ ਪੂੰਜੀਵਾਦ ਦੀ ਸ਼ੁਰੂਆਤ ਇੰਗਲੈਂਡ ਤੋਂ ਹੋਈ ਜਿੱਥੇ ਪੌਣ ਪਾਣੀ ਰਾਹੀਂ ਪੈਦਾ ਹੁੰਦੀ ਊਰਜਾ ਨੂੰ ਇਸਤੇਮਾਲ ਕਰ ਛੋਟੇ ਉਦਯੋਗ ਲੱਗਣੇ ਸ਼ੁਰੂ ਹੋਏ। ਉੱਥੇ ਕਿਸਾਨੀ ਨੂੰ ਉਜਾੜ ਹਜ਼ਾਰਾਂ ਏਕੜਾਂ ਦੇ ਫਾਰਮਾਂ ਵਿਚ ਤਬਦੀਲ ਕੀਤਾ ਗਿਆ। ਸੱਖਿਆ ਵਜੋਂ ਨਿਗੂਣੇ ਨਵੇਂ ਮਾਲਕਾਂ ਨੇ ਜ਼ਮੀਨ ਅਤੇ ਇਸ ਉੱਤੇ ਕੰਮ ਕਰਨ ਵਾਲੇ ਬੇਜ਼ਮੀਨੇ ਹੋਏ ਮਜ਼ਦੂਰਾਂ ਨੂੰ ਸਿਰਫ ਮੁਨਾਫਾ ਕਮਾਉਣ ਦੇ ਸਾਧਨ ਵਜੋਂ ਵਰਤਣਾ ਸ਼ੁਰੂ ਕੀਤਾ। ਖੇਤੀ ਵਿਚ ਵੱਡੇ ਉਲਟ-ਫੇਰ ਕੀਤੇ। ਅਜਿਹੀਆਂ ਫਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਹੜੀਆਂ ਵੱਧ ਤੋਂ ਵੱਧ ਤੇ ਛੇਤੀ ਤੋਂ ਛੇਤੀ ਧਰਤੀ ਅੰਦਰਲੇ ਪੌਸ਼ਿਕ ਤੱਤ ਸੋਕ ਕੇ ਘੱਟ ਤੋਂ ਘੱਟ ਸਮੇਂ ਵਿਚ ਤਿਆਰ ਹੋ ਕੇ ਕੌਮੀ ਤੇ ਆਲਮੀ ਮੰਡੀਆਂ ਰਾਹੀਂ ਸ਼ਹਿਰਾਂ ਦੇ ਖਪਤਕਾਰਾਂ ਤੱਕ ਪਹੁੰਚਾਈਆਂ ਜਾ ਸਕਣ। ਜਰਮਨ ਵਿਗਿਆਨੀ ਯੁਸਟਸ ਫੋਨ ਲੀਬਿਸ਼ (1803-1873) ਖੇਤੀ ਦੇ ਇਸ ਢੰਗ ਨੂੰ ਧਰਤੀ ਦੇ ਪੌਸ਼ਿਕ ਤੱਤਾਂ ਦੀ ਡਕੈਤੀ ਮੰਨਦਾ ਹੈ। ਧਰਤੀ ਦੀ ਸਹਿਜ ਪੁਨਰ-ਸੁਰਜੀਤੀ ਦੀ ਪ੍ਰਕਿਰਿਆ ਨੂੰ ਹਮੇਸ਼ਾ ਲਈ ਭੰਨ ਸੁੱਟਿਆ। ਧਰਤੀ ਵਿਚ ਸਮਾਏ ਖਣਿਜਾਂ ਨਾਲ ਵੀ ਇਹੀ ਵਾਪਰਨਾ ਸ਼ੁਰੂ ਹੋਇਆ। ਵੱਡੇ ਕਾਰਖਾਨੇ ਲੱਗਣੇ ਸ਼ੁਰੂ ਹੋਏ, ਛੋਟੇ ਉਦਯੋਗਪਤੀਆਂ ਦੀ ਥਾਂ ਵੱਡੀਆਂ ਕੰਪਨੀਆਂ ਲੈਣ ਲੱਗੀਆਂ ਤੇ ਕਿਰਤ-ਸ਼ਕਤੀ ਤੇ ਕੁਦਰਤੀ ਅਸਾਸਿਆਂ ਦੀ ਲੁੱਟ ਵੀ ਵਧਣ ਲੱਗੀ। ਸਮੇਂ ਨਾਲ ਵਧੇ ਮਸ਼ੀਨੀਕਰਨ ਤੇ ਤਕਨੀਕੀ 'ਵਿਕਾਸ' ਨੇ ਜਿੱਥੇ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਉੱਥੇ ਤਬਾਹੀ ਨੂੰ ਜ਼ਰਬਾਂ ਦਿੱਤੀ। ਬੇਲਗਾਮ ਪੂੰਜੀਵਾਦ ਹੱਦ-ਬੰਨੇ ਟੱਪਣਾ ਆਪਣੀ ਸ਼ਾਨ ਸਮਝਦਾ ਹੈ। ਸਾਮਰਾਜਵਾਦ ਦਾ ਰੂਪ ਧਾਰਦਾ ਧਰਤੀ ਨੂੰ ਆਪਣੇ ਕਬਜ਼ੇ ਵਿਚ ਲੈਂਦਾ, ਖੇਤਰਾਂ ਅਨੁਸਾਰ ਆਪਣਾ ਸਰੂਪ ਬਦਲਦਾ, ਖਿੱਤਿਆਂ ਵਿਚ ਦੁਸ਼ਮਣਾਂ ਤੇ ਹਮਾਇਤੀਆਂ ਦੀ ਪਛਾਣ ਕਰਦਾ ਇਸ ਪੱਧਰ ਦੀ ਤਬਾਹੀ ਮਚਾ ਰਿਹਾ ਹੈ ਕਿ ਸਗਲ ਮਨੁੱਖੀ ਤੇ ਕੁਦਰਤ ਦੀ ਹੋਂਦ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਿਆ ਹੈ।

ਵੱਡੀਆਂ ਕੰਪਨੀਆਂ ਦੇ ਮੁਨਾਫੇ ਆਧਾਰਿਤ ਅਰਥਚਾਰੇ ਨੂੰ ਬੇਰੋਕ ਚੱਲਣ ਲਈ ਮਨੁੱਖੀ ਸੁਭਾਅ ਨੂੰ ਆਪਣੇ ਅਨੁਕੂਲ ਢਾਲਣਾ ਜ਼ਰੂਰੀ ਹੈ। ਰਾਜ ਸੱਤਾ ਮਨੁੱਖੀ ਸੁਭਾਅ ਨੂੰ ਢਾਲਣ ਦਾ ਸਭ ਤੋਂ ਕਾਰਗਰ ਹਥਿਆਰ ਹੈ। ਸਿਖਲਾਈਯਾਫਤਾ ਨੌਕਰਸ਼ਾਹੀ ਦਾ ਸੁਭਾਅ ਵੀ ਰਾਜ ਸੱਤਾ ਦੇ ਪੱਖ 'ਚ ਭੁਗਤਦਾ ਹੈ। ਅਪਵਾਦ ਵਸ ਜੇ ਕੋਈ ਅਫਸਰ ਉਲਟ ਸੋਚੇ ਤਾਂ ਸਿਆਸਤਦਾਨ ਆਪਣੇ ਹਿਸਾਬ ਕਰ ਲੈਂਦੇ ਹਨ। ਮਨੁੱਖੀ ਸੁਭਾਅ ਦੋ ਕਿਸਮ ਨਾਲ ਢਾਲਿਆ ਜਾ ਸਕਦਾ ਹੈ: ਇੱਕ ਡੰਡੇ ਦੇ ਜ਼ੋਰ, ਦੂਜਾ ਵਿਚਾਰਾਂ ਨੂੰ ਆਤਮਸਾਤ ਕਰਵਾ ਕੇ। ਦੂਜੇ ਵਰਤਾਰੇ ਦੀ ਗੱਲ ਕਰੀਏ ਤਾਂ ਤਕਰੀਬਨ ਸਮੁੱਚੀ ਲੋਕਾਈ ਨੇ ਪੂੰਜੀਵਾਦ ਦੇ ਮੂਲ ਸਿਧਾਂਤ ਨੂੰ ਜੀਵਨ ਜਾਚ ਦਾ ਹਿੱਸਾ ਬਣਾ ਲਿਆ ਹੈ। ਵੱਧ ਤੋਂ ਵੱਧ ਨਿੱਜੀ ਸੰਪਤੀ ਹਾਸਿਲ ਕਰਨ ਦੀ ਮਾਨਸਿਕਤਾ ਨੂੰ ਪ੍ਰਣਾਇਆ ਹਰ ਤਬਕਾ ਆਪਣੇ ਵਿਤ ਮੁਤਾਬਿਕ ਕੁਦਰਤ 'ਤੇ ਜਿੱਤ ਹਾਸਿਲ ਕਰਨ ਦੀ ਦੌੜ 'ਚ ਸ਼ਾਮਿਲ ਹੈ। ਜਿੱਥੇ ਸੱਤਾ ਤੇ ਸਮਾਜ ਨੇ ਮੁਨਾਫੇ ਦੀਆਂ ਹੱਦਾਂ ਤੈਅ ਕੀਤੀਆਂ ਤੇ ਕਿਰਤ ਦੀ ਸੁਰੱਖਿਆ ਤੇ ਭਲਾਈ ਲਈ ਜ਼ਿੰਮੇਵਾਰੀ ਓਟੀ, ਜੀਵਨ 'ਚ ਸਹਿਜਤਾ ਤੇ ਸੁਹਜਤਾ ਉੱਥੇ ਹੀ ਵਿਗਸੀ। ਇਹ ਅਵਸਥਾ ਲਗਾਤਾਰ ਸਮੂਹਿਕ ਸੰਘਰਸ਼ 'ਚੋਂ ਉਪਜਦੀ ਹੈ ਜੋ ਬਾਹਰੀ ਦੋਸ਼ੀਆਂ ਦੀ ਸ਼ਨਾਖ਼ਤ ਕਰਦਾ ਅੰਦਰਲੇ ਲੋਭ ਨੂੰ ਵੀ ਮੁਖ਼ਾਤਿਬ ਹੋਵੇ।

# ਹਨੇਰੇ ਰਾਹ

***(ਪਿਛਲੇ ਸਫੇ ਦੀ ਬਾਕੀ)***

ਅੱਗੇ ਆਖਣਾ ਚਾਹੁੰਦਾ ਸੀ ਕਿ ਯੂ ਆਰ ਇਨ ਲਵ ਵਿਦ ਮੀ ਪਰ ਉਹ ਜਕ ਗਿਆ। ਜੀਤੀ ਬੋਲੀ, "ਕੀ?"

"ਚੱਲ ਛੱਡ, ਜੀਤ, ਤੂੰ ਤਾਂ ਕਹਿੰਦੀ ਸੀ ਕਿ ਪਾਰਟੀ ਦਾ ਸੌ ਡਾਲਰ ਦੇਣਗੇ ਪਰ ਉਨ੍ਹਾਂ ਨੇ ਤਾਂ ਪੰਜਾਹ ਹੀ ਦਿੱਤੇ ਨੇ।"

"ਤੇਰਾ ਪਹਿਲਾ ਦਿਨ ਸੀ। ਸ਼ੁਕਰ ਕਰ ਪੰਜਾਹ ਦੇ ਦਿੱਤੇ। ਮੈਨੂੰ ਤਾਂ ਪਹਿਲੇ ਦਿਨ ਕੁਝ ਵੀ ਨਹੀਂ ਸੀ ਮਿਲਿਆ। ਕਹਿੰਦੇ ਪਹਿਲਾ ਦਿਨ ਟ੍ਰੇਨਿੰਗ ਦਾ ਹੁੰਦੈ।"

"ਪਰ ਮੈਂ ਤਾਂ ਕੋਈ ਟ੍ਰੇਨਿੰਗ ਨਹੀਂ ਲਈ। ਸਾਰਾ ਕੰਮ ਆਪਣੇ ਆਪ ਕੀਤਾ ਸੀ। ਨਾਲੇ ਮੈਂ ਤੈਨੂੰ ਰਾਤ ਦੱਸਣਾ ਸੀ ਪਰ ਮੌਕਾ ਹੀ ਨਹੀਂ ਮਿਲਿਆ ਕਿ ਰਜਿੰਦਰ ਨੇ ਨਵਾਂ ਰੈਸਟੋਰੈਂਟ ਖੋਲ੍ਹਣਾ ਵਾ। ਉਨ੍ਹਾਂ ਨੂੰ ਬੰਦੇ ਚਾਹੀਦੇ ਨੇ। ਮੈਨੂੰ ਮਿਲਣ ਲਈ ਕਹਿੰਦਾ ਸੀ।"

"ਕੌਣ ਰਜਿੰਦਰ ਕਿ ਦਿਲਰੀਤ?"

"ਮੈਂ ਕਹਿੰਦੀ ਨਹੀਂ ਕਹਿੰਦਾ ਕਿਹਾ ਵਾ। ਤੈਨੂੰ ਤਾਂ ਐਵੇਂ ਹੀ ਸ਼ੱਕ ਹੋ ਗਿਆ ਏ।"

"ਨਾਲੇ ਤੂੰ ਕਹਿੰਦਾ ਸੀ ਕਿ ਸਾਰਾ ਧਿਆਨ ਟਰੱਕ ਦਾ ਲਾਇਸੰਸ ਲੈਣ ਵੱਲ ਲਾਉਣੈ।"

"ਹਾਂ ਕਹਿੰਦਾ ਤਾਂ ਏਦਾਂ ਹੀ ਸੀ ਪਰ ਹੁਣ ਲਗਦਾ ਵਾ ਕਿ ਜੇ ਇਸ ਤਰ੍ਹਾਂ ਵਰਕ ਪਰਮਿਟ ਮਿਲਦਾ ਏ ਤਾਂ ਟਰੱਕ ਸਿੱਖ ਕੇ ਕੀ ਕਰਨਾ ਏ।"

"ਦੇਖ ਲਾ।"

"ਤੂੰ ਕੀ ਸਲਾਹ ਦਿੰਨੀ ਏਂ?"

ਜੀਤੀ ਕੁਝ ਕੁ ਪਲ ਚੁੱਪ ਰਹੀ ਫਿਰ ਬੋਲੀ, "ਮਿਲ ਕੇ ਦੇਖ ਲੈ ਉਹਨੂੰ।"

"ਮੇਰੇ ਨਾਲ ਚੱਲੇਂਗੀ ਅੱਜ?"

"ਮੇਰੇ ਤਾਂ ਬਹੁਤ ਕੰਮ ਕਰਨ ਵਾਲੇ ਪਏ ਆ। ਲਾਂਡਰੀ ਕਰਨੀ ਐ। ਖਾਣਾ ਬਣਾ ਕੇ ਰੱਖਣੈ। ਤੂੰ ਹੀ ਚਲਿਆ ਜਾਹ। ਜੇ ਕਹੇਂ ਤਾਂ ਅਗਲੇ ਐਤਵਾਰ ਚਲੇ ਚੱਲਾਂਗੇ।" ਇਹ ਸੁਣ ਕੇ ਕਰਨਵੀਰ ਦੁਚਿੱਤੀ 'ਚ ਪੈ ਗਿਆ। ਉਸ ਤੋਂ ਅਗਲੇ ਐਤਵਾਰ ਤੱਕ ਉਡੀਕ ਨਹੀਂ ਸੀ ਹੋਣੀ। ਉਸ ਨੇ ਸੋਚਿਆ, 'ਟਰੱਕ ਦਾ ਤਾਂ ਪਤਾ ਨਹੀਂ ਕਦੋਂ ਲਾਇਸੰਸ ਮਿਲੇ ਤੇ ਫਿਰ ਕਦੋਂ ਵਰਕ ਪਰਮਿਟ। ਕਿਉਂ ਨਾ ਇੱਧਰ ਕੋਸ਼ਿਸ਼ ਕਰ ਲਵਾਂ। ਹੋ ਸਕਦਾ ਏ ਕਿ ਇਸ ਤਰੀਕੇ ਨਾਲ ਛੇਤੀ ਵਰਕ ਪਰਮਿਟ ਮਿਲ ਜਾਵੇ। ਇਹ ਸੋਚ ਕੇ ਉਸ ਨੇ ਸਾਢੇ ਕੁ ਬਾਰਾਂ ਵਜੇ ਰਜਿੰਦਰ ਨੂੰ ਫੋਨ ਕਰ ਕੇ ਉਸ ਤੋਂ ਮਿਲਣ ਦਾ ਸਮਾਂ ਲੈ ਲਿਆ।

---

ਝਾਂਜਰ ਰੈਸਟੋਰੈਂਟ ਬ੍ਰੈਂਪਟਨ ਸ਼ਹਿਰ ਦੇ ਸਪਰਿੰਗਡੇਲ ਇਲਾਕੇ ਵਿਚ ਸੀ। ਇੱਥੇ ਪੰਜਾਬੀਆਂ ਦੀ ਸੰਘਣੀ ਵਸੋਂ ਹੋਣ ਕਰ ਕੇ ਇਹ ਇਲਾਕਾ ਸਿੰਘਡੇਲ ਵਜੋਂ ਮਸ਼ਹੂਰ ਹੋ ਗਿਆ ਸੀ। ਰਜਿੰਦਰ ਨੇ ਕਰਨਵੀਰ ਨੂੰ ਚਾਰ ਵਜੇ ਇੱਥੇ ਹੀ ਮਿਲਣ ਦਾ ਸਮਾਂ ਦਿੱਤਾ ਸੀ। ਜਦੋਂ ਕਰਨਵੀਰ ਉੱਥੇ ਪਹੁੰਚਿਆ, ਰੈਸਟੋਰੈਂਟ ਵਿਚ ਇੱਕ-ਦੋ ਹੀ ਗਾਹਕ ਸਨ। ਉਸ ਨੇ ਰੈਸਟੋਰੈਂਟ ਦੇ ਅੰਦਰ ਆਸੇ-ਪਾਸੇ ਨਿਗ੍ਹਾ ਘੁਮਾਈ। ਰਜਿੰਦਰ ਉਸ ਨੂੰ ਬਾਰ ਵਿਚ ਬੈਠਾ ਦਿਸ ਪਿਆ। ਕਰਨਵੀਰ ਉਸ ਕੋਲ ਚਲਾ ਗਿਆ। ਉਹ ਬੋਲਿਆ, "ਆ ਗਿਆ, ਛੋਟੇ?"

"ਸਰ, ਕਰਨਵੀਰ ਏ ਮੇਰਾ ਨਾਂ।"

"ਠੀਕ ਐ। ਆ ਜਾ, ਆਰਾਮ ਨਾਲ ਬਹਿ ਕੇ ਗੱਲ ਕਰਦੇ ਆਂ।" ਆਖਦਾ ਰਜਿੰਦਰ ਕੁਰਸੀ ਤੋਂ ਉੱਠਿਆ ਅਤੇ ਬਾਰ ਦੇ ਪਿੱਛੇ ਬਣੇ ਛੋਟੇ ਜਿਹੇ ਕਮਰੇ ਵਿਚ ਲੈ ਗਿਆ ਜਿੱਥੇ ਸੋਫਾ ਪਿਆ ਸੀ। ਉਸ 'ਤੇ ਬੈਠਦਾ ਉਹ ਬੋਲਿਆ, "ਆ ਜਾ, ਬੈਠ। ਐਸ ਵੇਲੇ ਕੰਮ ਸਲੋਅ ਹੁੰਦੈ, ਤਾਂ ਹੀ ਹੁਣ ਸੱਦਿਐ। ਰਾਤ ਨੂੰ ਗੱਲ ਕਰਨ ਦਾ ਮੌਕਾ ਨਹੀਂ ਮਿਲਣਾ ਸੀ।"

ਕਰਨਵੀਰ ਦੇ ਬੈਠਣ ਬਾਅਦ ਉਸ ਨੇ ਆਖਿਆ, "ਨਵਾਂ ਰੈਸਟੋਰੈਂਟ ਮਹੀਨੇ ਕੁ ਤਕ ਖੁੱਲ੍ਹ ਜਾਣੈ। ਉਸ ਲਈ ਮੈਨੂੰ ਭਰੋਸੇਯੋਗ ਬੰਦਾ ਚਾਹੀਦੈ। ਤੇਰਾ ਕਿੰਨਾ ਕੁ ਐਕਸਪੀਰੀਐਂਸ ਏ?"

"ਡੇਢ ਕੁ ਸਾਲ ਕੀਤਾ ਏ ਕੰਮ ਰੈਸਟੋਰੈਂਟ 'ਚ।"

"ਅੱਛਾ। ਵਿਜ਼ਟਰ ਐਂ ਨਾ ਐਥੇ?"

"ਹਾਂ ਜੀ।"

"ਵਰਕ ਪਰਮਿਟ ਤਾਂ ਨੀ ਹੋਣਾ?"

"ਨਹੀਂ ਜੀ।"

"ਠੀਕ ਐ। ਹਫ਼ਤੇ ਦੇ ਸੱਤੇ ਦਿਨ ਰੈਸਟੋਰੈਂਟ ਖੋਲ੍ਹਣ ਤੋਂ ਲੈ ਕੇ ਬੰਦ ਕਰਨ ਤਕ ਹੋਵੇਗਾ ਕੰਮ। ਸਾਰਾ ਕੰਮ ਕਰਨਾ ਪਵੇਗਾ ਬਾਰ ਟੈਂਡਿੰਗ ਤੋਂ ਸਰਵਰ ਤਕ। ਕਰ ਲਵੇਂਗਾ ਮੈਨੇਜ?"

"ਹਾਂ ਜੀ। ਕੰਮ ਜਿੰਨਾ ਮਰਜ਼ੀ ਹੋਵੇ।"

"ਦਸ ਡਾਲਰ ਦੇਵਾਂਗਾ ਘੰਟੇ ਦੇ। ਘੰਟੇ ਬਹੁਤ ਬਣ ਜਾਇਆ ਕਰਨਗੇ।"

"ਠੀਕ ਏ ਜੀ।"

"ਜੇ ਰੈਸਟੋਰੈਂਟ ਨੂੰ ਆਵਦਾ ਸਮਝ ਕੇ ਇਮਾਨਦਾਰੀ ਨਾਲ ਕੰਮ ਕਰੇਂਗਾ ਤਾਂ ਪੱਕਾ ਕਰਵਾ ਦੇਊਂ। ਦਿਲਰੀਤ ਨੂੰ ਤੂੰ ਰਾਤ ਦੇਖਿਆ ਈ ਸੀ। ਉਸ ਨੂੰ ਮੈਂ ਹੀ ਪੱਕੀ ਕਰਵਾਇਐ।"

"ਵਰਕ ਪਰਮਿਟ ਲੈ ਦਿਉਗੇ ਜੀ ਫਿਰ?"

"ਹਾਂ, ਵਰਕ ਪਰਮਿਟ ਤੋਂ ਬਿਨਾ ਤਾਂ ਕੰਮ ਨਹੀਂ ਕਰ ਸਕਦਾ।"

"ਠੀਕ ਏ ਜੀ, ਮੈਂ ਤਿਆਰ ਆਂ।"

"ਵਰਕ ਪਰਮਿਟ ਦੀ ਫ਼ੀਸ ਪਹਿਲਾਂ ਦੇਣੀ ਪਵੇਗੀ।"

"ਫ਼ੀਸ?"

"ਹਾਂ, ਚਾਲੀ ਹਜ਼ਾਰ।" ਇਹ ਸੁਣ ਕੇ ਕਰਨਵੀਰ ਚੁੱਪ ਕਰ ਗਿਆ। ਫਿਰ ਉਸ ਨੇ ਪੁੱਛਿਆ, "ਵਰਕ ਪਰਮਿਟ ਤੋਂ ਬਿਨਾ ਨੀ ਕੰਮ ਦੇ ਸਕਦੇ ਜੀ? ਮੈਂ ਤਾਂ ਸਮਝਦਾ ਸੀ ਤੁਹਾਨੂੰ ਬੰਦੇ ਦੀ ਲੋੜ ਏ।"

"ਬੰਦੇ ਦੀ ਤਾਂ ਲੋੜ ਐ ਪਰ ਤੂੰ ਲੀਗਲੀ ਕੰਮ ਨਹੀਂ ਕਰ ਸਕਦਾ। ਵਰਕ ਪਰਮਿਟ ਨਾਲ ਲੀਗਲ ਹੋਵੇਂਗਾ।"

"ਰਾਤ ਵੀ ਤਾਂ ਕੀਤਾ ਹੀ ਸੀ। ਉਸ ਤਰ੍ਹਾਂ ਪਾਰਟ ਟਾਈਮ ਦੇ ਦਿਓ ਕੰਮ।"

"ਬੈਂਕੁਇਟ ਹਾਲ ਦੀ ਹੋਰ ਗੱਲ ਐ। ਓਥੇ ਚੈਕਿੰਗ ਨਹੀਂ ਹੁੰਦੀ। ਰੈਸਟੋਰੈਂਟ 'ਚ ਹੋ ਸਕਦੀ ਐ। ਫੇਰ ਨਾਲੇ ਤੂੰ ਫਸੇਂਗਾ ਨਾਲੇ ਮੈਂ। ਜੇ ਸਟੂਡੈਂਟ ਹੁੰਦਾ ਤਾਂ ਤੈਨੂੰ ਕੰਮ ਦੇ ਦਿੰਦਾ।"

ਇਹ ਸੁਣ ਕੇ ਕਰਨਵੀਰ ਫਿਰ ਚੁੱਪ ਕਰ ਗਿਆ। ਰਜਿੰਦਰ ਬੋਲਿਆ, "ਐਲ ਐਮ ਆਈ ਏ ਦੇ ਥੋੜ੍ਹੇ ਘੱਟ ਦੇ ਦੇਵੀਂ ਪਰ ਦੇਣੇ ਪਹਿਲਾਂ ਪੈਣਗੇ।"

"ਠੀਕ ਏ ਜੀ, ਇਕ-ਅੱਧੇ ਦਿਨ 'ਚ ਸਲਾਹ ਕਰ ਕੇ ਦੱਸ ਦਿੰਨਾ ਵਾਂ।" ਆਖ ਕੇ ਕਰਨਵੀਰ ਉੱਠ ਖਲੋਤਾ।

ਉਹ ਰੈਸਟੋਰੈਂਟ ਵਿਚੋਂ ਬਾਹਰ ਨਿਕਲਿਆ ਹੀ ਸੀ ਕਿ ਜੀਤੀ ਦਾ ਫੋਨ ਆ ਗਿਆ। ਉਹ ਬੋਲੀ, "ਸੌਰੀ ਯਾਰ, ਤੇਰੇ ਨਾਲ ਨਹੀਂ ਜਾ ਸਕੀ। ਮਾਈਂਡ ਨਾ ਕਰੀਂ। ਆਪਾਂ ਅਗਲੇ ਵੀਕ ਐਂਡ ਚੱਲਾਂਗੇ, ਨਾਲੇ ਸੀ ਐਨ ਟਾਵਰ ਦੇਖ ਆਵਾਂਗੇ। ਠੀਕ ਐ?"

"ਸੀ ਐਨ ਟਾਵਰ ਦੇਖਣ ਚਲੇ ਚੱਲਾਂਗੇ। ਰਜਿੰਦਰ ਨੂੰ ਮਿਲਣ ਦੀ ਲੋੜ ਨਹੀਂ ਪੈਣੀ। ਉਹ ਮੈਂ ਮਿਲ ਆਇਆ ਵਾਂ।"

"ਅੱਛਾ, ਕੀ ਬਣਿਆ?"

"ਬਣਨਾ ਕੀ ਏ। ਡਾਲਰ ਬਹੁਤ ਮੰਗਦਾ ਏ। ਵਰਕ ਪਰਮਿਟ ਤੋਂ ਬਿਨਾ ਕੈਸ਼ 'ਤੇ ਕੰਮ ਦੇਣਾ ਨਹੀਂ ਮੰਨਿਆ। ਕਹਿੰਦਾ, ਜੇ ਸਟੂਡੈਂਟ ਹੁੰਦਾ ਤਾਂ ਦੇ ਦਿੰਦਾ ਕੰਮ। ਮੈਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ।"

"ਸਟੂਡੈਂਟ ਲੀਗਲੀ ਹਫ਼ਤੇ 'ਚ ਵੀਹ ਘੰਟੇ ਕੰਮ ਕਰ ਸਕਦੇ ਆ। ਜਿੱਥੇ ਮੈਂ ਕੰਮ ਕਰਦੀ ਆਂ, ਉੱਥੇ ਮੈਂ ਹਫ਼ਤੇ ਦੇ ਪੰਜਾਹ-ਸੱਠ ਘੰਟੇ ਕੰਮ ਕਰਦੀ ਆਂ। ਵੀਹ ਘੰਟਿਆਂ ਤੋਂ ਉੱਪਰਲੇ ਕੈਸ਼ ਦੇ ਦਿੰਦੇ ਆ। ਜੇ ਚੈਕਿੰਗ ਹੋ ਜਾਵੇ ਤਾਂ ਵੀਹ ਘੰਟਿਆਂ 'ਚ ਹੀ ਕਵਰ ਹੋ ਜਾਂਦੇ ਆਂ। ਤੂੰ ਲੀਗਲੀ ਕੰਮ ਨਹੀਂ ਕਰ ਸਕਦਾ, ਇਸ ਲਈ ਉਹ ਰਿਸਕ ਨਹੀਂ ਲੈਣਾ ਚਾਹੁੰਦਾ।"

"ਏਦਾਂ ਚੈਕਿੰਗ ਹੋ ਜਾਂਦੀ ਏ?"

"ਹੋ ਸਕਦੀ ਐ ਜੇ ਕੋਈ ਸ਼ਿਕਾਇਤ ਕਰ ਦੇਵੇ।"

"ਫੇਰ ਮੈਂ ਨਹੀਂ ਪੈਂਦਾ ਕੈਸ਼ ਵਾਲੇ ਚੱਕਰ 'ਚ।" ਆਖ ਕੇ ਕਰਨਵੀਰ ਚੁੱਪ ਕਰ ਗਿਆ। ਫਿਰ ਬੋਲਿਆ, "ਪਰ ਯਾਰ, ਰਾਤ ਤੇਰੇ ਸਾਥ 'ਚ ਟਾਈਮ ਵਧੀਆ ਲੰਘ ਗਿਆ ਸੀ।"

"ਅੱਛਾ ਜੀ, ਫੇਰ ਆ ਜਾਇਆ ਕਰੀਂ ਸੈਟਰਡੇ ਨਾਈਟ।"

"ਤੂੰ ਚਾਹੁੰਨੀ ਏਂ?"

"ਹੂੰ, ਤਾਂ ਹੀ ਕਹਿੰਨੀ ਆਂ।"

"ਅਗਲਾ ਵੀਕਐਂਡ ਉਡੀਕੇਂਗੀ?"

"ਹੂੰ ਹੂੰ।" ਜੀਤੀ ਦੀ ਆਵਾਜ਼ ਕੁਝ ਭਾਰੀ ਹੋ ਗਈ। ਕਰਨਵੀਰ ਦਾ ਮਨ ਉਡਾਲੇ ਖਾਣ ਲੱਗਾ। ਉਹ ਬੋਲਿਆ, "ਅਗਲਾ ਵੀਕਐਂਡ ਯਾਰ, ਕੱਲ੍ਹ ਨੂੰ ਨਹੀਂ ਆ ਸਕਦਾ?"

"ਅੱਛਾ ਜੀ, ਐਨੀ ਬੇਤਾਬੀ ਆ? ਜਸਟਿਨ ਟਰੂਡੋ ਨੂੰ ਕਹਾਂਗੇ ਕਿ ਵੀਕ ਦੇ ਸਾਰੇ ਦਿਨ ਕੈਂਸਲ ਕਰ ਦੇਵੇ।"

"ਹਾਂ, ਸਿਰਫ ਸੈਟਰਡੇ ਨਾਈਟ ਰੱਖੇ।"

"ਅਗਲੇ ਸੈਟਰਡੇਅ ਝਾਂਜਰ 'ਚ ਕੋਈ ਪਾਰਟੀ ਨਹੀਂ ਹੈ। ਇਸ ਲਈ ਸਿਰਫ ਸੰਡੇ ਰੱਖੇ।"

"ਸੰਡੇ ਕਿਉਂ?"

ਜੀਤੀ ਇਕ ਪਲ ਚੁੱਪ ਕਰ ਗਈ, ਫਿਰ ਬੋਲੀ, "ਸੰਡੇ ਲਾਂਡਰੀ ਕਰਨੀ ਹੁੰਦੀ ਐ।" ਇਹ ਆਖ ਕੇ ਜੀਤੀ ਖਿੜ ਖਿੜਾ ਕੇ ਹੱਸ ਪਈ। ਫਿਰ ਬੋਲੀ, "ਸੀ ਐਨ ਟਾਵਰ ਨੀ ਦੇਖਣਾ ਅਗਲੇ ਸੰਡੇ, ਬੁੱਧੂਆ?"

"ਐਨੀ ਬੇਸਬਰੀ ਏ ਉਹ ਦੇਖਣ ਦੀ?"

"ਮੇਰਾ ਤਾਂ ਦੇਖਿਆ। ਤੈਨੂੰ ਦਿਖਾ ਕੇ ਲਿਆਉਣੈ।"

ਬੇਸਬਰੀ ਜੀਤੀ ਨੂੰ ਸੀ ਜਾਂ ਨਹੀਂ, ਇਸ ਬਾਰੇ ਕਰਨਵੀਰ ਨੂੰ ਪੂਰਾ ਪਤਾ ਨਹੀਂ ਸੀ ਪਤਾ ਪਰ ਉਸ ਨੂੰ ਜੀਤੀ ਦੇ ਨਾਲ ਤੁਰਨ ਦੀ ਤਾਂਘ ਜ਼ਰੂਰ ਸੀ।

**(ਚੱਲਦਾ)**

ਕਹਾਣੀ

# ਪ੍ਰੀਤੋ

ਸੇਠ ਰੋਲਾ ਮੱਲ ਠਠੰਬਰ ਕੇ ਠੰਢਾ ਹੋ ਗਿਆ। ਪ੍ਰੀਤੋ ਦੀ ਇਕ ਹੀ ਦਬਕੜੀ ਨੇ ਉਸ ਦਾ ਸਾਰਾ ਜੋਸ਼ੀਲਾ ਮੱਚ ਪਾਣੀ-ਪਾਣੀ ਕਰ ਦਿੱਤਾ। ਆਪਣਾ ਤੰਗੜ ਤੱਪੜ ਵਲੇਟਦਾ, ਧੋਤੀ ਕਲੁੰਜਦਾ ਉਹ ਸੁੰਗੜ ਗਿਆ। ਪ੍ਰੀਤੋ ਦੀ ਕਾੜ੍ਹ ਕਰਦੀ ਚਪੇੜ ਉਸ ਦੇ ਮੂੰਹ 'ਤੇ ਪਈ ਤੇ ਉਹ ਦੁਮੂੰਹੀ ਵਾਂਗ ਲੋਟਣੀਆਂ ਲੈਂਦਾ ਕੰਧ ਨਾਲ ਜਾ ਅਟਕਿਆ।

'ਪ੍ਰੀਤੋ ਇਕੇਰਾਂ ਮੇਰੀ ਲਾਜ ਰੱਖ ਲੈ...ਮੈਂ ਤੈਨੂੰ ਸੋਨੇ ਨਾਲ ਤੋਲ ਦੇਊਂ...ਘਰ ਆਏ ਦੀ ਇੱਜਤ ਰੱਖ ਲੈ।' ਸੇਠ ਦੀ ਅੱਧਮੋਈ ਪਤਿਤ ਭ੍ਰਿਸ਼ਟ ਆਤਮਾ ਵਿਚੋਂ ਇਸ਼ਕ ਦਾ ਸ਼ੈਤਾਨ ਭੂਤ ਉਸ ਦੇ ਸਿਰ ਚੜ੍ਹ ਬੋਲ ਉਠਿਆ।

'ਮੇਰੇ ਬਾਪ ਨਾਲੋਂ ਵੀ ਵੱਡੀ ਤੇਰੀ ਉਮਰ, ਧੌਲਾ ਤੇਰਾ ਝਾਟਾ ਤੇ ਇਹ ਖੇਹ-ਖ਼ਰਾਬਾ ਕਰਨੋਂ ਤੂੰ ਅਜੇ ਵੀ ਬਾਜ਼ ਨਹੀਂ ਆਇਆ! ਦਿਲਾਂ ਦੇ ਸੌਦੇ...ਜਿਸਮਾਂ ਦੇ ਸੌਦੇ...ਸੋਨੇ ਚਾਂਦੀ ਨਾਲ ਨਹੀਂ ਹੁੰਦੇ ਬਾਬਾ। ਤੇਰੀਆਂ ਫੋਕੀਆਂ ਗਿੱਦੜ-



**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

ਭਬਕੀਆਂ ਨੂੰ ਮੈਂ ਕੀ ਜਾਣਾਂ?'

'ਮੇਰੇ ਕੋਲ ਬਹੁਤ ਕੁੱਝ ਹੈ ਪ੍ਰੀਤੋ...ਚੱਲ ਮੇਰੇ ਨਾਲ ਚੱਲ ਕੇ ਵੇਖ...ਮੇਰਾ ਘਰ ਮੇਰਾ ਠਾਠ...ਮੇਰੀਆਂ ਕੋਠੀਆਂ ਕਾਰਖਾਨੇ...ਕਾਰਾਂ...ਨੌਕਰ...ਸੋਨੇ ਦੇ ਭਾਂਡੇ...ਬੈਂਕਾਂ ਦੇ ਲਾਕਰ...ਧਰਤੀ ਥੱਲੇ ਦੱਬੇ ਕਰੋੜਾਂ ਰੁਪਏ ਦੇ ਨੋਟ ਮੈਂ ਤੇਰੀ ਭੇਟ ਕਰ ਦਿਆਂ...ਤੂੰ ਹਾਂ ਕਰ...ਮੈਂ ਤੈਨੂੰ ਰਾਣੀ ਬਣਾ ਲਵਾਂ ਪ੍ਰੀਤੋ।' ਸੇਠ ਇਕੋ ਸਾਹੇ ਸਭ ਕੁੱਝ ਗੁਲੱਸ਼ ਗਿਆ।

'ਚੰਗਾ ਫਿਰ ਕੱਲ੍ਹ ਸੋਚਾਂਗੀ।' ਸ਼ਿਕਾਰੀ ਫਸਦਾ ਆਪਣਾ ਅੰਦਰ ਉਗਲੱਛਦਾ ਵੇਖ ਕੇ ਪ੍ਰੀਤੋ ਨੇ ਉਤਸੁਕਤਾ ਜਾਰੀ ਰੱਖਣ ਲਈ ਸੇਠ ਨੂੰ ਭੰਬਲਭੂਸੇ ਵਿਚ ਪਾ ਦਿੱਤਾ। ਉਮੀਦ ਦੀ ਝਲਕ ਕੱਲ੍ਹ ਤੱਕ ਲਟਕ ਗਈ। ਪਿਸ਼ਾਬ ਦੀ ਝੱਗ ਵਾਂਗ ਬੈਠਾ, ਕੱਖਾਂ ਤੋਂ ਹੌਲੀ ਹੋਈ ਮਾਨਸਿਕਤਾ ਨੂੰ ਧੂੰਹਦਾ ਉਹ ਬਾਹਰਲੀਆਂ ਬਰੂੰਹਾਂ ਵੱਲ ਵਧਿਆ।

'ਵੇਖ ਨਾ ਸੁਹਣੀਏ...ਆਪਣੇ ਗਿੰਦਰ ਸਿੰਘ ਨਾਲ ਨਾ ਗੱਲ ਕਰੀਂ...ਮੇਰੀ ਤੇ ਉਸ ਨਾਲ ਬੜੀ ਪੁਰਾਣੀ ਸਾਂਝ ਏ...ਇਸ ਟੱਬਰ ਨਾਲ ਬੜਾ ਪਿਆਰ ਰਿਹਾ ਏ ਮੇਰਾ...ਗਿੰਦਰ ਦੀ ਮਾਂ ਵੀ ਤੇਰੇ ਵਾਂਗ ਬੜਾ ਤੇਹ ਕਰਦੀ ਸੀ ਮੇਰਾ।'

ਸੇਠ ਦੇ ਸ਼ਬਦਾਂ ਨਾਲ ਪ੍ਰੀਤੋ ਦਾ ਹਾਸਾ ਨਿਕਲ ਗਿਆ। 'ਅੱਛਾ ਹੁਣ ਪਤਾ ਲੱਗਾ। ਗਿੰਦਰ ਦੀ ਮਾਂ ਨਾਲ ਵੀ ਤੇਰਾ ਤੇਹ ਸੀ। ਇਹੋ ਤੇਹ ਤੇਰਾ! ਜੋ ਹੁਣ ਮੇਰੇ ਨਾਲ ਕਰਨ ਆਇਐਂ, ਮੈਂ ਤਾਂ ਤੈਨੂੰ ਸਬਕ ਸਿਖਾਵਾਂਗੀ ਕੰਜਰਾ।' ਉਸ ਨੇ ਦਿਲ ਹੀ ਦਿਲ ਵਿਚ ਕਿਹਾ।

'ਜਾਹ ਦਫ਼ਾ ਹੋ ਐਵੇਂ ਕੋਈ ਵੇਖ ਲੂਗਾ।' ਉਸ ਨੇ ਸੇਠ ਨੂੰ ਗਲੋਂ ਲਾਹੁਣਾ ਚਾਹਿਆ।

'ਵੇਖ ਨਾ ਬੀਬੀ, ਮੇਰਾ ਤਾਂ ਤੇਰੇ ਕੋਲੋਂ ਜਾਣ ਨੂੰ ਦਿਲ ਹੀ ਨਹੀਂ ਕਰਦਾ...ਜੀ ਕਰਦਾ ਤੇਰੀ ਫ਼ੋਟੋ ਲੈ ਲਵਾਂ।' ਸੇਠ ਨੇ ਜਾਂਦੇ-ਜਾਂਦੇ ਨਿਰਾਸ਼ਤਾ ਵਿਚ ਪੁੱਛਿਆ।

'ਕੱਲ੍ਹ ਆਊ ਤੇ ਕੱਲ੍ਹ ਦੇਖੀ ਜਾਊ। ਤੂੰ ਜਾਹ ਤਿੱਤਰ ਹੋ ਇੱਥੋਂ।' ਪ੍ਰੀਤੋ ਨੇ ਬੁੱਢੇ ਦਾ ਦਿਲ ਵਾਹ ਦਿੱਤਾ। ਉਸ ਨੂੰ ਪਤਾ ਸੀ ਇਸ ਨੂੰ ਜਿੰਨੀ ਮਰਜ਼ੀ ਫਿਟਕਾਰ ਪਾਓ, ਇਹ ਦੁਬਾਰਾ ਜ਼ਰੂਰ ਆਏਗਾ।

ਛਾਨਣੀ-ਛਾਨਣੀ ਹੋਇਆ ਕਾਲਜਾ ਲੈ ਕੇ ਹੌਕੇ ਲੈਂਦਾ ਸੇਠ ਰੋਲਾ ਮੱਲ ਘਰ ਪਹੁੰਚਿਆ। ਸ਼ਾਂਤੀ ਨੇ ਸੇਠ ਦਾ ਉਡਿਆ ਚਿਹਰਾ ਦੇਖ ਕੇ ਕਾਰਨ ਪੁੱਛਿਆ ਪਰ ਉਹ ਚੁੱਪ-ਚੁਪੀਤੇ ਧੈੜ ਕਰਦਾ ਪਲੰਘ 'ਤੇ ਜਾ ਪਿਆ। ਸ਼ਾਂਤੀ ਉਸ ਨੂੰ ਘੁੱਟਣਾ ਚਾਹੁੰਦੀ ਸੀ ਪਰ ਉਸ ਨੇ ਮਨ੍ਹਾ ਕਰ ਦਿੱਤਾ।

ਸ਼ਾਂਤੀ ਉਸ ਦੀ ਨੌਕਰਾਣੀ ਸੀ ਭਾਂਡੇ ਮਾਂਜਣ ਦੀ, ਰੋਟੀ ਪਕਾਉਣ ਦੀ, ਪਰ ਸੇਠ ਉਸ ਕੋਲੋਂ ਕਦੇ ਕਦਾਈਂ ਚੋਰੀ-ਛਿਪੇ ਮੁੱਠੀ ਚਾਪੀ ਵੀ ਕਰਵਾ ਲੈਂਦਾ ਤੇ ਇਸ ਦੇ ਬਦਲੇ ਪਿੱਤਲ ਤਾਂਬੇ ਦੇ ਚਾਰ ਸਿੱਕੇ ਉਸ ਦੀ ਝੋਲੀ ਪਾ ਦਿੰਦਾ ਸੀ। ਇੰਨੀ ਵੱਡੀ ਸਾਰੀ ਕੋਠੀ ਵਿਚ ਸੇਠ ਜਾਂ ਉਸ ਦੀ ਨੌਕਰਾਣੀ ਦੇ ਦੋ ਦਿਲ ਮਹੀਨੇ ਵਿਚ ਦੋ-ਚਾਰ ਵੇਰਾਂ ਇਕੱਠੇ ਧੜਕਦੇ ਸੁਣੇ ਜਾਂਦੇ। ਰੋਜ਼ ਵੀ ਧੜਕਣ ਤਾਂ ਕਿਸੇ ਨੂੰ ਕੀ! ਉਨ੍ਹਾਂ ਦੀ ਇਹ ਧੜਕਣ ਸਾਰੀ ਕੋਠੀ ਦੇ ਕਣ ਵਿਚੋਂ ਧੜਕਣ ਲਗਦੀ। ਸ਼ਾਂਤੀ ਚਾਹੁੰਦੀ ਹੋਈ ਵੀ ਇਸ ਦਾ ਵਿਰੋਧ ਨਾ ਕਰਦੀ। ਸੇਠ ਚਾਹੁੰਦੇ ਹੋਏ ਵੀ ਉਸ ਨੂੰ ਅਪਣਾ ਨਾ ਸਕਦਾ। ਸ਼ਾਂਤੀ ਦਾ ਘਰ ਵਾਲਾ ਸੇਠ ਦੀ ਦੁਕਾਨ 'ਤੇ ਗਿੰਦਰ ਵਾਂਗ ਹੀ ਨੌਕਰੀ ਕਰਦਾ ਸੀ ਤੇ ਸ਼ਾਂਤੀ ਉਸ ਦੇ ਘਰ ਦਾ ਕੰਮ ਕਰਦੀ ਸੀ। ਦੋਵੇਂ ਜੀਅ ਇਸ ਤਰ੍ਹਾਂ ਸੇਠ ਦੀ ਮਜ਼ਦੂਰੀ ਕਰ ਕੇ ਪੇਟ ਪਾਲਣ ਲਈ ਚਾਰ ਰੋਟੀਆਂ ਕਮਾ ਲੈਂਦੇ। ਦੋ-ਚਾਰ ਫੁੱਟੀਆਂ ਕੌਡੀਆਂ ਦੇ ਕੇ ਸੇਠ ਨੇ ਦੁੱਗਣੀਆਂ ਲਿਖਾ ਲਈਆਂ ਤੇ ਵਿਆਜ ਪੈ-ਪੈ ਹੁਣ ਤੱਕ ਦਸ ਗੁਣਾਂ ਕਰਜ਼ਾ ਵਧ ਗਿਆ। ਘਰ ਦੀਆਂ ਥੁੜੀਆਂ, ਥੁੜ੍ਹਾਂ, ਖ਼ਰਚੇ ਦੇ ਭਾਰ ਨੇ ਉਨ੍ਹਾਂ ਨੂੰ ਸੇਠ ਦੇ ਆਸ਼ੀ ਬਣਾ ਦਿੱਤਾ, ਗੁਲਾਮ ਬਣਾ ਦਿੱਤਾ। ਨਾ ਵਿਆਜ ਲੱਥੇ, ਨਾ ਕਰਜ਼ਾ ਮੁੱਕੇ ਤੇ ਨਾ ਇਨ੍ਹਾਂ ਦਾ ਛੁਟਕਾਰਾ ਹੋਵੇ। ਤਾਂ ਹੀ ਦੋਵੇਂ ਜੀਅ ਸੇਠ ਦੇ ਦੋਹੀਂ ਹੱਥੀਂ ਬੰਨ੍ਹੇ ਗੁਲਾਮ ਸਨ, ਉਹ ਜੋ ਚਾਹੇ ਉਨ੍ਹਾਂ ਤੋਂ ਕਰਵਾਉਂਦਾ ਸੀ।

ਸੇਠ ਔਰਤਾਂ ਦਾ ਬੜਾ ਸ਼ੌਕੀਨ ਸੀ। ਬੜਾ ਹੰਢਿਆ-ਵਰਤਿਆ ਸ਼ਿਕਾਰੀ ਸੀ, ਜਿਸ ਨੇ ਹੁਣ ਤੱਕ ਆਪਣੇ ਸਾਰੇ ਕਾਮਿਆਂ ਦੀਆਂ ਜਵਾਨ ਨੂੰਹਾਂ ਧੀਆਂ ਦੇ ਨੰਗ ਦੇਖੇ ਹੋਣਗੇ। ਇਹ ਸੁਭਾਵਿਕ ਹੀ ਸੀ। ਗ਼ਰੀਬ ਮਜ਼ਲੂਮਾਂ ਦਾ ਨੰਗ ਉਸ ਦੇ ਕੁੱਝ ਕੁ ਚਾਂਦੀ ਦੇ ਸਿੱਕਿਆਂ ਅੱਗੇ ਢੇਰੀ ਹੋ ਜਾਂਦੇ। ਤੇ ਹੁਣ ਉਸ ਨੇ ਨਾਲ ਜੁੱਟਿਆ ਸੀ, ਗਿੰਦਰ ਸਿੰਘ ਦੀ ਨਵੀਂ ਵਿਆਂਹਦੜ ਪ੍ਰੀਤੋ 'ਤੇ, ਜਿਸ ਨੂੰ ਵੇਖ ਕੇ ਲੋਕ ਅਸ਼-ਅਸ਼ ਕਰਦੇ ਸਨ। ਸਾਰੇ ਪਿੰਡ ਦੇ ਜੁਆਨ ਉਸ ਨੂੰ ਵੇਖ ਕੇ ਕਾਲਜਾ ਫੜ ਕੇ ਬਹਿ ਜਾਂਦੇ। ਉਹ ਸਭ ਦਾ ਘਰ ਪੂਰਾ ਕਰਦੀ, ਪਰ ਕਿਸੇ ਦੇ ਪੱਲੇ ਫੁੱਟੀ ਕੌਡੀ ਵੀ ਨਾ ਪਾਉਂਦੀ। ਦੁੱਧ ਪੀਣੇ ਮਜਨੂੰਆਂ ਨੂੰ ਬੁੱਧੂ ਬਣਾਉਣਾ ਉਸ ਦੇ ਖੱਬੇ ਹੱਥ ਦਾ ਕੰਮ ਸੀ। ਹੁਣ ਉਸ 'ਤੇ ਅੱਖਾਂ ਸਨ ਬੁੱਢੇ ਸੇਠ ਦੀਆਂ ਜਿਸ ਦੀ ਗਿੰਦਰ ਦੇ ਟੱਬਰ ਨਾਲ ਬੜੀ ਬਹਾਨਾ ਸਾਂਝ ਸੀ ਤੇ ਗਿੰਦਰ ਉਸ ਦਾ ਮੁਲਾਜ਼ਮ ਸੀ, ਚਾਰ ਕੌਡੀਆਂ ਦਾ ਗੁਲਾਮ ਸੀ...ਸੇਠ ਦਾ ਕਰਜ਼ਾਈ ਸੀ...ਉਸ ਦਾ ਆਸ਼ੀ ਸੀ।

ਪ੍ਰੀਤੋ ਦਾ ਸਿਰਫ਼ ਰੰਗ ਹੀ ਗੋਰਾ ਨਹੀਂ ਸੀ ਸਗੋਂ ਰੱਬ ਨੇ ਉਸ ਨੂੰ ਇਕ ਅੰਤ ਤੀਖਣ ਦੂਰ ਅੰਦੇਸ਼ੀ ਤੇ ਬਲ ਬੁੱਧੀ ਬਖ਼ਸ਼ੀ ਸੀ। ਪਿੰਡ ਦੇ ਮਾਡਰਨ ਗੁੰਡਿਆਂ ਨੇ ਇਕ ਬਦਨੀਤੀ ਨਾਲ ਉਸ ਦੇ ਘਰ 'ਤੇ ਹਮਲਾ ਕਰ ਦਿੱਤਾ। ਮਾਰ-ਮਾਰ ਕੇ ਗਿੰਦਰ ਦੀ ਝਿੰਬਰੀ ਟੈਟ ਕਰ ਦਿੱਤੀ। ਪ੍ਰੀਤੋ ਵੱਲ ਵਧੇ ਤਾਂ ਉਹਨੇ ਬਿਫਰੀ ਸ਼ੀਹਣੀ ਵਾਂਗ ਟੁੱਟ ਕੇ ਇਕ ਨੂੰ ਥੱਲੇ ਸੁੱਟ ਲਿਆ...ਬਾਕੀ ਦੇ ਸਿਰ 'ਤੇ ਪੈਰ ਰੱਖ ਕੇ ਡਾਂਗਾਂ-ਸੋਟੇ ਪਿੱਛੇ ਛੱਡ ਕੇ ਨੱਸ ਗਏ। ਗਿੰਦਰ ਖ਼ੁਸ਼ ਸੀ, ਉਸ ਨੂੰ ਸੁਹਣੀ, ਸੁਚੱਜੀ ਤੇ ਦਲੇਰ ਔਰਤ ਮਿਲੀ ਸੀ। ਉਹ ਉਸ ਨੂੰ ਪਿਆਰ ਕਰਦੀ ਸੀ। ਹੱਦੋਂ ਵੱਧ ਪਿਆਰ। ਉਸ 'ਤੇ ਮਰਦੀ ਸੀ ਪਰ ਉਸ ਨੂੰ ਪ੍ਰੀਤੋ 'ਤੇ ਗਿਲਾ ਵੀ ਸੀ। ਪ੍ਰੀਤੋ ਨੇ ਉਹਨੂੰ ਹੁਣ ਤੱਕ ਨੋ-ਮੈਨ ਲੈਂਡ ਤੱਕ ਨਹੀਂ ਸੀ ਵਧਣ ਦਿੱਤਾ। ਉਹ ਜਿਹਾ ਵਿਆਹਿਆ ਤਿਹਾ ਕੰਵਾਰਾ ਹੀ ਰਿਹਾ ਪਰ ਹਾਂ ਉਸ ਦੀ ਰੋਟੀ ਜ਼ਰੂਰ ਪੱਕਣ ਲੱਗ ਗਈ ਸੀ। ਆਂਢੀ-ਗੁਆਂਢੀ ਗਿੰਦਰ ਦੀ ਕਿਸਮਤ 'ਤੇ ਬੜਾ ਸੜਦਾ ਤੇ ਭੁਰਦਾ ਸੀ। ਰੱਬ ਜਿਸ ਨੂੰ ਦੇਵੇ ਛੱਪੜ ਪਾੜ ਕੇ ਦਿੰਦਾ ਹੈ ਤੇ ਫਿਰ ਅਜਿਹੀ ਹੂਰ ਪਰੀ ਗਿੰਦਰ ਵਰਗੇ ਪਿਛਲੱਗ ਆਦਮੀ ਨੂੰ ਬਿਨਾ ਕਿਸੇ ਕੀਮਤ ਦੇ ਮਿਲ ਜਾਣੀ, ਰੱਬੀ ਰਹਿਮਤ ਤੋਂ ਘੱਟ ਨਹੀਂ ਸੀ। ਕੁਝ ਲੋਕ ਅਵੱਲੀਆਂ ਗੱਲਾਂ ਕਰਨ ਲੱਗੇ ਸਨ ਕਿ ਉਹ ਹੂਰ ਪਰੀ ਇਸ ਪਿੰਡ ਵਿਚ ਕਿਸੇ ਖ਼ਾਸ ਮਿਸ਼ਨ 'ਤੇ ਆਈ ਹੈ ਤੇ ਗਿੰਦਰ ਨੂੰ ਉਸ ਨੇ ਇੱਕ ਜ਼ਰੀਆ ਹੀ ਬਣਾਇਆ ਹੈ।

ਸੇਠ ਰੋਲਾ ਮੱਲ ਦੀ ਦੁਕਾਨ ਦੇ ਲਾਗੇ ਦੋ-ਚਾਰ ਵੇਰਾਂ ਗਿੰਦਰ ਦੀ ਉਸ ਨਾਲ ਮੁਲਾਕਾਤ ਹੋਈ ਸੀ। ਉਸ ਨੂੰ ਵੇਖ ਕੇ ਗਿੰਦਰ ਦਾ ਜੀਅ ਕਰ ਆਇਆ, ਉਸ ਨੂੰ ਜੀਅ ਭਰ ਕੇ ਵੇਖ ਲਵੇ ਪਰ ਉਸ ਦੀ ਅਮੀਰੀ ਨੇ ਗਿੰਦਰ ਦਾ ਸਾਰਾ ਹੌਸਲਾ ਮਲੀਆ ਮੇਟ ਕਰ ਦਿੱਤਾ। ਉਹ ਹਉਕਾ ਭਰ ਕੇ ਰਹਿ ਗਿਆ।

ਅਗਲੇ ਦਿਨ ਨਾਲ ਦੇ ਹੋਟਲ ਵਿਚ ਜਦ ਗਿੰਦਰ ਆਪਣੀ ਹੱਥ ਦੀ ਪਕਾਈ ਵਿੰਗੀ ਟੇਢੀ ਰੋਟੀ ਪੋਣੇ ਵਿਚੋਂ ਕੱਢ ਕੇ ਖਾਣ ਬੈਠਾ ਤਾਂ ਉਹ ਮਲਕੜੇ ਜਿਹੇ ਉਸ ਦੇ ਸਾਹਮਣੇ ਆ ਬੈਠੀ। ਗਿੰਦਰ ਸ਼ਸ਼ੋਪੰਜ ਵਿਚ ਪੈ ਗਿਆ। ਉਸ ਦੀ ਬੁਰਕੀ ਮੂੰਹ ਵਿਚ ਹੀ ਫੁੱਲ ਗਈ। ਉਠ ਕੇ ਦੂਜੀ ਕੁਰਸੀ ਵੱਲ ਚੱਲਿਆ ਹੀ ਸੀ ਕਿ 'ਕੋਈ ਨਹੀਂ ਇੱਥੇ ਹੀ ਬੈਠੋ।' ਇੱਕ ਮਧੁਰ ਆਵਾਜ਼ ਨੇ ਗਿੰਦਰ ਨੂੰ ਉੱਥੇ ਹੀ ਕੀਲ ਦਿੱਤਾ।

ਗਿੰਦਰ ਗ਼ਰੀਬ ਸੀ ਪਰ ਜੁਆਨ ਸੀ। ਜੁਆਨੀ ਅਮੀਰੀ-ਗ਼ਰੀਬੀ ਨਹੀਂ ਦੇਖਦੀ। ਗਿੰਦਰ ਦੇ ਡੌਲਿਆਂ ਦੀਆਂ ਮਛਲੀਆਂ ਦੇਖ ਕੇ ਕਈ ਜੁਆਨੀਆਂ ਹੌਕੇ ਭਰਦੀਆਂ ਪਰ ਗਿੰਦਰ ਦੇ ਪਾਟੇ ਕੱਪੜੇ, ਉਸ ਦੇ ਹੱਡਾਂ ਦੀਆਂ ਮੈਲੀਆਂ ਪਾਟੀਆਂ ਲਕੀਰਾਂ ਤੇ ਉਸ ਦੇ ਪਾਟੇ ਹੋਏ ਭਵਿੱਖ ਦਾ ਸੰਕੇਤ ਉਨ੍ਹਾਂ ਦੇ ਅਰਮਾਨਾਂ ਨੂੰ ਥੱਲੇ ਦੱਬ ਲੈਂਦੀਆਂ।

'ਤੁਸੀਂ ਰੋਟੀ ਖਾਓਗੇ?' ਪਤਾ ਨਹੀਂ ਉਸ ਨੂੰ ਪੁੱਛਣ ਦਾ ਇੰਨਾ ਵੱਡਾ ਹੌਸਲਾ ਗਿੰਦਰ ਕੋਲ ਕਿੱਥੋਂ



ਆ ਗਿਆ। ਸੂਰਜ ਤੇ ਦੀਵੇ ਦਾ ਮੁਕਾਬਲਾ ਸੀ ਇਹ।

'ਹਾਂ ਜੀ ਹਾਂ, ਕਿਉਂ ਨਹੀਂ!' ਜਿਵੇਂ ਉਹ ਪਹਿਲਾਂ ਹੀ ਤਿਆਰ ਸੀ। ਪ੍ਰੀਤੋ ਨੇ ਇਕ ਦਮ ਸੁੱਕੇ ਟੁਕੜੇ ਭੰਨ ਕੇ ਗਿੰਦਰ ਦੇ ਨਾਲ ਹੀ ਖਾਣੇ ਸ਼ੁਰੂ ਕਰ ਦਿੱਤੇ। ਗਿੰਦਰ ਇਕ ਪਾਸੇ ਆਪਣੇ ਕੱਪੜਿਆਂ ਵੱਲ ਵੇਖ-ਵੇਖ ਝੂਰਦਾ ਸਾਹਮਣੇ ਬੈਠੀ ਤਿਤਲੀ ਦਾ ਮੁਕਾਬਲਾ ਕਰਨ ਲੱਗਾ। ਉਹ ਗ਼ਰੀਬ ਮਜ਼ਦੂਰ ਤੇ ਸਾਹਮਣੇ ਬੈਠੀ ਚਿੱਟੀ ਕਬੂਤਰੀ ਜ਼ਮੀਨ ਆਸਮਾਨ ਦਾ ਫ਼ਰਕ! ਕੁਦਰਤ ਕਾਦਰ ਦੀ ਕਰਾਮਾਤ! ਇਹ ਦਾਲ ਕਿਵੇਂ ਗਲੇਗੀ? ਗਿੰਦਰ ਨੂੰ ਯਕੀਨ ਜਿਹਾ ਨਹੀਂ ਸੀ ਆ ਰਿਹਾ, ਉਹ ਕੀ ਵੇਖ ਰਿਹਾ ਹੈ!

'ਤੁਸੀਂ ਕਿੱਥੇ ਰਹਿੰਦੇ ਹੋ?'

'ਜੀ ਨਾਲ ਦੇ ਪਿੰਡ ਵਿਚ।'

'ਇਕੱਲੇ ਹੀ "?'

'ਹਾਂ ਜੀ ਇਕੱਲਾ ਹੀ ਹਾਂ...ਮਾਂ ਸੀ, ਉਹ ਮਰ ਗਈ। ਗ਼ਰੀਬੀ ਕਰਕੇ ਵਿਆਹ ਨਹੀਂ ਹੋਇਆ।' ਗਿੰਦਰ ਨੇ ਹਉਕਾ ਭਰ ਕੇ ਵਾਕ ਪੂਰਾ ਕੀਤਾ।

'ਚ...ਚ...ਚ...!' ਬੜੀ ਹਮਦਰਦੀ ਕਰ ਕੇ ਲੜਕੀ ਨੇ ਗਿੰਦਰ ਦਾ ਦਿਲ ਜਿੱਤ ਲਿਆ। ਜਿੱਤਿਆ ਹੋਇਆ ਤਾਂ ਉਹ ਅੱਗੇ ਹੀ ਸੀ। ਹਾਂ ਕੁੱਝ ਹੌਸਲਾ ਦਿੱਤਾ। ਜੀਵਨ ਦੀ ਇਕ ਚਿੰਗਾਰੀ ਭਰ ਦਿੱਤੀ।

'ਤੁਸੀਂ ਮੈਨੂੰ ਲੈ ਚੱਲੋ ਮੈਂ ਤੁਹਾਡੀ ਰੋਟੀ ਪਕਾਇਆ ਕਰਾਂਗੀ।' ਗਿੰਦਰ ਤ੍ਰਭਕਿਆ, ਮਾਨੋਂ ਅਸਮਾਨੀ ਬਿਜਲੀ ਡਿੱਗੀ ਹੋਵੇ। ਉਸ ਨੇ ਲੜਕੀ ਨਾਲ ਨਜ਼ਰਾਂ ਮਿਲਾਈਆਂ।

'ਹਾਂ, ਹਾਂ, ਮੈਂ ਤੁਹਾਡੇ ਨਾਲ ਜਾਣ ਲਈ ਤਿਆਰ ਹਾਂ।'

...ਤੇ ਫਿਰ ਉਸ ਰਾਤ ਸਾਰੇ ਪਿੰਡ ਨੇ ਦੇਖਿਆ, ਗਿੰਦਰ ਦੇ ਘਰ ਬਾਰਾਂ ਵਜੇ ਤੱਕ ਧੂੰਆਂ ਨਿਕਲਦਾ ਰਿਹਾ ਸੀ। ਅੱਗ ਬਲਦੀ ਰਹੀ ਸੀ। ਇਕ ਮਰਦ ਤੇ ਔਰਤ ਦੀਆਂ ਗੱਲਾਂ ਹੁੰਦੀਆਂ ਰਹੀਆਂ ਸਨ। ਆਂਢੀ-ਗੁਆਂਢੀ ਕੰਧਾਂ ਨਾਲ ਕੰਨ ਲਾ ਕੇ ਸੁਣਦੇ ਰਹੇ ਸਨ।

ਪ੍ਰੀਤੋ ਦੇ ਆਗਮਨ ਦੀ ਖ਼ਬਰ ਸਾਰੇ ਪਿੰਡ ਵਿਚ ਅੱਗ ਵਾਂਗ ਫੈਲ ਗਈ। ਸਾਰੇ ਤਰ੍ਹਾਂ-ਤਰ੍ਹਾਂ ਦੀਆਂ ਕਿਆਸ-ਅਰਾਈਆਂ ਕਰਦੇ ਰਹੇ। ਕੋਈ ਕਹਿੰਦਾ ਗਿੰਦਰ ਨੇ 300 ਦੀ ਮੁੱਲ ਲਿਆਂਦੀ ਹੈ, ਕੋਈ ਕਹਿੰਦਾ ਕੱਢ ਕੇ ਲਿਆਂਦੀ ਹੈ। ਕੋਈ ਕਹਿੰਦਾ ਅਵਾਰਾ ਸੀ ਵਿਚਾਰੀ ਆਪੇ ਆ ਗਈ ਹੈ। ਕੋਈ ਕਹਿੰਦਾ ਸੇਠ ਰੋਲਾ ਮੱਲ ਨੇ ਗਿੰਦਰ ਦਾ ਘਰ ਵੱਸਦਾ ਕੀਤਾ ਹੈ। ਪਿੰਡ ਦੇ ਸਰਪੰਚ ਨੇ ਫਫੇਕੁਟਨੀ ਦੀ ਡਿਊਟੀ ਲਗਾਈ ਕਿ ਪ੍ਰੀਤੋ ਦਾ ਸਾਰਾ ਭੇਦ ਕੱਢੇ ਤੇ ਉਸ ਨੂੰ ਵਰਗਲਾ ਕੇ ਸਰਪੰਚ ਦੇ ਛੋਟੇ ਭਰਾ ਦੇ ਘਰ ਬਿਠਾ ਦਿੱਤਾ ਜਾਏ। ਕੰਸੋ ਗਈ ...ਉਸ ਨੇ ਪੂਰਾ ਟਿੱਲ ਲਾਇਆ ਲਾਲਚ ਦਿੱਤਾ...ਪਰ ਪ੍ਰੀਤੋ ਦੇ ਕੰਨ 'ਤੇ ਜੂੰ ਨਾ ਸਰਕੀ। ਕੰਸੋ ਨੇ ਸਰਪੰਚ ਦੀ ਬਲੈਕ ਦੀ ਕਮਾਈ ਕੋਠੀਆਂ, ਕੰਮ ਦਾ ਜ਼ਿਕਰ ਕੀਤਾ ਪਰ ਪ੍ਰੀਤੋ ਨਾ ਮੰਨੀ।

ਦਿਨ ਚੜ੍ਹੇ ਕਾਰ ਦਾ ਹਾਰਨ ਵੱਜਿਆ...ਦਰਵਾਜ਼ਾ ਖੜਕਿਆ। ਸੇਠ ਰੋਲਾ ਮੱਲ ਝਕਦਾ-ਝਕਦਾ ਅੰਦਰ ਆਇਆ।

'ਤੂੰ ਕੀ ਲੈਣ ਆਇਐਂ ਬਾਬਾ? ਅਜੇ ਕੱਲ੍ਹ ਤੇਰੀ ਕੁੱਤੇ ਖਾਣੀ ਕੀਤੀ ਸੀ!' ਪ੍ਰੀਤੋ ਨੇ ਬਣਾਉਟੀ ਤਿਊੜੀ ਪਾਈ। ਉਹ ਆਪਣੇ ਸ਼ਿਕਾਰ ਨੂੰ ਹੋਰ ਤਰਸਾ ਕੇ ਪੱਕਾ ਕਰਨਾ ਚਾਹੁੰਦੀ ਸੀ। ਪਰ ਸੇਠ ਨੇ ਦੋ ਸੋਹਣੇ-ਸੋਹਣੇ ਸੂਟ ਤੇ ਇਕ ਮੁੰਦਰੀ ਕੱਢ ਕੇ ਉਸ ਦੇ ਅੱਗੇ ਢੇਰੀ ਕਰ ਦਿੱਤੇ। ਮੁੰਦਰੀ 'ਤੇ ਕੀਮਤੀ ਨਗ ਸੀ।

'ਲੈ ਦੇਖ ਇਹ ਮੁੰਦਰੀ ਤੈਨੂੰ ਬੜੀ ਸਜੇਗੀ। ਮੇਰੇ ਕੋਲ ਇਹੋ ਜਿਹੀਆਂ ਅਣਗਿਣਤ ਮੁੰਦਰੀਆਂ ਹਨ, ਹੀਰੇ ਹਨ।'

'ਅੱਛਾ ਬੈਠ, ਮੈਂ ਚਾਹ ਬਣਾਵਾਂ।' ਪ੍ਰੀਤੋ ਕੁੱਝ ਨਰਮ ਹੋ ਗਈ। ਚਾਹ ਦਾ ਕੱਪ ਆਪਣੀਆਂ ਲਗਰਾਂ ਵਰਗੀਆਂ ਉਂਗਲਾਂ ਸੇਠ ਨੂੰ ਛੂਹਾ ਕੇ ਉਸ ਨੂੰ ਸੱਤੀਂ ਕੱਪੜੀਂ ਅੱਗ ਲਾ ਦਿੱਤੀ।

ਗਰਮ ਚਾਹ ਵਾਂਗ ਸੇਠ ਦਾ ਆਪਾ, ਤਨ ਬਦਨ ਕਲਵਲ ਹੋ ਕੇ ਉਬਾਲੇ ਖਾਣ ਲੱਗਾ।

'ਪ੍ਰੀਤੋ ਅੰਦਰ ਬੈਠਾਂਗੇ।' ਜਿਵੇਂ ਅੰਦਰ ਦਾ ਤਾਂ ਉਹ ਪਹਿਲਾਂ ਹੀ ਵਾਕਿਫ਼ ਸੀ, ਗਿੰਦਰ ਦੀ ਮਾਂ ਦਾ ਜੂ ਉਸ ਨਾਲ ਬੜਾ ਤੇਹ ਸੀ।

ਪ੍ਰੀਤੋ ਸੇਠ ਦੇ ਸਾਹਮਣੇ ਮੰਜੀ 'ਤੇ ਜਾ ਬੈਠੀ। ਸੇਠ ਨੇ ਬਾਂਹਾਂ ਤੋਂ ਫੜ ਉਸ ਨੂੰ ਆਪਣੇ ਕੋਲ ਬਿਠਾ ਲਿਆ। ਪ੍ਰੀਤੋ ਅਡੋਲ ਬੈਠੀ ਰਹੀ। ਸਭ ਕੁੱਝ ਜਾਣਦੀ ਹੋਈ ਵੀ ਉਹ ਮਾਸੂਮ ਬਣੀ ਸੁਣਦੀ ਰਹੀ। ਸੇਠ ਦੇ ਹੱਥ ਚਾਰ-ਚੁਫੇਰੇ ਰਹੇ।

'ਤੁਹਾਡਾ ਘਰ ਕਿੱਥੇ? ਮੈਨੂੰ ਘਰ ਨਹੀਂ ਵਿਖਾਉਗੇ। ਇੱਥੇ ਤਾਂ ਕੋਈ ਓਪਰਾ ਆ ਜੂਗਾ।' ਪ੍ਰੀਤੋ ਨੇ ਵਿਸਮਾਦਕ ਡੋਰੇ ਸੁੱਟੇ।

ਆਪਣਾ ਇਹ ਮੌਕਾ ਵੀ ਖੁੰਝਦਾ ਵੇਖ ਕੇ ਸੇਠ ਨਿਰਾਸ਼ ਤਾਂ ਹੋਇਆ। ਪਰ ਉਹ ਖ਼ੁਸ਼ ਵੀ ਸੀ ਪ੍ਰੀਤੋ ਨੇ ਉਸ ਦੇ ਘਰ ਜਾਣ ਦਾ ਇਰਾਦਾ ਕਰ ਲਿਆ ਸੀ। ਸੇਠ ਫੁੱਲਿਆ ਨਹੀਂ ਸੀ ਸਮਾਉਂਦਾ। ਉਸ ਦੇ ਘਰ ਜਾ ਕੇ ਉਹ ਖਾਲੀ ਕਿਵੇਂ ਮੁੜ ਸਕਦੀ ਸੀ...ਤੇ ਫਿਰ ਜੇ ਗਿੰਦਰ ਨੂੰ ਵੀ ਪਤਾ ਲੱਗ ਜਾਏ ਤਾਂ ਸੇਠ ਨੂੰ ਉਹ ਕੁੱਝ ਨਹੀਂ ਸੀ ਕਹਿ ਸਕਦਾ।

'ਚਲੋ ਫਿਰ ਹੁਣੇ ਹੀ ਚੱਲਦੇ ਆਂ।'

ਪ੍ਰੀਤੋ ਜਿਵੇਂ ਪਹਿਲਾਂ ਹੀ ਚਾਹੁੰਦੀ ਸੀ। ਉਹ ਝੱਟ ਕੱਪੜੇ ਬਦਲ ਕੇ ਤਿਆਰ ਹੋਈ ਤੇ ਤੁਰ ਪਈ। ਸੇਠ ਦੀ ਕੋਠੀ ਕਿਸੇ ਮਹਾਰਾਜੇ ਦੇ ਮਹੱਲ ਤੋਂ ਘੱਟ ਨਹੀਂ ਸੀ। ਜੋ ਸੇਠ ਨੇ ਦੱਸਿਆ, ਸੋਲ੍ਹਾਂ ਆਨੇ ਸੱਚ ਸੀ। ਸੇਠ ਨੇ ਪ੍ਰੀਤੋ ਨੂੰ ਸਾਰੀਆਂ ਅਲਮਾਰੀਆਂ ਖੋਲ੍ਹ ਕੇ ਦਿਖਾਈਆਂ। ਕੀਮਤੀ ਸਾੜੀਆਂ, ਕੱਪੜੇ, ਸੋਨੇ ਦੇ ਜ਼ੇਵਰ, ਨੋਟਾਂ ਦੀਆਂ ਪੰਡਾਂ, ਵਿਸਕੀ ਦੇ ਸਟਾਕ, ਸੋਨੇ ਦੇ ਭਾਂਡੇ, ਸਮਗਲਡ ਘੜੀਆਂ, ਮੁੰਦਰੀਆਂ ਦੇ ਵੱਡੇ ਖ਼ਜ਼ਾਨੇ...ਉਹ ਸਭ ਕੁੱਝ ਸਮਝ ਗਈ। ਸੇਠ ਸੱਚਮੁੱਚ ਕਿਸੇ ਚੰਗੇ ਕੌਮਾਂਤਰੀ ਪੱਧਰ ਦਾ ਕਾਲਾ ਧੰਦਾ ਕਰਦਾ ਹੈ।

'ਤੁਸੀਂ ਵਿਸਕੀ ਵੀ ਪੀਂਦੇ ਓ?' ਉਸ ਨੇ ਸ਼ਰਾਰਤੀ ਲਹਿਜੇ ਵਿਚ ਕਿਹਾ।

'ਹਾਂ...ਹਾਂ...ਮੈਂ ਰੋਜ਼ ਪੀਂਦਾ ਹਾਂ...।' ਸੇਠ ਨੇ ਗੋਗੜ ਫੈਲਾਈ।

ਪ੍ਰੀਤੋ ਨੇ ਝੱਟ ਵਿਸਕੀ ਦੀ ਬੋਤਲ ਕੱਢੀ। 'ਅੱਜ ਮੈਂ ਵੀ ਪੀਵਾਂਗੀ ਤੁਹਾਡੇ ਨਾਲ।' ਅੰਨ੍ਹਾ ਕੀ ਭਾਲੇ ਦੋ ਅੱਖੀਆਂ। ਹੁਣ ਤਾਂ ਮੁਰਗੀ ਫਸੇਗੀ ਚੰਗੀ ਤਰ੍ਹਾਂ...ਹੁਣ ਪਿੱਛੇ ਕੋਈ ਸ਼ੱਕ ਨਹੀਂ।

'ਅੱਛਾ ਤੂੰ ਹੀ ਪਾ ਫਿਰ ਮੇਰੀ ਜਾਨ।' ਸੇਠ ਨੇ ਪ੍ਰੀਤੋ ਦੀ ਪਿੱਠ ਥਾਪੜਦਿਆਂ ਕਿਹਾ।

ਇਕ ਪੈੱਗ, ਦੋ ਪੈੱਗ, ਤਿੰਨ ਪੈੱਗ। ਪ੍ਰੀਤੋ ਪਾਉਂਦੀ ਗਈ ਸੇਠ ਪੀਂਦਾ ਗਿਆ।

'ਇੱਕੋ ਡੀਕੇ ਪੀ ਲਾਂ ਸਾਰੀ, ਜੇ ਤੂੰ ਆਪ ਪਿਲਾਵੇਂ, ਤੇਰੀ ਹੱਥਾਂ ਵਾਲੀ ਬੋਤਲ ਕਰ ਦਿਆਂ ਖਾਲਮ ਖ਼ਾਲੀ।' ਸੇਠ ਦੇ ਲਰਜਦੇ ਬੁੱਲ੍ਹਾਂ ਦੇ ਸ਼ਬਦਾਂ ਨਾਲ ਪ੍ਰੀਤੋ ਨੇ ਰਹਿੰਦੀ ਸ਼ਰਾਬ ਵੀ ਸਾਰੀ ਉਲੱਦ ਦਿੱਤੀ। ਉਸ ਨੇ ਆਪ ਵੀ ਆਪਣੇ ਗਿਲਾਸ ਵਿਚ ਪਾਈ ਪਰ ਸਿਰਫ਼ ਦਿਖਾਵੇ ਮਾਤਰ। ਬਾਕੀ ਆਪਣੇ ਹਿੱਸੇ ਦੀ ਬੁੱਢੇ ਤੋਂ ਬਚਾ ਕੇ ਡੋਲ੍ਹ ਦਿੱਤੀ। ਸੇਠ ਨੂੰ ਚੜ੍ਹ ਗਈ।

'ਬੱਸ ਕਰ ਪ੍ਰੀਤੋ। ਮੈਨੂੰ ਹੋਰ ਨਾ ਝਟਕਾ।' ਉਸ ਨੇ ਪ੍ਰੀਤੋ ਦਾ ਹੱਥ ਫੜਦੇ ਕਿਹਾ। ਪ੍ਰੀਤੋ ਉਸ ਦੇ ਨਾਲ ਲਗ ਕੇ ਬੈਠ ਗਈ। ਸੱਟ ਲਾਣ ਲਈ ਹੁਣ ਲੋਹਾ ਗਰਮ ਸੀ।

'ਮੈਨੂੰ ਤੁਹਾਡੇ ਨਾਲ ਬੜਾ ਪਿਆਰ ਹੋ ਗਿਆ। ਤੁਸੀਂ ਬੜੇ ਚੰਗੇ ਲਗਦੇ ਓ।'

ਬੁੱਢੇ ਦਾ ਦਿਲ ਹੋਰ ਫੁੱਲ ਗਿਆ, 'ਓ ਮੇਰੀ ਜਾਨ ਮੇਰਾ ਸਭ ਕੁਛ ਤਨ, ਮਨ ਧਨ ਸਭ ਤੇਰੇ ਲਈ ਹਾਜ਼ਰ।'

'ਤੁਸੀਂ ਐਵੇਂ ਬੁੱਧੂ ਤਾਂ ਨਹੀਂ ਬਣਾ ਰਹੇ? ਤੁਹਾਡੀ ਸਾਰੀ ਜਾਇਦਾਦ ਦੇ ਹੋਰ ਵੀ ਕਈ ਵਾਰਸ ਹੋਣਗੇ। ਕਈ ਭਾਈਵਾਲ ਹੋਣਗੇ। ਮੇਰੇ ਵਰਗੀਆਂ ਤੁਹਾਡੀਆਂ ਕਈ ਰਖੇਲਾਂ ਹੋਣਗੀਆਂ।'

'ਨਹੀਂ ਨਹੀਂ! ਅੱਜ ਤੋਂ ਬਾਅਦ ਮੇਰੀ ਤੂੰ ਸਿਰਫ਼ ਤੂੰ। ਮੇਰੇ ਕੰਮ ਵਿਚ ਮੇਰੇ ਭਾਈਵਾਲ ਹਨ ਪਰ ਉਹ ਬਾਹਰਲੇ ਹੀ ਹਨ ਸਿਰਫ਼ ਕੰਮ ਕਰਨ ਵਾਲੇ, ਪੈਸੇ ਤਾਂ ਮੇਰੇ ਹੀ ਚੱਲਦੇ ਨੇ। ਤਹਿਖ਼ਾਨੇ ਵਿਚ ਨੱਪਿਆ ਮੇਰਾ ਮਾਲ, ਬੈਂਕਾਂ ਦੇ ਲਾਕਰ ਦੀਆਂ ਚਾਬੀਆਂ ਅੱਜ ਤੋਂ ਤੇਰੀਆਂ ਸਭ ਤੇਰੀਆਂ। ਪਿੰਡ ਦਾ ਸਰਪੰਚ ਵੀ ਮੇਰਾ ਹਿੱਸੇਦਾਰ ਹੈ।'

'ਮੈਨੂੰ ਯਕੀਨ ਨਹੀਂ ਸੀ ਪਈ ਤੁਹਾਡੇ ਕੋਲ ਏਨਾ ਮਾਲ ਹੋਊ।'

'ਤੂੰ ਤਾਂ ਇੰਨੀ ਵੇਖ ਕੇ ਹੈਰਾਨ ਹੋ ਗਈ। ਗਿੰਦਰ ਦੀ ਪਿਛਲੀ ਕੋਠੜੀ ਦੇ ਥੱਲੇ ਮੇਰਾ ਤਹਿਖਾਨਾ, ਪਰ ਇਸ ਦਾ ਗਿੰਦਰ ਨੂੰ ਪਤਾ ਨਹੀਂ ਸਿਰਫ਼ ਗਿੰਦਰ ਦੀ ਮਾਂ ਨੂੰ ਹੀ ਪਤਾ। ਨੱਥੂ ਮਰਾਸੀ ਦੇ ਛੱਪੜ ਥੱਲੇ ਮੇਰਾ ਸੋਨੇ ਦਾ ਭੰਡਾਰ, ਸਰਪੰਚ ਦੀ ਹਵੇਲੀ ਦੀ ਡਿਉਢੀ ਵਿਚ ਮੇਰਾ ਬਾਹਰਲਾ ਬਲੈਕ ਦਾ ਸਾਰਾ ਭੰਡਾਰ, ਤੂੰ ਐਸ਼ ਕਰੇਂਗੀ। ਗਿੰਦਰ ਨੂੰ ਤਾਂ ਆਪਾਂ ਕਲ ਨੂੰ ਹੀ ਪਾਰ ਬੁਲਾ ਦਿਆਂਗੇ।' ਜਿਉਂ ਜਿਉਂ ਚੜ੍ਹਦੀ ਗਈ ਸੇਠ ਬਕਦਾ ਗਿਆ।

'ਹੁਣ ਤਾਂ ਆ ਜਾ ਨੀ।' ਨਾਲ ਢੁੱਕ ਬੈਠੀ ਪ੍ਰੀਤੋ ਵਲ ਹੱਥ ਵਧਾਉਂਦੇ ਸੇਠ ਨੇ ਲਿਲ੍ਹਕੜੀ ਕੱਢੀ।

'ਨਹੀਂ ਇਕ ਪੈੱਗ ਹੋਰ। ਨਵੀਂ ਬੋਤਲ ਵਿਚੋਂ ਇਕ ਵੱਡਾ ਸਾਰਾ ਪੈੱਗ ਪਾ ਕੇ ਪ੍ਰੀਤੋ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਸੇਠ ਬੇਸੁੱਧ ਹੋ ਗਿਆ। ਚਾਰ ਚੁਫੇਰੇ ਖਿਲਰੀ ਕਰੋੜਾਂ ਦੀ ਜਾਇਦਾਦ ਹੁਣ ਉਸਦੇ ਹਵਾਲੇ ਸੀ। ਉਸ ਦਾ ਦਿਲ ਬੇਈਮਾਨ ਡੋਲਣ ਲੱਗਾ। ਪਰ ਉਸ ਦਾ ਕਰਤੱਵ ਉਸ ਨੂੰ ਲਾਹਨਤ ਪਾਣ ਲਗਾ। ਉਹ ਉਠੀ ਤੇ ਗਿੰਦਰ ਦੇ ਘਰ ਆ ਗਈ। ਗਿੰਦਰ ਉਸ ਨੂੰ ਉਡੀਕ ਰਿਹਾ ਸੀ।

'ਮੁਆਫ਼ ਕਰਨਾ ਮੈਂ ਬਾਜ਼ਾਰ ਗਈ ਸੀ। ਇਕ ਸਹੇਲੀ ਮਿਲ ਗਈ ਤਾਂ ਦੇਰ ਹੋ ਗਈ।' ਗਿੰਦਰ ਦੇ ਸ਼ੱਕ ਤੇ ਸ਼ਿਕਵੇ ਦੂਰ ਹੋ ਗਏ।

ਰੋਟੀ ਪੱਕੀ ਪਕਾਈ, ਆਪ ਖਾਧੀ, ਗਿੰਦਰ ਨੂੰ ਖੁਆਈ ਤੇ ਦੋਵੇਂ ਸੌਂ ਗਏ। ਗਿੰਦਰ ਵਿਆਹਿਆ ਹੋਇਆ ਵੀ ਕੰਵਾਰਾ ਹੀ ਉਸਲਵੱਟੇ ਭੰਨਦਾ ਰਿਹਾ।

ਸਵੇਰੇ ਉਠਿਆ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਦਾ ਆਪਾ ਕੰਬ ਗਿਆ। ਪ੍ਰੀਤੋ ਵਾਲਾ ਮੰਜਾ ਖ਼ਾਲੀ ਸੀ। ਉਸਦੇ ਕੱਪੜੇ ਤੇ ਪਰਸ ਵੀ ਗ਼ਾਇਬ ਸਨ। ਪ੍ਰੀਤੋ ਕਾਰਾ ਕਰ ਗਈ ਸੀ ਪਰ ਉਸ ਨੇ ਗਿੰਦਰ ਦੀ ਕੋਈ ਚੀਜ਼ ਨਹੀਂ ਸੀ ਛੇੜੀ। ਉਹ ਕੋਠੇ 'ਤੇ ਚੜ੍ਹ ਕੇ ਰੌਲਾ ਪਾਣ ਲਗਾ।

'ਓਏ ਲੋਕੋ ਮੈਂ ਲੁੱਟਿਆ ਗਿਆ ਮੇਰੀ ਪ੍ਰੀਤੋ ਚਲੇ ਗਈ।' ਪਰ ਇਸ ਤੋਂ ਪਹਿਲਾਂ ਕਿ ਲੋਕ ਉਸ ਨਾਲ ਹਮਦਰਦੀ ਲਈ ਆਉਂਦੇ ਗਿੰਦਰ ਦਾ ਘਰ ਪੁਲੀਸ ਨੇ ਘੇਰ ਲਿਆ ਸੀ। ਗਿੰਦਰ ਪੁਲਿਸ ਦੀ ਹੱਥਕੜੀ ਵਿਚ ਬੱਧਾ ਪਿੰਡ ਦੀ ਸੱਥ ਵੱਲ ਲਿਜਾਇਆ ਗਿਆ। ਉੱਥੇ ਸਰਪੰਚ, ਨੱਥੂ ਮਰਾਸੀ ਤੇ ਸੇਠ ਰੋਲਾ ਮੱਲ ਅੱਗੇ ਹੀ ਹੱਥਕੜੀਆਂ ਬੱਧੀ ਬਾਂਦਰਾਂ ਵਾਂਗ ਬਿਠਾਏ ਹੋਏ ਸਨ। ਤਮਾਸ਼ਬੀਨ ਇਕੱਠੇ ਹੋ ਕੇ ਤਮਾਸ਼ਾ ਦੇਖ ਰਹੇ ਸਨ।

'ਸੇਠ ਜੀ ਲੋਕਾਂ ਸਾਹਮਣੇ ਆਪਣੀ ਕਰਤੂਤ ਆਪ ਹੀ ਦਸ ਦਿਓ।' ਪੁਲਿਸ ਅਧਿਕਾਰੀ ਨੇ ਕਿਹਾ।

'ਨਹੀਂ ਮਹਾਰਾਜ ਮੈਂ ਤਾਂ ਕੋਈ ਪਾਪ ਨਹੀਂ ਕੀਤਾ, ਚੋਰੀ ਨਹੀਂ ਕੀਤੀ ਅਪਰਾਧ ਨਹੀਂ ਕੀਤਾ।' ਉਸ ਨੇ ਧਰਤੀ ਤੇ ਨੱਕ ਦੀਆਂ ਲਕੀਰਾਂ ਕੱਢਦੇ ਹੱਥ ਜੋੜੇ। ਸਾਰੇ ਲੋਕਾਂ ਨੇ ਸੇਠ ਦੀ ਸ਼ਰਾਫ਼ਤ ਤੇ ਇਮਾਨਦਾਰੀ ਦੀ ਸ਼ਾਹਦੀ ਭਰੀ।

'ਪ੍ਰੀਤੋ ਘਰ ਚੱਲ। ਇੱਧਰ ਨਾ ਆਈਂ ਪ੍ਰੀਤੋ।' ਸੇਠ ਨੇ ਪ੍ਰੀਤੋ ਨੂੰ ਆਪਣੇ ਵਲ ਆਉਂਦੀ ਵੇਖ ਕੇ ਹੇਠੀ ਮੰਨੀ। ਉਹ ਨਹੀਂ ਸੀ ਚਾਹੁੰਦਾ ਪ੍ਰੀਤੋ ਉਸ ਦੀ ਇਹ ਹਾਲਤ ਵੇਖੇ।

'ਨਹੀਂ ਸੇਠ ਹੁਣ ਮੈਂ ਤੇਰੇ ਘਰ ਨਹੀਂ ਜਾਵਾਂਗੀ, ਸਗੋਂ ਤੇਰੇ ਜਿਹੇ ਸ਼ਰੀਫ਼ ਬਗਲਾ ਭਗਤਾਂ ਦੀ ਕਰਤੂਤ ਦਾ ਪਰਦਾਫਾਸ਼ ਕਰਾਂਗੀ।' ਇੰਨਾ ਕਹਿੰਦੇ ਉਸ ਨੇ ਆਪਣੇ ਸਿਰ ਦਾ ਦੁਪੱਟਾ ਲਾਹ ਮਾਰਿਆ।

'ਵੇਖ! ਤੇਰੇ ਲਈ ਮੈਨੂੰ ਕਿੰਨੇ ਪਾਪੜ ਵੇਲਣੇ ਪਏ। ਤੂੰ ਚਿੱਟੇ ਡਰੱਗ ਦਾ ਕਾਰੋਬਾਰ ਕਰਕੇ ਕਿੰਨੇ

(ਬਾਕੀ ਅਗਲੇ ਸਫੇ 'ਤੇ)

# ਹਾਕੀ ਦਾ ਜਾਦੂਗਰ ਧਿਆਨ ਚੰਦ ਉਰਫ ਧਿਆਨ ਸਿੰਘ

**ਜਨਮ ਦਿਵਸ 'ਤੇ ਵਿਸ਼ੇਸ਼**

ਧਿਆਨ ਚੰਦ ਦਾ ਅਸਲੀ ਨਾਂ ਧਿਆਨ ਸਿੰਘ ਸੀ। ਜਦੋਂ ਉਹ ਫੌਜ 'ਚ ਭਰਤੀ ਹੋ ਕੇ ਹਾਕੀ ਖੇਡਣ ਲੱਗਾ ਤਾਂ ਖੇਡਦਿਆਂ ਰਾਤ ਪੈ ਜਾਂਦੀ ਪਰ ਉਹ ਰਾਤ ਨੂੰ ਵੀ ਚੰਦ ਚਾਨਣੀ ਵਿਚ ਖੇਡਦਾ ਰਹਿੰਦਾ। ਚੰਦ ਦੇ ਚਾਨਣ ਵਿਚ ਖੇਡਦਾ ਹੋਣ ਕਰਕੇ ਉਹਦੇ ਫੌਜੀ ਸਾਥੀ ਉਸ ਨੂੰ ਧਿਆਨ ਚੰਦ ਕਹਿਣ ਲੱਗ ਪਏ ਅਤੇ ਉਸ ਦਾ ਨਾਂ ਹੀ ਧਿਆਨ ਸਿੰਘ ਤੋਂ ਧਿਆਨ ਚੰਦ ਪੱਕ ਗਿਆ। ਉਸ ਦਾ ਜਨਮ 29 ਅਗਸਤ 1905 ਨੂੰ ਅਲਾਹਾਬਾਦ ਵਿਚ ਫੌਜੀ ਪਿਤਾ ਸਮੇਸ਼ਵਰ ਸਿੰਘ ਤੇ ਘਰੇਲੂ ਸੁਆਣੀ ਮਾਤਾ ਸ਼ਾਰਧਾ ਸਿੰਘ ਦੇ ਰਾਜਪੂਤ ਪਰਿਵਾਰ ਵਿਚ ਹੋਇਆ। ਉਸ ਦੇ ਦੋ ਭਰਾ ਹੋਰ ਸਨ ਮੂਲ ਸਿੰਘ ਤੇ ਰੂਪ ਸਿੰਘ।



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਰੂਪ ਸਿੰਘ ਵੀ ਧਿਆਨ ਸਿੰਘ ਵਾਂਗ ਬ੍ਰਿਟਿਸ਼ ਇੰਡੀਆ ਦੀਆਂ ਹਾਕੀ ਟੀਮਾਂ ਵਿਚ ਖੇਡਦਾ ਰਿਹਾ ਅਤੇ ਭਰਾ ਨਾਲ ਗੋਲਾਂ ਦੀ ਝੜੀ ਲਾਉਂਦਾ ਰਿਹਾ। ਦੋਹੇਂ ਇਕ ਦੂਜੇ ਨੂੰ ਪਾਸ ਦਿੰਦੇ ਅਤੇ ਫਾਰਵਰਡ ਖੇਡਦੇ ਹੋਏ ਗੋਲ 'ਤੇ ਗੋਲ ਕਰੀ ਜਾਂਦੇ। ਰੂਪ ਸਿੰਘ ਨੇ ਅਮਰੀਕਾ ਸਿਰ 12 ਗੋਲ ਕੀਤੇ। ਦੋਹਾਂ ਨੇ ਓਲੰਪਿਕ ਖੇਡਾਂ ਵਿਚੋਂ ਗੋਲਡ ਮੈਡਲ ਜਿੱਤੇ।

ਧਿਆਨ ਚੰਦ ਦਾ ਬਾਲ ਉਤੇ ਏਨਾ ਕੰਟਰੋਲ ਹੁੰਦਾ ਸੀ ਕਿ ਫਰਿਸ਼ਤੇ ਵੀ ਉਸ ਕੋਲੋਂ ਬਾਲ ਨਹੀਂ ਸਨ ਖੋਹ ਸਕਦੇ। ਉਹਦੀ ਡ੍ਰਿਬਲਿੰਗ ਚਕਾਚੌਂਧ ਕਰਨ ਵਾਲੀ ਸੀ ਅਤੇ ਅਛੋਪਲੇ ਜਿਹੇ ਸਰਕਾਏ ਪਾਸਾਂ ਦਾ ਕੋਈ ਅਨੁਮਾਨ ਨਹੀਂ ਸੀ ਲਾ ਸਕਦਾ ਕਿ ਕਿਸ ਨੂੰ ਦੇਵੇਗਾ? ਉਹ ਆਪਣੀ ਗੋਲ ਲਾਈਨ ਤੋਂ ਵਿਰੋਧੀ ਧਿਰ ਦੀ ਗੋਲ ਲਾਈਨ ਤਕ ਬਾਲ ਨੂੰ ਹਾਕੀ ਨਾਲ ਚਿਪਕਾਈ ਡੀ ਵਿਚ ਪਹੁੰਚਦਾ ਤੇ ਸ਼ਾਟ ਮਾਰ ਕੇ ਗੋਲ ਦਾ ਫੱਟਾ ਖੜਕਾ ਦਿੰਦਾ। ਇਕ ਵਾਰ ਨੀਦਰਲੈਂਡਜ਼ ਵਿਚ ਉਹਦੀ ਹਾਕੀ ਤੋੜ ਕੇ ਜਾਂਚ ਕੀਤੀ ਗਈ ਕਿ ਹਾਕੀ ਵਿਚ ਮਿਕਨਾਤੀਸ ਤਾਂ ਨਹੀਂ ਭਰਿਆ ਹੋਇਆ? ਇਕੇਰਾਂ ਉਹ ਡੀ 'ਚੋਂ ਬਾਲ ਹਾਕੀ 'ਤੇ ਚੁੱਕ ਕੇ ਵਿਰੋਧੀਆਂ ਦੀ ਡੀ ਵਿਚ ਪਹੁੰਚ ਗਿਆ ਤੇ ਹਵਾ ਵਿਚ ਹੀ ਗੋਲ ਕਰ ਆਇਆ ਸੀ। ਉਦੋਂ ਤੋਂ ਦਰਸ਼ਕ ਉਸ ਨੂੰ 'ਹਾਕੀ ਦਾ ਜਾਦੂਗਰ' ਕਹਿਣ ਲੱਗ ਪਏ ਸਨ।

ਓਲੰਪਿਕ ਖੇਡਾਂ ਵਿਚ ਗੋਲਡਨ ਹੈਟ ਟ੍ਰਿਕ ਮਾਰਨ (ਲਗਾਤਾਰ ਤਿੰਨ ਗੋਲਡ ਮੈਡਲ ਜਿੱਤਣ) ਸਮੇਤ ਉਸ ਨੇ 1926 ਤੋਂ 1964 ਤਕ 185 ਅੰਤਰਰਾਸ਼ਟਰੀ ਮੈਚਾਂ ਵਿਚ 570 ਗੋਲ ਕੀਤੇ। ਉਸ ਦੀ ਸਵੈ-ਜੀਵਨੀ ਦਾ ਨਾਂ ਵੀ 'ਗੋਲ' ਹੈ ਜੋ ਅੰਗਰੇਜ਼ੀ ਤੇ ਹਿੰਦੀ 'ਚ ਛਪੀ ਹੈ। ਬੀਬੀਸੀ ਨੇ ਉਸ ਨੂੰ ਹਾਕੀ ਦਾ ਮੁਹੰਮਦ ਅਲੀ ਕਹਿ ਕੇ ਵਡਿਆਇਆ। ਬਲਬੀਰ ਸਿੰਘ ਸੀਨੀਅਰ ਦੀ ਜੀਵਨੀ ਦਾ ਨਾਂ 'ਗੋਲਡਨ ਗੋਲ' ਹੈ ਜੋ ਮੈਂ ਪੰਜਾਬੀ ਵਿਚ ਲਿਖੀ। ਭਾਰਤ ਸਰਕਾਰ ਨੇ ਧਿਆਨ ਚੰਦ ਨੂੰ ਪਦਮ ਭੂਸ਼ਣ ਪੁਰਸਕਾਰ ਦਿੱਤਾ ਅਤੇ ਉਸ ਦਾ ਜਨਮ ਦਿਵਸ 29 ਅਗਸਤ ਭਾਰਤ ਦੇ ਰਾਸ਼ਟਰੀ ਖੇਡ ਦਿਵਸ ਵਜੋਂ ਮਨਾਇਆ ਜਾਂਦਾ ਹੈ। ਦਿੱਲੀ ਦੇ ਨੈਸ਼ਨਲ ਸਟੇਡੀਅਮ ਦਾ ਨਾਂ ਵੀ ਮੇਜਰ ਧਿਆਨ ਚੰਦ ਸਟੇਡੀਅਮ ਰੱਖ ਦਿੱਤਾ ਅਤੇ ਉਹਦੇ ਨਾਂ 'ਤੇ ਮੇਜਰ ਧਿਆਨ ਚੰਦ ਖੇਲ ਰਤਨ ਅਵਾਰਡ ਤੇ ਹੋਰ ਅਵਾਰਡ ਦਿੱਤੇ ਜਾਂਦੇ ਹਨ। ਝਾਂਸੀ, ਗਵਾਲੀਅਰ, ਪਟਿਆਲੇ ਤੇ ਕੁਝ ਹੋਰਨੀਂ ਥਾਈਂ ਖੇਡ ਮੈਦਾਨਾਂ, ਖੇਡ ਭਵਨਾਂ ਤੇ ਖੇਡ ਹੋਸਟਲਾਂ ਦੀਆਂ ਇਮਾਰਤਾਂ ਨਾਲ ਉਸ ਦਾ ਨਾਂ ਜੋੜਿਆ ਗਿਆ ਹੈ। ਭਾਰਤ ਵਿਚ ਜਿੰਨੀ ਮਾਨਤਾ ਧਿਆਨ ਚੰਦ ਨੂੰ ਮਿਲੀ ਹੈ ਸ਼ਾਇਦ ਹੀ ਕਿਸੇ ਹੋਰ ਖਿਡਾਰੀ ਨੂੰ ਮਿਲੀ ਹੋਵੇ। ਇਹ ਵੱਖਰੀ ਗੱਲ ਹੈ ਕਿ ਭਾਰਤ ਰਤਨ ਪੁਰਸਕਾਰ ਹਾਲੇ ਤਕ ਕ੍ਰਿਕਟ ਦੇ ਖਿਡਾਰੀ ਸਚਿਨ ਤੇਂਦੁਲਕਰ ਤੋਂ ਬਿਨਾਂ ਕਿਸੇ ਹੋਰ ਖੇਡ ਦੇ ਖਿਡਾਰੀ ਨੂੰ ਨਹੀਂ ਮਿਲਿਆ।

ਓਲੰਪਿਕ ਖੇਡਾਂ ਵਿਚ ਜੇ ਕਿਸੇ ਖੇਡ 'ਚ ਭਾਰਤੀ ਟੀਮਾਂ ਨੇ ਵਧੇਰੇ ਜਿੱਤਾਂ ਜਿੱਤੀਆਂ ਹਨ ਤਾਂ ਉਹ ਹਾਕੀ ਹੀ ਹੈ। ਇਸੇ ਲਈ ਹਾਕੀ ਨੂੰ ਭਾਰਤ ਦੀ ਕੌਮੀ ਖੇਡ ਕਿਹਾ ਜਾਂਦਾ ਹੈ। ਹਾਕੀ ਵਿਚ ਦੋ ਖਿਡਾਰੀਆਂ ਧਿਆਨ ਚੰਦ ਤੇ ਬਲਬੀਰ ਸਿੰਘ ਸੀਨੀਅਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ ਹੈ। 2012 ਦੀਆਂ ਓਲੰਪਿਕ ਖੇਡਾਂ ਸਮੇਂ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਓਲੰਪਿਕ ਖੇਡਾਂ ਦੇ 116 ਸਾਲਾਂ ਦੇ ਸਫਰ 'ਚੋਂ ਜੋ 16 ਓਲੰਪਿਕ ਆਈਕੋਨ ਚੁਣੇ ਉਨ੍ਹਾਂ ਵਿਚ ਭਾਰਤ ਦਾ ਹਾਕੀ ਖਿਡਾਰੀ ਬਲਬੀਰ ਸਿੰਘ ਵੀ ਹੈ। ਪ੍ਰਾਂਤਕ ਸਰਕਾਰਾਂ ਧਿਆਨ ਚੰਦ ਤੇ ਬਲਬੀਰ ਸਿੰਘ ਨੂੰ ਭਾਰਤ ਰਤਨ ਅਵਾਰਡ ਦੇਣ ਦੀਆਂ ਪੁਰਜ਼ੋਰ ਸਿਫਾਰਸ਼ਾਂ ਕਰਦੀਆਂ ਆ ਰਹੀਆਂ ਹਨ ਪਰ ਕੇਂਦਰੀ ਸਰਕਾਰਾਂ ਨੇ ਅਜੇ ਤਕ ਉਨ੍ਹਾਂ ਸਿਫਾਰਸ਼ਾਂ 'ਤੇ ਅਮਲ ਨਹੀਂ ਕੀਤਾ। ਪੰਜਾਬ ਦੀਆਂ ਤਿੰਨ ਸਰਕਾਰਾਂ ਦੇ ਮੁੱਖ ਮੰਤਰੀਆਂ ਸ. ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਤੇ ਹੁਣ ਸ. ਭਗਵੰਤ ਮਾਨ ਨੇ ਵੀ ਬਲਬੀਰ ਸਿੰਘ ਨੂੰ ਭਾਰਤ ਰਤਨ ਪੁਰਸਕਾਰ ਦੇਣ ਦੀ ਸਿਫਾਰਸ਼ ਕੀਤੀ ਹੋਈ ਹੈ। ਜੇ ਕਿਸੇ ਕ੍ਰਿਕਟ ਦੇ ਖਿਡਾਰੀ ਨੂੰ ਭਾਰਤ ਰਤਨ ਦਿੱਤਾ ਜਾ ਸਕਦੈ ਤਾਂ ਰਾਸ਼ਟਰੀ ਖੇਡ ਹਾਕੀ ਦੇ ਖਿਡਾਰੀਆਂ ਨੂੰ ਕਿਉਂ ਨਹੀਂ?

ਧਿਆਨ ਚੰਦ ਦੇ ਪਿਤਾ ਸਮੇਸ਼ਵਰ ਸਿੰਘ ਬ੍ਰਿਟਿਸ਼ ਆਰਮੀ ਵਿਚ ਸਰਵਿਸ ਕਰਦੇ ਸਨ। ਉਨ੍ਹਾਂ ਦੀ ਜਿੱਥੇ ਜਿੱਥੇ ਬਦਲੀ ਹੁੰਦੀ ਪਰਿਵਾਰ ਨੂੰ ਵੀ ਉਥੇ ਜਾਣਾ ਪੈਂਦਾ। ਇਸ ਤਰ੍ਹਾਂ ਉਨ੍ਹਾਂ ਦੇ ਬੱਚਿਆਂ ਦੀ ਇਕੋ ਸਕੂਲ ਵਿਚ ਪੜ੍ਹਾਈ ਨਾ ਹੋ ਸਕੀ। ਧਿਆਨ ਚੰਦ ਉਚੇਰੀ ਤਾਲੀਮ ਨਾ ਲੈ ਸਕਿਆ ਤੇ ਛੇ ਜਮਾਤਾਂ ਪੜ੍ਹ ਕੇ ਸਕੂਲੋਂ ਹਟ ਗਿਆ। ਫਿਰ ਪਰਿਵਾਰ ਨੂੰ ਝਾਂਸੀ ਵਿਚ ਜ਼ਮੀਨ ਦਾ ਟੁਕੜਾ ਮਿਲ ਗਿਆ ਜਿਥੇ ਉਨ੍ਹਾਂ ਦਾ ਪੱਕਾ ਟਿਕਾਣਾ ਬਣ ਗਿਆ। ਝਾਂਸੀ ਰਹਿੰਦਿਆਂ ਜਦ ਉਹ 17 ਸਾਲਾਂ ਦਾ ਹੋਇਆ ਤਾਂ ਫੌਜ ਦੀ ਫਸਟ ਬ੍ਰਾਹਮਣਜ਼ ਰਜਮੈਂਟ ਵਿਚ ਸਿਪਾਹੀ ਵਜੋਂ ਭਰਤੀ ਹੋ ਗਿਆ। ਉਦੋਂ ਤਕ ਸਿਵਾਏ ਬੱਚਿਆਂ ਵਾਲੀਆਂ ਆਮ ਖੇਡਾਂ ਖੇਡਣ ਦੇ ਉਹਦੀ ਕਿਸੇ ਖੇਡ ਵਿਚ ਖ਼ਾਸ ਰੁਚੀ ਨਹੀਂ ਸੀ। ਸਿਰਫ਼ ਕੁਸ਼ਤੀ ਹੀ ਉਸ ਦਾ ਮਾੜਾ ਮੋਟਾ ਧਿਆਨ ਖਿੱਚਦੀ। ਹਾਕੀ ਖੇਡਣੀ ਤਾਂ ਦੂਰ ਦੀ ਗੱਲ ਉਸ ਨੇ ਹਾਕੀ ਫੜ ਕੇ ਵੀ ਨਹੀਂ ਸੀ ਵੇਖੀ। ਉਸ ਨੇ ਆਪਣੀਆਂ ਯਾਦਾਂ ਵਿਚ ਲਿਖਿਆ: ਜਦੋਂ ਮੈਂ ਪਹਿਲੀ ਬ੍ਰਾਹਮਣਜ਼ ਰਜਮੈਂਟ ਵਿਚ ਭਰਤੀ ਹੋਇਆ ਤਾਂ ਸਾਨੂੰ ਬਾਲ ਤਿਵਾੜੀ ਨਾਂ ਦਾ ਸੂਬੇਦਾਰ ਮੇਜਰ ਮਿਲਿਆ। ਉਹ ਹਾਕੀ ਦਾ ਬੜਾ ਵਧੀਆ ਖਿਡਾਰੀ ਸੀ ਅਤੇ ਨਵੇਂ ਰੰਗਰੂਟਾਂ 'ਚ ਹਾਕੀ ਖੇਡਣ ਦਾ ਸ਼ੌਕ ਪੈਦਾ ਕਰ ਰਿਹਾ ਸੀ। ਉਸ ਨੇ ਮੈਨੂੰ ਵੀ ਹਾਕੀ ਖੇਡਣ ਦੀ ਚੇਟਕ ਲਾ ਦਿੱਤੀ। ਉਦੋਂ ਸਾਡੀ ਰਜਮੈਂਟ ਹਾਕੀ ਖੇਡਣ ਵਿਚ ਮੰਨੀ ਹੋਈ ਸੀ। ਸਾਡੇ ਕੋਲ ਇਕ ਖੁੱਲ੍ਹਾ ਖੇਡ ਮੈਦਾਨ ਸੀ ਜਿਥੇ ਅਸੀਂ ਵਿਹਲੇ ਟਾਈਮ ਹਾਕੀ ਖੇਡਦੇ ਰਹਿੰਦੇ। ਉਂਜ ਸਾਡਾ ਹਾਕੀ ਖੇਡਣ ਦਾ ਕੋਈ



ਪੱਕਾ ਸਮਾਂ ਨਹੀਂ ਸੀ। ਕਈ ਵਾਰ ਹਾਕੀ ਖੇਡਦਿਆਂ ਰਾਤ ਪੈ ਜਾਂਦੀ ਤੇ ਮੈਨੂੰ ਚੰਦ ਚਾਨਣੀ 'ਚ ਖੇਡਣਾ ਹੋਰ ਵੀ ਚੰਗਾ ਲੱਗਦਾ।

ਕੁਝ ਸਮੇਂ ਬਾਅਦ ਫਸਟ ਬ੍ਰਾਹਮਣਜ਼ ਰਜਮੈਂਟ ਫਸਟ ਪੰਜਾਬ ਰਜਮੈਂਟ ਵਿਚ ਤਬਦੀਲ ਹੋ ਗਈ। 1922-26 ਵਿਚਕਾਰ ਧਿਆਨ ਚੰਦ ਕੇਵਲ ਫੌਜੀ ਟੂਰਨਾਮੈਂਟ ਹੀ ਖੇਡਿਆ। 1926 ਵਿਚ ਉਹ ਇੰਡੀਅਨ ਆਰਮੀ ਟੀਮ ਦਾ ਮੈਂਬਰ ਬਣ ਕੇ ਨਿਊਜ਼ੀਲੈਂਡ ਟੂਰ 'ਤੇ ਗਿਆ ਜਿਥੇ ਟੀਮ ਨੇ 18 ਮੈਚ ਜਿੱਤੇ, ਦੋ ਮੈਚ ਬਰਾਬਰ ਰਹੇ ਤੇ ਇਕ ਹਾਰਿਆ। ਨਿਊਜ਼ੀਲੈਂਡ ਦੇ ਦਰਸ਼ਕਾਂ ਤੇ ਅਖ਼ਬਾਰਾਂ ਤੋਂ ਧਿਆਨ ਚੰਦ ਨੂੰ ਭਰਵੀਂ ਦਾਦ ਮਿਲੀ। ਉਸ ਨੇ ਨੌਕਰੀ ਕਰਨ ਨਾਲ ਪੜ੍ਹਾਈ ਵੀ ਜਾਰੀ ਰੱਖੀ ਤੇ ਪ੍ਰਾਈਵੇਟ ਤੌਰ 'ਤੇ 1932 ਵਿਚ ਵਿਕਟੋਰੀਆ ਕਾਲਜ ਗਵਾਲੀਅਰ ਤੋਂ ਗ੍ਰੈਜੂਏਸ਼ਨ ਕਰ ਲਈ ਜੋ ਅੱਗੇ ਜਾ ਕੇ ਉਹਦੇ ਬੜੇ ਕੰਮ ਆਈ। ਵਾਪਸ ਦੇਸ਼ ਪਰਤਣ 'ਤੇ 1927 ਵਿਚ ਧਿਆਨ ਚੰਦ ਨੂੰ ਲਾਇੰਸ ਨਾਇਕ ਬਣਾ ਦਿੱਤਾ ਗਿਆ।

ਇੰਡੀਅਨ ਹਾਕੀ ਵਿਚ ਵੱਡੀ ਛਾਲ ਉਦੋਂ ਵੱਜੀ ਜਦੋਂ ਇੰਡੀਅਨ ਹਾਕੀ ਫੈਡਰੇਸ਼ਨ ਨੇ 1928 ਦੀਆਂ ਓਲੰਪਿਕ ਖੇਡਾਂ ਵਿਚ ਹਾਕੀ ਟੀਮ ਐਮਸਟਰਡਮ ਭੇਜੀ। ਉਸ ਟੀਮ ਵਿਚ ਧਿਆਨ ਚੰਦ ਨੂੰ ਸੈਂਟਰ ਫਾਰਵਰਡ ਪਾਇਆ ਗਿਆ। ਐਮਸਟਰਡਮ ਜਾਣ ਤੋਂ ਪਹਿਲਾਂ ਇੰਡੀਆ ਵਿਚ ਇੰਟਰ ਪ੍ਰੋਵਿੰਸ ਹਾਕੀ ਟੂਰਨਾਮੈਂਟ ਸ਼ੁਰੂ ਹੋ ਗਿਆ ਸੀ ਜਿਸ ਵਿਚ ਯੂ.ਪੀ., ਸੀ.ਪੀ., ਪੰਜਾਬ, ਬੰਗਾਲ ਤੇ ਰਾਜਪੂਤਾਨਾ ਦੀਆਂ ਹਾਕੀ ਟੀਮਾਂ ਭਾਗ ਲੈਣ ਲੱਗ ਪਈਆਂ ਸਨ। ਓਲੰਪਿਕ ਖੇਡਾਂ 'ਚ ਜਾਣ ਸਮੇਂ ਇੰਡੀਅਨ ਹਾਕੀ ਫੈਡਰੇਸ਼ਨ ਪਾਸ ਪੈਸਿਆਂ ਦੀ ਘਾਟ ਸੀ। ਸਮੁੰਦਰੀ ਜਹਾਜ਼ 'ਚ ਚੜ੍ਹਨ ਤੋਂ ਪਹਿਲਾਂ ਉਸ ਟੀਮ ਦਾ ਇਕ ਨੁਮਾਇਸ਼ੀ ਮੈਚ ਬੰਬੇ ਇਲੈਵਨ ਨਾਲ ਕਰਾ ਕੇ ਕੁਝ ਪੈਸੇ 'ਕੱਠੇ ਕੀਤੇ ਗਏ। ਹੈਰਾਨੀ ਦੀ ਗੱਲ ਸੀ ਕਿ ਇੰਡੀਆ ਦੀ ਟੀਮ ਬੰਬੇ ਇਲੈਵਨ ਤੋਂ 3-2 ਗੋਲਾਂ ਨਾਲ ਹਾਰ ਗਈ! ਤਸੱਲੀ ਦੀ ਗੱਲ ਇਹੋ ਸੀ ਕਿ ਇੰਡੀਆ ਦੀ ਟੀਮ ਵੱਲੋਂ ਦੋਵੇਂ ਗੋਲ ਧਿਆਨ ਚੰਦ ਨੇ ਕੀਤੇ। ਉਸ ਵੇਲੇ ਕੇਵਲ ਤਿੰਨ ਜਣਿਆਂ ਨੇ ਟੀਮ ਨੂੰ ਵਿਦਾ ਕੀਤਾ।

ਇੰਡੀਆ ਦੀ ਹਾਕੀ ਟੀਮ ਲੈ ਕੇ ਜਾਣ ਵਾਲਾ ਜਹਾਜ਼ ਐਮਸਟਰਡਮ ਪੁੱਜਾ ਤਾਂ ਬਰਤਾਨੀਆ ਨੇ ਆਪਣੀ ਹਾਕੀ ਟੀਮ ਓਲੰਪਿਕ ਖੇਡਾਂ 'ਚੋਂ ਵਾਪਸ ਲੈ ਲਈ। ਉਸ ਨੂੰ ਡਰ ਸੀ ਕਿ ਬ੍ਰਿਟਿਸ਼ ਇੰਡੀਆ ਹੱਥੋਂ ਹਾਰ ਨਾ ਜਾਵੇ ਜੋ ਵੱਡੀ ਨਮੋਸ਼ੀ ਵਾਲੀ ਗੱਲ ਹੋਣੀ ਸੀ ਕਿ ਹਾਕਮ ਆਪਣੇ ਗ਼ੁਲਾਮਾਂ ਕੋਲੋਂ ਹਾਰ ਗਏ! ਜਦੋਂ ਤਕ ਬਰਤਾਨੀਆ ਇੰਡੀਆ ਉਤੇ ਰਾਜ ਕਰਦਾ ਰਿਹਾ ਉਹ ਕਦੇ ਵੀ ਇੰਡੀਆ ਖ਼ਿਲਾਫ ਹਾਕੀ ਨਾ ਖੇਡਿਆ। ਇਹ ਵੱਖਰੀ ਗੱਲ ਹੈ ਕਿ ਐਂਗਲੋ-ਇੰਡੀਅਨ ਖਿਡਾਰੀ ਇੰਡੀਆ ਵੱਲੋਂ ਖੇਡਦੇ ਰਹੇ। ਇਹਦਾ ਵਿਸਥਾਰ ਉਸ ਸਮੇਂ ਦੇ ਅਖ਼ਬਾਰਾਂ ਵਿਚ ਛਪਿਆ।

24 ਅਪ੍ਰੈਲ 1928 ਨੂੰ ਇੰਡੀਆ ਦੀ ਟੀਮ ਐਮਸਟਰਡਮ ਅੱਪੜੀ। 17 ਮਈ ਨੂੰ ਓਲੰਪਿਕ ਹਾਕੀ ਦੇ ਮੈਚ ਸ਼ੁਰੂ ਹੋਏ। ਇੰਡੀਆ ਨੇ ਪਹਿਲੇ ਮੈਚ ਵਿਚ ਆਸਟਰੀਆ ਨੂੰ 6-0 ਗੋਲਾਂ ਨਾਲ ਹਰਾਇਆ ਜਿਸ ਵਿਚ ਧਿਆਨ ਚੰਦ ਨੇ 3 ਗੋਲ ਕੀਤੇ। ਅਗਲੇ ਦਿਨ ਬੈਲਜੀਅਮ ਸਿਰ 9-0 ਗੋਲ ਕੀਤੇ ਜਿਨ੍ਹਾਂ 'ਚ ਧਿਆਨ ਚੰਦ ਇਕੋ ਗੋਲ ਕਰ ਸਕਿਆ। 20 ਮਈ ਦਾ ਮੈਚ ਇੰਡੀਆ ਨੇ ਡੈਨਮਾਰਕ ਨੂੰ 5-0 ਗੋਲਾਂ ਨਾਲ ਹਰਾ ਕੇ ਜਿੱਤਿਆ ਜਿਸ 'ਚ ਧਿਆਨ ਚੰਦ ਨੇ ਫਿਰ 3 ਗੋਲ ਕੀਤੇ। ਅਗਲਾ ਮੈਚ ਸਵਿਟਰਜ਼ਰਲੈਂਡ ਵਿਰੁੱਧ ਸੀ ਜੋ ਧਿਆਨ ਚੰਦ ਦੇ 4 ਗੋਲਾਂ ਸਮੇਤ ਇੰਡੀਆ ਨੇ 6-0 ਗੋਲਾਂ ਨਾਲ ਜਿੱਤਿਆ। ਫਾਈਨਲ ਮੈਚ ਸਥਾਨਕ ਟੀਮ ਨੀਦਰਲੈਂਡਜ਼ ਵਿਰੁਧ ਸੀ। ਉਸ ਵਿਚ ਧਿਆਨ ਚੰਦ ਨੇ 2 ਗੋਲ ਕੀਤੇ ਤੇ ਇੰਡੀਆ 3-0 ਗੋਲਾਂ ਨਾਲ ਗੋਲਡ ਮੈਡਲ ਜਿੱਤ ਗਿਆ। ਧਿਆਨ ਚੰਦ 14 ਗੋਲਾਂ ਨਾਲ ਟੌਪ ਸਕੋਰਰ ਰਿਹਾ। ਉਦੋਂ ਅਖ਼ਬਾਰਾਂ 'ਚ ਛਪਿਆ ਕਿ ਇੰਡੀਅਨ ਖਿਡਾਰੀ ਚਮਤਕਾਰੀ ਹਾਕੀ ਖੇਡਦੇ ਹਨ। ਨੀਦਰਲੈਂਡਜ਼ ਦੇ ਅਧਿਕਾਰੀਆਂ ਨੇ ਧਿਆਨ ਚੰਦ ਦੀ ਹਾਕੀ ਦੀ ਪੂਰੀ ਪਰਖ ਕੀਤੀ ਕਿ ਇਸ ਵਿਚ ਮੈਗਨਿਟ ਤਾਂ ਨਹੀਂ ਪਾਇਆ ਹੋਇਆ? ਇਕ ਬੁੱਢੀ ਔਰਤ ਨੇ ਤਾਂ ਆਪਣੀ ਖੂੰਡੀ ਧਿਆਨ ਚੰਦ ਨੂੰ ਫੜਾ ਕੇ ਕਿਹਾ: ਤਦ ਮੰਨਾਂਗੀ ਜੇ ਆਪਣੀ ਹਾਕੀ ਦੀ ਥਾਂ ਇਸ ਖੂੰਡੀ ਨਾਲ ਗੋਲ ਕਰ ਕੇ ਵਿਖਾਵੇਂ। ਧਿਆਨ ਚੰਦ ਨੇ ਉਸ ਖੂੰਡੀ ਨਾਲ ਵੀ ਗੋਲ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ! ਇੰਡੀਆ ਦੀ ਹਾਕੀ ਟੀਮ ਨੂੰ ਵਿਦਾ ਕਰਨ ਵੇਲੇ ਬੇਸ਼ਕ ਤਿੰਨ ਜਣੇ ਹੀ ਹਾਜ਼ਰ ਸਨ ਪਰ ਗੋਲਡ ਮੈਡਲ ਜਿੱਤ ਕੇ ਮੁੜੀ ਟੀਮ ਦਾ ਸਵਾਗਤ ਕਰਨ ਵੇਲੇ ਹਜ਼ਾਰਾਂ ਲੋਕ ਹਾਜ਼ਰ ਹੋਏ!

1932 ਦੀਆਂ ਓਲੰਪਿਕ ਖੇਡਾਂ ਲਾਸ ਏਂਜਲਸ ਵਿਚ ਹੋਈਆਂ ਜਿਥੇ ਹਾਕੀ ਦੀਆਂ ਕੇਵਲ ਤਿੰਨ ਇੰਡੀਆ, ਜਪਾਨ ਤੇ ਹੋਸਟ ਅਮਰੀਕਾ ਦੀਆਂ ਟੀਮਾਂ ਨੇ ਭਾਗ ਲਿਆ। ਉਥੇ ਇੰਡੀਆ ਦੀ ਟੀਮ ਨੇ ਗੋਲ ਕਰਨ ਦੀ 'ਨ੍ਹੇਰੀ ਲਿਆ ਦਿੱਤੀ। ਉਸ ਨੇ ਸ਼ੁਗਲ ਕਰਦਿਆਂ ਜਪਾਨ ਨੂੰ 11-1 ਤੇ ਅਮਰੀਕਾ ਨੂੰ 24-1 ਗੋਲਾਂ ਨਾਲ ਹਰਾ ਕੇ ਦੂਜੀ ਵਾਰ ਗੋਲਡ ਮੈਡਲ ਜਿੱਤ ਲਿਆ। ਇੰਡੀਆ ਦੇ ਕੁਲ 35 ਗੋਲਾਂ 'ਚੋਂ ਧਿਆਨ ਚੰਦ ਤੇ ਉਸ ਦੇ ਭਰਾ ਰੂਪ ਸਿੰਘ ਨੇ 25 ਗੋਲ ਕੀਤੇ। 1936 ਦੀਆਂ ਓਲੰਪਿਕ ਖੇਡਾਂ ਸਮੇਂ ਧਿਆਨ ਚੰਦ ਨੂੰ ਇੰਡੀਆ ਦੀ ਟੀਮ ਦਾ ਕਪਤਾਨ ਬਣਾਇਆ ਗਿਆ। ਬਰਲਿਨ ਵਿਚ ਹਜ਼ਾਰਾਂ ਦੀ ਗਿਣਤੀ 'ਚ ਦਰਸ਼ਕਾਂ ਨੇ ਹਾਕੀ ਦੀ ਖੇਡ ਵੇਖੀ। ਜਰਮਨੀ ਦਾ ਡਿਕਟੇਟਰ ਹਿਟਲਰ ਵੀ ਹਾਜ਼ਰ ਸੀ। ਉਥੇ ਇੰਡੀਆ ਨੇ ਹੰਗਰੀ ਨੂੰ 4-1, ਅਮਰੀਕਾ ਨੂੰ 7-0, ਜਪਾਨ ਨੂੰ 9-0, ਫਰਾਂਸ ਨੂੰ ਸੈਮੀ ਫਾਈਨਲ 'ਚ 10-0 ਅਤੇ ਫਾਈਨਲ ਮੈਚ ਵਿਚ ਜਰਮਨੀ ਨੂੰ 8-1 ਗੋਲਾਂ ਨਾਲ ਹਰਾ ਕੇ ਓਲੰਪਿਕ ਖੇਡਾਂ ਦੇ ਗੋਲਡ ਮੈਡਲਾਂ ਦਾ ਹੈਟ ਟ੍ਰਿਕ ਮਾਰਿਆ। ਧਿਆਨ ਚੰਦ ਨੇ ਫਾਈਨਲ ਮੈਚ ਵਿਚ 3 ਗੋਲ ਕੀਤੇ। ਤਿੰਨ ਓਲੰਪਿਕਸ ਵਿਚ ਉਹ 12 ਮੈਚ ਖੇਡਿਆ ਜਿਨ੍ਹਾਂ 'ਚ 33 ਗੋਲ ਕਰ ਕੇ ਦੁਨੀਆ ਨੂੰ ਦੰਗ ਕਰ ਗਿਆ! 1940 ਤੇ 1944 ਦੀਆਂ ਓਲੰਪਿਕ ਖੇਡਾਂ ਦੂਜੀ ਵਿਸ਼ਵ ਜੰਗ ਦੀ ਭੇਟ ਚੜ੍ਹ ਗਈਆਂ। ਜੇਕਰ ਉਹ ਵੀ ਹੋ ਜਾਂਦੀਆਂ ਤਾਂ ਧਿਆਨ ਚੰਦ ਦੇ ਓਲੰਪਿਕ ਗੋਲਾਂ ਦੀ ਗਿਣਤੀ ਪਤਾ ਨਹੀਂ ਕਿੰਨੀ ਹੁੰਦੀ? ਅਡੋਲਫ ਹਿਟਲਰ ਨੇ ਐਵੇਂ ਨਹੀਂ ਸੀ ਉਸ ਨੂੰ ਫੌਜ ਦਾ ਵੱਡਾ ਅਫਸਰ ਬਣਾਉਣ ਦੀ ਪੇਸ਼ਕਸ਼ ਕੀਤੀ ਜੋ ਧਿਆਨ ਚੰਦ ਨੇ ਨਿਮਰਤਾ ਸਹਿਤ ਨਹੀਂ ਸੀ ਮੰਨੀ।

ਦੇਸ਼ ਆਜ਼ਾਦ ਹੋਣ ਪਿੱਛੋਂ ਭਾਰਤ ਨੇ ਉਸ ਨੂੰ ਮੇਜਰ ਦਾ ਖ਼ਿਤਾਬ ਦੇ ਕੇ ਸੇਵਾ ਮੁਕਤ ਕੀਤਾ। 1956 ਵਿਚ ਪਦਮ ਭੂਸ਼ਣ ਦਾ ਪੁਰਸਕਾਰ ਦਿੱਤਾ। ਬਾਅਦ ਵਿਚ ਉਹ ਭਾਰਤੀ ਟੀਮਾਂ ਨੂੰ ਕੋਚਿੰਗ ਦਿੰਦਾ ਰਿਹਾ। ਉਮਰ ਦੇ ਆਖ਼ਰੀ ਦਿਨ ਉਸ ਨੇ ਤੰਗੀ ਤੁਰਸ਼ੀ 'ਚ ਕੱਟੇ। ਉਸ ਨੂੰ ਜਿਗਰ ਦਾ ਕੈਂਸਰ ਹੋ ਗਿਆ ਸੀ ਤੇ ਉਹ 3 ਦਸੰਬਰ 1979 ਨੂੰ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦਿੱਲੀ ਵਿਚ ਪਰਲੋਕ ਸਿਧਾਰ ਗਿਆ। ਉਹਦਾ ਬੁੱਤ ਗਵਾਲੀਅਰ ਦੀ ਇਕ ਪਹਾੜੀ 'ਤੇ ਸਥਾਪਿਤ ਕੀਤਾ ਗਿਆ ਅਤੇ 1980 ਵਿਚ ਧਿਆਨ ਚੰਦ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ ਗਈ। ਧਿਆਨ ਚੰਦ ਇਕ ਲੀਜੈਂਡ ਸੀ ਜਿਸ ਦੀ ਦੰਦ ਕਥਾ ਬਣ ਗਈ ਹੈ। 29 ਅਗਸਤ ਦਾ ਦਿਨ ਹਰ ਸਾਲ ਆਉਂਦਾ ਰਹੇਗਾ ਤੇ 'ਹਾਕੀ ਦਾ ਜਾਦੂਗਰ' ਧਿਆਨ ਚੰਦ ਉਰਫ਼ ਧਿਆਨ ਸਿੰਘ ਵਾਰ ਵਾਰ ਯਾਦ ਕੀਤਾ ਜਾਂਦਾ ਰਹੇਗਾ।

---

( ਪਿਛਲੇ ਸਫੇ ਦੀ ਬਾਕੀ)

ਨੌਜੁਆਨਾਂ ਨੂੰ ਮੌਤ ਦੇ ਵਰੰਟ ਵੰਡੇ ਤੇ ਕਿੰਨੇ ਘਰ ਬਰਬਾਦ ਕੀਤੇ। ਤੇਰੇ ਜਿਹੇ ਪੈਸੇ ਦੇ ਪੁੱਤ! ਮੌਤ ਦੇ ਸੌਦਾਗਰ ਦੀ ਜਗ੍ਹਾ ਇਸ ਸ਼ਰੀਫ਼ ਸਮਾਜ ਵਿਚ ਨਹੀਂ, ਜੇਲ੍ਹ ਵਿਚ ਹੈ।'

'ਸੀ. ਆਈ. ਡੀ ਇੰਸਪੈਕਟਰ!' ਚਮਕਦੇ ਸਟਾਰਾਂ ਵਾਲੇ ਫੀਤੇ ਵੇਖ ਕੇ ਸੇਠ ਨੂੰ ਦੰਦਲ ਪੈ ਗਈ। ਪ੍ਰੀਤੋ ਨੇ ਪਰਸ ਵਿਚੋਂ ਕੱਢ ਕੇ ਟੇਪ ਰਿਕਾਰਡ ਚਲਾ ਦਿੱਤੀ। ਸੇਠ ਬੋਲ ਰਿਹਾ ਸੀ...ਬਕ ਰਿਹਾ ਸੀ। ਰਾਤ ਦੀ ਸਾਰੀ ਕਰਤੂਤ, ਉਸ ਦੇ ਇਕਬਾਲ ਕੀਤੇ ਹੋਏ ਸਾਰੇ ਅਪਰਾਧ ਪਟਾਕ-ਪਟਾਕ ਬੋਲਣ ਲੱਗੇ। ਸਰਪੰਚ ਸਮੇਤ ਸੇਠ ਦੀ ਜੁੰਡਲੀ ਦੇ ਹਮਾਇਤੀ ਪੁਲਸ ਹੱਥਕੜੀਆਂ ਵਿਚ ਜਕੜੇ ਖੜ੍ਹੇ ਸਨ। ਡਰੱਗ ਤੇ ਬਲੈਕ ਦਾ ਇਹ ਨਾਜਾਇਜ਼ ਭਾਰੀ ਭੰਡਾਰ ਸੁਣ ਕੇ ਪੁਲਸ ਦੀ ਹੋਰ ਨਫ਼ਰੀ ਨੇ ਸਾਰੇ ਪਿੰਡ ਨੂੰ ਘੇਰ ਲਿਆ। ਚਾਕਤਹੱਥੇ ਮੁਸ਼ਟੰਡੇ ਅੱਖ ਬਚਾ ਕੇ ਨੌਂ ਦੋ ਗਿਆਰਾਂ ਹੋ ਗਏ। ਪਿੰਡ ਦੇ ਹੋਰ ਸ਼ਰੀਫ਼ ਲੋਕ ਉਨ੍ਹਾਂ ਸ਼ਰੀਫ਼ਜ਼ਾਦਿਆਂ ਦੀਆਂ ਕਰਤੂਤਾਂ ਵੇਖ ਸੁਣ ਕੇ ਕੰਨਾਂ ਵਿਚ ਉਂਗਲਾਂ ਪਾਉਂਦੇ ਦੂਰ ਲਾਅਨਤ ਕਹਿੰਦੇ ਪ੍ਰੀਤੋ ਦੇ ਕਿਰਦਾਰ 'ਤੇ ਤਸੱਲੀ ਪ੍ਰਗਟਾਉਂਦੇ ਅਸ਼ ਅਸ਼ ਕਰ ਰਹੇ ਸਨ।

# ਵਿਚਾਰੇ ਬਜ਼ੁਰਗ

ਇਸ ਲੇਖ ਦਾ ਸਿਰਲੇਖ "ਵਿਚਾਰੇ ਬਜ਼ੁਰਗ" ਲਿਖਣਾ ਮੇਰਾ ਸ਼ੌਕ ਨਹੀਂ ਮਜਬੂਰੀ ਹੈ। ਬਜ਼ੁਰਗ ਹਮੇਸ਼ਾਂ ਰੱਬ ਤੋਂ ਦੂਜੇ ਨੰਬਰ 'ਤੇ ਆਉਣ ਵਾਲੀ ਸ਼ਖਸੀਅਤ ਹੁੰਦੇ ਹਨ ਲਿਹਾਜ਼ਾ ਕਦੇ ਵੀ ਵਿਚਾਰੇ ਨਹੀਂ ਹੁੰਦੇ ਸਨ, ਪਰ ਅੱਜ ਦੇ ਪੈਸੇ ਦੇ ਯੁੱਗ ਅਤੇ ਵਿਗੜੈਲ ਔਲਾਦ ਨੇ ਮਾਪਿਆਂ ਨੂੰ ਵਿਚਾਰੇ ਬਣਨ ਲਈ ਮਜਬੂਰ ਕਰ ਦਿੱਤਾ ਹੈ, ਅਤੇ ਕੁਝ ਬੇੜਾ ਗਰਕ ਕੀਤਾ ਹੈ



**ਹਰਦੀਪ ਸਿੰਘ ਸੋਢੀ**
ਫੋਨ: 480-794-0325

ਸਰਕਾਰੀ ਨਾਅਰੇ ਨੇ (ਇਕ ਜਾਂ ਦੋ ਬੱਚੇ ਹੋਤੇ ਹੈਂ ਘਰ ਮੇਂ ਅੱਛੇ)। ਜੇ ਇਹ ਨਾਅਰਾ ਸਾਰੇ ਦੇਸ਼ ਵਿਚ ਇੱਕੋ ਜਿਹਾ ਅਸਰ ਕਰਦਾ ਤਾਂ ਮਾੜਾ ਨਹੀਂ ਸੀ ਪਰ ਹੋਇਆ ਇਸ ਦੇ ਉਲਟ।

ਪੁਰਾਤਨ ਕਹਾਵਤ ਜਿਸ ਵਿਚ ਕਹਿੰਦੇ ਹਨ (ਜਿਨਕੇ ਪਾਸ ਬਦਾਮ ਹੈਂ ਉਨਕੇ ਪਾਸ ਦਾਂਤ ਨਹੀਂ ਔਰ ਜਿਨ ਕੇ ਦਾਂਤ ਹੈਂ ਉਨਕੇ ਪਾਸ ਬਦਾਮ ਨਹੀਂ) ਵਾਂਗ ਰਿਮੋਟ ਏਰੀਆਜ਼ ਅਤੇ ਝੁੱਗੀ ਝੌਂਪੜੀ ਵਾਲਿਆਂ ਦੇ ਘਰ ਲੰਮਾ ਸਮਾਂ ਬਾਲ ਖੇਡਦੇ ਰਹਿੰਦੇ ਤੇ ਸਭ ਕੁਝ ਹੁੰਦੇ ਸੁੰਦੇ ਵਾਲਿਆਂ ਨੇ ਇੱਕ ਇੱਕ ਲੋਹੜੀ ਮਨਾ ਕੇ ਲੋਹੜੀ ਨੂੰ ਘਰ ਨਿਕਾਲਾ ਦੇ ਦਿੱਤਾ। ਹੁਣ ਉਨ੍ਹਾਂ ਦੀਆਂ ਜਾਇਦਾਦਾਂ ਦੇ ਕਿਰਾਏ ਇਕੱਠੇ ਕਰਨ ਵਾਲੇ ਨਹੀਂ ਦਿਸਦੇ ਤਾਂ ਜ਼ਮੀਨ ਜਾਇਦਾਦ ਵਾਲਿਆਂ ਨੇ ਇੱਕ ਇੱਕ, ਦੋ ਦੋ ਬੱਚੇ ਹੋਣ ਕਾਰਨ ਬੱਚਿਆਂ ਨੂੰ ਏਨਾ ਸਿਰ 'ਤੇ ਚੜ੍ਹਾ ਬੈਠੇ ਕਿ ਬੱਚੇ ਅਯਾਸ਼ ਹੋ ਕੇ ਜਾਇਦਾਦਾਂ ਫੂਕ ਰਹੇ ਹਨ ਅਤੇ ਮਾਂ-ਪਿਓ 'ਵਿਚਾਰੇ' ਬਣ ਕੇ ਬਿਰਧ ਆਸ਼ਰਮਾਂ ਵਿਚ ਰਹਿ ਰਹੇ ਹਨ।

ਜੋ ਮਾਂ-ਬਾਪ ਅਮੀਰ ਨਹੀਂ ਵੀ ਸਨ ਤਾਂ ਵੀ ਉਨ੍ਹਾਂ ਨੂੰ ਜੀਵਨ ਜਿਉਣ ਦਾ ਵੱਲ ਸੀ। ਸੰਗ ਸਰਫੇ ਨਾਲ ਜੀਵਨ ਬਿਤਾਉਣ ਵਿਚ ਮਾਹਿਰ ਸਨ, ਪੈਸੇ ਦੀ ਕਦਰ ਕਰਦੇ ਸਨ ਤਾਂ ਹੀ ਪੀੜ੍ਹੀ ਦਰ ਪੀੜ੍ਹੀ ਨੂੰ ਜਾਇਦਾਦ ਅਤੇ ਗਹਿਣਾ ਗੱਟਾ, ਬੈਂਕ ਬੈਲੇਂਸ ਤੁਰਿਆ ਆਉਂਦਾ ਰਿਹਾ ਪਰ ਹੁਣ ਜਿਸ ਕੋਲ ਸੌ ਹੈ ਉਹ ਸਵਾ ਸੌ ਦਾ ਕਰਜ਼ਾਈ ਹੈ। ਪਹਿਲੇ ਬਜ਼ੁਰਗ ਬਿਨਾਂ ਬਿਜਲੀ, ਏਸੀ, ਫਰਿੱਜ, ਕੂਲਰ ਅਤੇ ਹੀਟਰ ਦੇ ਕਿਵੇਂ ਗਰਮੀਆਂ ਜਾ ਸਿਆਲ ਕੱਟਣੇ ਹਨ, ਬਾਖੂਬੀ ਜਾਣਦੇ ਸਨ ਤਾਂ ਹੀ ਜਾਇਦਾਦਾਂ ਬਚੀਆਂ ਰਹੀਆਂ।


ਸਾਡੇ ਵੇਖਣ ਦੀਆਂ ਗੱਲਾਂ ਹਨ ਜਦੋਂ ਲੋਕਾਂ ਨੇ ਵੀਹ ਰੁਪਏ ਦੀ ਨਵੀਂ ਬਾਲਟੀ ਲਿਆਉਣੀ ਜਿਸ ਵਿਚ ਵੀਹ ਕਿੱਲੋ ਪਾਣੀ ਪੈਂਦਾ ਸੀ। ਦੋ-ਚਾਰ ਸਾਲ ਬਾਲਟੀ ਰੱਜ ਕੇ ਹੰਢਾਉਣੀ ਜਦੋਂ ਲੀਕ ਹੋ ਜਾਣੀ ਤਾਂ ਦੋ-ਤਿੰਨ ਰੁਪਏ ਦੇ ਕੇ ਗੱਡੀਆਂ ਵਾਲਿਆਂ ਕੋਲੋਂ (ਜੋ ਅਕਸਰ ਪਿੰਡਾਂ ਵਿਚ ਤੁਰੇ ਫਿਰਦੇ ਸਨ) ਬਾਲਟੀ ਨੂੰ ਥੱਲਾ ਲਵਾ ਲੈਣਾ ਜਿਸ ਨਾਲ ਬਾਲਟੀ ਥੋੜ੍ਹੀ ਛੋਟੀ ਜ਼ਰੂਰ ਹੋ ਜਾਂਦੀ ਸੀ ਪਰ ਘਰ ਵਿਚ ਨਿੱਕੇ-ਮੋਟੇ ਕੰਮ ਸਾਰੀ ਜਾਂਦੀ ਸੀ, ਜਦੋਂ ਫਿਰ ਦੁਬਾਰਾ ਲੀਕ ਹੋ ਜਾਣੀ ਦੋ-ਚਾਰ ਰੁਪਏ ਉਨ੍ਹਾਂ ਗੱਡੀਆਂ ਵਾਲਿਆਂ ਪਾਸੋਂ ਹੀ ਉਸ ਵਿਚ ਸਰੀਏ ਲਵਾ ਕੇ ਉਸ ਦੀ ਅੰਗੀਠੀ ਬਣਾ ਲੈਣੀ ਜਿਸ ਨੂੰ ਮੀਂਹ ਕਣੀ ਵਿਚ ਅੰਦਰ ਅਤੇ ਸਾਫ਼ ਮੌਸਮ ਵਿਚ ਬਾਹਰ ਰੱਖ ਕੇ ਚੁੱਲ੍ਹੇ ਚੌਂਕੇ ਦਾ ਕੰਮ ਲੈਣਾ।

ਹੁਣ ਜਦ ਨੂੰਹ ਰਾਣੀ ਪੰਜ ਸੌ ਰੁਪਏ ਦੀ ਨੇਲ ਪਾਲਿਸ਼ ਲਿਆਉਂਦੀ ਹੈ ਤਾਂ ਉਸਦੀ ਸੱਸ ਵੀਹ ਰੁਪਏ ਦੀ ਬਾਲਟੀ ਨਾਲ ਦਸ ਸਾਲ ਕੱਢੇ ਯਾਦ ਕਰਦੀ ਹੈ, ਏਨੀ ਗੱਲ ਕਰਨ ਨਾਲ ਹੀ ਉਹ ਬਜ਼ੁਰਗ ਸੱਸ ਪਾਪਾ ਦੀ ਪਰੀ ਹੱਥੋਂ ਜ਼ਲੀਲ ਹੋ ਕੇ 'ਵਿਚਾਰੀ' ਬਣ ਜਾਂਦੀ ਹੈ।

ਸੋ ਚਾਹੀਦਾ ਤਾਂ ਇਹ ਹੈ ਕਿ ਬਜ਼ੁਰਗ ਵੀ ਨਵੇਂ ਜ਼ਮਾਨੇ ਦੇ ਹਾਣੀ ਹੋਣ ਅਤੇ ਬੱਚੇ ਵੀ ਮਾਪਿਆਂ ਨੂੰ ਸਤਿਕਾਰ ਦੇਣ ਤਾਂ ਹੀ ਜ਼ਮਾਨਾ ਸਹੀ ਤੌਰ ਤੁਰੇਗਾ ਨਹੀਂ ਤਾਂ ਘਰਾਂ ਪਰਿਵਾਰਾਂ ਵਿੱਚੋਂ ਇੱਜ਼ਤ ਮਾਣ, ਸਭਿਆਚਾਰ ਕਾਫੂਰ ਵਾਂਗ ਉੱਡ ਜਾਵੇਗਾ।

# ਪੰਜਾਬ ਦਾ ਭਵਿੱਖ

ਕਿਸੇ ਵੀ ਕੌਮ ਜਾਂ ਮੁਲਕ ਦਾ ਭਵਿੱਖ ਸਭ ਤੋਂ ਵੱਧ ਉਸ ਦੇ ਲੀਡਰ 'ਤੇ ਨਿਰਭਰ ਕਰਦਾ ਹੈ। ਸਫ਼ਲਤਾ ਹਮੇਸ਼ਾ ਲੀਡਰ ਦੇ ਠੀਕ ਢੰਗ ਨਾਲ ਪ੍ਰਸ਼ਾਸਨ ਚਲਾਉਣ ਅਤੇ ਉਸ ਦੇ ਸਾਥੀਆਂ ਦੀ ਯੋਗਤਾ ਅਤੇ ਸਹਿਯੋਗ ਨਾਲ ਹੀ ਪ੍ਰਾਪਤ ਹੁੰਦੀ ਹੈ। ਇਹ ਗੱਲ ਪਰਿਵਾਰ, ਕਿਸੇ ਵੀ ਸੰਸਥਾ, ਪਿੰਡ, ਸ਼ਹਿਰ, ਸੂਬੇ, ਜਾਂ ਦੇਸ਼ 'ਤੇ ਢੁਕਦੀ ਹੈ। ਜੇ ਪਰਿਵਾਰ ਵਿਚ ਮੁਖੀ ਹੀ ਨਿਕੰਮਾ ਅਤੇ ਸੁਸਤ ਹੋਵੇ ਤਾਂ ਪਰਿਵਾਰ ਲਈ ਸਫ਼ਲਤਾ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਂਦੀ ਹੈ। ਜੇ ਕਿਸੇ ਸੰਸਥਾ ਦਾ ਮੁਖੀ ਠੀਕ ਢੰਗ ਨਾਲ ਕੰਮ ਨਾ ਚਲਾ ਸਕੇ ਤਾਂ ਉਸ ਸੰਸਥਾ ਦੇ ਫ਼ੇਲ੍ਹ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਜੇ ਕਿਸੇ ਸੂਬੇ ਜਾਂ ਦੇਸ਼ ਕੋਲ ਯੋਗ ਲੀਡਰ ਨਾ ਹੋਣ ਤਾਂ ਉਹ ਸੂਬਾ ਜਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਜੇ ਕਿਸੇ ਮਰੀਜ਼ ਦਾ ਇਲਾਜ ਨੀਮ-ਹਕੀਮ ਡਾਕਟਰਾਂ ਤੋਂ ਹੀ ਕਰਾਇਆ ਜਾਵੇ ਤਾਂ ਬਿਮਾਰੀ ਵਧਣੀ ਹੀ ਹੈ, ਘਟਣੀ ਨਹੀਂ। ਪੰਜਾਬ ਦੀ ਬਦਕਿਸਮਤੀ ਇਹ ਰਹੀ ਹੈ ਕਿ ਇਸ ਨੂੰ



**ਪ੍ਰੇਮ ਮਾਨ**
ਫ਼ੋਨ: 860-983-5002

ਪ੍ਰਤਾਪ ਸਿੰਘ ਕੈਰੋਂ ਤੋਂ ਬਾਅਦ ਕੋਈ ਯੋਗ ਲੀਡਰ ਨਹੀਂ ਮਿਲਿਆ ਅਤੇ ਜੇ ਮਿਲਿਆ ਹੈ ਤਾਂ ਉਸ ਨੂੰ ਰਾਜਨੀਤਕ ਪਾਰਟੀਆਂ ਦੀ ਅੰਦਰੂਨੀ ਫੁੱਟ ਨੇ ਬਹੁਤੀ ਦੇਰ ਚੱਲਣ ਨਹੀਂ ਦਿੱਤਾ। ਜਸਟਿਸ ਗੁਰਨਾਮ ਸਿੰਘ ਬਹੁਤ ਪੜ੍ਹਿਆ-ਲਿਖਿਆ ਯੋਗ ਮੁੱਖ ਮੰਤਰੀ ਸੀ ਪਰ ਉਸ ਨੂੰ ਅਕਾਲੀਆਂ ਦੀ ਆਪਸੀ ਫੁੱਟ ਨੇ ਫ਼ੇਲ੍ਹ ਕਰ ਦਿੱਤਾ ਸੀ। ਉਹ ਦੋ ਵਾਰੀ ਮੁੱਖ ਮੰਤਰੀ ਬਣਿਆ - ਪਹਿਲੀ ਵਾਰੀ ਸਿਰਫ਼ 9 ਕੁ ਮਹੀਨੇ ਅਤੇ ਦੂਜੀ ਵਾਰੀ ਇਕ ਸਾਲ ਦੇ ਕਰੀਬ ਹੀ ਉਸ ਨੂੰ ਚੱਲਣ ਦਿੱਤਾ ਗਿਆ। ਲਛਮਣ ਸਿੰਘ ਭਾਵੇਂ ਬਹੁਤਾ ਪੜ੍ਹਿਆ-ਲਿਖਿਆ ਮੁੱਖ ਮੰਤਰੀ ਨਹੀਂ ਸੀ ਪਰ ਉਸ ਨੇ ਬਹੁਤ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਲਈ ਕਈ ਵਧੀਆ ਕੰਮ ਕੀਤੇ ਸਨ। ਉਹ ਵੀ ਮਸਾਂ 9 ਕੁ ਮਹੀਨੇ ਹੀ ਮੁੱਖ ਮੰਤਰੀ ਰਿਹਾ ਸੀ।

ਕੈਰੋਂ ਅਮਰੀਕਾ ਤੋਂ ਅਰਥ-ਸ਼ਾਸਤਰ ਅਤੇ ਰਾਜਨੀਤੀ ਵਿਚ ਦੋ ਐੱਮ.ਏ. ਕਰ ਕੇ ਵਾਪਸ ਹਿੰਦੁਸਤਾਨ ਚਲੇ ਗਿਆ ਸੀ। ਉਸ ਨੂੰ ਰਾਜਨੀਤੀ ਦਾ ਵੀ ਪੂਰਾ ਗਿਆਨ ਸੀ ਅਤੇ ਆਰਥਿਕ ਤਰੱਕੀ ਬਾਰੇ ਵੀ ਪੂਰੀ ਜਾਣਕਾਰੀ ਸੀ। ਉਸ ਨੇ ਕੁਝ ਸਮਾਂ ਅਮਰੀਕਾ ਵਿਚ ਗੁਜ਼ਾਰ ਕੇ ਉਥੋਂ ਦੇ ਸਿਸਟਮ ਬਾਰੇ ਜਾਣਕਾਰੀ ਹਾਸਲ ਕਰ ਲਈ ਸੀ। ਪ੍ਰਤਾਪ ਸਿੰਘ ਕੈਰੋਂ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਬਹੁਤ ਵਧੀਆ ਸੰਬੰਧ ਸਨ ਜਿਸ ਕਰਕੇ ਪ੍ਰਤਾਪ ਸਿੰਘ ਕੈਰੋਂ ਕੇਂਦਰ ਦੀ ਸਰਕਾਰ ਤੋਂ ਲੋੜੀਂਦੀ ਸਹਾਇਤਾ ਲੈ ਕੇ ਪੰਜਾਬ ਦੀ ਕਾਫ਼ੀ ਤਰੱਕੀ ਕਰ ਸਕਿਆ ਸੀ। ਕੈਰੋਂ ਨੇ ਆਪਣੇ ਲਗਭਗ ਅੱਠ ਸਾਲਾਂ ਦੇ ਰਾਜ ਵਿਚ ਪੰਜਾਬ ਵਿਚ ਬਹੁਤ ਸੁਧਾਰ ਕੀਤੇ ਸਨ। ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਕੈਰੋਂ ਤੋਂ ਬਾਅਦ ਕੋਈ ਇਕ ਵੀ ਉਸ ਵਰਗਾ ਯੋਗ ਮੁੱਖ ਮੰਤਰੀ ਪੈਦਾ ਨਹੀਂ ਕਰ ਸਕੇ। ਜੇ ਪੰਜਾਬ ਕੋਲ ਯੋਗ ਲੀਡਰ ਹੀ ਨਹੀਂ ਤਾਂ ਪੰਜਾਬ ਦੀ ਤਰੱਕੀ ਕਿਵੇਂ ਹੋ ਸਕਦੀ ਹੈ? ਇਹ ਵੀ ਬਦਕਿਸਮਤੀ ਹੈ ਕਿ ਪੰਜਾਬ ਵਿਚਲੀਆਂ ਦੋਵਾਂ ਮੁੱਖ ਪਾਰਟੀਆਂ ਨੇ ਵਾਰ ਵਾਰ ਉਨ੍ਹਾਂ ਸਿਆਸਤਦਾਨਾਂ ਨੂੰ ਹੀ ਲੀਡਰ ਚੁਣਿਆ ਹੈ ਜਿਹੜੇ ਵਧੀਆ ਕੰਮ ਨਹੀਂ ਕਰ ਸਕੇ। ਪੰਜਾਬ ਦੇ ਵੋਟਰ ਇਕ ਪਾਰਟੀ ਤੋਂ ਮਾਯੂਸ ਹੋ ਕੇ ਦੂਜੀ ਪਾਰਟੀ ਨੂੰ ਚੁਣ ਲੈਂਦੇ ਰਹੇ ਹਨ। ਫਿਰ ਉਸ ਪਾਰਟੀ ਤੋਂ ਮਾਯੂਸ ਹੋ ਕੇ ਪਹਿਲੀ ਨੂੰ ਦੁਬਾਰਾ ਚੁਣ ਲੈਂਦੇ ਰਹੇ ਹਨ। ਬਹੁਤ ਸਾਲਾਂ ਤੋਂ ਇਹੋ ਜਿਹਾ ਚੱਕਰ ਹੀ ਚਲਦਾ ਆ ਰਿਹਾ ਸੀ। ਦਿਨ-ਬ-ਦਿਨ ਪੰਜਾਬ ਦੀ ਹਾਲਤ ਪਤਲੀ ਹੋ ਰਹੀ ਦੇਖ ਕੇ ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਦੀਆਂ ਇਹ ਲਾਈਨਾਂ ਯਾਦ ਆਉਂਦੀਆਂ ਹਨ: 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।' ਸਾਲ 2022 ਦੇ ਸ਼ੁਰੂ ਵਿਚ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਜਿੱਤ ਹੋਈ ਸੀ ਅਤੇ ਭਗਵੰਤ ਮਾਨ ਦੀ ਸਰਕਾਰ ਬਣੀ ਸੀ। ਇਸ ਥੋੜ੍ਹੇ ਜਿਹੇ ਸਮੇਂ ਵਿਚ ਇਸ ਨਵੀਂ ਸਰਕਾਰ ਨੇ ਕਾਫ਼ੀ ਵਧੀਆ ਕੰਮ ਕੀਤੇ ਹਨ ਪਰ ਪੰਜਾਬ ਦੀ ਜੋ ਪਤਲੀ ਹਾਲਤ ਪਿਛਲੇ ਬਹੁਤ ਸਾਰੇ ਸਾਲਾਂ ਵਿਚ ਦੋ ਪਾਰਟੀਆਂ ਦੇ ਰਾਜ ਨੇ ਕੀਤੀ ਹੈ ਉਸ ਦਾ ਸੁਧਾਰ ਕਰਨ ਲਈ ਬਹੁਤ ਦੇਰ ਲੱਗੇਗੀ। ਇਹ ਇਸੇ ਤਰ੍ਹਾਂ ਹੈ ਜਿਵੇਂ ਕਿਸੇ ਮਰੀਜ਼ ਦੀ ਹਾਲਤ ਬਹੁਤ ਜ਼ਿਆਦਾ ਖ਼ਰਾਬ ਹੋ ਗਈ ਹੋਵੇ ਤਾਂ ਉਸ ਦਾ ਇਲਾਜ ਕਰ ਕੇ ਉਸ ਨੂੰ ਤੰਦਰੁਸਤ ਕਰਨ ਵਿਚ ਬਹੁਤ ਦੇਰ ਲਗਦੀ ਹੈ।

ਪੰਜਾਬ ਦੀ ਸਮੱਸਿਆ ਇਹ ਹੈ ਕਿ ਇਹ ਹਾਲੇ ਵੀ ਬਹੁਤਾ ਖੇਤੀ 'ਤੇ ਹੀ ਨਿਰਭਰ ਕਰਦਾ ਹੈ। ਆਜ਼ਾਦੀ ਦੇ ਲਗਭਗ 76 ਸਾਲਾਂ ਤੋਂ ਬਾਅਦ ਵੀ ਪੰਜਾਬ ਵਿਚ ਇਕ-ਦੋ ਤੋਂ ਛੁੱਟ ਵੱਡੀਆਂ ਕੰਪਨੀਆਂ ਨਹੀਂ ਖੋਲ੍ਹੀਆਂ ਗਈਆਂ। ਹਿੰਦੁਸਤਾਨ ਦੇ ਕਈ ਹੋਰ ਸੂਬਿਆਂ ਵਿਚ ਜਾਂ ਸ਼ਹਿਰਾਂ ਵਿਚ ਤਕਨਾਲੋਜੀ ਦੀਆਂ ਬਹੁਤ ਸਾਰੀਆਂ ਕੰਪਨੀਆਂ ਖੋਲ੍ਹੀਆਂ ਗਈਆਂ ਹਨ ਜਿਵੇਂ ਪੂਣੇ, ਬੰਗਲੌਰ, ਹੈਦਰਾਬਾਦ, ਅਤੇ ਗੁੜਗਾਓਂ ਵਿਚ। ਪੰਜਾਬ ਕੋਲ ਕਾਫ਼ੀ ਨਿਪੁੰਨ ਇੰਜੀਨੀਅਰ ਅਤੇ ਕੰਪਿਊਟਰ ਦੇ ਮਾਹਿਰ ਹੋਣ ਦੇ ਬਾਵਜੂਦ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਜਿੱਥੋਂ ਤੱਕ ਮੇਰੀ ਜਾਣਕਾਰੀ ਹੈ, ਕੋਈ ਵੱਡੀ ਇੰਜੀਨੀਅਰਿੰਗ ਕੰਪਨੀ, ਤਕਨਾਲੋਜੀ ਕੰਪਨੀ, ਜਾਂ ਦਵਾਈਆਂ ਬਣਾਉਣ ਦੀ ਕੰਪਨੀ, ਜਾਂ ਕੋਈ ਹੋਰ ਇਸ ਤਰ੍ਹਾਂ ਦੀ ਕੰਪਨੀ ਪੰਜਾਬ ਵਿਚ ਨਹੀਂ ਸਥਾਪਤ ਕੀਤੀ ਗਈ। ਭਾਰਤ ਦੇ ਹੋਰ ਕਈ ਸੂਬਿਆਂ ਵਿਚ ਆਊਟ-ਸੋਰਸ (outsource) ਦੀਆਂ ਕੰਪਨੀਆਂ ਖੁੱਲ੍ਹੀਆਂ ਹਨ ਜੋ ਅਮਰੀਕਾ, ਕੈਨੇਡਾ, ਅਤੇ ਹੋਰ ਉੱਨਤ ਦੇਸ਼ਾਂ ਲਈ ਗਾਹਕਾਂ ਦੇ ਫ਼ੋਨ ਕਾਲਾਂ ਦਾ ਜਵਾਬ ਦੇ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਦੀਆਂ ਹਨ। ਪਰ ਪੰਜਾਬ ਵਿਚ ਇਹੋ ਜਿਹੀ ਕੋਈ ਕੰਪਨੀ ਨਹੀਂ ਖੋਲ੍ਹੀ ਗਈ। ਮੈਂ ਕਈ ਵਾਰੀ ਦੇਖਿਆ ਹੈ ਕਿ ਜਦੋਂ ਮੈਂ ਕਿਸੇ ਕੰਪਿਊਟਰ ਕੰਪਨੀ ਜਾਂ ਕਿਸੇ ਏਅਰ ਲਾਈਨ ਕੰਪਨੀ ਜਾਂ ਕਿਸੇ ਕਰੈਡਿਟ ਕਾਰਡ ਕੰਪਨੀ ਆਦਿ ਤੋਂ ਕੋਈ ਸਵਾਲ ਪੁੱਛਣਾ ਹੋਵੇ ਤਾਂ ਬਹੁਤੀ ਵਾਰੀ ਫ਼ੋਨ ਦਾ ਜਵਾਬ ਦੇਣ ਵਾਲਾ ਮੁਲਾਜ਼ਮ ਹਿੰਦੁਸਤਾਨ, ਇੰਡੋਨੇਸ਼ੀਆ, ਜਾਂ ਕਿਸੇ ਹੋਰ ਏਸ਼ੀਅਨ ਮੁਲਕ ਤੋਂ ਹੁੰਦਾ ਹੈ। ਹਿੰਦੁਸਤਾਨ ਵਿਚੋਂ ਆਮ ਤੌਰ 'ਤੇ ਇਹੋ ਜਿਹੇ ਮੁਲਾਜ਼ਮ ਪੂਣੇ, ਬੰਗਲੌਰ, ਗੁੜਗਾਓਂ, ਜਾਂ ਹੈਦਰਾਬਾਦ ਤੋਂ ਹੀ ਹੁੰਦੇ ਹਨ। ਪੰਜਾਬ ਇਸ ਪਾਸੇ ਕਿਉਂ ਧਿਆਨ ਨਹੀਂ ਦੇ ਸਕਿਆ? ਪੰਜਾਬ ਕੋਲ ਪੜ੍ਹੇ ਲਿਖੇ ਵਧੀਆ ਅੰਗਰੇਜ਼ੀ ਬੋਲਣ ਵਾਲੇ ਬਹੁਤ ਲੋਕ ਹਨ। ਮੁਸ਼ਕਲ ਇਹ ਹੈ ਕਿ ਪੰਜਾਬ ਦੇ ਲੀਡਰਾਂ ਅਤੇ ਲੋਕਾਂ ਨੇ ਇਸ ਪਾਸੇ ਕੋਈ ਧਿਆਨ ਹੀ ਨਹੀਂ ਦਿੱਤਾ। ਇਸ ਇੱਕੀਵੀਂ ਸਦੀ ਵਿਚ ਕਿਸੇ ਵੀ ਦੇਸ਼ ਜਾਂ ਸੂਬੇ ਦਾ ਸਿਰਫ਼ ਖੇਤੀਬਾੜੀ 'ਤੇ ਨਿਰਭਰ ਹੋਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਕੋਈ ਜ਼ਮਾਨਾ ਸੀ ਕਿ ਲੋਕਾਂ ਦੀਆਂ ਲੋੜਾਂ ਅਤੇ ਮੰਗਾਂ ਸਿਰਫ਼ ਰੋਟੀ, ਕੱਪੜੇ, ਅਤੇ ਮਕਾਨ ਤੱਕ ਹੀ ਸੀਮਤ ਸਨ। ਅੱਜ ਦੇ ਜ਼ਮਾਨੇ ਵਿਚ ਲੋਕਾਂ ਦੀਆਂ, ਖ਼ਾਸ ਕਰਕੇ ਨਵੀਂ ਪੀੜ੍ਹੀ ਦੀਆਂ, ਲੋੜਾਂ ਅਤੇ ਮੰਗਾਂ ਬਹੁਤ ਜ਼ਿਆਦਾ ਹੋ ਗਈਆਂ ਹਨ ਜਿਨ੍ਹਾਂ ਨੂੰ ਪੂਰਾ ਕਰਨ ਲਈ ਜਿਸ ਆਮਦਨ ਦੀ ਪਰਿਵਾਰਾਂ ਨੂੰ ਲੋੜ ਹੈ ਉਹ ਬਹੁਤੇ ਪਰਿਵਾਰਾਂ ਲਈ ਖੇਤੀ ਤੋਂ ਹਾਸਲ ਕਰਨੀ ਅਸੰਭਵ ਹੈ। ਪੰਜਾਬ ਨੂੰ ਰੁਜ਼ਗਾਰ ਦੇ ਨਵੇਂ ਹਾਈ-ਟੈੱਕ ਵਸੀਲੇ ਪੈਦਾ ਕਰਨ ਦੀ ਜ਼ਰੂਰਤ ਹੈ ਜਿਨ੍ਹਾਂ ਤੋਂ ਲੋਕਾਂ ਦੀਆਂ ਤਨਖ਼ਾਹਾਂ ਜ਼ਿਆਦਾ ਹੋਣ। ਪੰਜਾਬ ਵਿਚ ਰੁਜ਼ਗਾਰ ਦੇ ਸਾਧਨ ਬਹੁਤੇ ਨਾ ਹੋਣ ਕਰਕੇ ਹੀ ਨਵੀਂ ਨੌਜਵਾਨ ਪੀੜ੍ਹੀ ਨਿਰਾਸ਼ ਅਤੇ ਮਾਯੂਸ ਹੈ। ਪੜ੍ਹੇ-ਲਿਖੇ ਬੱਚਿਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ। ਆਪਣੀ ਯੋਗਤਾ ਤੋਂ ਹੇਠਾਂ ਦਾ ਕੰਮ ਇਹ ਬੱਚੇ ਕਰ ਕੇ ਰਾਜ਼ੀ ਨਹੀਂ ਅਤੇ ਉਨ੍ਹਾਂ ਦੀ ਯੋਗਤਾ ਦੇ ਬਰਾਬਰ ਦਾ ਕੰਮ ਮਿਲਦਾ ਨਹੀਂ। ਇਸੇ ਕਰਕੇ ਪੰਜਾਬ ਦੇ ਬਹੁਤੇ ਨੌਜਵਾਨ ਦੂਜੇ ਮੁਲਕਾਂ ਨੂੰ ਜਾਣ ਲਈ ਨੱਠੇ ਫਿਰਦੇ ਹਨ ਜਿਸ ਵਾਸਤੇ ਉਹ ਹਰ ਜਾਇਜ਼ ਅਤੇ ਨਾਜਾਇਜ਼ ਵਸੀਲਾ ਅਪਨਾਉਣ ਲਈ ਤਿਆਰ ਹਨ। ਜਦੋਂ ਨੌਜਵਾਨ ਬਾਹਰਲੇ ਮੁਲਕਾਂ ਤੋਂ ਆਏ ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਪੈਸੇ ਦਾ ਦਿਖਾਵਾ ਕਰਦੇ ਦੇਖਦੇ ਹਨ ਤਾਂ ਇਨ੍ਹਾਂ ਦਾ ਦਿਲ ਵੀ ਬਾਹਰ ਜਾਣ ਨੂੰ ਘਾਉਂ-ਮਾਉਂ ਕਰਨ ਲੱਗ ਪੈਂਦਾ ਹੈ। ਬਹੁਤ ਸਾਰੇ ਪਰਿਵਾਰ ਇਸੇ ਕੋਸ਼ਿਸ਼ ਵਿਚ ਕਿ ਉਨ੍ਹਾਂ ਦੇ ਬੱਚੇ ਬਾਹਰ ਚਲੇ ਜਾਣ ਜ਼ਮੀਨਾਂ ਵੇਚ ਕੇ ਪੈਸੇ ਗੁਆ ਬੈਠੇ ਹਨ, ਕਰਜ਼ਿਆਂ ਹੇਠ ਦੱਬੇ ਗਏ ਹਨ, ਅਤੇ ਦੀਵਾਲੀਏ ਬਣ ਗਏ ਹਨ।

ਕਦੇ ਇਹ ਕਿਹਾ ਜਾਂਦਾ ਸੀ ਕਿ ਪੰਜਾਬ ਗੁਰੂਆਂ-ਪੀਰਾਂ ਦੇ ਨਾਂ 'ਤੇ ਵਸਦਾ ਹੈ। ਹੁਣ ਬਹੁਤ ਸਾਲਾਂ ਤੋਂ ਪੰਜਾਬ ਦੋ ਗੱਲਾਂ 'ਤੇ ਹੀ ਵਸਦਾ ਹੈ। ਇਕ ਤਾਂ ਬਾਹਰਲੇ ਮੁਲਕਾਂ ਤੋਂ ਆਉਂਦੇ ਪੈਸੇ ਦੀ ਮਦਦ ਨਾਲ ਹੀ ਪੰਜਾਬ ਵਸਦਾ ਹੈ। ਜਿਨ੍ਹਾਂ ਪਰਿਵਾਰਾਂ ਦਾ ਇਕ ਮੈਂਬਰ ਵੀ ਬਾਹਰਲੇ ਕਿਸੇ ਮੁਲਕ ਵਿਚ ਚਲੇ ਗਿਆ ਸੀ, ਉਸ ਪਰਿਵਾਰ ਦੀਆਂ ਪੌਂਅ ਬਾਰਾਂ ਸਨ। ਬਾਕੀ ਮੈਂਬਰ ਵਿਹਲੇ ਬੈਠ ਕੇ ਜਾਂ ਥੋੜ੍ਹਾ ਬਹੁਤ ਕੰਮ ਕਰ ਕੇ ਹੀ ਰੱਜਵੀਂ ਰੋਟੀ ਖਾਂਦੇ ਸਨ। ਪਿਛਲੀ ਪੀੜ੍ਹੀ ਦੇ ਬਾਹਰ ਗਏ




ਲੋਕਾਂ ਨੇ ਪੈਸੇ ਭੇਜ-ਭੇਜ ਕੇ ਪੰਜਾਬ ਵਿਚ ਵਧੀਆ ਮਕਾਨ ਬਣਾ ਲਏ, ਕੋਠੀਆਂ ਖ਼ਰੀਦ ਲਈਆਂ, ਅਤੇ ਜ਼ਮੀਨਾਂ ਖ਼ਰੀਦ ਲਈਆਂ। ਇਸ ਦਾ ਨਤੀਜਾ ਇਹ ਹੋਇਆ ਕਿ ਮਕਾਨਾਂ ਅਤੇ ਜ਼ਮੀਨਾਂ ਦੀਆਂ ਕੀਮਤਾਂ ਇੰਨੀ ਤੇਜ਼ੀ ਨਾਲ ਵਧ ਕੇ ਅਸਮਾਨ ਚੜ੍ਹ ਗਈਆਂ ਕਿ ਆਮ ਪੰਜਾਬੀ ਪਰਿਵਾਰ ਲਈ ਜ਼ਮੀਨ ਖ਼ਰੀਦਣੀ ਅਤੇ ਘਰ ਬਣਾਉਣਾ ਅਸੰਭਵ ਹੋ ਗਿਆ ਹੈ। ਪਰ ਹੁਣ ਬਾਹਰ ਗਏ ਪਿਛਲੀ ਪੀੜ੍ਹੀ ਦੇ ਲੋਕਾਂ ਨੇ ਇਹ ਮਹਿਸੂਸ ਕਰ ਲਿਆ ਹੈ ਕਿ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਬੱਚਿਆਂ ਨੇ ਕਦੇ ਵੀ ਵਾਪਸ ਹਿੰਦੁਸਤਾਨ ਨਹੀਂ ਆਉਣਾ ਜਦੋਂ ਕਿ ਪਹਿਲਾਂ ਇਹ ਲੋਕ ਸੋਚਦੇ ਸਨ ਕਿ ਕਿਸੇ ਦਿਨ ਉਹ ਹਿੰਦੁਸਤਾਨ ਵਾਪਸ ਜਾਣਗੇ ਅਤੇ ਬੁਢਾਪਾ ਉਥੇ ਹੀ ਗੁਜ਼ਾਰਨਗੇ। ਹੁਣ ਇਹ ਲੋਕ, ਜਿਨ੍ਹਾਂ ਨੇ ਪਹਿਲਾਂ ਜ਼ਮੀਨਾਂ ਅਤੇ ਮਕਾਨ ਪੰਜਾਬ ਵਿਚ ਖ਼ਰੀਦੇ ਸਨ, ਉਹ ਉਨ੍ਹਾਂ ਜ਼ਮੀਨਾਂ ਅਤੇ ਮਕਾਨਾਂ ਨੂੰ ਤੇਜ਼ੀ ਨਾਲ ਵੇਚ ਰਹੇ ਹਨ। ਇਹ ਇਕ ਮੁੱਖ ਕਾਰਨ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਜ਼ਮੀਨ ਅਤੇ ਮਕਾਨਾਂ ਦੀਆਂ ਕੀਮਤਾਂ ਬਹੁਤ ਘਟ ਗਈਆਂ ਹਨ। ਮੇਰਾ ਅੰਦਾਜ਼ਾ ਹੈ ਕਿ ਇਹ ਕੀਮਤਾਂ ਹਾਲੇ ਹੋਰ ਵੀ ਹੇਠਾਂ ਜਾਣਗੀਆਂ। ਦੂਜੀ ਗੱਲ ਜਿਸ 'ਤੇ ਅੱਜ ਦਾ ਪੰਜਾਬ ਵਸਦਾ ਹੈ ਉਹ ਹੈ ਬਾਹਰਲੇ ਸੂਬਿਆਂ ਤੋਂ (ਖ਼ਾਸ ਕਰ ਕੇ ਉੱਤਰ ਪ੍ਰਦੇਸ਼ ਅਤੇ ਬਿਹਾਰ) ਤੋਂ ਆਏ ਲੋਕ ਜੋ ਪੰਜਾਬ ਦਾ ਬਹੁਤਾ ਕਾਰੋਬਾਰ ਸੰਭਾਲੀ ਬੈਠੇ ਹਨ। ਅਸੀਂ ਇਨ੍ਹਾਂ ਲੋਕਾਂ ਨੂੰ ਪਰਵਾਸੀ ਕਹਿੰਦੇ ਹਾਂ ਪਰ ਅਸਲ ਵਿਚ ਇਹ ਲੋਕ ਪਰਵਾਸੀ ਨਹੀਂ। ਇਨ੍ਹਾਂ ਲੋਕਾਂ ਲਈ ਪਰਵਾਸੀ ਸ਼ਬਦ ਵਰਤਣਾ ਬਿਲਕੁਲ ਗ਼ਲਤ ਹੈ। ਇਹ ਤਾਂ ਆਪਣੇ ਮੁਲਕ ਵਿਚ ਹੀ ਇਕ ਸੂਬੇ ਤੋਂ ਉਠ ਕੇ ਦੂਜੇ ਸੂਬੇ ਵਿਚ ਜਾ ਵਸੇ ਹਨ। ਜਦੋਂ ਤੱਕ ਪੰਜਾਬ ਹਿੰਦੁਸਤਾਨ ਦਾ ਹਿੱਸਾ ਹੈ, ਉਦੋਂ ਤੱਕ ਹਿੰਦੁਸਤਾਨ ਦੇ ਕਿਸੇ ਵੀ ਹਿੱਸੇ ਵਿਚੋਂ ਕੋਈ ਇਨਸਾਨ ਵੀ ਆ ਕੇ ਪੰਜਾਬ ਵਿਚ ਵਸਣ ਦਾ ਉਸੇ ਤਰ੍ਹਾਂ ਦਾ ਹੱਕ ਰੱਖਦਾ ਹੈ ਜਿਸ ਤਰ੍ਹਾਂ ਦਾ ਪੰਜਾਬ ਦੇ ਲੋਕ ਦੂਜੇ ਸੂਬਿਆਂ ਵਿਚ ਜਾ ਕੇ ਵਸਣ ਦਾ ਹੱਕ ਰੱਖਦੇ ਹਨ। ਜਿਹੜੇ ਲੋਕ ਨੇਪਾਲ ਤੋਂ ਪੰਜਾਬ ਵਿਚ ਕੰਮ ਕਰਨ ਲਈ ਆਉਂਦੇ ਹਨ, ਉਹ ਜ਼ਰੂਰ ਪਰਵਾਸੀ ਹਨ। ਜਾਂ ਫਿਰ ਮੇਰੇ ਵਰਗੇ ਲੋਕ ਪਰਵਾਸੀ ਹਨ ਜੋ ਹਿੰਦੁਸਤਾਨ ਛੱਡ ਕੇ ਬਾਹਰਲੇ ਮੁਲਕਾਂ ਵਿਚ ਜਾ ਵਸੇ ਹਨ। ਜੇ ਇਹ ਲੋਕ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ (ਜਾਂ ਹੋਰ ਸੂਬਿਆਂ ਤੋਂ) ਪੰਜਾਬ ਵਿਚ ਨਾ ਆਉਣ ਤਾਂ ਪੰਜਾਬ ਦੇ ਬਹੁਤ ਸਾਰੇ ਕੰਮ ਬਿਲਕੁਲ ਠੱਪ ਹੋ ਜਾਣ। ਅਸਲ ਵਿਚ ਇਨ੍ਹਾਂ ਲੋਕਾਂ ਨੇ ਹੀ ਪੰਜਾਬ ਦੇ ਕਾਰੋਬਾਰ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਦੇ ਬਾਵਜੂਦ ਕਿ ਇਨ੍ਹਾਂ ਲੋਕਾਂ ਨੇ ਪੰਜਾਬ ਨੂੰ ਆ ਕੇ ਬਚਾ ਲਿਆ ਹੈ, ਪੰਜਾਬ ਦੇ ਕੁਝ ਲੋਕ ਕਹਿੰਦੇ ਹਨ ਕਿ ਇਨ੍ਹਾਂ ਲੋਕਾਂ ਨੇ ਆ ਕੇ ਪੰਜਾਬ ਦਾ ਕਲਚਰ ਵਿਗਾੜ ਦਿੱਤਾ ਹੈ। ਇਹ ਕਹਿਣਾ ਬਿਲਕੁਲ ਗ਼ਲਤ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕੋਈ ਕਲਚਰ ਵੀ ਹਮੇਸ਼ਾ ਵਾਸਤੇ ਸਥਿਰ ਨਹੀਂ ਰਹਿੰਦਾ। ਕਲਚਰ ਹਮੇਸ਼ਾ ਬਦਲਦਾ ਰਹਿੰਦਾ ਹੈ, ਖ਼ਾਸ ਕਰਕੇ ਹਰ ਨਵੀਂ ਪੀੜ੍ਹੀ ਦੇ ਆਉਣ ਨਾਲ। ਦੂਸਰੀ ਗੱਲ ਕਿ ਜੇ ਪੰਜਾਬ ਦਾ ਕਲਚਰ ਵਿਗੜ ਰਿਹਾ ਹੈ ਤਾਂ ਇਸ ਵਿਚ ਬਹੁਤਾ ਹੱਥ ਪੰਜਾਬੀਆਂ ਦਾ ਆਪਣਾ ਹੈ, ਬਾਹਰਲੇ ਸੂਬਿਆਂ ਤੋਂ ਆਏ ਮਜ਼ਦੂਰਾਂ ਦਾ ਨਹੀਂ।

ਪੰਜਾਬ ਦੀ ਹੀ ਨਹੀਂ ਸਗੋਂ ਸਾਰੇ ਭਾਰਤ ਦੀ ਸਭ ਤੋਂ ਵੱਡੀ ਸਮੱਸਿਆ ਹੈ ਤੇਜ਼ੀ ਨਾਲ ਵਧੀ ਅਬਾਦੀ ਜੋ ਹਾਲੇ ਵੀ ਵਧ ਰਹੀ ਹੈ। ਮੈਨੂੰ ਉਮੀਦ ਹੈ ਕਿ ਸ਼ਾਇਦ ਭਾਰਤ ਦੀ ਅਬਾਦੀ ਇਸ ਵੇਲੇ ਚੀਨ ਦੀ ਅਬਾਦੀ ਤੋਂ ਕੁਝ ਵੱਧ ਹੋ ਗਈ ਹੋਵੇ ਜਾਂ ਹੋਣ ਵਾਲੀ ਹੈ। ਅਮਰੀਕਾ ਦਾ ਕੁੱਲ ਏਰੀਆ ਹਿੰਦੁਸਤਾਨ ਨਾਲੋਂ ਤਿੰਨ ਗੁਣਾ ਵੱਧ ਹੈ ਪਰ ਹਿੰਦੁਸਤਾਨ ਦੀ ਅਬਾਦੀ ਅਮਰੀਕਾ ਨਾਲੋਂ ਚਾਰ ਗੁਣਾ ਵੱਧ ਹੈ। ਕੈਨੇਡਾ ਦਾ ਏਰੀਆ ਵੀ ਹਿੰਦੁਸਤਾਨ ਨਾਲੋਂ ਤਿੰਨ ਗੁਣਾ ਵੱਧ ਹੈ ਪਰ ਹਿੰਦੁਸਤਾਨ ਦੀ ਅਬਾਦੀ ਕੈਨੇਡਾ ਨਾਲੋਂ ਲਗਭਗ 37 ਗੁਣਾ ਵੱਧ ਹੈ। ਹਿੰਦੁਸਤਾਨ ਲਈ ਇੰਨੇ ਜ਼ਿਆਦਾ ਲੋਕਾਂ ਨੂੰ ਨੌਕਰੀਆਂ ਅਤੇ ਰੁਜ਼ਗਾਰ ਦੇਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਜੇ ਇਸ ਨੇ ਆਪਣਾ ਭਵਿੱਖ ਵਧੀਆ ਬਣਾਉਣਾ ਹੈ ਤਾਂ ਪੰਜਾਬ ਨੂੰ ਹੀ ਨਹੀਂ ਸਗੋਂ ਹਿੰਦੁਸਤਾਨ ਨੂੰ ਆਪਣੀ ਅਬਾਦੀ ਜਿੰਨੀ ਛੇਤੀ ਹੋ ਸਕੇ ਬਹੁਤ ਤੇਜ਼ੀ ਨਾਲ ਘਟਾਉਣੀ ਚਾਹੀਦੀ ਹੈ। ਹੁਣ ਆਮ-ਤੌਰ 'ਤੇ ਪੜ੍ਹੇ-ਲਿਖੇ ਲੋਕ ਤਾਂ ਘੱਟ ਬੱਚੇ ਪੈਦਾ ਕਰ ਰਹੇ ਹਨ ਪਰ ਘੱਟ ਪੜ੍ਹੇ-ਲਿਖੇ ਲੋਕ ਅਤੇ ਅਨਪੜ੍ਹ ਲੋਕ ਹਾਲੇ ਵੀ ਆਮ-ਤੌਰ 'ਤੇ ਜ਼ਿਆਦਾ ਬੱਚੇ ਪੈਦਾ ਕਰਦੇ ਹਨ। ਅਬਾਦੀ ਘਟਾਉਣ ਲਈ ਲੋਕਾਂ ਨੂੰ ਛੋਟੇ ਪਰਿਵਾਰ ਦੇ ਫ਼ਾਇਦੇ ਦੱਸਣ ਦੀ ਲੋੜ ਹੈ। ਇਹ ਟੀਚਾ ਕਈ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਵੇਂ ਲੋਕਾਂ ਨੂੰ ਕੁਝ ਆਰਥਿਕ ਲਾਲਚ ਦੇ ਕੇ। ਲੋਕਾਂ ਵਿਚ ਘੱਟ ਬੱਚੇ ਪੈਦਾ ਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਲੋਕਾਂ ਨੂੰ ਇਹ ਸਮਝ ਆਉਣੀ ਚਾਹੀਦੀ ਹੈ ਕਿ ਬੱਚਿਆਂ ਦੀ ਗਿਣਤੀ ਘੱਟ ਅਤੇ ਉਨ੍ਹਾਂ ਵਿਚ ਗੁਣ ਜ਼ਿਆਦਾ ਪੈਦਾ ਕਰੋ। ਜਾਣੀ ਕਿ ਲੋਕਾਂ ਨੂੰ ਇਹ ਸਮਝਾਇਆ ਜਾਣਾ ਚਾਹੀਦਾ ਹੈ ਕਿ ਬੱਚੇ ਇਕ ਜਾਂ ਦੋ ਹੀ ਪੈਦਾ ਕਰੋ ਪਰ ਉਨ੍ਹਾਂ ਦੇ ਪਾਲਣ-ਪੋਸ਼ਣ ਵੱਲ ਜ਼ਿਆਦਾ ਧਿਆਨ ਦੇਵੋ ਅਤੇ ਉਨ੍ਹਾਂ ਨੂੰ ਪੜ੍ਹਾ-ਲਿਖਾ ਕੇ ਵਧੀਆ ਇਨਸਾਨ ਬਣਾਓ। ਭਾਵ ਇਹ ਕਿ emphasire on quality than quantity of children.

ਪੰਜਾਬ (ਅਤੇ ਸਾਰੇ ਹਿੰਦੁਸਤਾਨ) ਦੀ ਇਕ ਹੋਰ ਵੱਡੀ ਸਮੱਸਿਆ ਜੋ ਤਰੱਕੀ ਦੇ ਰਾਹ ਵਿਚ ਰੋੜਾ ਬਣ ਰਹੀ ਹੈ ਉਹ ਹੈ ਭ੍ਰਿਸ਼ਟਾਚਾਰ, ਹੇਰਾ-ਫੇਰੀ, ਬੇਈਮਾਨੀ, ਰਿਸ਼ਵਤਖੋਰੀ, ਆਦਿ। ਕੋਈ ਵੀ ਕੰਮ ਕਰਾਉਣਾ ਹੋਵੇ ਤਾਂ ਰਿਸ਼ਵਤ ਦੇਣ ਤੋਂ ਬਗੈਰ ਨਹੀਂ ਹੁੰਦਾ। ਬਹੁਤ ਸਾਰੇ ਲੋਕਾਂ ਦੀ ਨਿਗਾਹ ਕੰਮ ਕਰ ਕੇ ਗੁਜ਼ਾਰਾ ਕਰਨ ਦੀ ਥਾਂ ਹੇਰਾ-ਫੇਰੀ ਨਾਲ ਅਮੀਰ ਬਣਨ ਵੱਲ ਲੱਗੀ ਰਹਿੰਦੀ ਹੈ। ਇਮਾਨਦਾਰੀ ਬਹੁਤ ਘੱਟ ਹੀ ਨਜ਼ਰ ਆਉਂਦੀ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਬਾਹਰ ਗਏ ਪੰਜਾਬੀ ਹੁਣ ਪੰਜਾਬ ਵਿਚ ਪੈਸਾ ਬਿਜ਼ਨਸ ਵਿਚ ਲਾਉਣ ਤੋਂ ਕਤਰਾਉਂਦੇ ਹੀ ਨਹੀਂ ਸਗੋਂ ਡਰਨ ਲੱਗ ਪਏ ਹਨ। ਵਿਦੇਸ਼ੀ ਕੰਪਨੀਆਂ ਵੀ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਕਾਰਨ ਹਿੰਦੁਸਤਾਨ ਵਿਚ ਬਿਜ਼ਨਸ ਖੋਲ੍ਹਣ ਤੋਂ ਡਰਦੀਆਂ ਹਨ।

ਜਿਵੇਂ ਪਹਿਲਾਂ ਕਿਹਾ ਹੈ, ਪੰਜਾਬ ਵਿਚ ਨੌਕਰੀਆਂ, ਖ਼ਾਸ ਕਰਕੇ ਪੜ੍ਹੇ-ਲਿਖੇ ਨੌਜਵਾਨਾਂ ਲਈ, ਬਹੁਤ ਘੱਟ ਹਨ। ਇਸ ਬੇਰੁਜ਼ਗਾਰੀ ਦੇ ਕਈ ਅਸਰ ਹਨ। ਜਿਵੇਂ ਪਹਿਲਾਂ ਕਿਹਾ ਹੈ, ਇਕ ਅਸਰ ਤਾਂ ਇਹ ਹੈ ਕਿ ਨੌਜਵਾਨ ਬੱਚੇ-ਬੱਚੀਆਂ ਹਰ ਠੀਕ ਜਾਂ ਗ਼ਲਤ ਢੰਗ ਨਾਲ ਲੱਖਾਂ ਰੁਪਏ ਖ਼ਰਚ ਕੇ ਬਾਹਰਲੇ ਮੁਲਕਾਂ ਵਿਚ ਜਾਣ ਲਈ ਨੱਠੇ ਫਿਰਦੇ ਹਨ। ਜੇ ਉਹ ਇਸ ਟੀਚੇ ਵਿਚ ਸਫ਼ਲ ਨਹੀਂ ਹੁੰਦੇ ਅਤੇ ਪੈਸੇ ਵੀ ਗੁਆ ਲੈਂਦੇ ਹਨ ਤਾਂ ਕਈ ਨੌਜਵਾਨ ਤਾਂ ਖ਼ੁਦਕੁਸ਼ੀ ਕਰ ਲੈਂਦੇ ਹਨ। ਕੁਝ ਨਸ਼ਿਆਂ ਵਿਚ ਗਲਤਾਨ ਹੋ ਜਾਂਦੇ ਹਨ ਅਤੇ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਖ਼ਰਾਬ ਕਰ ਲੈਂਦੇ ਹਨ। ਪਿਛਲੇ ਕਈ ਸਾਲਾਂ ਤੋਂ ਪੰਜਾਬ ਨਸ਼ਿਆਂ ਦੀ ਬਿਮਾਰੀ ਦਾ ਦੱਬ ਕੇ ਮਰੀਜ਼ ਹੋਇਆ ਰਿਹਾ ਹੈ ਅਤੇ ਇਸ ਦੇ ਵਧਣ ਦਾ ਕਾਰਨ ਇਹ ਵੀ ਹੈ ਕਿ ਕੁਝ ਸਰਕਾਰ ਨਾਲ ਸੰਬੰਧਤ ਮੰਤਰੀ, ਐੱਮ.ਐੱਲ.ਏ., ਅਤੇ ਹੋਰ ਕਰਮਚਾਰੀ ਜਾਂ ਰਿਸ਼ਤੇਦਾਰ ਆਪ ਨਸ਼ੇ ਵੇਚਣ ਦੇ ਧੰਦੇ ਵਿਚ ਲੱਗੇ ਰਹੇ ਹਨ। ਨਸ਼ਿਆਂ ਦੀ ਬਹੁਤਾਤ ਕਾਰਨ ਨਵੀਂ ਪੀੜ੍ਹੀ ਦੇ ਬਹੁਤ ਸਾਰੇ ਨੌਜਵਾਨ ਕੰਮ ਨਹੀਂ ਕਰਦੇ ਅਤੇ ਪੰਜਾਬ ਦੀ ਹਾਲਤ ਦਿਨ-ਬ-ਦਿਨ ਵਿਗੜ ਰਹੀ ਹੈ।

ਦੁਨੀਆ ਦੇ ਸਾਰੇ ਧਰਮ ਹੀ ਗੁਰੂਆਂ, ਪੀਰਾਂ, ਫ਼ਕੀਰਾਂ, ਪੈਗ਼ੰਬਰਾਂ, ਆਦਿ ਨੇ ਇਸ ਲਈ ਸ਼ੁਰੂ ਕੀਤੇ ਸਨ ਕਿ ਲੋਕਾਂ ਨੂੰ ਜ਼ਿੰਦਗੀ ਵਿਚ ਭਟਕਣ ਤੋਂ ਬਚਾ ਕੇ ਸਹੀ ਰਸਤੇ 'ਤੇ ਪਾਇਆ ਜਾਵੇ। ਪਰ ਹੌਲੀ ਹੌਲੀ ਧਰਮਾਂ ਨੂੰ ਆਪਣੇ ਕਲਾਵੇ ਅਤੇ ਆਪਣੀ ਜਕੜ ਵਿਚ ਲੈ ਕੇ ਇਨ੍ਹਾਂ ਦੇ ਮਾਲਕ ਬਣ ਬੈਠੇ ਲੋਕਾਂ ਨੇ ਧਰਮਾਂ ਨੂੰ ਵੀ ਕੁਰਾਹੇ ਪਾ ਦਿੱਤਾ ਹੈ ਅਤੇ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਬਹੁਤੇ ਲੋਕਾਂ ਨੂੰ ਵੀ ਕੁਰਾਹੇ ਪਾ ਦਿੱਤਾ ਹੈ। ਧਰਮ ਦੇ ਨਾਂ 'ਤੇ ਪੰਜਾਬ ਵਿਚ ਹੀ ਨਹੀਂ, ਹਿੰਦੁਸਤਾਨ ਵਿਚ ਹੀ ਨਹੀਂ, ਸਗੋਂ ਦੁਨੀਆ ਦੇ ਲਗਭਗ ਸਾਰੇ ਮੁਲਕਾਂ ਵਿਚ ਦੰਗੇ, ਫ਼ਸਾਦ, ਲੜਾਈਆਂ, ਮਾਰ-ਪਿਟਾਈ, ਨਫ਼ਰਤ, ਆਦਿ ਹੋਰ ਕਿਤੇ ਤੋਂ ਵੱਧ ਫੈਲ ਗਏ ਹਨ। ਧਰਮ ਤੋਂ ਜ਼ਿੰਦਗੀ ਜਿਊਣ ਦੇ ਵਧੀਆ ਅਸੂਲ ਸਿੱਖਣ ਦੀ ਬਜਾਏ ਲੋਕਾਂ ਨੇ ਸਿਰਫ਼ ਪਾਠ-ਪੂਜਾ ਵੱਲ ਹੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਇਹ ਕਿਸੇ ਇਕ ਧਰਮ ਦੀ ਗੱਲ ਨਹੀਂ ਸਗੋਂ ਦੁਨੀਆ ਦੇ ਸਾਰੇ ਧਰਮਾਂ ਦੀ ਗੱਲ ਹੈ। ਜੇ ਪੰਜਾਬ ਵੱਲ ਦੇਖੀਏ ਤਾਂ ਬਾਬਿਆਂ ਦੇ ਡੇਰੇ ਪਿੰਡ-ਪਿੰਡ ਵਿਚ ਖੁੱਲ੍ਹੇ ਹੋਏ ਹਨ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਇਨ੍ਹਾਂ ਡੇਰਿਆਂ ਵਿਚ ਇਨ੍ਹਾਂ ਬਾਬਿਆਂ ਦੇ ਦਰਸ਼ਨ ਕਰਨ ਜਾਂਦੇ ਹਨ। ਧਾਰਮਿਕ ਸਥਾਨਾਂ 'ਤੇ ਜਾਣਾ ਮਾੜੀ ਗੱਲ ਨਹੀਂ ਪਰ ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਅਸੀਂ ਕਿਹੋ ਜਿਹੇ ਧਾਰਮਿਕ ਸਥਾਨਾਂ 'ਤੇ ਜਾਣਾ ਹੈ ਅਤੇ ਕਿਸ ਮਕਸਦ ਲਈ ਜਾਣਾ ਹੈ। ਲੋਕ ਤਾਂ ਬੱਸਾਂ ਭਰ ਕੇ, ਟਰੱਕ ਭਰ ਕੇ, ਟਰਾਲੀਆਂ ਲੱਦ ਕੇ, ਕਾਰਾਂ ਭਰ ਕੇ ਇਨ੍ਹਾਂ ਬਾਬਿਆਂ ਦੇ ਡੇਰਿਆਂ ਵੱਲ ਵਹੀਰਾਂ ਘੱਤਦੇ ਹਨ ਅਤੇ ਕਈ ਕਈ ਦਿਨ ਇਨ੍ਹਾਂ ਡੇਰਿਆਂ 'ਤੇ ਬਿਤਾਉਂਦੇ ਹਨ। ਸੋਚੋ, ਜੇ ਇਨ੍ਹਾਂ ਸਾਰੇ ਲੋਕਾਂ ਦੇ ਇਨ੍ਹਾਂ ਡੇਰਿਆਂ 'ਤੇ ਬਿਤਾਏ ਸਮੇਂ ਨੂੰ ਜਮ੍ਹਾਂ ਕਰ ਲਿਆ ਜਾਵੇ ਤਾਂ ਕਿੰਨਾ ਸਮਾਂ ਧਰਮ ਦੇ ਨਾਂ 'ਤੇ ਇਸ ਮਕਸਦ ਲਈ ਲਗਾਇਆ ਜਾਂਦਾ ਹੈ। ਸ਼ਾਇਦ ਹਰ ਸਾਲ ਲੱਖਾਂ-ਕਰੋੜਾਂ ਘੰਟਿਆਂ ਦਾ ਸਮਾਂ ਇਸ ਤਰ੍ਹਾਂ ਬਰਬਾਦ ਕੀਤਾ ਜਾਂਦਾ ਹੈ। ਇਸ ਵਿਚੋਂ ਲੱਭਦਾ ਕੀ ਹੈ? ਕੁਝ ਵੀ ਨਹੀਂ। ਜੇ ਇਹੋ ਸਮਾਂ ਕੰਮ ਕਰਨ 'ਤੇ ਖ਼ਰਚਿਆ ਜਾਵੇ ਤਾਂ ਕਿੰਨੀ ਕਮਾਈ ਹੋ ਸਕਦੀ ਹੈ। ਲੋਕਾਂ ਨੂੰ ਸਿੱਖਣ ਦੀ ਲੋੜ ਹੈ ਕਿ ਧਰਮ ਕੀ ਹੈ, ਧਰਮ ਕਿਉਂ ਚਲਾਏ ਗਏ ਸਨ, ਅਤੇ ਇਨ੍ਹਾਂ ਨੂੰ ਕਿਵੇਂ ਆਪਣੀ ਬਿਹਤਰੀ ਲਈ ਵਰਤਣਾ ਹੈ। ਪੰਜਾਬ ਨੂੰ ਤਰੱਕੀ ਦੀ ਸਿਖਰ 'ਤੇ ਲਿਜਾਣ ਲਈ ਧਰਮਾਂ ਵਿਚ ਪੈਦਾ ਹੋਈ ਕੱਟੜਤਾ ਅਤੇ ਅੰਧ-ਵਿਸ਼ਵਾਸ ਨੂੰ ਖ਼ਤਮ ਕਰਨਾ ਜ਼ਰੂਰੀ ਹੈ।

ਪੰਜਾਬ ਵਿਚ ਹੀ ਨਹੀਂ, ਸਾਰੇ ਹਿੰਦੁਸਤਾਨ ਵਿਚ ਹੀ ਵਿਤਕਰਾ ਅਤੇ ਪੱਖਪਾਤ ਕਰਨ ਦੀ ਬਿਮਾਰੀ ਬਹੁਤ ਜ਼ਿਆਦਾ ਹੈ। ਇਹ ਵਿਤਕਰਾ ਧਰਮ ਦੇ ਨਾਂ 'ਤੇ ਵੀ ਹੈ, ਜਾਤਾਂ ਦੇ ਅਧਾਰ 'ਤੇ ਵੀ, ਇਸ ਅਧਾਰ 'ਤੇ ਵੀ ਕਿ ਤੁਸੀਂ ਹਿੰਦੁਸਤਾਨ ਦੇ ਕਿਸ ਇਲਾਕੇ ਤੋਂ ਹੋ, ਰੰਗ ਦੇ ਅਧਾਰ 'ਤੇ ਵੀ, ਅਤੇ ਹੋਰ ਕਈ ਕਾਰਨਾਂ ਕਰਕੇ ਵੀ ਹੈ। ਕਿਸੇ ਵੀ ਕੌਮ ਲਈ ਅੱਗੇ ਵਧਣ ਲਈ ਸਭ ਕਿਸਮ ਦਾ ਵਿਤਕਰਾ ਖ਼ਤਮ ਕਰਨ ਦੀ ਲੋੜ ਹੈ। ਵਿਤਕਰਾ ਪੂਰੀ ਤਰ੍ਹਾਂ ਤਾਂ ਕਿਸੇ ਵੀ ਦੇਸ਼ ਵਿਚ ਖ਼ਤਮ ਨਹੀਂ ਕੀਤਾ ਜਾ ਸਕਦਾ ਪਰ ਇਸ ਨੂੰ ਜਿੰਨਾ ਵੀ ਘਟਾਇਆ ਜਾ ਸਕੇ ਚੰਗਾ ਹੀ ਹੈ।

ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿਚ ਬਹੁਤ ਸਾਰਾ ਸੁਧਾਰ ਕਰਨ ਦੀ ਲੋੜ ਹੈ। ਇਹ ਸੁਧਾਰ ਸਕੂਲਾਂ ਤੋਂ ਲੈ ਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਕਰਨ ਦੀ ਲੋੜ ਹੈ। ਸਕੂਲਾਂ ਵਿਚ ਉਹ ਮਜ਼ਮੂਨ ਪੜ੍ਹਾਉਣ ਦੀ ਲੋੜ ਹੈ ਜਿਨ੍ਹਾਂ ਨਾਲ ਵਿਦਿਆਰਥੀ ਵੱਡੇ ਹੋ ਕੇ ਆਪਣੀ ਜ਼ਿੰਦਗੀ ਸੁਧਾਰ ਸਕਣ ਅਤੇ ਰੋਟੀ-ਰੋਜ਼ੀ ਕਮਾ ਸਕਣ। ਨਵੇਂ ਮਜ਼ਮੂਨ ਜਿਵੇਂ ਜ਼ਿੰਦਗੀ ਜਿਊਣ ਦੇ ਵਧੀਆ ਤੌਰ

(ਬਾਕੀ ਅਗਲੇ ਸਫ਼ੇ 'ਤੇ)

# ਪੰਜਾਬੀ ਪੰਥ ਦੇ ਹੁਸਨ-ਇਖ਼ਲਾਕ ਦਾ ਮੁਜੱਸਮਾ-2

**ਬਰਸੀ 'ਤੇ ਵਿਸ਼ੇਸ਼**

**ਸੁਮੇਲ ਸਿੰਘ ਸਿੱਧੂ**
**ਫੋਨ: 94649-84010**

ਸੰਤ ਲੌਂਗੋਵਾਲ ਦੇ ਸਾਰਥਿਕ ਰਾਜਨੀਤਕ-ਵਿਚਾਰਧਾਰਕ ਮੁਲਾਂਕਣ ਲਈ ਅਕਾਲੀ ਲਹਿਰ ਦੇ ਸਿਆਸੀ ਸੱਭਿਆਚਾਰ ਵਿਚ ਕਾਰਜਸ਼ੀਲ ਸੱਜੇ ਤੇ ਖੱਬੇ ਰੁਝਾਨ ਦੀ ਪੜਤਾਲ ਕਰਨੀ ਜ਼ਰੂਰੀ ਹੈ। ਪੰਜਾਬ ਦੇ ਸਿਆਸੀ ਅਵਚੇਤਨ ਨੂੰ ਡੌਲਣ ਵਾਲੀਆਂ; ਲੋਕਾਈ ਨੂੰ ਅੰਦੋਲਨਾਂ ਵਿਚ ਉਤਾਰਨ ਵਾਲੀਆਂ ਅਤੇ ਇਨਸਾਫ਼, ਬਰਾਬਰੀ ਲਈ ਜੂਝਣ ਵਾਲੀਆਂ ਰਵਾਇਤਾਂ ਨੂੰ ਬੱਬਰ ਅਕਾਲੀ ਲਹਿਰ ਦੇ ਵਿਚਾਰਵਾਨ ਮਾਸਟਰ ਮੋਤਾ ਸਿੰਘ ਦੇ ਦਿੱਤੇ 'ਅਕਾਲਸ਼ੇਵਿਜ਼ਮ' ਦੇ ਸੰਕਲਪ ਵਿਚੋਂ ਤਲਾਸ਼ਿਆ ਜਾ ਸਕਦਾ ਹੈ। 'ਅਕਾਲਸ਼ੇਵਿਜ਼ਮ' ਅਨੁਸਾਰ ਸਰਬੱਤ ਦੇ ਭਲੇ ਲਈ ਰੂਸੀ ਬਾਲਸ਼ਵਿਕ ਇਨਕਲਾਬ ਦੇ ਸਿਧਾਂਤਕ ਅਮਲ ਨੂੰ ਪੰਜਾਬ ਵਿਚ ਸਫ਼ਲਤਾ ਸਹਿਤ ਪਰਵਾਨ ਚਾੜ੍ਹਨਾ, ਵੀਹਵੀਂ ਸਦੀ ਦੀ ਸਾਮਰਾਜ-ਵਿਰੋਧੀ ਅਕਾਲੀ ਕਰਮਧਾਰਾ ਨਾਲ ਸੰਜੋਗ ਕਰ ਕੇ ਸੰਭਵ ਹੈ। ਅਕਾਲਸ਼ੇਵਿਜ਼ਮ ਦਾ ਵਰਤਾਰਾ ਦੋ-ਪਾਸੀਂ ਚੱਲਦਾ ਹੈ: ਪਹਿਲਾ, ਸਾਮਰਾਜ-ਵਿਰੋਧੀ ਮਾਰਕਸੀ ਵਿਚਾਰਧਾਰਾ ਨੂੰ ਪੰਜਾਬੀ ਲੋਕਾਈ ਨਾਲ ਜੋੜ ਕੇ ਅੰਦੋਲਨ ਉਸਾਰਨ ਦੇ ਕਾਰਜ ਵਿਚ। ਇਸ ਰੁਝਾਨ ਦੀ ਉਦਾਹਰਨ 1917 ਤੋਂ ਬਾਅਦ ਦੇ ਗ਼ਦਰੀ ਹਨ, ਖ਼ਾਸਕਰ 'ਕਿਰਤੀ' ਦੇ ਸੰਪਾਦਕ ਭਾਈ ਸੰਤੋਖ ਸਿੰਘ ਧਰਦਿਉ, ਤੇਜਾ ਸਿੰਘ ਸੁਤੰਤਰ, ਮੁਜ਼ਾਰਾ ਲਹਿਰ ਦੇ ਧਰਮ ਸਿੰਘ 'ਫੱਕਰ' ਆਦਿ। ਦੂਜਾ ਰੁਝਾਨ ਸਿੱਖ ਭਾਵਨਾ ਤੇ ਅਕਾਲੀ ਲਹਿਰ ਤੋਂ ਤੁਰਦਿਆਂ ਲੋਕਾਈ ਦੀ ਮੁਕਤੀ ਲਈ ਸਮਾਜਵਾਦੀ ਵਿਚਾਰਧਾਰਾ ਨਾਲ ਸਾਂਝੀਵਾਲਤਾ ਦਾ ਦਾਇਰਾ ਬਣਾਉਣਾ। ਇਸ ਦੀ ਉਦਾਹਰਨ ਗਿਆਨੀ ਹੀਰਾ ਸਿੰਘ 'ਦਰਦ', ਮਾਸਟਰ ਮੋਤਾ ਸਿੰਘ, 1913-14 ਵਾਲੇ ਪਹਿਲੇ ਪੂਰ ਦੇ ਗ਼ਦਰੀ ਬਾਬੇ, ਜਥੇਦਾਰ ਸੰਪੂਰਨ ਸਿੰਘ ਰਾਮਾ ਅਤੇ ਸਾਡੇ ਨਜ਼ਦੀਕ ਸੰਤ ਹਰਚੰਦ ਸਿੰਘ ਲੌਂਗੋਵਾਲ ਬਣਦੇ ਹਨ।

ਵਡੇਰਾ ਮਸਲਾ ਹੈ ਕਿ ਪੰਜਾਬੀ ਖ਼ਿੱਤੇ ਦੇ ਸਾਂਝੇ ਇਤਿਹਾਸਕ ਅਨੁਭਵ ਵਿਚ ਸਿੱਖ ਲਹਿਰ ਦਾ ਯੋਗਦਾਨ ਕਿਵੇਂ ਸਮਝਿਆ ਜਾਏ? ਇਸ ਸਵਾਲ ਨੇ ਲਗਾਤਾਰ ਪੰਜਾਬੀ ਬੁੱਧੀਜੀਵੀਆਂ ਅਤੇ ਸਿਆਸੀ ਆਗੂਆਂ ਨੂੰ ਵੰਗਾਰਿਆ ਹੈ। ਅਕਾਲੀ ਦਲ ਨੇ ਆਪਣੀ ਅਮਲੀ ਅਗਵਾਈ ਦੇ ਬਾਵਜੂਦ ਇਸ ਮਹੱਤਵਪੂਰਨ ਸਿਧਾਂਤਕ ਸਵਾਲ ਨੂੰ ਨਜਿੱਠਿਆ ਨਹੀਂ ਸਗੋਂ 'ਪੰਥਕ' ਹੋਣ ਨੂੰ ਤੇ 'ਪੰਜਾਬੀ' ਹੋਣ ਨੂੰ ਕਈ ਵਾਰ ਤਾਂ ਇਕ-ਦੂਜੇ ਦੇ ਵਿਰੋਧ ਵਿਚ ਲੈ ਆਂਦਾ ਹੈ। ਗੁਰਦੁਆਰਾ ਕਾਨੂੰਨ ਬਣਨ ਪਿਛੋਂ ਸਿੱਖ ਲਹਿਰ ਦੀ ਪ੍ਰੇਰਨਾ ਨਾਲ ਨਵਾਂ ਸਮਾਜ ਸਿਰਜਣ ਵਾਲੇ ਬਹੁਤੇ ਆਗੂ ਕਮਿਊਨਿਸਟ ਲਹਿਰ ਨਾਲ ਜੁੜ ਗਏ ਅਤੇ ਸਿੱਖੀ ਦਾਇਰੇ ਵਿਚ ਪੰਥਕ ਚੇਤਨਾ ਨੂੰ ਗੁਰਦੁਆਰਾ ਪ੍ਰਬੰਧ ਅਤੇ ਰਹਿਤ ਮਰਿਆਦਾ ਨਿਭਾਉਣ ਤੱਕ ਸੀਮਤ ਰੱਖਣ ਵਾਲੇ ਆਗੂਆਂ ਦਾ ਹੱਥ ਉਚਾ ਹੁੰਦਾ ਗਿਆ। ਮਾਸਟਰ ਤਾਰਾ ਸਿੰਘ ਇਸ ਰੁਝਾਨ ਦੀ ਮਿਸਾਲ ਹਨ; ਉਨ੍ਹਾਂ ਨੂੰ 'ਅਕਾਲੀ' ਅਖ਼ਬਾਰ ਦੇ ਸੰਸਥਾਪਕ ਸੰਪਾਦਕ ਗਿਆਨੀ ਹੀਰਾ ਸਿੰਘ 'ਦਰਦ' ਨੇ ਆਪਣੀ ਖੁੱਲ੍ਹੀ ਚਿੱਠੀ ਵਿਚ ਵਰਜਿਆ ਵੀ ਸੀ।

ਅਕਾਲੀ ਲਹਿਰ ਦੀ ਊਰਜਾ ਹੋਰ ਲਹਿਰਾਂ ਵਿਚ ਤਾਂ ਪ੍ਰਗਟ ਹੋਈ, ਪਰ ਪੰਥਕ ਮਾਮਲਿਆਂ ਵਿਚ ਰਿਆਸਤਾਂ ਦੇ ਰਾਜਿਆਂ ਦਾ ਪਰੋਖ ਦਖ਼ਲ ਵਧਣ ਲੱਗਾ। 1925 ਦੇ ਗੁਰਦੁਆਰਾ ਐਕਟ ਤੋਂ ਮਗਰਲੇ ਦੌਰ ਵਿਚ ਮਾਲਵੇ ਦੀਆਂ ਰਿਆਸਤਾਂ ਵਿਚ ਰਜਵਾੜਾਸ਼ਾਹੀ-ਵਿਰੋਧੀ ਲੋਕ ਅੰਦੋਲਨ ਪਹਿਲਾਂ ਪਰਜਾ ਮੰਡਲ ਤੇ ਫਿਰ ਮੁਜ਼ਾਰਾ ਲਹਿਰ ਵਿਚ ਅੱਗੇ ਵਧਿਆ। ਅਕਾਲੀ ਲਹਿਰ ਦਾ ਖੱਬਾ-ਪੱਖ ਹੁਣ ਲਾਲ ਕਮਿਊਨਿਸਟ ਪਾਰਟੀ ਦੇ 'ਸਿੱਖ ਕਾਮਰੇਡਾਂ' ਦੀ ਸੰਗਤ ਵਿਚ ਬਾਕੀ ਪੰਜਾਬ ਦੇ ਅਕਾਲੀਆਂ ਤੋਂ ਜ਼ਿਆਦਾ ਮਜ਼ਬੂਤ ਆਧਾਰ ਵਾਲਾ ਸੀ। ਆਪਣੀ ਅਕਾਲੀ ਵਿਚਾਰਧਾਰਾ ਨੂੰ ਗਰੀਬ ਤੇ ਮਜ਼ਲੂਮ ਲੋਕਾਈ ਦੇ ਹੱਕਾਂ ਲਈ ਜੂਝਣ ਦਾ ਸ਼ਸਤਰ ਸਮਝਣਾ ਤੇ ਨਾਲ ਹੀ ਸੰਪਰਦਾਈ ਵਲਗਣ ਤੋਂ ਨਿਰਲੇਪ ਰਹਿੰਦਿਆਂ ਸਮੂਹ ਪੰਜਾਬੀਆਂ ਨੂੰ ਨਾਲ ਲੈਣਾ- 'ਨਰਮ ਦਲ' ਦੀ ਸਿਧਾਂਤਕ ਸਾਂਝੀਵਾਲਤਾ ਸੀ। ਅਕਾਲੀ ਦਲ ਦਾ ਸੱਜਾ-ਪੱਖ ਧਨਾਢਾਂ ਤੇ ਰਜਵਾੜਿਆਂ ਨਾਲ ਗੱਠਜੋੜ ਨੂੰ ਬੁਰਾ ਨਹੀਂ ਮੰਨਦਾ ਸੀ ਕਿਉਂਕਿ ਇਨ੍ਹਾਂ ਵੱਲੋਂ ਸਿੱਖੀ ਦਾ ਅਰਥ ਸਿੱਖਾਂ ਦੀਆਂ ਭਾਈਚਾਰਕ ਮੰਗਾਂ ਤੱਕ ਘਟਾ ਲਿਆ ਗਿਆ ਸੀ। 'ਸਿੱਖੀ ਨੂੰ ਖ਼ਤਰਾ' ਇਸ 'ਗਰਮ ਦਲ' ਦਾ ਸਦਾਬਹਾਰ ਏਜੰਡਾ ਸੀ, ਜਿਸ ਨਾਲ ਇਹ 'ਨਰਮ ਦਲੀਆਂ' ਨੂੰ ਅਕਸਰ ਹੀ ਹੌਲਾ ਪਾਉਣ ਵਿਚ ਕਾਮਯਾਬ ਹੋ ਜਾਂਦੇ ਸਨ। ਸੰਤ ਲੌਂਗੋਵਾਲ ਸਿੱਖ ਸਿਧਾਂਤ ਦੀ ਪਰਪੱਕ ਸੁਰਤਕਾਰੀ ਨੂੰ ਸਾਂਝੀਵਾਲਤਾ ਦੀ ਸਿਆਸਤ ਵਿਚ ਢਾਲਣ ਦੇ ਮਹਾਨ ਕਾਰਜ ਲਈ ਸਮਰਪਿਤ ਸਨ।

ਸੰਤ ਲੌਂਗੋਵਾਲ ਨੇ ਮਾ. ਤਾਰਾ ਸਿੰਘ ਤੋਂ ਟੁੱਟ ਕੇ ਮਾਲਵਾ ਰਿਆਸਤੀ ਅਕਾਲੀ ਦਲ ਬਣਾਉਣ ਵਾਲੇ ਜਥੇਦਾਰ ਸੰਪੂਰਨ ਸਿੰਘ ਰਾਮਾ ਦੇ ਮਾਲਵਾ ਰਿਆਸਤੀ ਅਕਾਲੀ ਦਲ ਦੇ ਕਮਿਊਨਿਸਟਾਂ ਨਾਲ ਬਣਾਏ ਸਾਂਝੇ ਮੋਰਚੇ ਦਾ ਸਮਰਥਨ ਕੀਤਾ ਕਿਉਂਕਿ ਮਾ. ਤਾਰਾ ਸਿੰਘ ਧੜੇ ਤੋਂ ਉਲਟ ਜਥੇਦਾਰ ਰਾਮਾ ਜਗੀਰਦਾਰਾਂ ਤੇ ਬਿਸਵੇਦਾਰਾਂ ਖ਼ਿਲਾਫ਼ ਜੂਝਣ ਵਾਲੇ ਸਾਧਾਰਨ ਉਮੀਦਵਾਰਾਂ ਨੂੰ ਚੋਣ ਲੜਵਾਉਣਾ ਚਾਹੁੰਦੇ ਸਨ। ਯਾਦ ਰਹੇ ਕਿ ਜਥੇਦਾਰ ਰਾਮਾ ਨੇ ਹੀ ਸਭ ਤੋਂ ਪਹਿਲਾਂ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਰੱਖੀ ਸੀ ਅਤੇ ਆਪਣੇ ਨਾਲ ਚਾਰਾਂ ਧਰਮਾਂ ਦੇ ਨੁਮਾਇੰਦੇ ਲੈ ਕੇ, ਸਿਰਾਂ 'ਤੇ ਖੱਫਣ ਬੰਨ੍ਹ ਕੇ ਦਿੱਲੀ ਵਿਚ ਜਵਾਹਰਲਾਲ ਨਹਿਰੂ ਦੀ ਕੋਠੀ ਸਾਹਮਣੇ ਧਰਨਾ ਲਾਉਣ ਦਾ ਧਾਰ ਕੇ ਤੁਰੇ ਸਨ। ਨਰੇਲਾ ਕੋਲ ਗ੍ਰਿਫ਼ਤਾਰ ਹੋਣ ਤੋਂ ਬਾਅਦ ਉਥੇ ਹੀ ਭੁੱਖ ਹੜਤਾਲ ਸ਼ੁਰੂ ਕੀਤੀ ਜੋ ਲਗਾਤਾਰ ਤਿਹਾੜ ਜੇਲ੍ਹ ਵਿਚ ਜਾਰੀ ਰਹੀ।

ਸੰਤ ਲੌਂਗੋਵਾਲ 27 ਸਾਲਾਂ ਦੀ ਛੋਟੀ ਉਮਰ ਵਿਚ ਹੀ ਹੰਢੇ ਹੋਏ ਸਿਆਸੀ ਘੁਲਾਟੀਏ ਹੋ ਨਿੱਬੜੇ ਸਨ। ਜਦੋਂ 1959 ਵਿਚ ਕਮਿਊਨਿਸਟ ਪਾਰਟੀ ਨੇ ਖ਼ੁਸ਼-ਹੈਸੀਅਤੀ ਟੈਕਸ ਖ਼ਿਲਾਫ਼ ਮੋਰਚਾ ਲਾਇਆ ਤਾਂ ਸੰਗਰੂਰ ਜ਼ਿਲ੍ਹੇ ਦੇ ਕਮਿਊਨਿਸਟ ਆਗੂ ਪੰਡਤ ਵਿਦਿਆ ਦੇਵ, ਪੰਡਤ ਭਾਵਾ ਰਾਮ ਤੇ ਹੋਰ ਕਿਸਾਨ ਨੇਤਾ ਚੱਲ ਕੇ ਸੰਤ ਜੀ ਕੋਲ ਆਏ ਤੇ ਮੋਰਚੇ ਵਿਚ ਹਿੱਸਾ ਲੈਣ ਦੀ ਬੇਨਤੀ ਕੀਤੀ। ਸੰਤ ਲੌਂਗੋਵਾਲ ਨੇ ਅਕਾਲੀ ਦਲ ਦੇ ਨੇਤਾ ਹੋਣ ਦੇ ਬਾਵਜੂਦ ਕਮਿਊਨਿਸਟ ਧਿਰ ਵੱਲੋਂ ਮੋਰਚੇ ਵਿਚ ਹਿੱਸਾ ਲੈਣ ਦੇ ਸੱਦੇ ਨੂੰ ਸਿਆਸੀ ਸੰਕੀਰਨਤਾ ਤੋਂ ਉਪਰ ਉਠਦਿਆਂ ਹੱਕੀ ਮੰਗਾਂ ਦੇ ਸਵਾਲ ਨੂੰ ਪ੍ਰਮੁੱਖ ਰੱਖਦਿਆਂ ਪ੍ਰਵਾਨ ਕੀਤਾ। ਸੰਤ ਲੌਂਗੋਵਾਲ



ਦੇ ਜੀਵਨੀਕਾਰ ਹਰਬੀਰ ਸਿੰਘ ਭੰਵਰ ਅਨੁਸਾਰ ਜਦੋਂ ਸੰਤ ਜੀ 500 ਸਿੰਘਾਂ ਦਾ ਜਥਾ ਲੈ ਕੇ ਸੰਗਰੂਰ ਕਚਹਿਰੀਆਂ ਵਿਚ ਗ੍ਰਿਫ਼ਤਾਰੀ ਦੇਣ ਆਏ, ਗ੍ਰਿਫ਼ਤਾਰ ਹੋਏ ਤੇ ਸ਼ਾਮ ਨੂੰ ਲੱਡਾ ਪਿੰਡ ਨੇੜੇ ਛੱਡ ਦਿੱਤੇ ਗਏ। ਅਗਲੇ ਦਿਨ ਫਿਰ ਗ੍ਰਿਫ਼ਤਾਰੀ ਦੇਣ ਗਏ ਤਾਂ ਐਤਕੀਂ ਦੁਰਾਡੇ ਪਿੰਡ ਕਾਂਝਲਾ ਵਿਖੇ ਛੱਡੇ ਗਏ। ਕਾਫ਼ਲਾ ਬਣਾ ਕੇ ਪਿੰਡੋ-ਪਿੰਡੀ ਹੁੰਦੇ ਫਿਰ ਹਾਜ਼ਰ ਹੋ ਗਏ ਤੇ ਇਹ ਸਿਲਸਿਲਾ ਜਾਰੀ ਰਿਹਾ। ਜਿਹੜੀ ਰਕਮ ਇਕੱਤਰ ਹੁੰਦੀ ਉਹ ਕਾਮਰੇਡ ਲੀਡਰਾਂ ਦੀ ਅਮਾਨਤ ਸਮਝ ਕੇ ਉਨ੍ਹਾਂ ਨੂੰ ਦੇ ਦਿੰਦੇ। 'ਅਕਾਲਸ਼ੇਵਿਜ਼ਮ' ਅਨੁਸਾਰ ਇਹ ਕਾਰਜ ਸਿੱਖ ਲਹਿਰ ਦੀਆਂ ਲੋਕ-ਮੁਕਤੀ ਦੀਆਂ ਰਵਾਇਤਾਂ ਦੇ ਜਮਹੂਰੀ ਦੌਰ ਵਿਚ ਸਮਾਜਵਾਦੀ ਸਿਆਸਤ ਨਾਲ ਇੱਕਜੁਟ ਹੋਣ ਦੀ ਰੌਸ਼ਨ ਮਿਸਾਲ ਹੈ।

ਵੱਡਾ ਅਫ਼ਸੋਸ ਇਸ ਗੱਲ ਦਾ ਹੈ ਕਿ ਜਦੋਂ ਧਰਮ ਯੁੱਧ ਮੋਰਚੇ ਦੌਰਾਨ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਪੈਰੋਕਾਰ ਸੰਤ ਲੌਂਗੋਵਾਲ ਦਾ ਵਿਰੋਧ ਕਰ ਰਹੇ ਸਨ, ਉਸੇ ਵਕਤ ਪੰਜਾਬ ਦੀਆਂ ਖੱਬੇ-ਪੱਖੀ ਪਾਰਟੀਆਂ ਤੇ ਗਰੁੱਪ ਵੀ ਸੰਤ ਲੌਂਗੋਵਾਲ ਦੀ ਅਗਵਾਈ ਵਿਚ ਪੰਜਾਬ ਦੀਆਂ ਹੱਕੀ ਮੰਗਾਂ 'ਤੇ ਜਾਰੀ ਸ਼ਾਂਤਮਈ, ਜਮਹੂਰੀ ਮੋਰਚੇ ਨੂੰ ਲਗਾਤਾਰ 'ਫ਼ਿਰਕੂ-ਫ਼ਿਰਕੂ' ਕਹਿ ਰਹੇ ਸਨ। ਇਕ ਪਾਸੇ, ਚੱਲਦੇ ਮੋਰਚੇ ਵਿਚ ਸਿੱਖ ਲਹਿਰ ਦੀ 'ਸਾਂਝੀਵਾਲਤਾ' ਬਨਾਮ 'ਸੰਪਰਦਾਈ' ਵਿਆਖਿਆ ਵਿਚ ਠਣੀ ਹੋਈ ਸੀ ਤੇ ਦੂਜੇ ਪਾਸੇ, ਕੇਂਦਰ ਸਰਕਾਰ ਦੀਆਂ ਪ੍ਰਸ਼ਾਸਕੀ ਅਤੇ ਵਿਚਾਰਧਾਰਕ ਧਿਰਾਂ ਪੰਜਾਬ ਦੀ ਬਲੀ ਦੇ ਕੇ ਭਾਰਤ ਜਿੱਤਣ ਦੀ ਤਿਆਰੀ ਵਿਚ ਸਨ। ਪੰਜਾਬ ਲਈ ਸਾਂਝਾ ਸਵਾਲ ਸੀ ਕਿ ਇਸ ਦੂਹਰੀ ਵੰਗਾਰ ਨਾਲ ਭਿੜਦਿਆਂ ਢੁਕਵੀਂ ਅਗਵਾਈ ਕਿਵੇਂ ਬਣੇ?

ਇਸ ਮਹੱਤਵਪੂਰਨ ਸਵਾਲ ਨੂੰ ਲਾਂਭੇ ਕਰਦਿਆਂ, ਧਰਮ ਯੁੱਧ ਮੋਰਚੇ ਵਿਚ ਉਤਸ਼ਾਹੀ ਸ਼ਮੂਲੀਅਤ ਕਰ ਰਹੀ ਪੰਜਾਬੀ ਜਨਤਾ ਨੂੰ ਸਿਰਫ਼ ਅਕਾਲੀ ਦਲ ਦੀ ਧਿਰਬਾਜ਼ੀ ਤੱਕ ਘਟਾਅ ਦੇਣਾ ਖੱਬੇ-ਪੱਖ ਅਤੇ ਜਮਹੂਰੀ ਧਿਰਾਂ ਦੀ ਇਤਿਹਾਸਕ ਭੁੱਲ ਸੀ। ਆਪਸ ਵਿਚ ਦੋ ਧੁਰਿਆਂ 'ਤੇ ਖੜ੍ਹੇ ਦੋਵੇਂ ਸੰਤਾਂ ਨੂੰ ਖੱਬੇ-ਪੱਖੀ ਇਕੋ ਖਾਨੇ ਵਿਚ ਰੱਖ ਰਹੇ ਸਨ। ਸੰਤ ਲੌਂਗੋਵਾਲ ਦੀ ਸਿਆਸੀ ਹਸਤੀ ਨੂੰ ਮਿਟੀ ਕਰ ਦੇਣ ਲਈ ਮੌਕਾਪ੍ਰਸਤ ਅਕਾਲੀ ਅਤੇ ਗਰਮ ਦਲੀ ਧਿਰਾਂ ਦੀ ਆਪਸੀ ਜੁਗਲਬੰਦੀ ਦਾ ਮੰਚਨ ਚੱਲ ਰਿਹਾ ਸੀ। ਜਮਹੂਰੀ ਧਿਰਾਂ, ਬੁੱਧੀਜੀਵੀਆਂ ਅਤੇ ਖੱਬੇ-ਪੱਖੀ ਧਿਰਾਂ ਨੂੰ ਸੰਤ ਲੌਂਗੋਵਾਲ ਦਾ ਸਾਥ ਦੇਣਾ ਚਾਹੀਦਾ ਸੀ ਤਾਂ ਕਿ ਹਿੰਸਾ ਦਾ ਸੱਭਿਆਚਾਰ ਹਰਾਇਆ ਜਾ ਸਕਦਾ ਤੇ ਮੋਰਚਾ ਸਾਰੇ ਪੰਜਾਬੀਆਂ ਦੀ ਹੋਰ ਬਿਹਤਰ ਨੁਮਾਇੰਦਗੀ ਕਰ ਸਕਦਾ। ਜਮਹੂਰੀ ਧਿਰਾਂ ਨੇ ਇਸ ਅੰਦੋਲਨ ਵੱਲ ਆਪਣੀ ਵਿਰੋਧਤਾਈ ਜਾਂ ਦੂਰੀ ਨੂੰ ਲਗਾਤਾਰ ਸਾਣ 'ਤੇ ਲਾ ਕੇ ਰੱਖਿਆ। ਇਹ ਸਿਆਸੀ ਨਿਆਣਪੁਣੇ ਦੀ ਸਿਖਰ ਸੀ। ਇਕ ਮਿਹਰ ਚੰਦ ਭਾਰਦਵਾਜ ਤੋਂ ਬਿਨਾਂ, ਪੰਜਾਬ ਦੀ ਜਮਹੂਰੀ ਧਿਰ ਅਤੇ ਬੁੱਧੀਜੀਵੀਆਂ ਦੀ ਕਾਰਗੁਜ਼ਾਰੀ ਵੀ ਸੰਤ ਲੌਂਗੋਵਾਲ ਦੀ ਇਤਿਹਾਸਕ ਭੂਮਿਕਾ ਨਾਲ ਇਨਸਾਫ਼ ਨਹੀਂ ਕਰ ਸਕੀ। ਇਤਿਹਾਸ ਸਾਖੀ ਹੈ ਕਿ ਰਾਜਨੀਤਕ ਮੁਹਾਜ਼ 'ਤੇ ਵਲ੍ਹੇਟੀਆਂ ਗਈਆਂ ਇਹ ਖੱਬੇ-ਪੱਖੀ ਧਿਰਾਂ ਹੁਣ ਸਿਰਫ਼ ਆਰਥਿਕਵਾਦ ਦੇ ਆਸਰੇ ਕਿਸਾਨੀ ਮੁਹਾਜ਼ 'ਤੇ ਹੀ ਕਾਇਮ ਹਨ।

ਪੰਜਾਬ ਦੀ ਖੇਤਰੀ ਸਿਆਸਤ ਦੇ ਪੁਨਰ-ਨਿਰਮਾਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਾਂਤਮਈ ਲੋਕ-ਲਹਿਰ ਦੇ ਹਥਿਆਰ ਨਾਲ ਪੰਜਾਬ-ਸਰੋਕਾਰ ਦਾ ਬੇੜਾ ਬੰਨ੍ਹਣ ਦੀ ਬੇਲਾ ਸਾਡੇ ਸਿਰ 'ਤੇ ਖੜ੍ਹੀ ਹੈ। ਕਿਸਾਨ ਅੰਦੋਲਨ ਦਾ ਤਰੀਕਾਕਾਰ, ਅਕਾਲੀ ਲਹਿਰਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਪਰਵਾਨ ਚੜ੍ਹਿਆ। ਇਸ ਸਾਂਝੇ ਅੰਦੋਲਨ ਨੂੰ ਚਲਾਉਣ ਵਾਲੇ 'ਨਰਮ ਦਲ' ਨੂੰ 'ਗਰਮ ਦਲੀਏ' ਅਨਸਰਾਂ ਨੇ ਸਿਰਫ਼ ਸਿੱਖਾਂ ਦੇ ਹੱਕ ਲੈਣ ਵਾਲਾ ਅੰਦੋਲਨ ਬਣਾਉਣਾ ਚਾਹਿਆ। ਧਰਮ ਯੁੱਧ ਮੋਰਚੇ ਵੇਲੇ ਸੰਤ ਲੌਂਗੋਵਾਲ ਦੀ ਹਮਾਇਤ ਵਿਚ ਨਾ ਆਉਣ ਦੇ ਸਿੱਟੇ ਭੁਗਤਣ ਤੋਂ ਸਬਕ ਸਿੱਖਦਿਆਂ, ਕਿਸਾਨ ਅੰਦੋਲਨ ਨੂੰ ਅਗਵਾ ਕਰ ਲੈਣ ਦੀ 'ਗਰਮ ਦਲੀ' ਬਿਸਾਤ ਦੇ ਖ਼ਿਲਾਫ਼ ਸਾਰੇ ਸੁਝਵਾਨ ਇਕੱਠੇ ਹੋ ਕੇ ਬੋਲੇ, ਇੱਕਜੁਟ ਅਗਵਾਈ ਨੇ ਇਨ੍ਹਾਂ ਅਨਸਰਾਂ ਨੂੰ ਅੰਦੋਲਨ ਦੀ ਮੁੱਖਧਾਰਾ ਤੋਂ ਸਫ਼ਲਤਾ ਸਹਿਤ ਨਿਖੇੜ ਦਿੱਤਾ। ਕਿਸਾਨ ਅੰਦੋਲਨ ਨੇ ਸਿੱਖੀ ਦੀ ਸਾਂਝੀਵਾਲਤਾ ਵਾਲੀ ਲੀਹ ਨਾਲ ਸੰਘਰਸ਼ ਵਿੱਢਿਆ ਤੇ ਸਾਰੇ ਪੰਜਾਬ ਦਾ ਸਿਰ ਉਚਾ ਕੀਤਾ। ਕਹਿਣਾ ਬਣਦਾ ਹੈ ਕਿ 'ਅਕਾਲਸ਼ੇਵਿਜ਼ਮ' ਦੇ ਤਰੀਕਾਕਾਰ ਨਾਲ ਫਿਰ ਤੋਂ ਪੰਜਾਬ ਨੂੰ ਰੌਸ਼ਨੀ ਮਿਲੀ।

ਧਰਮ ਯੁੱਧ ਮੋਰਚੇ ਵਿਚ ਹਿੰਦੂ, ਮੁਸਲਮਾਨ, ਇਸਾਈ ਤੇ ਸਿੱਖਾਂ ਦੀ ਸਾਂਝੀ ਸ਼ਮੂਲੀਅਤ ਨੂੰ ਪੰਜਾਬ ਦੇ ਸਾਂਝੇ ਸੰਘਰਸ਼ ਵਜੋਂ ਵੇਖਣ ਵਾਲੇ ਸੰਤ ਲੌਂਗੋਵਾਲ, ਬੁੱਧੀਜੀਵੀਆਂ ਦੀ ਬੈਠਕ ਵਿਚ 9 ਜਨਵਰੀ 1983 ਨੂੰ ਕਹਿੰਦੇ ਹਨ, ''ਪੰਜਾਬ ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈਆਂ ਦੀ ਸਰਬ-ਸਾਂਝੀ ਧਰਤੀ ਹੈ। ਇਸ ਦੀ ਮਾਖਿਉਂ ਮਿੱਠੀ ਬੋਲੀ, ਲਹੂ-ਭਿੱਜਿਆ ਇਤਿਹਾਸ, ਨਰੋਈ ਸੱਭਿਅਤਾ ਅਤੇ ਗੌਰਵਮਈ ਪ੍ਰੰਪਰਾਵਾਂ ਸਾਡੇ ਸਭ ਦਾ ਸਾਂਝਾ ਵਿਰਸਾ ਹਨ। ਇੱਥੋਂ ਦੇ ਮਹਾਨ ਗੁਰੂ ਸਾਹਿਬਾਨ, ਰਿਸ਼ੀ, ਮੁਨੀ, ਪੀਰ, ਫ਼ਕੀਰ, ਮੇਲੇ-ਤਿਉਹਾਰ ਤੇ ਲੋਕ-ਗਾਥਾਵਾਂ ਦੇ ਨਾਇਕ-ਨਾਇਕਾਵਾਂ ਸਭ ਦੇ ਸਾਂਝੇ ਹਨ। ... ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਵਾਰਿਸ ਸ਼ਾਹ, ਸ਼ਾਹ ਮੁਹੰਮਦ, ਧਨੀ ਰਾਮ ਚਾਤ੍ਰਿਕ, ਕਿਰਪਾ ਸਾਗਰ, ਸੁੰਦਰ ਦਾਸ ਆਸੀ, ਨੰਦ ਲਾਲ ਨੂਰਪੁਰੀ, ਈਸ਼ਵਰ ਚੰਦਰ ਨੰਦਾ ਤੇ ਰੁਚੀ ਰਾਮ ਸਾਹਨੀ ਵਰਗੇ 'ਪੰਜਾਬੀ ਸਪੁੱਤਰਾਂ' ਨੇ ਆਪਣੀ ਪਿਆਰੀ ਮਾਂ 'ਪੰਜਾਬੀ' ਤੋਂ ਰੱਜ ਰੱਜ ਲੋਰੀਆਂ ਲਈਆਂ ਅਤੇ ਇਸ ਦੇ ਖ਼ਜ਼ਾਨੇ ਦੀ ਅਮੀਰੀ ਲਈ 'ਸੁਲੱਗ ਪੁੱਤਰਾਂ' ਵਾਂਗ ਮਹਾਨ ਸੇਵਾ ਕੀਤੀ।''

ਸੰਤ ਲੌਂਗੋਵਾਲ ਦੀ ਪੰਜਾਬ-ਸਰੋਕਾਰ ਨੂੰ ਸਾਂਝਾ ਰਾਜਨੀਤਕ ਏਜੰਡਾ ਬਣਾਉਣ ਦੀ ਲਗਨ; ਪੰਜਾਬੀਆਂ ਦੀਆਂ ਕਮਾਈਆਂ ਹੋਈਆਂ ਸਿਆਸੀ ਰਵਾਇਤਾਂ 'ਤੇ ਉਸਰੀ ਸਾਂਝੀ ਜਥੇਬੰਦੀ; ਜੁਝਾਰੂ ਅਮਲ ਵਿਚ ਆਪਸੀ ਏਕਤਾ ਅਤੇ ਇਤਫ਼ਾਕ ਨੂੰ ਹਰ ਹੀਲੇ ਬਣਾ ਕੇ ਰੱਖਣ ਦੀ ਯੋਗਤਾ; ਸ਼ਾਂਤਮਈ ਲੋਕ ਅੰਦੋਲਨ ਉਸਾਰਨੇ ਅਤੇ ਦੂਸਰੇ ਖ਼ਿੱਤਿਆਂ ਦੇ ਲੋਕਾਂ ਨਾਲ ਜੁੜਦਿਆਂ ਸਾਂਝੇ ਸੰਘਰਸ਼ ਵਿੱਢਣੇ - ਸਾਡੇ ਲਈ ਜ਼ਰੂਰ ਸਬਕ ਹਨ।

ਪੰਜਾਬੀਆਂ ਨੇ ਇਨ੍ਹਾਂ ਦਿਨਾਂ ਵਿਚ ਕਿਸਾਨ ਅੰਦੋਲਨ ਦੀ ਊਰਜਾ ਨਾਲ ਹੜ੍ਹਾਂ ਨਾਲ ਜੂਝਦਿਆਂ ਨਵੇਂ ਰਾਹ ਘੜ੍ਹੇ ਹਨ ਅਤੇ ਆਪਸੀ ਏਕਤਾ ਦੇ ਨਰੋਏ ਪੂਰਨੇ ਪਾਏ ਹਨ। ਪਿੰਡੋ-ਪਿੰਡੀ ਬਣ ਰਹੀਆਂ ਨਸ਼ਾ-ਵਿਰੋਧੀ ਕਮੇਟੀਆਂ ਨਾਲ ਪੰਜਾਬੀਆਂ ਨੇ ਆਪਣੀ ਅਸੀਮ ਜਥੇਬੰਦਕ ਸਮਰੱਥਾ ਦਾ ਵਖਾਲਾ ਦਿੱਤਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨਿਸ਼ਚਿੰਤ ਰਹਿਣ, ਪੰਜਾਬੀਆਂ ਨੇ ਧਰਮ ਯੁੱਧ ਮੋਰਚੇ ਦੀ ਤੁਹਾਡੇ ਵੱਲੋਂ ਦਿੱਤੀ ਅਗਵਾਈ ਨੂੰ ਆਪਣੇ ਢੰਗ ਨਾਲ ਸਨਮਾਨਿਆ ਹੈ। ਸ਼ਾਇਦ ਬਹੁਤਿਆਂ ਨੂੰ ਤੁਹਾਡਾ ਨਾਂ ਪਤਾ ਵਿਸਰ ਗਿਆ ਹੋਵੇ, ਪਰ ਤੁਹਾਡੀ ਲੋਅ ਸਾਡੇ ਅੰਗ-ਸੰਗ ਹੈ! ਬਾਬਾ ਵਾਰਿਸ ਸ਼ਾਹ ਜਿਵੇਂ ਸੰਤ ਲੌਂਗੋਵਾਲ ਬਾਰੇ ਕਹਿੰਦੇ ਹੋਣ: 'ਏਥੇ ਥਾਉਂ ਨਹੀਂ ਅੜਬੰਗਿਆਂ ਦਾ, ਫੱਕਰ ਕੰਮ ਹੈ ਸਿਰਾਂ ਥੋਂ ਲੰਘਿਆਂ ਦਾ'।

(ਸਮਾਪਤ)

## ਪੰਜਾਬ ਦਾ ਭਵਿੱਖ

(ਪਿਛਲੇ ਸਫੇ ਦਾ ਬਾਕੀ)

ਤਰੀਕੇ ਅਤੇ ਰੰਗ-ਢੰਗ, ਪਰਿਵਾਰ ਦੀ ਮਹੱਤਤਾ, ਛੋਟੇ ਪਰਿਵਾਰ ਦੇ ਗੁਣ, ਨਵੇਂ ਬਿਜ਼ਨਸ ਖੋਲ੍ਹਣ ਅਤੇ ਚਲਾਉਣ ਦੀ ਸਿੱਖਿਆ, ਨਵੀਂ ਤਕਨਾਲੋਜੀ ਅਤੇ ਮਕੈਨੀਕਲ ਸਿੱਖਿਆ ਆਦਿ ਸਕੂਲਾਂ ਵਿਚ ਪੜ੍ਹਾਏ ਜਾਣੇ ਚਾਹੀਦੇ ਹਨ। ਇਹੋ ਜਿਹੇ ਮਜ਼ਮੂਨਾਂ ਦੀ ਜ਼ਿਆਦਾ ਡੂੰਘਾਈ ਵਾਲੀ ਸਿੱਖਿਆ ਕਾਲਜਾਂ ਵਿਚ ਦਿੱਤੀ ਜਾਣੀ ਚਾਹੀਦੀ ਹੈ। ਬਦਕਿਸਮਤੀ ਨਾਲ ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਜ਼ਿਆਦਾ ਸੌਖੇ ਮਜ਼ਮੂਨ ਪੜ੍ਹਾਉਣ 'ਤੇ ਹੀ ਜ਼ੋਰ ਦਿੰਦੇ ਹਨ ਪਰ ਪ੍ਰੈਕਟੀਕਲ ਸਿੱਖਿਆ ਵਾਲੇ ਮਜ਼ਮੂਨ ਘੱਟ ਪੜ੍ਹਾਉਂਦੇ ਹਨ ਜਾਂ ਪੜ੍ਹਾਉਂਦੇ ਹੀ ਨਹੀਂ। ਆਰਟਸ ਕਾਲਜ ਖੋਲ੍ਹਣ ਦੀ ਬਜਾਏ ਪਾਲੀਟੈਕਨਿਕ ਕਾਲਜ ਖੋਲ੍ਹਣ ਦੀ ਲੋੜ ਹੈ। ਪਿਛਲੇ 30-35 ਸਾਲਾਂ ਵਿਚ ਬਹੁਤ ਸਾਰੇ ਪ੍ਰਾਈਵੇਟ ਕਾਲਜ ਖੋਲ੍ਹੇ ਗਏ ਸਨ। ਹੋ ਸਕਦਾ ਇਹ ਸਾਰੇ ਲਵਲੀ ਯੂਨੀਵਰਸਿਟੀ ਦੀ ਸਫਲਤਾ ਤੋਂ ਪ੍ਰਭਾਵਿਤ ਹੋ ਕੇ ਹੀ ਖੋਲ੍ਹੇ ਗਏ ਹੋਣ। ਇਹ ਕਾਲਜ ਥੋੜ੍ਹੇ ਸਾਲਾਂ ਵਿਚ ਇਵੇਂ ਖੁੱਲ੍ਹੇ ਸਨ ਜਿਵੇਂ ਬਰਸਾਤ ਵਿਚ ਖੁੰਬਾਂ ਉਗਦੀਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਕਾਲਜ ਤਾਂ ਹੁਣ ਬੰਦ ਵੀ ਹੋ ਗਏ ਹਨ। ਬਹੁਤ ਸਾਰੇ ਪ੍ਰਾਈਵੇਟ ਆਰਟਸ ਕਾਲਜਾਂ ਦੀ ਹਾਲਤ ਪਾਣੀ ਤੋਂ ਵੀ ਪਤਲੀ ਹੋ ਗਈ ਹੈ। ਇਸ ਦਾ ਪਹਿਲਾ ਕਾਰਨ ਹੈ ਕਿ ਵਿਦਿਆਰਥੀਆਂ ਦੀ ਗਿਣਤੀ ਘਟ ਗਈ ਹੈ ਜਾਂ ਬਹੁਤੇ ਨੌਜਵਾਨ ਲੜਕੇ-ਲੜਕੀਆਂ ਹਾਈ ਸਕੂਲ ਤੋਂ ਅੱਗੇ ਪੜ੍ਹਨਾ ਹੀ ਨਹੀਂ ਚਾਹੁੰਦੇ। ਦੂਜਾ ਕਾਰਨ ਇਹ ਵੀ ਹੈ ਕਿ ਪੰਜਾਬ ਦੇ ਬਹੁਤੇ ਨੌਜਵਾਨ ਲੜਕੇ-ਲੜਕੀਆਂ ਪੜ੍ਹਨ ਦੀ ਬਜਾਏ ਬਾਹਰਲੇ ਮੁਲਕਾਂ ਨੂੰ ਲਗਾਤਾਰ ਹੀਲੇ-ਬਹੀਲੇ ਤੁਰੀ ਜਾ ਰਹੇ ਹਨ। ਕੁਝ ਮਹੀਨੇ ਪਹਿਲਾਂ ਮੈਂ ਇਹ ਖ਼ਬਰ ਸੁਣੀ-ਪੜ੍ਹੀ ਸੀ ਕਿ ਚੀਨ ਨੇ ਉਹ ਸਕੂਲ ਅਤੇ ਕਾਲਜ ਬੰਦ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਜਿਹੜੇ ਮੁਨਾਫੇ ਲਈ ਖੋਲ੍ਹੇ ਗਏ ਸਨ। ਜਾਣੀ ਕਿ ਚੀਨ ਦਾ ਕਹਿਣਾ ਹੈ ਕਿ ਸਕੂਲ ਅਤੇ ਕਾਲਜ ਮੁਨਾਫਾ ਕਮਾਉਣ ਲਈ ਨਹੀਂ ਖੋਲ੍ਹੇ ਜਾਣੇ ਚਾਹੀਦੇ। ਇਹ ਗੱਲ ਬਿਲਕੁਲ ਠੀਕ ਹੈ। ਸਕੂਲ ਅਤੇ ਕਾਲਜ ਤਾਂ ਨੌਨ-ਪਰੌਫਿਟ ਸੰਸਥਾਵਾਂ ਹੋਣੀਆਂ ਚਾਹੀਦੀਆਂ ਹਨ।

ਜੇ ਆਜ਼ਾਦੀ ਤੋਂ ਬਾਅਦ ਦੇ ਸ਼ੁਰੂ ਦੇ ਕੁਝ ਸਾਲਾਂ ਦੀ ਹਿੰਦੁਸਤਾਨ ਦੀ ਲੀਡਰਸ਼ਿਪ ਵੱਲ ਦੇਖੀਏ ਤਾਂ ਪ੍ਰਧਾਨ ਮੰਤਰੀ ਨਹਿਰੂ ਬਹੁਤ ਸਿਆਣਾ ਅਤੇ ਵਿਦਵਾਨ ਇਨਸਾਨ ਸੀ, ਪਰ ਲੀਡਰ ਦੇ ਤੌਰ 'ਤੇ ਉਹ ਹਿੰਦੁਸਤਾਨ ਦੇ ਭਵਿੱਖ ਨੂੰ ਪੂਰੀ ਤਰ੍ਹਾਂ ਨਹੀਂ ਸੀ ਸਮਝ ਸਕਿਆ। ਉਸ ਨੇ ਜਾਂ ਸੋਚਿਆ ਹੀ ਨਹੀਂ ਸੀ ਜਾਂ ਇਸ ਪਾਸੇ ਧਿਆਨ ਹੀ ਨਹੀਂ ਸੀ ਦਿੱਤਾ ਕਿ ਹਿੰਦੁਸਤਾਨ ਦੀ ਜਨਸੰਖਿਆ ਇੰਨੀ ਤੇਜ਼ੀ ਨਾਲ ਵਧ ਕੇ ਇੱਥੇ ਤੱਕ ਪਹੁੰਚ ਜਾਵੇਗੀ ਜਿੱਥੇ ਇਹ ਅੱਜ ਹੈ। ਨਹਿਰੂ ਦੇ ਵੇਲੇ ਹੀ ਪੰਜ-ਸਾਲਾ ਯੋਜਨਾਵਾਂ ਬਣਾਈਆਂ ਗਈਆਂ ਸਨ ਪਰ ਇਨ੍ਹਾਂ ਨੇ ਮੁਲਕ ਦਾ ਕੋਈ ਖਾਸ ਫਾਇਦਾ ਨਹੀਂ ਕੀਤਾ। ਨਹਿਰੂ ਨੇ ਅਮਰੀਕਾ ਨਾਲ ਘੱਟ ਅਤੇ ਸੋਵੀਅਤ ਯੂਨੀਅਨ (ਪੁਰਾਣੇ ਰੂਸ) ਨਾਲ ਜ਼ਿਆਦਾ ਗੱਠ-ਜੋੜ ਕੀਤਾ ਸੀ ਜਿਹੜਾ ਕਿ ਬਹੁਤਾ ਲਾਹੇਵੰਦ ਸਾਬਤ ਨਹੀਂ ਹੋਇਆ। ਨਹਿਰੂ ਦਾ ਸੋਸ਼ਲਿਸਟਿਕ ਪੈਟਰਨ ਆਫ਼ ਸੋਸਾਇਟੀ ਦਾ ਸਲੋਗਨ ਗਲਤ ਸਾਬਤ ਹੋਇਆ। ਵੱਡੇ-ਵੱਡੇ ਕਾਰਖਾਨੇ (ਜਿਵੇਂ ਦੋ ਸਟੀਲ ਪਲਾਂਟ) ਸਰਕਾਰੀ ਖੇਤਰ ਵਿਚ ਲਗਾਏ ਗਏ ਸਨ ਜੋ ਕਰੋੜਾਂ-ਅਰਬਾਂ ਦਾ ਘਾਟਾ ਖਾ ਕੇ ਫ਼ੇਲ੍ਹ ਹੋ ਗਏ ਸਨ। ਹੋਰ ਪਤਾ ਨਹੀਂ ਕਿੰਨੇ ਕੁ ਕਾਰਖਾਨੇ ਸਰਕਾਰੀ ਖੇਤਰ ਵਿਚ ਲਾਏ ਗਏ ਫ਼ੇਲ੍ਹ ਹੋਏ ਸਨ। ਸੋਸ਼ਲਿਜ਼ਮ ਅਤੇ ਕਮਿਊਨਿਜ਼ਮ ਲਗਭਗ ਸਾਰੀ ਦੁਨੀਆ ਵਿਚੋਂ ਹੀ ਖ਼ਤਮ ਹੋ ਗਏ ਹਨ। ਪੂੰਜੀਵਾਦ ਹੀ ਅਸਲ ਵਿਚ ਤਰੱਕੀ ਦਾ ਢੰਗ ਹੈ। ਪਰ ਪੂੰਜੀਵਾਦ ਨੂੰ ਵੀ ਖੁੱਲ੍ਹਾ ਨਹੀਂ ਛੱਡਣਾ ਚਾਹੀਦਾ। ਇਸ ਦੇ ਵੀ ਕੁਝ ਨਕੇਲ ਪਾ ਕੇ ਰੱਖਣੀ ਚਾਹੀਦੀ ਹੈ। ਅਮੀਰ-ਗਰੀਬ ਦੇ ਪਾੜੇ ਨੂੰ ਘਟਾਉਣ ਦੇ ਢੰਗ ਅਪਣਾਏ ਜਾਣੇ ਚਾਹੀਦੇ ਹਨ। ਸਰਕਾਰੀ ਅਦਾਰਿਆਂ ਵਿਚ ਲੋਕ ਕੰਮ ਕਰ ਕੇ ਰਾਜ਼ੀ ਨਹੀਂ ਹੁੰਦੇ। ਪ੍ਰਾਈਵੇਟ ਅਦਾਰਿਆਂ ਵਿਚ ਲੋਕ ਜ਼ਿਆਦਾ ਕੰਮ ਕਰਦੇ ਹਨ। ਰੇਲਵੇ, ਜਹਾਜ਼, ਕਾਰਾਂ, ਬੱਸਾਂ, ਟਰੱਕ, ਬਿਜਲੀ, ਕੈਮਰਾ, ਰੇਡੀਓ, ਟੈਲੀਫ਼ੋਨ, ਟੈਲੀਵਿਜ਼ਨ, ਇੰਟਰਨੈਟ, ਕੰਪਿਊਟਰ, ਆਦਿ ਸਭ ਪੂੰਜੀਵਾਦੀ ਦੇਸ਼ਾਂ ਵਿਚ ਹੀ ਖੋਜੇ ਗਏ ਸਨ, ਸੋਸ਼ਲਿਸਟ ਜਾਂ ਕਮਿਊਨਿਸਟ ਮੁਲਕਾਂ ਵਿਚ ਨਹੀਂ ਖੋਜੇ ਗਏ। ਤਕਨਾਲੋਜੀ ਦੇ ਪੱਖ ਤੋਂ ਜਿੱਥੇ ਅਸੀਂ ਅੱਜ ਪਹੁੰਚੇ ਹਾਂ, ਇਹ ਸਭ ਪੂੰਜੀਵਾਦ ਸਮਾਜ ਦੀ ਦੇਣ ਹੈ।

ਅਖੀਰ 'ਤੇ ਮੈਂ ਕਹਾਂਗਾ ਕਿ ਪੰਜਾਬ ਵਿਚ ਵਾਤਾਵਰਨ (climate) ਦੀ ਹਾਲਤ ਇੰਨੀ ਵਿਗੜ ਗਈ ਹੈ ਕਿ ਇਸ ਨੂੰ ਬਹੁਤੀ ਜਲਦੀ ਸੁਧਾਰਿਆ ਨਹੀਂ ਜਾ ਸਕਦਾ। ਫ਼ਸਲਾਂ 'ਤੇ ਵਰਤੀਆਂ ਜਾ ਰਹੀਆਂ ਅਨੇਕਾਂ ਬਹੁਤ ਹੀ ਹਾਨੀਕਾਰਕ ਦੁਆਈਆਂ, ਖਾਦਾਂ, ਆਦਿ ਨੇ ਭੋਜਨ ਨੂੰ ਤਾਂ ਜ਼ਹਿਰੀ ਬਣਾਉਣਾ ਹੀ ਸੀ ਪਰ ਇਨ੍ਹਾਂ ਦਵਾਈਆਂ ਅਤੇ ਖਾਦਾਂ ਦੇ ਜ਼ਮੀਨ ਵਿਚ ਖੁਰਨ ਦੇ ਕਾਰਨ ਪਾਣੀ ਵੀ ਬਹੁਤ ਗੰਦਾ ਅਤੇ ਹਾਨੀਕਾਰਕ ਹੋ ਗਿਆ ਹੈ। ਪੰਜਾਬ ਵਿਚ ਬਹੁਤ ਸਾਰੀਆਂ ਦਵਾਈਆਂ ਅਤੇ ਖਾਦਾਂ ਜੋ ਫ਼ਸਲਾਂ ਲਈ ਵਰਤੀਆਂ ਜਾ ਰਹੀਆਂ ਹਨ ਉਹ ਉਨਤ ਮੁਲਕਾਂ ਵਿਚ ਨਹੀਂ ਵਰਤੀਆਂ ਜਾ ਸਕਦੀਆਂ ਕਿਉਂਕਿ ਉਨ੍ਹਾਂ ਮੁਲਕਾਂ ਵਿਚ ਇਨ੍ਹਾਂ ਦਵਾਈਆਂ ਅਤੇ ਖਾਦਾਂ ਨੂੰ ਵਰਤਣ 'ਤੇ ਮਨਾਹੀ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿਚ ਕੈਂਸਰ ਅਤੇ ਹੋਰ ਭਿਆਨਕ ਬਿਮਾਰੀਆਂ ਬਹੁਤ ਜ਼ਿਆਦਾ ਤਾਦਾਦ ਵਿਚ ਲੋਕਾਂ ਨੂੰ ਬਿਮਾਰ ਕਰ ਰਹੀਆਂ ਹਨ। ਪੰਜਾਬ ਵਿਚ ਜ਼ਮੀਨ ਵਿਚ ਪਾਣੀ ਦਾ ਪੱਧਰ ਬਹੁਤ ਡੂੰਘਾ ਚਲੇ ਗਿਆ ਹੈ ਅਤੇ ਇਹ ਡਰ ਹੈ ਕਿ ਕਿਸੇ ਦਿਨ ਜ਼ਮੀਨ ਵਿਚੋਂ ਪਾਣੀ ਨਿਕਲਣੋਂ ਹੀ ਬੰਦ ਨਾ ਹੋ ਜਾਵੇ ਜਾਂ ਬਹੁਤ ਘਟ ਜਾਵੇ। ਹਾਲੇ ਤੱਕ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਇਸ ਪਾਸੇ ਬਹੁਤਾ ਲੋੜੀਂਦਾ ਧਿਆਨ ਨਹੀਂ ਦਿੱਤਾ। ਇਨ੍ਹਾਂ ਗੱਲਾਂ ਵੱਲ ਬਹੁਤ ਜਲਦੀ ਅਤੇ ਬਹੁਤ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ।

ਪੰਜਾਬ ਨੂੰ ਇਸ ਲੇਖ ਵਿਚ ਬਿਆਨ ਕੀਤੀਆਂ ਮੁਸ਼ਕਲਾਂ ਵਿਚੋਂ ਕੱਢ ਕੇ ਤਰੱਕੀ ਦੇ ਰਾਹ 'ਤੇ ਤੋਰਨ ਲਈ ਵਧੀਆ ਅਤੇ ਸੁਲਝੇ ਹੋਏ ਲੀਡਰ ਦੀ ਲੋੜ ਹੈ ਜੋ ਇਨ੍ਹਾਂ ਸਮੱਸਿਆਵਾਂ ਨੂੰ ਅਤੇ ਇਨ੍ਹਾਂ ਦੇ ਹੱਲ ਨੂੰ ਸਮਝ ਸਕੇ। ਇਮਾਨਦਾਰੀ ਨਾਲ ਕੰਮ ਕਰਨ ਵਾਲੇ ਯੋਗ ਲੀਡਰ ਤੋਂ ਬਗੈਰ ਪੰਜਾਬ ਦਾ ਭਵਿੱਖ ਬਹੁਤਾ ਵਧੀਆ ਨਹੀਂ ਲਗਦਾ। ਪਰ ਯੋਗ ਲੀਡਰ ਦੇ ਨਾਲ ਨਾਲ ਪੰਜਾਬ ਦੇ ਲੋਕਾਂ ਦੇ ਵਿਚਾਰ, ਵਿਹਾਰ, ਆਦਤਾਂ, ਸੁਭਾਅ ਅਤੇ ਚਾਲ-ਚਲਨ ਵੀ ਬਦਲਣ ਅਤੇ ਸੁਧਾਰਨ ਦੀ ਲੋੜ ਹੈ।

# ਕੌੜਾ ਸੱਚ

ਇਕਬਾਲ ਸਿੰਘ ਜੱਬੋਵਾਲੀਆ
ਫੋਨ: (917) 375-6395

ਗਰੀਨ ਕਾਰਡ ਦੇ ਚੱਕਰ 'ਚ ਪ੍ਰੇਮ ਭੱਜ ਭੱਜ ਕੰਮ ਕਰਦਾ। ਦਿਨ ਵੇਖਦਾ ਨਾ ਰਾਤ ਹਰ ਵੇਲੇ ਕੰਮ 'ਚ ਰੁਝਿਆ ਰਹਿੰਦਾ। ਨੱਥਾ ਸੁੰਹ ਵੀ ਵੇਖ ਵੇਖ ਖੁਸ਼ ਹੁੰਦਾ। ਪ੍ਰੇਮ ਭਾਵੇਂ ਉਹਦਾ ਸਕਾ ਪੁੱਤ ਤਾਂ ਨਹੀਂ ਸੀ, ਦੂਰ ਦੀ ਰਿਸ਼ਤੇਦਾਰੀ ਵਿਚੋਂ ਸੀ, ਫਿਰ ਵੀ ਸਕਿਆ ਨਾਲੋਂ ਵੱਧ ਪਿਆਰ ਕਰਦਾ ਸੀ। ਕਿਉਂਕਿ ਉਹਨੂੰ ਆਪਣੇ ਬੁਢਾਪੇ ਦਾ ਸਹਾਰਾ ਮਿਲ ਗਿਆ ਸੀ।

ਨੱਥਾ ਸੁੰਹ ਨੂੰ ਅਮਰੀਕਾ ਆਏ ਤੀਹ ਕੁ ਸਾਲ ਹੋ ਗਏ ਸਨ। ਛੋਟਾ ਜਿਹਾ ਪਰਿਵਾਰ ਸੀ। ਉਹਦੀ ਘਰਵਾਲੀ ਕੇਸਰੋ ਤੇ ਇਕ ਧੀ ਬੱਬੀ। ਕਿਸੇ ਨਾ ਕਿਸੇ ਤਰ੍ਹਾਂ ਉਹ ਆਪਣੀ ਧੀ ਤੇ ਘਰਵਾਲੀ ਪਿੱਛੇ ਛੱਡ ਅਮਰੀਕਾ ਆ ਗਿਆ ਸੀ। ਕਈ ਸਾਲ ਮਿਹਨਤ ਕੀਤੀ ਤੇ ਪੱਕੇ ਪੇਪਰ ਬਣਾ ਕੇ ਬੇਟੀ ਤੇ ਘਰਵਾਲੀ ਨੂੰ ਵੀ ਸੱਦ ਲਿਆ। ਉਹਨੇ ਛੋਟਾ ਜਿਹਾ ਕਰਿਆਨੇ ਦਾ ਸਟੋਰ ਪਾ ਲਿਆ ਸੀ। ਜਿੱਥੋਂ ਉਹਦੇ ਘਰ ਦਾ ਵਧੀਆ ਗੁਜ਼ਾਰਾ ਚਲਦਾ ਸੀ। ਉਹ ਹੁਣ ਤਿੰਨ ਹੋ ਗਏ ਸਨ। ਦੋਵੇਂ ਜੀਅ ਆਉਣ ਨਾਲ ਹੌਸਲਾ ਹੋਰ ਵਧ ਗਿਆ। ਵੇਲੇ ਕੁਵੇਲੇ ਘਰਵਾਲੀ ਤੇ ਬੇਟੀ ਵੀ ਸਟੋਰ 'ਤੇ ਜਾ ਬਹਿੰਦੀਆਂ ਤੇ ਜਾ ਕੇ ਹੱਥ ਵਟਾਉਂਦੀਆਂ। ਬੇਟੀ ਜੁਆਨ ਹੋਈ ਤਾਂ ਨਾਲ ਦੇ ਸ਼ਹਿਰ ਮੁੰਡਾ ਲੱਭ ਕੇ ਧੀ ਦੇ ਹੱਥ ਪੀਲੇ ਕਰ ਦਿੱਤੇ। ਰਿਸ਼ਤੇਦਾਰ ਵੀ ਚੰਗੇ ਤੇ ਸਾਊ ਮਿਲੇ। ਧੀ-ਜੁਆਈ ਦੋ-ਚੌਹ ਮਹੀਨਿਆਂ ਬਾਅਦ ਆਉਂਦੇ ਤੇ ਮਿਲ ਕੇ ਚਲੇ ਜਾਂਦੇ। ਹੁਣ ਕੇਸਰੋ ਦੁਕਾਨ 'ਤੇ ਜਾ ਬਹਿੰਦੀ। ਆਲੇ-ਦੁਆਲੇ ਵਾਹਵਾ ਪੰਜਾਬੀ ਪਰਿਵਾਰ ਰਹਿੰਦੇ ਹੋਣ ਕਰਕੇ ਦੁਕਾਨ ਚੰਗੀ ਚਲਦੀ ਸੀ।

ਨੱਥਾ ਸੁੰਹ ਹੁਣ ਬੁਢਾਪੇ ਵੱਲ ਜਾ ਰਿਹਾ ਸੀ। ਬੈਠਾ ਬੈਠਾ ਇਕ ਦਿਨ ਘਰਵਾਲੀ ਕੇਸਰੋ ਨੂੰ ਕਹਿਣ ਲੱਗਾ, "ਭਲੀਏ ਲੋਕੇ, ਹੁਣ ਆਪਾਂ ਨੂੰ ਸਹਾਰੇ ਦੀ ਜ਼ਰੂਰਤ ਹੈ। ਕੁੜੀ ਆਪਣੇ ਘਰ ਚਲੀ ਗਈ ਹੈ। ਆਪਾਂ ਦੋਵੇਂ 'ਕੱਲੇ ਰਹਿ ਗਏ ਹਾਂ। ਕਿਉਂ ਨਾ ਆਪਾਂ ਫਲਾਣੇ ਰਿਸ਼ਤੇਦਾਰ ਦਾ ਮੁੰਡਾ ਕੋਲ ਸੱਦ ਲਈਏ। ਨਾਲੇ ਉਨ੍ਹਾਂ ਦੀ ਗਰੀਬੀ ਚੁੱਕੀ ਜਾਵੇਗੀ ਨਾਲੇ ਕਿਸੇ ਗਰੀਬ ਦਾ ਭਲਾ ਹੋ ਜੂ।" ਗੱਲ ਕੇਸਰੋ ਨੂੰ ਵੀ ਜੱਚ ਗਈ। ਕਿਸੇ ਵਕੀਲ ਨਾਲ ਸਲਾਹ ਕਰ ਕੇ ਪੇਪਰ ਬਣਾ ਕੇ ਭੇਜ ਦਿੱਤੇ ਗਏ। ਕੁਝ ਮਹੀਨਿਆਂ ਬਾਅਦ ਪੇਪਰ ਨਿਕਲ ਆਏ। ਬਾਹਰ ਦੇ ਚੱਕਰ 'ਚ ਪ੍ਰੇਮ ਹਵਾ 'ਚ ਉਡਿਆ ਫਿਰਨ ਲੱਗਾ। ਗਰੀਬ ਹੋਣ ਕਰਕੇ ਉਹਦੀ ਟਿਕਟ ਵਗੈਰਾ ਦਾ ਪ੍ਰਬੰਧ ਵੀ ਕਰ ਦਿੱਤਾ। ਦਿੱਲੀ ਏਅਰ-ਪੋਰਟ 'ਤੇ ਪ੍ਰੇਮ ਦੇ ਘਰਦੇ ਚਾਈਂ ਚਾਈਂ ਚੜ੍ਹਾ ਗਏ।

ਲਓ ਜੀ, ਪ੍ਰੇਮ ਦਾ ਜਹਾਜ਼ ਅਮਰੀਕਾ ਦੀ ਧਰਤੀ 'ਤੇ ਜਾ ਉਤਰਿਆ। ਨੱਥਾ ਸੁੰਹ ਤੇ ਕੇਸਰੋ ਕਿਸੇ ਜਾਣਕਾਰ ਪੰਜਾਬੀ ਮੁੰਡੇ ਨੂੰ ਨਾਲ ਲੈ ਪ੍ਰੇਮ ਨੂੰ ਏਅਰ-ਪੋਰਟ 'ਤੇ ਲੈਣ ਜਾ ਪਹੁੰਚੇ। ਘਰ ਦੀਆਂ ਤੰਗੀਆਂ ਤੁਰਸ਼ੀਆਂ ਤੇ ਗਰੀਬੀ ਨਾਲ ਘੁਲਦੇ ਪ੍ਰੇਮ ਦਾ ਚੇਹਰਾ ਬੇਹੇ-ਬਤਾਊਂ ਵਰਗਾ ਹੋਇਆ ਪਿਆ ਸੀ। ਰਾਜ਼ੀ ਖੁਸ਼ੀ ਤੋਂ ਬਾਅਦ ਗੱਡੀ ਘਰ ਵੱਲ ਨੂੰ ਤੁਰ ਪਈ। ਗੱਡੀ 'ਚ ਬੈਠਾ ਬੈਠਾ ਪ੍ਰੇਮ ਬਾਹਰ ਦੇਖੀ ਜਾਵੇ ਤੇ ਸੋਚੀ ਜਾਵੇ, ਵਾਕਿਆ ਬਾਹਰ ਬਾਹਰ ਹੀ ਹੈ। ਗੋਰੇ ਗੋਰੇ ਹਨ। ਪੰਜਾਬ ਦੇ ਲੋਕੀਂ ਐਵੇਂ ਨੀ ਬਾਹਰ ਦੇ ਮੁਲਕਾਂ ਨੂੰ ਭੱਜਦੇ। ਕੋਈ ਗੱਲ ਤਾਂ ਹੈ।

ਘਰ ਪਹੁੰਚ ਕੇ ਪ੍ਰੇਮ ਨਹਾਤਾ-ਧੋਤਾ ਤੇ ਅਰਾਮ ਕੀਤਾ। ਤੇ ਘਰ ਦੇ ਹਰ ਕੰਮ 'ਚ ਹੱਥ ਵਟਾਉਣ ਲੱਗਾ ਤੇ ਘਰ ਦੇ ਕੰਮਕਾਰ ਤੋਂ ਵਿਹਲਾ ਹੋ ਕੇ ਸਟੋਰ 'ਤੇ ਜਾ ਬਹਿੰਦਾ। ਹੌਲੀ-ਹੌਲੀ ਪ੍ਰੇਮ ਦੇ ਚਿਹਰੇ 'ਤੇ ਰੌਣਕ ਆਉਣ ਲੱਗੀ। ਮੁਰਝਾਇਆ ਚਿਹਰਾ ਅਮਰੀਕਾ ਨੇ ਟਹਿਕਣ ਲਾ ਦਿਤਾ। ਸਟੋਰ ਦੇ ਕੰਮ ਦਾ ਉਹ ਹੌਲੀ ਹੌਲੀ ਭੇਤੀ ਹੋ ਗਿਆ। ਸਟੋਰ 'ਤੇ ਆਉਣ-ਜਾਣ ਵਾਲੇ ਸਾਰੇ ਗ੍ਰਾਹਕ ਉਹਦੇ ਵਾਕਫ਼ ਹੋ ਗਏ। ਨੱਥਾ ਸੁੰਹ ਨੇ ਉਸੇ ਵਕੀਲ ਨਾਲ ਗੱਲ ਕਰ ਕੇ ਪ੍ਰੇਮ ਦਾ ਗਰੀਨ-ਕਾਰਡ ਅਪਲਾਈ ਕਰ ਦਿੱਤਾ। ਗਰੀਨ-ਕਾਰਡ ਦੇ ਹੌਸਲੇ 'ਚ ਪ੍ਰੇਮ ਘਰਦਾ ਅਤੇ ਸਟੋਰ ਦਾ ਸਾਰਾ ਕੰਮ ਖਿੱਚੀ ਫਿਰਦਾ। ਨੱਥਾ ਸੁੰਹ ਨੇ ਗੱਲ ਚਲਾ ਕੇ ਆਪਣੀ ਕਿਸੇ ਰਿਸ਼ਤੇਦਾਰੀ 'ਚ ਪ੍ਰੇਮ ਦਾ ਰਿਸ਼ਤਾ ਕਰਵਾ ਦਿੱਤਾ। ਲੜਕੀ ਵਾਲੇ ਵੀ ਵਾਕਫ਼ ਸਨ। ਥੋੜ੍ਹੇ ਹਫ਼ਤਿਆਂ ਬਾਅਦ ਵਿਆਹ ਵੀ ਕਰ ਦਿੱਤਾ। ਪ੍ਰੇਮ ਨੂੰ ਉਹ ਆਪਣੇ ਪੁੱਤਾਂ ਵਾਂਗ ਸਮਝਦੇ ਹੋਣ ਕਰਕੇ ਮੀਆਂ-ਬੀਵੀ ਦੋਵਾਂ ਨੇ ਮਾਂ-ਬਾਪ ਦੀਆਂ ਸਾਰੀਆਂ ਰਸਮਾਂ ਚੰਗੀ ਤਰ੍ਹਾਂ ਨਿਭਾਈਆਂ। ਕੇਸਰੋ ਵੀ ਖੁਸ਼ ਸੀ ਕਿ ਚਲੋ ਘਰ 'ਚ ਹੋਰ ਰੌਣਕਾਂ ਆਈਆਂ। ਉਮਰ ਦੇ ਲਿਹਾਜ਼ ਨਾਲ ਨੱਥਾ ਸੁੰਹ ਦੀ ਸਿਹਤ ਹੁਣ ਠੀਕ ਨਾ ਰਹਿੰਦੀ ਤੇ ਜ਼ਿਆਦਾ ਕਰਕੇ ਉਹ ਘਰ ਹੀ ਰਹਿੰਦਾ। ਹੁਣ ਸਮਾਂ ਲੱਗੇ 'ਤੇ ਕੇਸਰੋ ਪ੍ਰੇਮ ਕੋਲ ਦੁਕਾਨ 'ਤੇ ਜਾ ਬਹਿੰਦੀ।

ਸਟੋਰ ਘਰ ਦੇ ਲਾਗੇ ਹੋਣ ਕਰਕੇ ਕੇਸਰੋ ਕਦੇ ਸਟੋਰ ਤੇ ਕਦੇ ਘਰ ਗੇੜਾ ਮਾਰ ਜਾਂਦੀ। ਪ੍ਰੇਮ ਨੂੰ ਉਹ ਹਰ ਹਫ਼ਤੇ ਤਨਖਾਹ ਦਿੰਦੇ ਰਹਿੰਦੇ ਤਾਂ ਕਿ ਪਿੱਛੇ ਉਹਦੇ ਘਰਦਿਆਂ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਰਹਿਣ। ਰਹਿਣ-ਸਹਿਣ ਤੇ ਖਾਣ-ਪੀਣ ਦਾ ਪਹਿਲੇ ਕਈ ਮਹੀਨੇ ਕੋਈ ਖਰਚ ਨਾ ਲਿਆ, ਚਲੋ ਨਵਾਂ ਆਇਆ ਦੋ ਪੈਸੇ ਜੋੜ ਲਵੇ। ਉਧਰ ਪ੍ਰੇਮ ਦਾ ਗਰੀਨ-ਕਾਰਡ ਵੀ ਆਉਣ ਦੀਆਂ ਤਿਆਰੀਆਂ ਵਿਚ ਸੀ। ਵਕੀਲ ਨਾਲ ਦੀ ਨਾਲ ਦੱਸੀ ਜਾ ਰਿਹਾ ਸੀ। ਭਾਗਾਂ ਭਰਿਆ ਉਹ ਦਿਨ ਵੀ ਆ ਗਿਆ ਜਦੋਂ ਡਾਕ ਰਾਹੀਂ ਗਰੀਨ-ਕਾਰਡ ਦੇ ਦਰਸ਼ਨ ਹੋ ਗਏ। ਸਾਰਾ ਪਰਿਵਾਰ ਖੁਸ਼ ਸੀ। ਪ੍ਰਮਾਤਮਾ ਦਾ ਸਾਰਿਆਂ ਨੇ ਲੱਖ-ਲੱਖ ਸ਼ੁਕਰ ਕੀਤਾ।

ਰੱਬ ਦੀ ਐਸੀ ਕਰਨੀ ਹੋਈ ਕਿ ਸਿਹਤ ਜ਼ਿਆਦਾ ਖਰਾਬ ਹੋਣ ਕਰਕੇ ਨੱਥਾ ਸੁੰਹ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ। ਸਿਹਤ ਹੌਲੀ ਹੌਲੀ ਵਿਗੜਦੀ ਵਿਗੜਦੀ ਵਿਗੜ ਗਈ। ਨੱਥਾ ਸੁੰਹ ਸਵਾਸਾਂ ਦੀ ਪੂੰਜੀ ਛੱਡ ਕੇ ਇਸ ਜਹਾਨ ਤੋਂ ਤੁਰ ਗਿਆ। ਕੇਸਰੋ ਦੀ ਦੁਨੀਆਂ ਲੁੱਟੀ ਗਈ ਸੀ। ਗਰੀਨ-ਕਾਰਡ ਮਿਲਦੇ ਹੀ ਪ੍ਰੇਮ ਦੀ ਨਿਗ੍ਹਾ ਫਿਲਮਾਂ ਵਾਲੇ ਪ੍ਰੇਮ ਚੌਪੜੇ ਵਾਂਗ ਬਦਲਣ ਲੱਗੀ। ਥੋੜ੍ਹੇ ਸਾਲਾਂ 'ਚ ਹੀ ਅਮਰੀਕਾ ਦੇ ਹਵਾ-ਪਾਣੀ ਨੇ ਉਹਦਾ ਦਿਮਾਗ ਚੱਕ ਦਿੱਤਾ।

ਕੇਸਰੋ ਹੁਣ ਟੁੱਟ ਚੁੱਕੀ ਸੀ। ਕੁਛ ਦੀਹਦਾ ਨਹੀਂ ਸੀ। ਘਰਵਾਲੇ ਦੇ ਤੁਰ ਜਾਣ ਨਾਲ ਸਟੋਰ 'ਤੇ ਵੀ ਅਸਰ ਪਿਆ ਸੀ। ਉਧਰ, ਪ੍ਰੇਮ ਕੇਸਰੋ ਨੂੰ ਤਨਖਾਹ ਵਧਾਉਣ ਲਈ ਜ਼ੋਰ ਪਾ ਰਿਹਾ ਸੀ। ਅਸਲ ਵਿਚ ਤਨਖਾਹ ਵਧਾਉਣ ਦਾ ਤਾਂ ਬਹਾਨਾ ਹੀ ਸੀ। ਉਹ ਉਸ ਘਰ ਵਿਚੋਂ ਨਿਕਲਣਾ ਚਾਹੁੰਦਾ ਸੀ। ਵਿਆਹ ਹੋ ਗਿਆ ਸੀ। ਗਰੀਨ-ਕਾਰਡ ਮਿਲ ਗਿਆ ਸੀ। ਚਾਰ ਪੈਸੇ ਕੋਲ ਵੀ ਸਨ। ਸਾਰੇ ਮਸਲੇ ਹੱਲ ਹੋ ਗਏ ਸਨ। ਨੱਥਾ ਸੁੰਹ ਦੀ ਮੌਤ ਤੋਂ ਦੋ-ਚਾਰ ਮਹੀਨੇ ਬਾਅਦ ਹੀ ਉਹ ਆਪਣੀ ਡੰਡਾ-ਡੰਗੋਰੀ ਚੁੱਕ ਕਿਤੇ ਹੋਰ ਚਲਾ ਗਿਆ।

ਚਲੋ ਰਹਿਣ ਦਾ ਕੋਈ ਨੀਂ ਜਿੱਥੇ ਮਰਜ਼ੀ ਰਹਿੰਦਾ। ਦੁਖ ਤਾਂ ਕੇਸਰੋ ਨੂੰ ਉਦੋਂ ਹੋਇਆ ਜਦੋਂ ਉਹਦੇ ਲਾਗੇ ਹੀ ਆਪਣਾ ਸਟੋਰ ਖੋਲ੍ਹ ਕੇ ਬਹਿ ਗਿਆ। ਕਿਉਂਕਿ ਪ੍ਰੇਮ ਉਸ ਇਲਾਕੇ ਦੇ ਲੋਕਾਂ ਦਾ ਭੇਤੀ ਸੀ। ਕੇਸਰੋ ਵਾਲੇ ਗ੍ਰਾਹਕ ਖਿੱਚਣ ਦੀ ਕੋਸ਼ਿਸ਼ ਕਰਨ ਲੱਗਾ। ਚੀਜ਼ਾਂ ਦੇ ਰੇਟ ਸਸਤੇ ਕਰ ਦਿੱਤੇ। ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੂੰ ਹੇਠਾਂ ਲਾਹੁਣਾ ਚਾਹੁੰਦਾ ਸੀ। ਲਾਚਾਰ ਤੇ ਬੇਬਸ ਕੇਸਰੋ ਕੀ ਕਰਦੀ। ਕਈ ਵਾਰ ਸੋਚਦੀ ਕੀ ਖੱਟਿਆ ਕਿਸੇ ਦੀ ਮਦਦ ਕਰਕੇ। ਜਦੋਂ ਕਿਤੇ ਪ੍ਰੇਮ ਦਾ ਕੇਸਰੋ ਨਾਲ ਸਾਹਮਣਾ ਹੁੰਦਾ ਤਾਂ ਬੁਲਾਉਣਾ ਤਾਂ ਕੀ ਵੇਖ ਕੇ ਪਾਸਾ ਵੱਟ ਜਾਂਦਾ। ਹੱਥੀਂ ਲਾਇਆ ਬੂਟਾ ਛਾਂ ਦੇਣ ਦੀ ਬਜਾਏ ਕੰਡੇ ਖਿਲਾਰਨ ਲੱਗਾ। ਕੇਸਰੋ ਦਾ ਮਨ ਬੜਾ ਦੁਖੀ ਹੁੰਦਾ ਕਿ ਪੁੱਤਾਂ ਵਾਂਗ ਪਾਲਿਆ ਅੱਜ ਸ਼ਰੀਕ ਬਣ ਬੈਠਾ।

ਨੱਥਾ ਸੁੰਹ ਦੇ ਘਰ ਰਹਿੰਦਿਆ ਪ੍ਰੇਮ ਪਹਿਲਾਂ ਜਿੱਥੇ ਘੁੱਟਿਆ ਜਿਹਾ ਰਹਿੰਦਾ ਸੀ ਹੁਣ ਬਾਹਰ ਦੀ ਹਵਾ ਨਾਲ ਖੁੱਲ੍ਹਾ ਡੁੱਲ੍ਹਾ ਹੋ ਕੇ ਤੁਰਨ ਫਿਰਨ ਲੱਗਾ ਜਿਵੇਂ ਪਿੰਜਰੇ 'ਚੋਂ ਨਿਕਲ ਕੇ ਅਸਮਾਨ 'ਚ ਪੰਛੀ ਉਡਦਾ ਹੋਵੇ। ਪ੍ਰੇਮ ਹੁਣ ਆਪਣੇ ਆਪ ਨੂੰ ਵੱਡਾ ਬੰਦਾ ਹੋਣ ਦਾ ਭਰਮ ਪਾਲ ਬੈਠਾ ਸੀ। ਉਹਦੀ ਵੱਡੇ ਵੱਡੇ ਬੰਦਿਆਂ ਨਾਲ ਬਹਿਣੀ ਉਠਣੀ ਹੋ ਗਈ ਸੀ। ਲਿਖਣ ਪੜ੍ਹਨ ਦਾ ਰਸੀਆ ਹੋਣ ਕਰਕੇ ਕਈ ਵਾਰ ਸ਼ਹਿਰ ਦੀਆਂ ਸਾਹਿਤ ਸਭਾਵਾਂ ਦਾ ਹਿੱਸਾ ਵੀ ਜਾ ਬਣਦਾ। ਆਨੇ-ਬਹਾਨੇ ਆਪਣੀ ਦੁਕਾਨ ਦੇ ਧੰਦੇ ਦੀ ਮਸ਼ਹੂਰੀ ਵੀ ਕਰ ਆਉਂਦਾ। ਨੱਥਾ ਸੁੰਹ ਦੇ ਜਾਣਨ ਵਾਲੇ ਸਭ ਜਾਣਦੇ ਹੋਏ ਵੀ ਕੁਝ ਬੋਲ ਨਾ ਸਕਦੇ। ਇਨਸਾਨੀਅਤ ਪੱਖੋਂ ਪ੍ਰੇਮ ਜ਼ੀਰੋ ਸੀ। ਦੂਜੇ ਲੋਕਾਂ ਨੂੰ ਹੱਸ ਹੱਸ ਮਿਲਦਾ। ਜਾਨ ਨਿਛਾਵਰ ਕਰਨ ਵਾਲਿਆਂ ਵਲੋਂ ਮੂੰਹ ਘੁਮਾ ਲੈਂਦਾ। ਜਿਸ ਬੰਦੇ ਦੇ ਅੱਜ ਸਹਾਰੇ ਦੀ ਜ਼ਰੂਰਤ ਸੀ ਉਸ ਨੂੰ ਬੁਲਾਉਣ ਦਾ ਭਾਅ ਵੀ ਨਾ ਰਿਹਾ। ਜਿਸ ਔਰਤ ਦੀ ਅੱਜ ਡੰਗੋਰੀ ਫੜਨੀ ਸੀ, ਉਹਦੀ ਡੰਗੋਰੀ ਲੈ ਕੇ ਭੱਜ ਗਿਆ ਸੀ। ਇਨਸਾਨੀਅਤ ਸ਼ਰਮਸਾਰ ਹੋ ਗਈ ਸੀ।

# ਬੁਢਾਪਾ ਪੱਤਝੜ ਹੈ ਤਾਂ ਸਰਕਾਰਾਂ ਇਸ ਵਿਚ ਬਸੰਤੀ ਰੰਗ ਭਰਨ

ਰਵਿੰਦਰ ਚੋਟ
ਫੋਨ: 98726-73703

21 ਅਗਸਤ ਦਾ ਦਿਨ ਸਾਰੇ ਸੰਸਾਰ ਵਿਚ ਬਜ਼ੁਰਗਾਂ ਨੂੰ ਸਮਰਪਿਤ ਕੀਤਾ ਗਿਆ ਹੈ। ਪਹਿਲੀ ਵਾਰੀ 19 ਅਗਸਤ, 1988 ਨੂੰ ਅਮਰੀਕਾ ਦੇ ਰਾਸ਼ਟਰਪਤੀ ਰੋਨਾਲਡ ਰੀਗਨ ਨੇ ਐਲਾਨ ਕੀਤਾ ਕਿ ਇਹ ਬਜ਼ੁਰਗਾਂ ਦੇ ਨਾਮ 'ਤੇ ਮਨਾਇਆ ਜਾਇਆ ਕਰੇਗਾ। ਭਾਵੇਂ ਇਸ ਤੋਂ ਪਹਿਲਾਂ 14 ਅਗਸਤ, 1935 ਨੂੰ ਅਮਰੀਕਾ ਦੇ ਉਸ ਸਮੇਂ ਦੇ ਰਾਸ਼ਟਰਪਤੀ ਫਰੈਂਕਲ ਰੂਜ਼ਵੇਲਟ ਨੇ ਸੋਸ਼ਲ ਸਕਿਉਰਿਟੀ ਐਕਟ 'ਤੇ ਦਸਤਖ਼ਤ ਕੀਤੇ ਸਨ, ਜਿਸ ਦਾ ਮੰਤਵ ਵੀ ਬਜ਼ੁਰਗਾਂ ਦੀ ਰੱਖਿਆ ਕਰਨਾ ਸੀ ਪਰ ਦਿਨ ਨਹੀਂ ਮਨਾਇਆ ਗਿਆ। ਇਹ ਦਿਨ ਮਨਾਉਣ ਦਾ ਮੰਤਵ ਉਨ੍ਹਾਂ ਦੀ ਚੰਗੀ ਸਿਹਤ, ਅਤੇ ਉਨ੍ਹਾਂ ਨਾਲ ਹੁੰਦੇ ਦੁਰਵਿਹਾਰ ਦੇ ਖ਼ਿਲਾਫ਼ ਚੇਤਨਤਾ ਪੈਦਾ ਕਰਨਾ ਹੈ। ਇਹ ਦਿਨ ਪਹਿਲੀ ਵਾਰੀ 21 ਅਗਸਤ ਨੂੰ ਅਮਰੀਕਾ ਵਿਚ ਮਨਾਇਆ ਗਿਆ। ਬਾਅਦ ਵਿਚ ਹੌਲੀ-ਹੌਲੀ ਸਾਰੇ ਦੇਸ਼ਾਂ ਵਿਚ ਮਨਾਇਆ ਜਾਣ ਲੱਗਾ।

ਇਸ ਦਿਹਾੜੇ 'ਤੇ ਰੋਨਾਲਡ ਰੀਗਨ ਨੇ ਕਿਹਾ ਸੀ, 'ਬਜ਼ੁਰਗਾਂ ਨੇ ਸਾਡੇ ਲਈ ਜੋ ਵੀ ਪ੍ਰਾਪਤੀਆਂ ਕੀਤੀਆਂ ਹਨ ਜਾਂ ਕਰ ਰਹੇ ਹਨ, ਉਨ੍ਹਾਂ ਲਈ ਸਾਨੂੰ ਦਿਲੋਂ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਿਹਤ ਦਾ ਹਰ ਤਰ੍ਹਾਂ ਧਿਆਨ ਰੱਖਣਾ ਚਾਹੀਦਾ ਹੈ, ਉਨ੍ਹਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਉਨ੍ਹਾਂ ਦੀ ਮਦਦ ਤੇ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਉਮਰ ਮੁਤਾਬਕ ਰੁਝੇਵਾਂ ਮਿਲਣਾ ਚਾਹੀਦਾ ਹੈ ਤਾਂ ਕਿ ਉਹ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਸਕਣ।'

ਬਜ਼ੁਰਗ ਅਤੇ ਜਵਾਨ ਕਿਸੇ ਵੀ ਦੇਸ਼ ਲਈ ਵੱਡਾ ਸਰਮਾਇਆ ਜਾਂਦਾ ਹੈ। ਬਜ਼ੁਰਗਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਨਿਰਮਾਣ ਲਈ ਲਾਈ ਹੁੰਦੀ ਹੈ! ਜੁਆਨੀ ਨੇ ਆਪਣੇ ਦੇਸ਼ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕ ਕੇ ਇਸ ਨੂੰ ਖੁਸ਼ਹਾਲ ਬਣਾਉਣ ਲਈ ਮਿਹਨਤ ਕਰਨੀ ਹੁੰਦੀ ਹੈ। ਪਰ ਅਫਸੋਸ ਸਾਡੀ ਜਵਾਨੀ ਦਾ ਰੁਖ ਤਾਂ ਬਾਹਰਲੇ ਦੇਸ਼ਾਂ ਵਲ ਹੈ ਜਾਂ ਨਸ਼ਿਆਂ ਵਲ ਹੈ ਤੇ ਬੁਢਾਪਾ ਸਾਡੀਆਂ ਸਰਕਾਰਾਂ ਨੇ ਰੋਲ ਛੱਡਿਆ ਹੈ। ਇਸੇ ਕਾਰਨ ਇਹ ਕਿਹਾ ਜਾਂਦਾ ਹੈ ਕਿ ਏਸ਼ੀਆ ਤੇ ਅਫਰੀਕਾ ਦੇ ਦੇਸ਼ ਬੁੱਢੇ ਹੋ ਰਹੇ ਹਨ ਜੋ ਕਿ ਇਨ੍ਹਾਂ ਦੇਸ਼ਾਂ ਦੀ ਜਵਾਨੀ ਨੂੰ ਅਮਰੀਕਾ, ਕੈਨੇਡਾ ਅਤੇ ਯੂਰਪੀ ਦੇਸ਼ ਖਿੱਚ ਰਹੇ ਹਨ। ਸਾਡਾ ਦੇਸ਼ ਵੀ ਬੁਢਾਪੇ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਦੁਨੀਆ ਦੇ ਬਹੁਤੇ ਦੇਸ਼ਾਂ ਵਿਚ ਤਾਂ ਸਰਕਾਰਾਂ, ਬਜ਼ੁਰਗਾਂ ਅਤੇ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਦੇਖ ਭਾਲ ਦੀ ਜ਼ਿੰਮੇਵਾਰੀ ਸਾਂਭਦੀਆਂ ਹਨ! ਉਨ੍ਹਾਂ ਦੇਸ਼ਾਂ ਵਿਚ ਕੰਮ ਕਰਨ ਵੇਲੇ ਹਰ ਬੰਦੇ ਦੀ ਤਨਖਾਹ ਵਿਚੋਂ ਕੁਝ ਪੈਸੇ ਕੱਟੇ ਜਾਂਦੇ ਹਨ। ਉਸ ਦੇ ਬਦਲੇ ਉਨ੍ਹਾਂ ਦੇ ਬੁਢਾਪੇ ਵੇਲੇ ਸਰਕਾਰ ਉਨ੍ਹਾਂ ਦੇ ਰਹਿਣ-ਸਹਿਣ, ਸਿਹਤ, ਰੱਖਿਆ ਲਈ ਹਰ ਬਣਦਾ ਉਪਰਾਲਾ ਕਰਦੀ ਹੈ। ਸਾਡੇ ਗੁਆਂਢੀ ਛੋਟੇ ਜਿਹੇ ਦੇਸ਼ ਨਿਪਾਲ ਨੇ ਤਾਂ ਆਪਣੇ ਬਜ਼ੁਰਗਾਂ ਲਈ ਬਣੇ ਸੀਨੀਅਰ ਸਿਟੀਜ਼ਨ ਐਕਟ 2006 ਵਿਚ ਸੋਧ ਕਰਦੇ ਹੋਏ ਕਾਨੂੰਨ ਪਾਸ ਕੀਤਾ ਹੈ ਕਿ ਹਰ ਪੁੱਤਰ-ਧੀ ਆਪਣੀ ਕਮਾਈ ਵਿਚੋਂ ਪੰਜ ਤੋਂ ਦਸ ਪ੍ਰਤੀਸ਼ਤ ਆਪਣੇ ਬਜ਼ੁਰਗਾਂ ਦੇ ਖਾਤੇ ਵਿਚ ਜਮ੍ਹਾਂ ਕਰਵਾਏਗਾ! ਜੇਕਰ ਉਹ ਅਜੇਹਾ ਨਹੀਂ ਕਰਨਗੇ ਤਾਂ ਸਰਕਾਰ ਜ਼ੁਰਮਾਨਾ ਲਗਾਏਗੀ ਤੇ ਉਹ ਪੈਸੇ ਵੀ ਉਨ੍ਹਾਂ ਦੇ ਬਜ਼ੁਰਗਾਂ ਦੇ ਖਾਤੇ ਵਿਚ ਜਮ੍ਹਾਂ ਕਰਵਾਏ ਜਾਣਗੇ।



ਬਜ਼ੁਰਗ ਜਾਂ ਸੀਨੀਅਰ ਸਿਟੀਜ਼ਨ ਦੀ ਪਰਿਭਾਸ਼ਾ ਵੀ ਵੱਖਰੇ-ਵੱਖਰੇ ਦੇਸ਼ਾਂ ਦੀ ਵੱਖਰੀ-ਵੱਖਰੀ ਹੈ! ਕੁਝ ਦੇਸ਼ਾਂ ਨੇ ਇਸ ਲਈ ਉਮਰ ਹੱਦ 60 ਸਾਲ ਰੱਖੀ ਹੈ ਤੇ ਕੁਝ ਨੇ ਇਹ ਹੱਦ 65-67 ਸਾਲ ਕੀਤੀ ਹੋਈ ਹੈ! ਸਾਡੇ ਦੇਸ਼ ਵਿਚ ਸੀਨੀਅਰ ਸਿਟੀਜ਼ਨ ਲਈ ਉਮਰ 60 ਸਾਲ ਹੀ ਮੰਨੀ ਗਈ ਹੈ। ਭਾਰਤ ਸਰਕਾਰ ਦੇ ਮਨਿਸਟਰੀ ਆਫ ਸਟੈਟਿਸਟਿਕ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਵਿਭਾਗ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਵਿਚ ਪੇਂਡੂ ਖੇਤਰ ਵਿਚ ਬਜ਼ੁਰਗਾਂ ਦੀ ਗਿਣਤੀ 73.3 ਮਿਲੀਅਨ ਅਤੇ ਸ਼ਹਿਰੀ ਖੇਤਰ ਵਿਚ 30.6 ਮਿਲੀਅਨ ਹੈ! ਤਕਰੀਬਨ 104 ਮਿਲੀਅਨ ਸੀਨੀਅਰ ਸਿਟੀਜ਼ਨਜ਼ ਵਿਚੋਂ 53 ਮਿਲੀਅਨ ਔਰਤਾਂ ਅਤੇ 51 ਮਿਲੀਅਨ ਪੁਰਸ਼ ਹਨ। ਇਨ੍ਹਾਂ ਕੁਲ ਬਜ਼ੁਰਗਾਂ ਵਿਚੋਂ ਲਗਪਗ 14.2 ਪ੍ਰਤੀਸ਼ਤ ਦੂਸਰਿਆਂ 'ਤੇ ਆਸ਼ਰਿਤ ਹਨ ਭਾਵ ਆਪ ਕਮਾ ਨਹੀਂ ਸਕਦੇ! ਇਨ੍ਹਾਂ ਸ਼ਹਿਰੀਆਂ ਵਿਚੋਂ 41.6 ਪ੍ਰਤੀਸ਼ਤ ਨੂੰ ਬਿਰਧ ਉਮਰ ਹੋਣ 'ਤੇ ਵੀ ਆਪਣੀ ਰੋਜ਼ੀ ਰੋਟੀ ਲਈ ਕੰਮ ਕਰਨਾ ਪੈਂਦਾ ਹੈ! ਬਜ਼ੁਰਗ ਔਰਤਾਂ ਦੀ ਗਿਣਤੀ ਜ਼ਿਆਦਾ ਹੈ ਅਤੇ ਆਪਣੀ ਰੋਜ਼ੀ ਦੂਸਰਿਆਂ 'ਤੇ ਨਿਰਭਰ ਕਰਦੀਆਂ ਹਨ।

ਪਹਿਲੇ ਸਮਿਆਂ ਤੋਂ ਹੁਣ ਵਧੀਆ ਆਰਥਿਕ ਪ੍ਰਬੰਧ, ਵਧੀਆ ਸਿਹਤ ਸਹੂਲਤਾਂ ਅਤੇ ਦਵਾਈਆਂ ਤੇ ਮੌਤ ਦਰ ਘਟਣ ਕਰਕੇ ਬਜ਼ੁਰਗਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਹ ਵਰਤਾਰਾ ਸਾਰੀ ਦੁਨੀਆ ਵਿਚ ਹੀ ਚੱਲ ਰਿਹਾ ਹੈ। ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਐਂਡ ਹੈਰੀਟੇਜ ਇੰਡੀਆ ਦੀ ਰਿਪੋਰਟ 2017 ਵਿਚ ਕਿਹਾ ਗਿਆ ਹੈ ਕਿ 2026 ਤਕ ਇਹ ਗਿਣਤੀ ਵਧ ਕੇ 173 ਮਿਲੀਅਨ ਹੋ ਜਾਵੇਗੀ। ਸਾਡੇ ਦੇਸ਼ ਵਿਚ ਇਕਹਿਰੇ ਪਰਿਵਾਰਾਂ ਨੇ ਬਜ਼ੁਰਗਾਂ ਦਾ ਜੀਵਨ ਔਖਾ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਬੁਢਾਪਾ ਘਰਾਂ ਵਲ ਧੱਕਿਆ ਜਾ ਰਿਹਾ ਹੈ। ਹੁਣ ਇਹ ਵਧਦੀ ਹੋਈ ਆਬਾਦੀ ਸਰਕਾਰਾਂ ਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਇੰਦਰਾ ਗਾਂਧੀ ਨੈਸ਼ਨਲ ਓਲਡ ਏਜ ਪੈਨਸ਼ਨ ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ 60-79 ਤਕ ਉਮਰ ਦੇ ਬਜ਼ੁਰਗਾਂ ਲਈ 200 ਰੁਪਏ ਅਤੇ 80 ਸਾਲ ਤੋਂ ਉਪਰ ਵਾਲਿਆਂ ਲਈ 500 ਰੁਪਏ ਪੈਨਸ਼ਨ ਲਾਗੂ ਕੀਤੀ ਗਈ ਸੀ। ਇਹ ਬਜ਼ੁਰਗਾਂ ਨਾਲ ਮਜ਼ਾਕ ਤੋਂ ਘੱਟ ਨਹੀ! ਸੰਨ 2007 ਤੋਂ ਬਾਅਦ ਇਸ ਵਿਚ ਕੋਈ ਸੋਧ ਨਹੀਂ ਕੀਤੀ ਗਈ!

ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਆਪਣੇ ਮੈਨੀਫੈਸਟੋ ਵਿਚ ਬਜ਼ੁਰਗਾਂ ਦੀ ਭਲਾਈ ਲਈ ਵੱਡੇ ਵਾਅਦੇ ਕੀਤੇ ਗਏ ਸਨ। ਜਿਹੜੇ ਬਜ਼ੁਰਗਾਂ ਸਾਰੀ ਉਮਰ ਸਰਕਾਰੀ ਜਾਂ ਅਰਧ ਸਰਕਾਰੀ ਅਦਾਰਿਆਂ ਵਿਚ ਨੌਕਰੀ ਕਰ ਕੇ ਦੇਸ਼ ਦੀ ਸੇਵਾ ਕੀਤੀ ਹੁੰਦੀ ਹੈ, ਉਨ੍ਹਾਂ ਨੇ ਆਪਣਾ ਬੁਢਾਪਾ ਪੈਨਸ਼ਨ ਜਾਂ ਰਿਟਾਇਰਮੈਂਟ 'ਤੇ ਮਿਲੇ ਪੈਸਿਆਂ ਦੇ ਵਿਆਜ ਦੇ ਸਹਾਰੇ ਕੱਟਣਾ ਹੁੰਦਾ ਹੈ ਪਰ ਸਾਡੀ ਸਰਕਾਰ ਦੋਵੇਂ ਪਾਸਿਆਂ ਤੋਂ ਮਾਰ ਮਾਰਦੀ ਹੈ! ਬੈਂਕ ਵਿਆਜ ਦਰ ਨਿਗੂਣੀ ਕਰ ਦਿੱਤੀ ਗਈ ਹੈ।

ਭਾਰਤ ਦੀ ਸਰਵਉਚ ਅਦਾਲਤ ਨੇ 13 ਦਸੰਬਰ 2018 ਨੂੰ ਡਾਕਟਰ ਅਸ਼ਵਨੀ ਕੁਮਾਰ ਵਰਸਿਜ਼ ਯੂਨੀਅਨ ਆਫ ਇੰਡੀਆ ਐਂਡ ਅਦਰਜ਼ (ਰਿਟ ਪਟੀਸ਼ਨ -ਸੀ -ਨੰ :193 ਆਫ 2016) ਦੇ ਕੇਸ ਵਿਚ ਫੈਸਲਾ ਕਰਦਿਆਂ ਬਜ਼ੁਰਗਾਂ ਦੀ ਭਲਾਈ ਲਈ ਸਰਕਾਰ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਹਨ। ਸਾਡੇ ਸੰਵਿਧਾਨ ਦੇ ਆਰਟੀਕਲ 21 ਦੇ ਮੁਤਾਬਕ ਹਰ ਨਾਗਰਿਕ ਨੂੰ ਆਤਮ-ਸਨਮਾਨ ਨਾਲ ਜੀਉਣ ਦਾ ਬੁਨਿਆਦੀ ਹੱਕ ਹੈ। ਇਸੇ ਤਰ੍ਹਾਂ ਬਜ਼ੁਰਗਾਂ ਨੂੰ ਵੀ ਤਿੰਨ ਤਰ੍ਹਾਂ ਦੇ ਅਧਿਕਾਰ ਦਿੱਤੇ ਹਨ-ਸਨਮਾਨ ਨਾਲ ਜੀਉਣ ਦਾ ਅਧਿਕਾਰ, ਸਿਰ 'ਤੇ ਛੱਤ ਦਾ ਅਧਿਕਾਰ ਅਤੇ ਸਿਹਤ ਦਾ ਅਧਿਕਾਰ। ਇਸ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਅਧਿਕਾਰਾਂ ਦੀ ਰੱਖਿਆ ਕਰਨ ਦੇ ਨਾਲ ਨਾਲ ਇਨ੍ਹਾਂ ਨੂੰ ਹਰ ਬਜ਼ੁਰਗ ਲਈ ਹਾਜ਼ਰ ਕਰੇ! ਇਸ ਫੈਸਲੇ ਵਿਚ "ਮੇਨਟੇਨੈਂਸ ਐਂਡ ਵੈੱਲਫੇਅਰ ਆਫ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨ ਐਕਟ 2007" ਨੂੰ ਸਹੀ ਅਰਥਾਂ ਵਿਚ ਲਾਗੂ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਐਕਟ ਦੀ ਧਾਰਾ 30 ਅਧੀਨ ਕੇਂਦਰ ਸਰਕਾਰ ਸੂਬਿਆਂ ਨੂੰ ਇਸ ਐਕਟ ਨੂੰ ਲਾਗੂ ਕਰਨ ਲਈ ਹਦਾਇਤ ਕਰ ਸਕਦੀ ਹੈ!

ਜੇਕਰ ਪੰਜਾਬ ਵਿਚ ਬਜ਼ੁਰਗਾਂ ਦੀ ਹਾਲਤ 'ਤੇ ਨਜ਼ਰ ਮਾਰੀਏ ਤਾਂ ਵੀ ਨਿਰਾਸ਼ਾਜਨਕ ਤੱਥ ਸਾਹਮਣੇ ਆਉਂਦੇ ਹਨ। ਖਾਸ ਕਰਕੇ ਪੇਂਡੂ ਬਜ਼ੁਰਗਾਂ ਨੂੰ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੇ ਵੀ ਐਕਟ 2007 ਸਹੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ। ਬਹੁਤੇ ਥਾਵਾਂ 'ਤੇ ਬੱਚੇ ਬਜ਼ੁਰਗਾਂ ਦਾ ਧਿਆਨ ਨਹੀਂ ਕਰਦੇ। ਭਾਵੇਂ ਪੰਜਾਬ ਸਰਕਾਰ ਨੇ ਜਨਵਰੀ 2016 ਵਿਚ ਬੁਢਾਪਾ ਪੈਨਸ਼ਨ 500 ਰੁਪਏ ਕਰ ਦਿੱਤੀ ਸੀ ਪਰ ਇਹ ਵੀ ਸਨਮਾਨ ਨਾਲ ਜੀਉਣ ਲਈ ਕਾਫੀ ਨਹੀਂ ਸੀ। ਆਪ ਸਰਕਾਰ ਜਿਹੜੀ ਕਿ 2022 ਵਿਚ ਪੰਜਾਬ ਵਿਚ ਸੱਤਾ ਵਿਚ ਆਈ, ਇਸ ਨੇ ਬੁਢਾਪਾ ਪੈਨਸ਼ਨ ਭਾਵੇਂ 1500 ਰੁਪਏ ਮਹੀਨਾ ਕਰ ਦਿੱਤੀ ਪਰ ਇਸ ਦੇ ਨਾਲ ਬਹੁਤ ਸਾਰੀਆਂ ਸ਼ਰਤਾਂ ਰੱਖ ਦਿੱਤੀਆਂ। ਪਹਿਲੀ ਸ਼ਰਤ ਇਹ ਰੱਖੀ ਗਈ ਕਿ ਜਿਸ ਵਿਅਕਤੀ ਦੀ ਆਮਦਨ ਸਾਲਾਨਾ 60000 ਰੁਪਏ ਤੋਂ ਵੱਧ ਹੋਵੇਗੀ ਉਸਨੂੰ ਪੈਨਸ਼ਨ ਨਹੀਂ ਮਿਲੇਗੀ, ਉਸ ਕੋਲ 200 ਵਰਗ ਮੀਟਰ ਤੋਂ ਵੱਡਾ ਮਕਾਨ ਨਹੀਂ ਹੋਣਾ ਚਾਹੀਦਾ। ਉਸ ਕੋਲ 2.5 ਏਕੜ ਤੋਂ ਜ਼ਿਆਦਾ ਨਹਿਰੀ ਤੇ ਵਾਹੀ ਯੋਗ ਜ਼ਮੀਨ ਨਹੀਂ ਹੋਣੀ ਚਾਹੀਦੀ, ਜੇ ਉਸ ਕੋਲ ਬਰਾਨੀ ਜ਼ਮੀਨ ਹੈ ਤਾਂ ਉਹ ਵੀ ਪੰਜ ਏਕੜ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਇੱਥੇ ਹੀ ਬਸ ਨਹੀਂ ਕੇਂਦਰ ਸਰਕਾਰ ਵਲੋਂ 60 ਸਾਲ ਤੋਂ ਉਪਰ ਵਾਲੇ ਲੋਕਾਂ ਨੂੰ ਆਨਲਾਈਨ ਸੀਨੀਅਰ ਸਿਟੀਜ਼ਨ ਦੇ ਆਈ ਕਾਰਡ ਦਿੱਤੇ ਜਾ ਰਹੇ ਹਨ ਪਰ ਪੰਜਾਬ ਸਰਕਾਰ ਨੇ ਪੁਰਸ਼ ਬਜ਼ੁਰਗਾਂ ਲਈ ਪੈਨਸ਼ਨ ਦੇਣ ਲਈ ਉਮਰ 65 ਸਾਲ ਰੱਖੀ ਹੈ ਜਦੋਂਕਿ ਔਰਤਾਂ ਲਈ ਉਮਰ 58 ਸਾਲ ਰੱਖੀ ਗਈ ਹੈ। ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ।

ਪੰਜਾਬ ਸਰਕਾਰ ਨੇ ਔਰਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਪਰਵਾਸੀਆਂ ਲਈ ਵੱਖਰੇ ਕਮਿਸ਼ਨ ਬਣਾਏ ਹੋਏ ਹਨ ਜਿਹੜੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹਨ। ਬਜ਼ੁਰਗਾਂ ਲਈ ਵੀ ਵੱਖਰਾ ਕਮਿਸ਼ਨ ਬਣਨਾ ਚਾਹੀਦਾ ਹੈ ਜਿਹੜਾ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕੇ। ਉਂਜ ਹੁਣ ਪੰਜਾਬ ਸਰਕਾਰ ਦੇ ਪੰਜਾਬ ਸੋਸ਼ਲ ਸਕਿਉਰਿਟੀ ਅਤੇ ਔਰਤਾਂ ਤੇ ਬੱਚਿਆਂ ਦੀ ਭਲਾਈ ਮਹਿਕਮੇ ਨੇ ਬਜ਼ੁਰਗਾਂ ਲਈ ਇਕ ਹੈਲਪਲਾਈਨ ਨੰਬਰ-14567 ਜਾਰੀ ਕੀਤਾ ਹੈ। ਕਿਹਾ ਗਿਆ ਹੈ ਕਿ ਕੋਈ ਵੀ ਬਜ਼ੁਰਗ ਇਸ ਨੰਬਰ 'ਤੇ ਫੋਨ ਕਰ ਕੇ ਸਿਹਤ ਸਬੰਧੀ ਅਤੇ ਹੋਰ ਕੰਮਾਂ ਲਈ ਸਹਾਇਤਾ ਲੈ ਸਕਦਾ ਹੈ। ਇਹ ਤਜਰਬਾ ਕਿੰਨਾ ਕੁ ਕਾਮਯਾਬ ਹੁੰਦਾ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਬਜ਼ੁਰਗਾਂ ਨੂੰ ਨਵੀਂ ਟੈਕਨਾਲੋਜੀ ਜਿਵੇਂ ਸਮਾਰਟ ਫੋਨ, ਕੰਪਿਊਟਰ ਅਤੇ ਇੰਟਰਨੈਟ ਦਾ ਸਾਧਾਰਨ ਗਿਆਨ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਵਿਹਲੇ ਸਮੇਂ ਇਕੱਲੇ ਬੈਠ ਇਨ੍ਹਾਂ ਦਾ ਪ੍ਰਯੋਗ ਕਰ ਕੇ ਆਪਣੇ ਇਕਾਂਤਵਾਸ ਨੂੰ ਦਿਲਚਸਪ ਬਣਾ ਸਕਣ।

# ਗਾਇਕ ਮੁਕੇਸ਼ ਦੀਆਂ ਸੁਰ-ਲਹਿਰੀਆਂ...

*ਮੁਕੇਸ਼ (22 ਜੁਲਾਈ 1923) ਕੋਲ ਮੁਹੰਮਦ ਰਫ਼ੀ ਜਾਂ ਮੰਨਾ ਡੇ ਵਰਗੀ ਬੁਲੰਦ ਸੁਰਾਂ ਵਾਲੀ ਆਵਾਜ਼ ਤਾਂ ਨਹੀਂ ਸੀ ਪਰ ਉਸ ਦੀਆਂ ਸੁਰ-ਲਹਿਰੀਆਂ ਸ਼ਾਂਤ ਵਹਿੰਦੇ ਪਾਣੀਆਂ ਜਿਹੇ ਨਾਦ ਰਾਹੀਂ ਦਿਲ ਦੀਆਂ ਡੂੰਘਾਣਾਂ ਵਿਚ ਲਹਿ ਜਾਂਦੀਆਂ ਹਨ। ਉਹ ਮੁੰਬਈ ਅਦਾਕਾਰ ਬਣਨ ਆਏ ਸਨ ਪਰ ਗਾਇਕ ਬਣ ਗਏ।*

**ਕਮਲੇਸ਼ ਉੱਪਲ**
ਫੋਨ: +91-98149-02564

ਪਿਛਲੀ ਸਦੀ ਦਾ ਫਿਲਮ ਸੰਗੀਤ ਮਨੁੱਖ ਦੀ ਸਿਰਜਨ ਸ਼ਕਤੀ ਦੀ ਅਜਿਹੀ ਪ੍ਰਾਪਤੀ ਹੈ ਜਿਸ ਨੇ ਇਨਸਾਨੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਰੁਸ਼ਨਾਇਆ ਅਤੇ ਸਰਸ਼ਾਰ ਕੀਤਾ ਹੈ। ਕੈਮਰੇ ਦੀ ਤਾਕਤ ਦੀ ਵਰਤੋਂ ਨਾਲ ਸੰਜੋਈ ਗਈ ਫਿਲਮ ਤਕਨੀਕ ਨੇ ਗੀਤਾਂ ਦੇ ਰੂਪ ਵਿਚ ਸੰਗੀਤ ਦਾ ਸਹਾਰਾ ਲੈ ਕੇ ਉਹ ਬੁਲੰਦੀਆਂ ਹਾਸਲ ਕੀਤੀਆਂ ਹਨ ਜਿਸ ਦੀ ਮਿਸਾਲ ਹੋਰ ਕੋਈ ਨਹੀਂ। ਇਨ੍ਹਾਂ ਗੀਤਾਂ ਲਈ ਹਿੰਦੁਸਤਾਨੀ ਸ਼ਾਸਤਰੀ ਸੰਗੀਤ, ਲੋਕ ਸੰਗੀਤ, ਪੱਛਮੀ ਸੰਗੀਤ ਅਤੇ ਹੋਰ ਅਰਬੀ, ਇਰਾਨੀ, ਅਫਰੀਕੀ ਆਦਿ ਸੰਗੀਤਕ ਪੱਧਤੀਆਂ ਤੋਂ ਜੋ ਹਾਸਲ ਹੋ ਸਕਿਆ, ਉਹ ਵਰਤਿਆ ਗਿਆ। ਇਨ੍ਹਾਂ ਫਿਲਮੀ ਗੀਤਾਂ ਦੇ ਗਾਇਕਾਂ ਨੇ ਲੋਕ-ਮਾਨਸ ਵਿਚ ਜੋ ਸਥਾਨ ਹਾਸਲ ਕੀਤਾ ਹੈ, ਉਸ ਦੀ ਨਾਯਾਬੀ ਵੀ ਕਮਾਲ ਦੀ ਹੈ। ਅੱਜ ਵੀ ਮੌਕੇ ਮੁਤਾਬਕ ਕਈ ਵਾਰ ਹਰ ਬਸ਼ਰ ਦੀ ਸੋਚ ਵਿਚ ਇਨ੍ਹਾਂ ਗੀਤਾਂ ਦੀਆਂ ਸੁਰਾਵਲੀਆਂ ਗੂੰਜ ਉੱਠਦੀਆਂ ਹਨ ਅਤੇ ਨਾਲ ਹੀ ਗਾਉਣ ਵਾਲਿਆਂ ਦੇ ਨਾਮ ਯਾਦ ਆ ਜਾਂਦੇ ਹਨ। ਇਸੇ ਸੰਦਰਭ ਵਿਚ ਕਈ ਵਾਰੀ ਗਾਇਕ ਮੁਕੇਸ਼ ਦਾ ਨਾਮ ਵੀ ਜ਼ੁਬਾਨ 'ਤੇ ਆ ਜਾਂਦਾ ਹੈ। ਇਹ ਸਾਲ, ਭਾਵ 2023 ਗਾਇਕ ਮੁਕੇਸ਼ ਦੀ ਜਨਮ ਸ਼ਤਾਬਦੀ ਦਾ ਸਾਲ ਹੈ।

22 ਜੁਲਾਈ 1923 ਨੂੰ ਪੈਦਾ ਹੋਏ ਗਾਇਕ ਮੁਕੇਸ਼ ਨੇ ਮੁੰਬਈ (ਉਦੋਂ ਬੰਬਈ) ਫਿਲਮ ਨਗਰੀ ਵੱਲ ਅਦਾਕਾਰ ਬਣਨ ਲਈ ਚਾਲੇ ਪਾਏ ਸਨ ਅਤੇ ਇੱਕ ਦੋ ਫਿਲਮਾਂ ਵਿਚ ਕੰਮ ਵੀ ਕੀਤਾ ਪਰ ਜਲਦੀ ਹੀ ਰਾਜ ਕਪੂਰ ਵਰਗੇ ਸ੍ਰੇਸ਼ਟ ਤੇ ਸੰਭਾਵੀ ਸ਼ੋਅਮੈਨ ਨੂੰ ਮੁਕੇਸ਼ ਦੀ ਆਵਾਜ਼ ਆਪਣੀ ਆਵਾਜ਼ ਵਰਗੀ ਲੱਗੀ ਤੇ ਉਸ ਨੇ ਆਪਣੀ ਲਗਭਗ ਹਰ ਫਿਲਮ ਲਈ ਇਸ ਆਵਾਜ਼ ਨੂੰ ਵਰਤਿਆ। ਫਿਲਮ 'ਪਹਿਲੀ ਨਜ਼ਰ' (1945) ਵਿਚ ਮੁਕੇਸ਼ ਨੇ ਪਹਿਲਾ ਗੀਤ 'ਆਂਸੂ ਨਾ ਬਹਾ ਫਰਿਆਦ ਨਾ ਕਰ' ਰਿਕਾਰਡ ਕਰਾਇਆ। ਇਸ ਗੀਤ ਨੂੰ ਸੁਣ ਕੇ ਸਹਿਗਲ ਦੀ ਆਵਾਜ਼ ਦਾ ਭੁਲੇਖਾ ਪੈਂਦਾ ਹੈ। ਇਉਂ ਜਾਪਦਾ ਹੈ ਕਿ ਮੁਕੇਸ਼ ਉਸ ਸਮੇਂ ਦੇ ਸਰਬਉੱਚ ਗਾਇਕ ਸਹਿਗਲ ਤੋਂ ਬਹੁਤ ਮੁਤਾਸਰ ਸੀ। ਜਲਦੀ ਹੀ ਨੌਸ਼ਾਦ ਵਰਗੇ ਵੱਡੇ ਸੰਗੀਤਕਾਰ ਦੀ ਪ੍ਰੇਰਨਾ ਅਤੇ ਸਿਖਲਾਈ ਸਦਕਾ ਮੁਕੇਸ਼ ਆਪਣੀ ਅਸਲੀ ਮਿੱਠੀ, ਗੰਭੀਰ ਅਤੇ ਮਾਸੂਮੀਅਤ ਭਰੀ ਆਵਾਜ਼ ਵਿਚ ਗਾਉਣ ਲੱਗ ਪਿਆ। ਉਸ ਦੇ ਪਹਿਲੇ ਗਾਏ ਗੀਤਾਂ ਵਿਚ 'ਜ਼ਿੰਦਾ ਹੂੰ ਇਸ ਤਰਹਾ ਕਿ ਗ਼ਮ-ਏ-ਜ਼ਿੰਦਗੀ ਨਹੀਂ; ਜਲਤਾ ਹੂਆ ਦੀਆ ਹੂੰ ਮਗਰ ਰੌਸ਼ਨੀ ਨਹੀਂ' ਅੱਜ ਵੀ ਹਰ ਸਰੋਤਾ ਹਿਰਦੇ ਨੂੰ ਸੋਜ਼ ਵਿਚ ਡੁਬੋ ਦਿੰਦਾ ਹੈ। ਇਸੇ ਗ਼ਮਗੀਨ ਰੌਂਅ ਵਿਚ ਸਰਾਬੋਰ ਕਰਨ ਵਾਲਾ ਇੱਕ ਹੋਰ ਗੀਤ ਹੈ 'ਤੇਰੀ ਦੁਨੀਆ ਮੇਂ ਦਿਲ ਲਗਤਾ ਨਹੀਂ ਵਾਪਸ ਬੁਲਾ ਲੇ, ਮੈਂ ਸਜਦੇ ਮੇਂ ਗਿਰਾ ਹੂੰ ਮੁਝ ਕੋ ਐ ਮਾਲਿਕ ਉਠਾ ਲੇ' (ਫਿਲਮ: ਬਾਵਰੇ ਨੈਨ, 1950)।

ਮੁਕੇਸ਼ ਨੇ ਲਗਭਗ ਸਾਰੇ ਗੰਭੀਰ ਗੀਤ ਹੀ ਗਾਏ। ਸ਼ਾਇਦ ਹੀ ਕਿਸੇ ਗੀਤ ਵਿਚ ਹਾਸਰਸ ਸ਼ਾਮਲ ਹੋਇਆ ਹੋਵੇ। ਫਿਲਮ 'ਬਰਸਾਤ' (1949) ਵਿਚਲੇ ਇੱਕੋ ਗੀਤ (ਕਲੱਬ ਸੌਂਗ) ਵਿਚ ਉਸ ਦੀਆਂ ਗਾਈਆਂ ਲਾਈਨਾਂ ਹਨ 'ਪਤਲੀ ਕਮਰ ਹੈ, ਤਿਰਛੀ ਨਜ਼ਰ ਹੈ, ਖਿਲੇ ਫੂਲ ਸੀ ਤੇਰੀ ਜਵਾਨੀ ਕੋਈ ਬਤਾਏ ਕਹਾਂ ਕਸਰ ਹੈ।' ਇਸ ਗੀਤ ਉੱਤੇ ਅਭਿਨੇਤਰੀ ਕੁੱਕੂ ਡਾਂਸ ਕਰ ਰਹੀ ਹੈ ਤੇ ਦੂਜੇ ਪਾਸੇ ਲਤਾ ਦੀ ਆਵਾਜ਼ ਵਿਚ ਗੀਤ ਗਾਉਂਦੀ ਨਿੰਮੀ ਨਾਇਕ ਦੀ ਉਡੀਕ ਵਿਚ ਮਰ ਰਹੀ ਹੈ।

ਮੁਕੇਸ਼ ਨੇ ਆਪਣੀ 53 ਸਾਲ ਦੀ ਉਮਰ ਵਿਚ ਕੁਲ 1300 ਦੇ ਲਗਭਗ ਗੀਤ ਗਾਏ। ਮੁਕੇਸ਼ ਬਾਰੇ ਇਹ ਆਮ ਧਾਰਨਾ ਹੈ ਕਿ ਉਸ ਨੇ ਸ਼ੰਕਰ-ਜੈ ਕਿਸ਼ਨ ਦੀ ਸੰਗੀਤਕਾਰ ਜੋੜੀ ਦੀਆਂ ਰਚਨਾਵਾਂ ਸਭ ਤੋਂ ਵੱਧ ਗਾਈਆਂ ਕਿਉਂਕਿ ਰਾਜ ਕਪੂਰ ਦੀਆਂ ਫਿਲਮਾਂ ਦੇ ਸੰਗੀਤਕਾਰ ਸ਼ੰਕਰ-ਜੈ ਕਿਸ਼ਨ ਹੀ ਹੁੰਦੇ ਸਨ। ਮੁਕੇਸ਼ ਵੀ ਆਵਾਜ਼ ਦੀ ਮਧੁਰਤਾ ਦਾ ਬਿਆਨ ਸਰਦਾਰ ਮਲਿਕ (ਅਨੂ ਮਲਿਕ ਦੇ ਪਿਤਾ) ਦੇ ਸੁਰਬੱਧ ਕੀਤੇ ਗੀਤ 'ਸਾਰੰਗਾ ਤੇਰੀ ਯਾਦ ਮੇਂ ਨੈਨ ਹੂਏ ਬੇਚੈਨ' ਬਿਨਾਂ ਅਧੂਰਾ ਹੈ।

ਪੁਸਤਕ 'ਧੁਨੋਂ ਕੀ ਯਾਤਰਾ' ਦੇ ਰਚੇਤਾ ਪੰਕਜ ਰਾਗ ਦਾ ਕਹਿਣਾ ਹੈ ਕਿ ਮੁਕੇਸ਼ ਨੇ ਸਭ ਤੋਂ ਵੱਧ ਗੀਤ ਕਲਿਆਣ ਜੀ-ਆਨੰਦ ਜੀ ਲਈ ਗਾਏ। ਫਿਲਮ 'ਸਰਸਵਤੀ ਚੰਦਰ' ਦੇ ਦੋ ਗੀਤ 'ਫੂਲ ਤੁਮ੍ਹੇਂ ਭੇਜਾ ਹੈ ਖ਼ਤ ਮੇਂ' ਅਤੇ 'ਚੰਦਨ ਸਾ ਬਦਨ ਚੰਚਲ ਚਿਤਵਨ' ਕਿੰਨੀ ਵੀ ਵਾਰੀ ਸੁਣੇ ਜਾਣ, ਇਨ੍ਹਾਂ ਨੂੰ ਸੁਣਨ ਲਈ ਦਿਲ 'ਇੱਕ ਵਾਰੀ ਹੋਰ' ਦੀ ਮਹਾਰਨੀ ਰਟਦਾ ਰਹਿੰਦਾ ਹੈ। ਇਹ ਦੋਵੇਂ ਮੁਕੇਸ਼ ਦੇ ਲਤਾ ਨਾਲ ਗਾਏ ਦੋਗਾਣੇ ਹਨ। ਮੁਕੇਸ਼ ਦੇ ਦੋ-ਗਾਣਿਆਂ ਵਿਚ ਮਸ਼ਹੂਰ ਸੀਨੀਅਰ ਗਾਇਕਾ ਸ਼ਮਸ਼ਾਦ ਨਾਲ ਗਾਇਆ ਗੀਤ 'ਮੈਨੇ ਦੇਖੀ ਜਗ ਕੀ ਰੀਤ ਮੀਤ ਸਬ ਝੂਠੇ ਪੜ ਗਏ' (ਫਿਲਮ: ਸੁਨਹਿਰੇ ਦਿਨ), ਗੀਤਾ ਦੱਤ ਨਾਲ ਗਾਇਆ ਗੀਤ 'ਖ਼ਯਾਲੋਂ ਮੇਂ ਕਿਸੀ ਕੇ ਇਸ ਤਰਹਾ ਆਇਆ ਨਹੀਂ ਕਰਤੇ' (ਫਿਲਮ: ਬਾਵਰੇ ਨੈਨ, 1950) ਆਪਣੀ ਵੱਖਰੀ ਛਾਪ ਨਾਲ ਜ਼ਿਹਨ 'ਚ ਰਸ ਘੋਲਦੇ ਹਨ। 1966 ਵਿਚ ਬਣੀ ਫਿਲਮ 'ਦੇਵਰ' ਦੇ ਗੀਤ 'ਬਹਾਰੋਂ ਨੇ ਮੇਰਾ ਚਮਨ ਲੂਟ ਕਰ ਖ਼ਿਜ਼ਾਂ ਕੋ ਯੇ ਇਲਜ਼ਾਮ ਕਿਉਂ ਦੇ ਦੀਆ' ਰਾਹੀਂ ਨਾਇਕ ਦੀ ਹੈਰਤ ਅਤੇ ਨਿਰਾਸ਼ਾ ਸਰੋਤਿਆਂ ਦਾ ਮਨ ਡੁਲਾ ਦਿੰਦੀ ਹੈ। ਮੁੱਖੜੇ ਦੇ ਮੁੱਢਲੇ ਸ਼ਬਦਾਂ 'ਬਹਾਰੋਂ ਨੇ' ਵਾਲਾ ਇੱਕ ਹੋਰ ਗੀਤ ਮੁਕੇਸ਼ ਦੀਆਂ ਮੁੱਢਲੀਆਂ ਫਿਲਮਾਂ ਵਿਚਲੀ ਫਿਲਮ 'ਸੁਨਹਿਰੇ ਦਿਨ' ਵਿਚੋਂ ਹੈ। ਗੀਤ ਦੇ ਬੋਲ ਹਨ: 'ਬਹਾਰੋਂ ਨੇ ਜਿਸੇ ਛੇੜਾ ਹੈ ਵੋ ਸਾਜ਼-ਏ-ਜਵਾਨੀ ਹੈ, ਜ਼ਮਾਨਾ ਸੁਨ ਰਹਾ ਹੈ ਜਿਸ ਕੋ ਵੋ ਮੇਰੀ ਕਹਾਨੀ ਹੈ।' ਬਹਾਰਾਂ ਦੇ ਜ਼ਿਕਰ ਨਾਲ ਸ਼ੁਰੂ ਹੁੰਦੇ ਇਹ ਦੋਵੇਂ ਗੀਤ ਇਤਫ਼ਾਕਨ ਦੋ ਵਿਪਰੀਤ ਰੌਆਂ ਦਾ ਇਜ਼ਹਾਰ ਕਰਨ ਵਾਲੇ ਹਨ। ਫਿਲਮ ਆਵਾਰਾ (1951) ਦੇ ਗੀਤ 'ਆਵਾਰਾ ਹੂੰ...' ਨੇ ਉਸ ਸਮੇਂ ਰੂਸ ਦੀ ਜਨਤਾ ਦੇ ਦਿਲਾਂ 'ਤੇ ਰਾਜ ਕੀਤਾ ਅਤੇ ਉਹ ਇਸ ਗੀਤ ਦੇ ਰੂਸੀ ਭਾਸ਼ਾ ਵਿਚ ਅਨੁਵਾਦ ਨੂੰ ਗੁਣਗੁਣਾਉਂਦੇ ਰਹੇ।

ਮੁਕੇਸ਼ ਕੋਲ ਰਫ਼ੀ ਜਾਂ ਮੰਨਾ ਡੇ ਵਰਗੀ ਬੁਲੰਦ ਸੁਰਾਂ ਵਾਲੀ ਆਵਾਜ਼ ਨਹੀਂ ਸੀ ਪਰ ਉਸ ਦੀਆਂ ਸੁਰ-ਲਹਿਰੀਆਂ ਸ਼ਾਂਤ ਵਹਿੰਦੇ ਪਾਣੀਆਂ ਜਿਹੇ ਨਾਦ ਰਾਹੀਂ ਦਿਲ ਦੀਆਂ ਡੂੰਘਾਣਾਂ ਵਿਚ ਲਹਿ ਜਾਂਦੀਆਂ ਹਨ। 'ਮੇਰਾ ਨਾਮ ਜੋਕਰ' (1970) ਦੇ ਦੋ ਗੀਤ 'ਜਾਨੇ ਕਹਾਂ ਗਏ ਵੋ ਦਿਨ' ਅਤੇ 'ਜੀਨਾ ਯਹਾਂ ਮਰਨਾ ਯਹਾਂ' ਵਿਚਲੀ ਮਾਸੂਸੀਅਤ ਨੂੰ ਜ਼ਾਹਰ ਕਰਨ ਲਈ ਮੁਕੇਸ਼ ਦੀ ਆਵਾਜ਼ ਹੀ ਢੁੱਕਵੀਂ ਸਾਬਤ ਹੋ ਸਕਦੀ ਸੀ। 'ਰਮੱਈਆ ਵਸਤਾ ਵੱਈਆ' (ਫਿਲਮ: ਸ਼ਿਰੀ 420, 1955) ਜਾਂ 'ਸਬ ਕੁਛ ਸੀਖਾ ਹਮਨੇ ਨਾ ਸੀਖੀ ਹੋਸ਼ਿਆਰੀ ਸਚ ਹੈ ਦੁਨੀਆ ਵਾਲੋ ਕਿ ਹਮ ਹੈ ਅਨਾੜੀ' (ਫਿਲਮ: ਅਨਾੜੀ, 1959) ਵਿਚ ਰੁਮਾਨੀ ਅਤੇ ਭਾਵਨਾਤਮਕ ਸੁਰਾਂ ਦੀ ਲਾਜਵਾਬੀ ਸਚਮੁੱਚ ਮਹਿਸੂਸ ਹੋ ਜਾਂਦੀ ਹੈ।

ਜੀਵਨ ਫ਼ਲਸਫ਼ੇ ਦੀ ਗੱਲ ਨੂੰ ਸੁਰਾਂ ਦੇ ਵੇਗ ਅਤੇ ਰਵਾਨੀ ਸਹਿਤ ਬਿਆਨਦੇ ਦੋ ਗੀਤ ਕਦੇ ਸੁਣ ਕੇ ਵੇਖੋ: 'ਸਜਨ ਰੇ ਝੂਠ ਮਤ ਬੋਲੋ' (ਫਿਲਮ: ਤੀਸਰੀ ਕਸਮ,1966) ਅਤੇ 'ਛੋਟੀ ਸੀ ਯੇ ਜ਼ਿੰਦਗਾਨੀ' (ਫਿਲਮ: ਆਹ, 1953)। ਇਹ ਦੋਵੇਂ ਗੀਤ ਸੁਣ ਕੇ ਤੁਸੀਂ ਮੁਕੇਸ਼ ਦੀ ਅਦਾਇਗੀ ਦੇ ਕਾਇਲ ਹੋ ਜਾਓਗੇ। ਉਸ ਦਾ ਗਾਇਆ ਆਖ਼ਰੀ ਗੀਤ 'ਇਕ ਦਿਨ ਬਿਕ ਜਾਏਗਾ ਮਾਟੀ ਕੇ ਮੋਲ, ਜਗ ਮੇਂ ਰਹਿ ਜਾਏਂਗੇ ਪਿਆਰੇ ਤੇਰੇ ਬੋਲ' ਵੀ ਇਸੇ ਜੀਵਨ ਫ਼ਲਸਫ਼ੇ ਨੂੰ ਬਿਆਨ ਕਰਦਾ ਹੈ।

ਮਹਿਜ਼ 53 ਸਾਲ ਦੀ ਉਮਰ ਵਿਚ 27 ਅਗਸਤ, 1976 ਨੂੰ ਡਿਟਰੌਇਟ (ਅਮਰੀਕਾ) ਵਿਖੇ ਹੋਣ ਵਾਲੇ 'ਕਨਸਰਟ' ਤੋਂ ਪਹਿਲਾਂ ਹੀ ਬੀਬੇ ਅਤੇ ਨੇਕਦਿਲ ਮੁਕੇਸ਼ ਨੇ ਹਾਰਟ ਅਟੈਕ ਤੋਂ ਬਾਅਦ ਸੰਸਾਰ ਨੂੰ ਅਲਵਿਦਾ ਆਖ ਦਿੱਤੀ, ਪਰ ਉਸ ਦੀ ਆਵਾਜ਼ ਰਹਿੰਦੀ ਦੁਨੀਆ ਤੱਕ ਸਾਡੇ ਕੰਨਾਂ ਵਿਚ ਰਸ ਘੋਲਦੀ ਰਹੇਗੀ।






*ਗਾਇਕ ਮੁਕੇਸ਼ ਅਤੇ (ਸੱਜੇ) ਵਿਵਧ ਭਾਰਤੀ ਉਤੇ 'ਜੈਮਾਲਾ' ਪ੍ਰੋਗਰਾਮ ਦੀ ਰਿਕਾਰਡਿੰਗ ਮੌਕੇ।*

# ਪਾਕਿਸਤਾਨੀ ਫਿਲਮ 'ਜ਼ਿੰਦਗੀ ਤਮਾਸ਼ਾ' ਸਮਾਜ ਦਾ ਸ਼ੀਸ਼ਾ

**ਡਾ. ਮਨਦੀਪ ਕੌਰ**
ਫੋਨ: +91-70878-61470

ਅਕਸਰ ਕਿਹਾ ਜਾਂਦਾ ਹੈ ਕਿ ਸਿਨੇਮਾ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਪਤਾ ਨਹੀਂ ਕਿਉਂ ਕਈ ਵਾਰ ਸਮਾਜ ਆਪਣੀ ਹੀ ਤਸਵੀਰ ਇਸ ਸ਼ੀਸ਼ੇ ਵਿਚ ਦੇਖਣ ਤੋਂ ਇਨਕਾਰੀ ਹੋ ਜਾਂਦਾ ਹੈ। ਕੁਝ ਇਸੇ ਤਰ੍ਹਾਂ ਦਾ ਹੀ ਵਾਪਰਿਆ ਹਾਲ ਹੀ ਵਿਚ ਰਿਲੀਜ਼ ਹੋਈ ਸਰਮਦ ਸਲਮਾਨ ਖੂਸਟ ਦੀ ਪਾਕਿਸਤਾਨੀ ਡਰਾਮਾ ਫਿਲਮ 'ਜ਼ਿੰਦਗੀ ਤਮਾਸ਼ਾ' ਨਾਲ। ਪਾਕਿਸਤਾਨੀ ਸੈਂਸਰ ਬੋਰਡ ਅਤੇ ਸੈਨੇਟ ਕਮੇਟੀ ਵੱਲੋਂ ਪ੍ਰਵਾਨਗੀ ਦੇ ਬਾਵਜੂਦ ਇੱਕ ਕੋਰਟ ਕੇਸ ਦੁਆਰਾ ਫਿਲਮ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ 'ਤੇ ਰੋਕ ਲਗਾ ਦਿੱਤੀ ਗਈ। ਸਰਮਦ ਖੂਸਟ ਜੋ ਪਹਿਲਾਂ ਵੀ ਵੱਡੇ ਅਤੇ ਛੋਟੇ ਪਰਦੇ 'ਤੇ ਗੰਭੀਰ ਵਿਸ਼ਿਆਂ ਸਬੰਧੀ ਕੰਮ ਕਰਨ ਲਈ ਜਾਣੇ ਜਾਂਦੇ ਹਨ, ਨੇ ਇਸ ਰੋਕ ਤੋਂ ਬਾਅਦ ਫਿਲਮ ਨੂੰ 4 ਅਗਸਤ 2023 ਨੂੰ ਯੂ-ਟਿਊਬ 'ਤੇ ਰਿਲੀਜ਼ ਕਰ ਦਿੱਤਾ ਹੈ।

ਇਸ ਫਿਲਮ ਦਾ ਸੰਵਾਦ ਜ਼ਿਆਦਾਤਰ ਪੰਜਾਬੀ ਵਿਚ ਹੈ। ਗਲੈਮਰ ਦੇ ਤੜਕੇ ਤੋਂ ਰਹਿਤ ਇਸ ਫਿਲਮ ਦਾ ਵਿਸ਼ਾ ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਲਈ ਬੜਾ ਮਹੱਤਵਪੂਰਨ ਹੈ। ਇਸ ਵਿਚ ਬਾਖੂਬੀ ਦਿਖਾਇਆ ਗਿਆ ਹੈ ਕਿ ਕਿਸੇ ਮਨਚਲੇ ਨੌਜਵਾਨ ਨੇ ਦਿਲਲਗੀ ਕਰਦਿਆਂ ਇੱਜ਼ਤਦਾਰ ਅਤੇ ਦੀਨ ਦੇ ਪੱਕੇ ਮੁਸਲਮਾਨ ਦੀ ਆਪਣੇ ਮਨ ਦੀ ਮੌਜ ਵਿਚ ਆ ਕੇ ਇੱਕ ਫਿਲਮੀ ਗੀਤ 'ਤੇ ਕੀਤੇ ਨਾਚ ਦੀ ਵੀਡੀਓ ਵਾਇਰਲ ਕਰ ਦਿੱਤੀ। ਵੀਡੀਓ ਨਸ਼ਰ ਹੋ ਜਾਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਉਸ ਦੀ ਰੱਜ ਕੇ ਕਿਰਦਾਰ-ਕੁਸ਼ੀ ਕੀਤੀ ਜਾਂਦੀ ਹੈ ਤੇ ਅਜਿਹਾ ਵਿਵਾਦ ਪੈਦਾ ਹੁੰਦਾ ਹੈ ਕਿ ਧਰਮ ਦੇ ਅਖੌਤੀ ਅਹੁਦੇਦਾਰਾਂ ਅਤੇ ਆਮ ਸਮਾਜ ਵੱਲੋਂ ਉਸ ਨੇਕ ਦਿਲ ਇਨਸਾਨ ਨੂੰ ਹਕਾਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਈਦ ਵਰਗੇ ਮੁਕੱਦਸ ਮੌਕੇ 'ਤੇ ਵੀ ਉਸ ਨਾਲ ਸਮਾਜਿਕ ਬਾਈਕਾਟ ਵਰਗਾ ਵਰਤਾਵ ਕੀਤਾ ਜਾਂਦਾ ਹੈ।

ਫਿਲਮ ਦਾ ਤਾਣਾ-ਬਾਣਾ ਚਾਹੇ ਕੁਝ ਕੁ ਕਲਾਕਾਰਾਂ ਅਤੇ ਲਾਹੌਰ ਦੇ ਇੱਕ ਦਰਮਿਆਨੇ ਤਬਕੇ ਦੇ ਮੁਹੱਲੇ ਦੇ ਇਰਦ ਗਿਰਦ ਹੀ ਘੁੰਮਦਾ ਹੈ ਪਰ ਇਸ ਦਾ ਸੰਦੇਸ਼ ਬਹੁਤ ਵੱਡਾ ਹੈ। ਪੂਰੀ ਫਿਲਮ ਨੂੰ ਦੋ ਤਰ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਸਮਝਿਆ ਜਾ ਸਕਦਾ ਹੈ। ਪਹਿਲਾ ਦ੍ਰਿਸ਼ਟੀਕੋਣ ਇਹ ਹੈ ਕਿ ਸੋਸ਼ਲ ਮੀਡੀਆ ਦੇ ਯੁੱਗ ਵਿਚ ਇਹ ਜਿਹੜਾ ਅਸੀਂ ਆਪਣੇ ਸਮਾਰਟ ਫੋਨ ਦੀ ਵਰਤੋਂ ਨਾਲ ਹਰ ਨਿੱਜੀ ਗਤੀਵਿਧੀ ਨੂੰ ਨਸ਼ਰ ਕਰਨ ਦਾ ਸ਼ੁਗਲ ਪਾਲ ਲਿਆ ਹੈ, ਇਹ ਕਿਸੇ ਦੀ ਹੱਸਦੀ ਵੱਸਦੀ ਜ਼ਿੰਦਗੀ ਦਾ ਤਮਾਸ਼ਾ ਬਣਾ ਸਕਦਾ ਹੈ। ਬੰਦੇ ਦਾ ਵਿਅਕਤੀਤਵ ਬਸ ਓਨਾ ਹੀ ਨਹੀਂ ਹੁੰਦਾ ਜਿੰਨਾ ਕੁਝ ਕੁ ਸਕਿੰਟਾਂ ਦੀ ਵੀਡੀਓ ਰਾਹੀਂ ਸਾਨੂੰ ਨਜ਼ਰ ਆਉਂਦਾ ਹੈ। ਅਕਸਰ ਦੇਖਿਆ ਗਿਆ ਹੈ ਕਿ ਬੰਦਾ ਸੋਸ਼ਲ ਮੀਡੀਆ 'ਤੇ ਆਪਣੇ ਆਪ ਨੂੰ ਬਹੁਤ ਵੱਡਾ ਤੇ ਦੂਜੇ ਨੂੰ ਨੀਵਾਂ ਦਿਖਾਉਣ ਦੀ ਦੌੜ ਵਿਚ ਲੱਗਾ ਹੋਇਆ ਹੈ। ਸਟੇਟਸ ਜਾਂ ਸਟੋਰੀ ਵਰਗੇ ਸ਼ਬਦ ਕਦੀ ਆਪਣੇ ਆਪ ਵਿਚ ਵਰ੍ਹਿਆਂ ਦੀ ਮਿਹਨਤ ਸਮੋਈ ਬੈਠੇ ਸਨ। ਜ਼ਿੰਦਗੀ ਦੇ ਬਿਖੜੇ ਪੈਂਡਿਆਂ ਦੀ ਘਾਲਣਾ ਘਾਲ ਕੇ ਬੰਦਾ ਕਿਸੇ ਰੁਤਬੇ 'ਤੇ ਪਹੁੰਚਦਾ ਸੀ ਤਾਂ ਕਿਤੇ ਜਾ ਕੇ ਉਸ ਦਾ ਕੋਈ ਸਟੇਟਸ ਜਾਂ ਸਟੋਰੀ ਬਣਦੀ ਸੀ ਪਰ ਅੱਜ ਕੱਲ੍ਹ ਤਾਂ ਹਰ ਆਮ ਬੰਦਾ ਜਿਸ ਦੇ ਹੱਥ ਵਿਚ ਸਮਾਰਟ ਫੋਨ ਹੈ, ਉਸ ਦਾ ਸਟੇਟਸ ਹੁੰਦਾ ਹੈ।

ਦੂਜਾ ਕੋਣ ਇਹ ਹੈ ਕਿ ਸਾਡੀ ਫ਼ਿਤਰਤ ਹੀ ਬਣ ਗਈ ਹੈ ਕਿ ਪਹਿਲਾਂ ਅਸੀਂ ਖ਼ੁਦ ਹੀ ਕਿਸੇ ਨੂੰ ਉਸ ਦੇ ਕੀਤੇ ਨੇਕ ਕੰਮਾਂ ਦੇ ਬਦਲੇ ਕਿਸੇ ਉੱਚੀ ਪਦਵੀ 'ਤੇ ਬਿਠਾ ਦਿੰਦੇ ਹਾਂ। ਫਿਰ ਉਸ ਪਦਵੀ ਦੇ ਹਾਣ ਦੇ ਕਾਇਦੇ ਕਾਨੂੰਨ ਉਸ ਉੱਪਰ ਲਾਗੂ ਕਰ ਦਿੰਦੇ ਹਾਂ। ਉਹ ਥੋੜ੍ਹਾ ਵੀ ਕਾਇਦੇ ਕਾਨੂੰਨ ਦੀ ਉਸ ਰੇਖਾ ਤੋਂ ਇੱਧਰ ਉੱਧਰ ਹੋਇਆ ਨਹੀਂ ਕਿ ਅਸੀਂ ਆਲੋਚਨਾ ਲਈ ਆਪਣਾ ਮੂੰਹ ਖੋਲ੍ਹਿਆ ਨਹੀਂ। ਆਲੋਚਨਾ ਕਰਦੇ ਸਮੇਂ ਅਸੀਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਵੀ ਭੁੱਲ ਜਾਂਦੇ ਹਾਂ। ਮਨੁੱਖੀ ਮਨ ਦਾ ਵੀ ਇੱਕ ਸਹਿਜ ਜਿਹਾ ਵੇਗ ਹੁੰਦਾ ਹੈ। ਉਸ ਦਾ ਜਿੰਨਾ ਫ਼ਰਜ਼ ਕਿਸੇ ਦੁਖਦਾਈ ਸਥਿਤੀ ਵਿਚ ਗੰਭੀਰ ਹੋ ਕੇ ਵਿਚਰਨ ਦਾ ਹੈ, ਓਨਾ ਹੀ ਹੱਕ ਆਪਣੇ ਮਨ ਦੀ ਮੌਜ ਵਿਚ ਆ ਕੇ ਹੱਸਣ, ਨੱਚਣ, ਗਾਉਣ ਦਾ ਵੀ ਹੈ। ਇਹ ਸਹਿਜ ਇਨਸਾਨੀ ਪ੍ਰਵਿਰਤੀਆਂ ਹਨ। ਸਗੋਂ ਇਨ੍ਹਾਂ ਦੀ ਅਣਹੋਂਦ ਕਿਸੇ ਇਨਸਾਨ ਦੇ ਸਮੁੱਚੇ ਵਿਅਕਤੀਤਵ ਵਿਚ ਕਿਸੇ ਖ਼ਾਮੀ ਦਾ ਪ੍ਰਤੀਕ ਹੈ। ਸਹੀ ਮਾਅਨਿਆਂ ਵਿਚ ਕੋਈ ਵੀ ਮਜ਼੍ਹਬ ਇਨਸਾਨ ਨੂੰ ਉਸ ਦੇ ਖੁਸ਼ ਰਹਿਣ ਦੇ ਹੱਕ ਤੋਂ ਮਹਿਰੂਮ ਨਹੀਂ ਕਰਦਾ। ਇਹ ਤਾਂ ਧਰਮਾਂ ਦੇ ਠੇਕੇਦਾਰਾਂ ਵੱਲੋਂ ਠੋਸੀਆਂ ਗਈਆਂ ਬੰਦਿਸ਼ਾਂ ਹਨ ਜੋ ਕਈ ਵਾਰ ਇਨਸਾਨ ਦੀ ਜ਼ਿੰਦਗੀ ਨੂੰ ਨੀਰਸ ਬਣਾ ਦਿੰਦੀਆਂ ਹਨ। ਸਾਡੇ ਵਿਚੋਂ ਬਹੁਤਿਆਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਕਿ ਰਿਕਾਰਡਿੰਗ ਕਿਸ ਚੀਜ਼ ਦੀ ਕਰਨੀ ਚਾਹੀਦੀ ਹੈ ਤੇ ਕਿਸ ਦੀ ਨਹੀਂ। ਜੇਕਰ ਅਸੀਂ ਆਪਣੇ ਫੋਨ ਵਿਚ ਰਿਕਾਰਡ ਕਰਕੇ ਕਿਸੇ ਦੀ ਨਿੱਜਤਾ ਦਾ ਮਜ਼ਾਕ ਉਡਾਉਂਦੇ ਹਾਂ ਤਾਂ ਇਹ ਇਸ ਗੱਲ ਦਾ ਸਬੂਤ ਹੈ ਕਿ ਸਾਡੀ ਸਮਝ ਦਾ ਘੜਾ ਅਜੇ ਊਣਾ ਹੈ। ਕੁਲ ਮਿਲਾ ਕੇ ਫਿਲਮ ਇਹੀ ਸਿੱਖਿਆ ਦਿੰਦੀ ਹੈ ਕਿ ਸੋਸ਼ਲ ਮੀਡੀਆ ਦੇ ਦੁਰਉਪਯੋਗ ਤੋਂ ਪਰਹੇਜ਼ ਕਰਕੇ ਅਸੀਂ ਕਿਸੇ ਇੱਜ਼ਤਦਾਰ ਇਨਸਾਨ ਦੀ ਜ਼ਿੰਦਗੀ ਦਾ ਤਮਾਸ਼ਾ ਬਣਨ ਤੋਂ ਰੋਕ ਸਕਦੇ ਹਾਂ। ਅਦਾਕਾਰ ਆਰਿਫ਼ ਹਸਨ ਆਪਣੀ ਬਾ-ਕਮਾਲ ਅਦਾਕਾਰੀ ਲਈ ਵਧਾਈ ਦੇ ਪਾਤਰ ਹਨ।






*ਫਿਲਮ 'ਜ਼ਿੰਦਗੀ ਤਮਾਸ਼ਾ' ਦਾ ਪੋਸਟਰ ਅਤੇ (ਸੱਜੇ) ਫਿਲਮਸਾਜ਼ ਸਰਮਦ ਸਲਮਾਨ ਖੂਸਟ*


GAKHAL GROUP
UNITED SPORTS CLUB CALIFORNIA, AMERICA
DEDICATED TO
Assoication with California Kabaddi Federation of USA
16TH WORLD KABADDI CUP
17 SEPTEIMBER 2023, SUNDAY
(James Logan High School 1800 H Street, Union City, California 94587)
(Timing 09:00am - 06pm)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Late. Nashib Singh Gakhal
Late. Major Singh Bains
Late. Puran Singh
Amolak Singh Gakhal
Sponsor of 1st Prize
Sponsor of 2nd Prize
Sponsor of 3rd Prize
Sponsor of 4th Prize
Diamond Sponsor
Inder Dosanjh
Dosanjh Family Auto Group Inc.
Diamond Sponsor
Diamond Sponsor
Diamond Sponsor
Diamond Sponsor
OPENING
Inder Dosanjh
Dr. Navjot Dahiya
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcharn Gill
* DIAMOND SPONSORS
* KINGS SPORTS CLUB
* SHAEED BABA DEEP SINGH SPORTS CLUB
* CENTER VALLEY SPORTS CLUB
* SANDEEP NANGAL AMBIAN BAY AREA SPORTS CLUB
ਵਿਸ਼ੇਸ਼ ਸਨਮਾਨ
ਗੋਲਡ ਮੈਡਲ ਨਾਲ ਸਨਮਾਨ
Surinder Singh Atwal
Harpreet Singh Baba
Tarlochan Singh Lachhar
Johan Singh Gill
Mike Boparai
Paul Shota
Lakha Gazipur
Bant Nijjar
Surinder Nijjar
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Sanam Bains Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
GUEST OF HONOUR
All Kabaddi Lovers are openly Invited
PTC PUNJABI
LIVE KABADDI
jus punjabi
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area
2. North America Charda Punjab Sports Club,
3. Baba Sang Ji Kabaddi Club
4. Fateh Sports Club/Shaheed Baba Deep Singh
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Spectator Have to reach at James Logan High School, International Law of Kabaddi will apply, United Sports Club has reserve the right for last decisions.